

Worldwide Travel, Inc.
Special Sale $975* ਟੈਕਸ ਸਮੇਤ
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST

C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com

1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

ਅਦਾਰਾ ਪੰਜਾਬ ਟਾਈਮਜ਼ ਵਲੋਂ ਪਾਠਕਾਂ ਨੂੰ
ਦਸ਼ਮੇਸ਼ ਪਿਤਾ
ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਦਿਹਾੜੇ ਦੀ
ਲੱਖ ਲੱਖ ਵਧਾਈ

Eleventh Year in Publication | ਮਿਡਵੈਸਟ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 2, January 9, 2010 | 20451 N Plum Grove Rd. Palatine, IL 60074 | Ph:847-359-0746, Fax:847-705-9388

## ਅਕਾਲ ਤਖ਼ਤ ਵਲੋਂ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ 'ਤੇ ਮੋਹਰ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ 'ਚ ਪ੍ਰਸਤਾਵਿਤ ਸੋਧਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਪਾਸ ਕੀਤੇ ਜਾਣ ਪਿਛੋਂ 4 ਜਨਵਰੀ ਨੂੰ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਲਾਗੂ ਕਰਨ ਦਾ ਆਦੇਸ਼ ਦੇ ਦਿੱਤਾ।




ਇਨ੍ਹਾਂ ਸੋਧਾਂ ਨੂੰ ਨਵੇਂ ਵਰ੍ਹੇ ਵਿਚ ਦੇਸੀ ਮਹੀਨੇ ਚੇਤ ਦੀ ਸੰਗਰਾਂਦ (23 ਮਾਰਚ) ਤੋਂ ਨਾਨਕਸ਼ਾਹੀ ਕੈਲੰਡਰ ਵਿਚ ਸ਼ਾਮਲ ਕੀਤਾ ਜਾਵੇਗਾ।

ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਨਵੀਆਂ ਸੋਧਾਂ ਅਨੁਸਾਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ ਕੱਤਕ ਸੁਦੀ ਦੂਜ ਨੂੰ ਮਨਾਇਆ ਜਾਵੇਗਾ, ਜੋ ਕਿ ਪਹਿਲਾਂ 6 ਕੱਤਕ (20 ਅਕਤੂਬਰ) ਨੂੰ ਮਨਾਇਆ ਜਾਂਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਦਾ ਆਗਮਨ ਪੁਰਬ ਹੁਣ ਪੋਹ ਸੁਦੀ ਸਤਵੀਂ ਨੂੰ ਮਨਾਇਆ ਜਾਵੇਗਾ ਜਦਕਿ ਹੁਣ ਤਕ 23 ਪੋਹ (5 ਜਨਵਰੀ) ਨੂੰ ਮਨਾਇਆ ਜਾਂਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜੋਤੀ-ਜੋਤਿ ਸਮਾਉਣ ਪੁਰਬ ਹੁਣ ਕੱਤਕ ਸੁਦੀ ਪੰਚਮੀ ਨੂੰ ਹੋਵੇਗਾ ਜਦਕਿ ਪਹਿਲਾਂ ਇਹ ਦਿਹਾੜਾ 7 ਕੱਤਕ (20 ਅਕਤੂਬਰ) ਨੂੰ ਅਤੇ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਹੁਣ ਜੇਠ ਸੁਦੀ ਚੌਥ ਨੂੰ ਮਨਾਇਆ ਜਾਵੇਗਾ ਜਦਕਿ ਪਹਿਲਾਂ 2 ਹਾੜ (16 ਜੂਨ) ਨੂੰ ਮਨਾਇਆ ਜਾਂਦਾ ਸੀ। ਇਸ ਤੋਂ ਇਲਾਵਾ ਸੰਗਰਾਂਦਾਂ ਨੂੰ ਪੁਰਾਤਨ ਢੰਗ-ਤਰੀਕੇ ਨਾਲ (ਬਿਕਰਮੀ ਕੈਲੰਡਰ ਅਨੁਸਾਰ) ਮਹੀਨੇ ਦੀ ਸ਼ੁਰੂਆਤ ਤੋਂ ਮੰਨਿਆ ਜਾਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਇਨ੍ਹਾਂ ਸੋਧਾਂ ਨੂੰ ਲਾਗੂ ਕਰਨ ਦਾ ਐਲਾਨ ਕਰਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਇਕੱਤਰਤਾ ਵਿਚ ਪ੍ਰਵਾਨ ਕੀਤੀਆਂ ਗਈਆਂ ਸੋਧਾਂ ਸੰਬੰਧੀ ਮਤਾ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਿਆ ਗਿਆ ਹੈ, ਜਿਸ ਦੇ ਆਧਾਰ 'ਤੇ ਇਨ੍ਹਾਂ ਸੋਧਾਂ ਨੂੰ ਲਾਗੂ ਕਰਨ ਲਈ ਆਦੇਸ਼ ਜਾਰੀ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਇਹ ਸੋਧਾਂ ਨਾਨਕਸ਼ਾਹੀ ਕੈਲੰਡਰ ਦੇ ਨਵੇਂ ਵਰ੍ਹੇ ਇਕ ਚੇਤ

*(ਬਾਕੀ ਸਫਾ 9 'ਤੇ)*

## ਰਾਠੌਰ ਖ਼ਿਲਾਫ ਚੱਲੇਗਾ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਕੱਦਮਾ

### ਕੇਂਦਰ ਵਲੋਂ ਰਾਸ਼ਟਰਪਤੀ ਮੈਡਲ ਵਾਪਸ ਲੈਣ ਦਾ ਫੈਸਲਾ

**ਨਵੀਂ ਦਿੱਲੀ :** ਰੁਚਿਕਾ ਛੇੜਛਾੜ ਮਾਮਲੇ 'ਚ ਚੁਫੇਰਿਓਂ ਪੈ ਰਹੇ ਦਬਾਅ ਤੋਂ ਬਾਅਦ ਆਖਰਕਾਰ ਹਰਿਆਣਾ ਸਰਕਾਰ ਨੇ ਸਾਬਕਾ ਡੀ ਜੀ ਪੀ ਐਸ ਪੀ ਐਸ ਰਾਠੌਰ ਵਿਰੁਧ ਤਾਜ਼ੀਰਾਤੇ ਹਿੰਦ ਦੀ ਧਾਰਾ 306 ਅਧੀਨ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕਰ ਲਿਆ ਹੈ ਜਦੋਂਕਿ ਕੇਂਦਰ ਸਰਕਾਰ ਨੇ ਉਸ ਤੋਂ ਮੈਡਲ ਵਾਪਸ ਲੈਣ ਦਾ ਫ਼ੈਸਲਾ ਲੈ ਲਿਆ ਹੈ। ਇਹ ਫ਼ੈਸਲਾ ਕੇਂਦਰੀ ਗ੍ਰਹਿ ਸਕੱਤਰ ਜੀ ਕੇ ਪਿੱਲੇ ਦੀ ਅਗਵਾਈ ਹੇਠ ਕੇਂਦਰੀ ਪੁਲਿਸ ਮੈਡਲ ਐਵਾਰਡ ਕਮੇਟੀ ਦੀ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ।

ਜ਼ਿਕਰਯੋਗ ਹੈ ਕਿ ਲੰਘੀ 4 ਜਨਵਰੀ ਨੂੰ ਇਸ ਫੈਸਲੇ ਤੋਂ ਕੁਝ ਘੰਟੇ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੂੰ ਇੱਕ ਪੱਤਰ ਲਿਖ ਕੇ ਰਾਠੌਰ ਦਾ ਮੈਡਲ ਵਾਪਸ ਲਏ ਜਾਣ ਦੀ ਸਿਫਾਰਸ਼ ਕੀਤੀ ਸੀ। ਸ੍ਰੀ ਹੁੱਡਾ ਵਲੋਂ ਲਿਖੇ ਪੱਤਰ ਸਬੰਧੀ ਖ਼ਬਰਾਂ ਅਜੇ ਟੀ ਵੀ 'ਤੇ ਆ ਹੀ ਰਹੀਆਂ ਸਨ ਕਿ ਕੇਂਦਰ ਨੇ ਰਾਠੌਰ ਦਾ ਮੈਡਲ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਕੇਂਦਰ ਨੇ ਦੋਸ਼ੀ ਅਧਿਕਾਰੀਆਂ ਦੇ ਮੈਡਲ ਖੁਦ-ਬ-ਖੁਦ ਵਾਪਸ ਲੈਣ ਦੀ ਵਿਵਸਥਾ ਲਾਗੂ ਕਰਨ ਦਾ ਫ਼ੈਸਲਾ ਵੀ ਲਿਆ ਹੈ।


ਇਹ ਫ਼ੈਸਲਾ ਲਾਗੂ ਹੋਣ ਨਾਲ ਪੱਤਰਕਾਰ ਸ਼ਿਵਾਨੀ ਭਟਨਾਗਰ ਕਤਲ ਕਾਂਡ 'ਚ ਜੇਲ੍ਹ ਕੱਟ ਰਹੇ ਸਾਬਕਾ ਆਈ ਪੀ ਐਸ ਅਧਿਕਾਰੀ ਆਰ ਕੇ ਸ਼ਰਮਾ ਦਾ ਮੈਡਲ ਵੀ ਵਾਪਸ ਲੈ ਲਿਆ ਜਾਵੇਗਾ। ਦੱਸਣਾ ਬਣਦਾ ਹੈ ਕਿ 1965 ਬੈਚ ਦੇ ਆਈ ਪੀ ਐਸ ਅਧਿਕਾਰੀ ਰਾਠੌਰ ਜੋ 2002 'ਚ ਸੇਵਾ ਮੁਕਤ ਹੋ ਗਏ ਸਨ, ਨੂੰ 15 ਅਗਸਤ 1985 ਨੂੰ ਪੁਲਿਸ ਵਿਭਾਗ 'ਚ ਵਧੀਆ ਸੇਵਾਵਾਂ ਦੇਣ ਬਦਲੇ ਵਿਸ਼ੇਸ਼ ਮੈਡਲ ਦਿੱਤਾ ਗਿਆ ਸੀ। ਕੇਂਦਰ ਵਲੋਂ ਲਏ ਫ਼ੈਸਲੇ ਤੋਂ ਬਾਅਦ ਹੁਣ ਰਾਠੌਰ ਦਾ ਮੈਡਲ ਵਾਪਸ ਲੈਣ ਸਬੰਧੀ ਰਿਪੋਰਟ ਰਾਸ਼ਟਰਪਤੀ ਨੂੰ ਭੇਜੀ ਜਾਵੇਗੀ, ਜੋ ਇਸ ਨੂੰ ਅੰਤਿਮ ਮਨਜ਼ੂਰੀ ਦੇਣਗੇ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਕਿਸੇ ਵੀ ਸੀਨੀਅਰ ਅਧਿਕਾਰੀ ਨੂੰ ਵਿਸ਼ੇਸ਼ ਇਨਾਮ ਦਿੱਤਾ ਜਾਂਦਾ ਹੈ ਤਾਂ ਇਸ ਦੀ ਮਨਜ਼ੂਰੀ ਰਾਸ਼ਟਰਪਤੀ ਤੋਂ ਲਈ ਜਾਂਦੀ ਹੈ ਤੇ ਇਸ ਕਾਰਨ ਹੁਣ ਮੈਡਲ ਵਾਪਸ ਲੈਣ ਲਈ ਵੀ ਰਾਸ਼ਟਰਪਤੀ ਤੋਂ ਮਨਜ਼ੂਰੀ ਲੈਣਾ ਜ਼ਰੂਰੀ ਹੈ।

ਦੂਜੇ ਪਾਸੇ ਰੁਚਿਕਾ ਮਾਮਲੇ ਦੀ ਪੈਰਵਾਈ ਕਰ ਰਹੇ ਵਕੀਲਾਂ ਤੇ ਰੁਚਿਕਾ ਦੇ ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ

*(ਬਾਕੀ ਸਫਾ 5 'ਤੇ)*

## ਸੱਜਣ ਕੁਮਾਰ ਵਿਰੁਧ ਫਰਦ ਜ਼ੁਰਮ ਦਾਖ਼ਲ ਕਰਨ ਦੀ ਮਿਲੀ ਮਨਜ਼ੂਰੀ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਪੀ. ਚਿੰਦਬਰਮ ਵਲੋਂ ਤੈਅ ਕੀਤੇ ਸਮੇਂ ਨੂੰ ਧਿਆਨ ਵਿਚ ਰਖਦਿਆਂ ਦਿੱਲੀ ਦੇ ਉਪ ਰਾਜਪਾਲ ਤੇਜਿੰਦਰ ਖੰਨਾ ਨੇ ਬੀਤੀ 31 ਦਸੰਬਰ ਨੂੰ ਸੀ.ਬੀ.ਆਈ. ਨੂੰ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਸੀਨੀਅਰ ਕਾਂਗਰਸੀ ਨੇਤਾ ਸੱਜਣ ਕੁਮਾਰ ਵਿਰੁਧ ਦੋਸ਼ ਪੱਤਰ ਦਾਖ਼ਲ ਕਰਨ ਦੀ ਮਨਜ਼ੂਰੀ ਦੇ ਦਿਤੀ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਖੰਨਾ ਨੇ ਸੀ.ਬੀ.ਆਈ. ਨੂੰ ਸੱਜਣ ਕੁਮਾਰ ਵਿਰੁਧ ਅਦਾਲਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਆਗਿਆ ਦੇ ਦਿਤੀ ਹੈ। ਸੱਜਣ ਕੁਮਾਰ ਵਿਰੁਧ 25 ਸਾਲ ਪਹਿਲਾਂ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖ ਕਤਲੇਆਮ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਸੱਜਣ ਕੁਮਾਰ ਦੇ ਮਾਮਲੇ ਵਿਚ ਮਨਜ਼ੂਰੀ ਜ਼ਰੂਰੀ ਸੀ ਕਿਉਂਕਿ ਉਨ੍ਹਾਂ ਉਤੇ ਆਈ.ਪੀ.ਸੀ. ਦੀ ਧਾਰਾ 153



*(ਬਾਕੀ ਸਫਾ 7 'ਤੇ)*

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

Fast Cargo Inc.
2330 Enterprise Park Dr., Indianapolis, IN 46218
Phone # 317-472-6420
ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA to IN, OH, PA, NJ, MD, VA, TN & Back to CA
CA to OR & WA Back to CA
ਅਤੇ WA to OH and Back to WA


ਡਿਸਪੈਚ ਸੱਤੇ ਦਿਨ 24 ਘੰਟੇ
ਫਿਊਲ ਅਡਵਾਂਸ
*ਰੇਟ ਉਤੇ ਟਰੇਲਰ ਵੀ ਦਿੰਦੇ ਹਾਂ *ਵੈਸਟ ਕੋਸਟ ਤੋਂ ਈਸਟ ਕੋਸਟ ਰੂਟ 'ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ
ਸਹੀ ਪੇਪਰ ਮਿਲਣ 'ਤੇ ਪੈਸੇ ਤੁਰਤ ਪ੍ਰੋਡਿਊਸ ਤੇ ਡਰਾਈ ਦਾ ਕੰਮ ਕਰਦੇ ਹਾਂ

# ਗੁਰੂ ਨਾਨਕ ਸਿੱਖ ਸੁਸਾਇਟੀ ਆਫ ਇੰਡੀਅਨਐਪੋਲਿਸ

ਪੰਥ ਕੀ ਜੀਤ

1911 Hobart RD., Indianapolis, IN 46203, Ph: 317-786-2331, www.indygurdwara.com

ਰਾਜ ਕਰੇਗਾ ਖਾਲਸਾ

## ਚਿੜੀਆਂ ਤੋਂ ਬਾਜ਼ਾਂ ਨੂੰ ਤੁੜਾਉਣ ਵਾਲੇ, ਇੱਕ ਇੱਕ ਨੂੰ ਸਵਾ ਸਵਾ ਲੱਖ ਨਾਲ ਲੜਾਉਣ ਵਾਲੇ, ਖਾਲਸਾ ਪੰਥ ਦੇ ਬਾਨੀ, ਕਰੁਣਾ-ਨਿਧਾਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ॥

ਗੁਰੂ ਪਿਆਰੀ ਸਾਧ ਸੰਗਤ ਜੀਉ,

ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਆਪ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸੁਭ ਦਿਹਾੜੇ ਮੌਕੇ ਪੰਥ ਦੇ ਮਹਾਨ ਕਥਾਵਾਚਕ ਗਿਆਨੀ ਸਾਹਿਬ ਸਿੰਘ ਜੀ (ਕੈਨੇਡਾ ਵਾਲੇ) ਸ਼ੁੱਕਰਵਾਰ, ਸ਼ਨੀਵਾਰ ਤੇ ਐਤਵਾਰ ਦੇ ਦੀਵਾਨ ਵਿਚ ਗੁਰਮਤਿ ਵਿਚਾਰਾਂ ਦੁਆਰਾ ਹਾਜ਼ਰੀ ਭਰਨਗੇ। ਇਲਾਕੇ ਦੀਆਂ ਸਮੂਹ ਸੰਗਤਾਂ ਅੱਗੇ ਸਨਿਮਰ ਬੇਨਤੀ ਹੈ ਕਿ ਵਕਤ ਸਿਰ ਪਹੁੰਚ ਕੇ ਇਨ੍ਹਾਂ ਘੜੀਆਂ ਦਾ ਵਧ ਤੋਂ ਵਧ ਲਾਹਾ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ ਜੀ

8 ਤੇ 9 ਜਨਵਰੀ (ਸ਼ੁੱਕਰਵਾਰ ਤੇ ਸਨਿਚਰਵਾਰ)
ਅਰੰਭ ਸ੍ਰੀ ਅਖੰਡ ਪਾਠ ਸਾਹਿਬ
ਸ਼ੁੱਕਰਵਾਰ ਸਵੇਰੇ 10:00 ਵਜੇ
ਕੀਰਤਨ-ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਜੀ
ਸ਼ਾਮ 7:00 ਤੋਂ 7:30 ਵਜੇ ਤੱਕ
ਕਥਾ-ਗਿਆਨੀ ਸਾਹਿਬ ਸਿੰਘ ਜੀ
ਸ਼ਾਮ 7:30 ਤੋਂ 8:30 ਵਜੇ ਤੱਕ
ਆਨੰਦ ਸਾਹਿਬ, ਅਰਦਾਸ ਹੁਕਮਨਾਮਾ ਤੇ ਸੋਹਿਲਾ
ਰਾਤ 8:30 ਤੋਂ 9:00 ਵਜੇ ਤੱਕ
ਗੁਰੂ ਕਾ ਲੰਗਰ ਅਤੁੱਟ ਵਰਤੇਗਾ।

10 ਜਨਵਰੀ (ਐਤਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ
ਸਵੇਰੇ 10:30 ਤੋਂ 10:45
ਬੱਚਿਆਂ ਦਾ ਕੀਰਤਨ 10:45 ਤੋਂ 11:15 ਵਜੇ ਤੱਕ
ਕੀਰਤਨ-ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਜੀ
ਸਵੇਰੇ 11:15 ਤੋਂ ਦੁਪਹਿਰ 12:15 ਵਜੇ ਤੱਕ
ਕਥਾ-ਗਿਆਨੀ ਸਾਹਿਬ ਸਿੰਘ ਜੀ
ਬਾਅਦ ਦੁਪਹਿਰ 12:15 ਤੋਂ 1:15 ਵਜੇ ਤੱਕ
ਆਨੰਦ ਸਾਹਿਬ, ਅਰਦਾਸ ਤੇ ਹੁਕਮਨਾਮਾ
ਬਾਅਦ ਦੁਪਹਿਰ 1:15 ਤੋਂ 1:30 ਵਜੇ ਤੱਕ

ਨੋਟ : ਸਮਾਂ ਲੋੜ ਮੁਤਾਬਿਕ ਬਦਲਿਆ ਜਾ ਸਕਦਾ ਹੈ।

*ਵਧੇਰੇ ਜਾਣਕਾਰੀ ਲਈ ਫੋਨ ਕਰੋ*

ਭਾਈ ਜਸਵੀਰ ਸਿੰਘ 317-610-7842
ਭਾਈ ਅਮਨਦੀਪ ਸਿੰਘ ਸੁੱਖ 317-412-6952

## Guru Nanak Sikh Society, Indianapolis (IN)

ੴ ਸਤਿਗੁਰ ਪ੍ਰਸਾਦਿ

ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜ਼ੂਰਾ।।
ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਭਨਾਂ ਨੂੰ

# ਲੱਖ ਲੱਖ ਵਧਾਈ



ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

ਵਲੋਂ

## ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ

# Sikh Temple Of Wisconsin

7512 South Howell Ave. Oak Creek, WI 53154
Web Site: sikhtemplewi.org
Ph. 414-764-7454 Fax: 414-764-7512

## ਸੱਜਣ ਕੁਮਾਰ ਵਿਰੁਧ ਮੁਕੱਦਮਾ ਚਲਾਉਣ ਦੇ ਫੈਸਲੇ ਦਾ ਸਵਾਗਤ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਮਨੁੱਖੀ ਅਧਿਕਾਰਾਂ ਬਾਰੇ ਅਮਰੀਕਾ ਆਧਾਰਤ ਜਥੇਬੰਦੀ ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖਸ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਸਿਲਸਿਲੇ ਵਿਚ ਸੀਨੀਅਰ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਮੁਕੱਦਮਾ ਚਲਾਏ ਜਾਣ ਦੇ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਆਖਰ ਸਰਕਾਰ ਨੂੰ ਸਿੱਖਾਂ ਨੂੰ ਇਨਸਾਫ ਦੇਣ ਲਈ ਮਜਬੂਰ ਹੋਣਾ ਹੀ ਪਿਆ। ਜਥੇਬੰਦੀ ਨੇ ਨਾਲ ਹੀ ਸੀਨੀਅਰ ਕਾਂਗਰਸੀ ਆਗੂ ਸ੍ਰੀ ਜਗਦੀਸ਼ ਟਾਈਟਲਰ ਵਿਰੁਧ ਵੀ ਮੁਕੱਦਮਾ ਚਲਾਏ ਜਾਣ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ 31 ਦਸੰਬਰ ਨੂੰ ਕੇਂਦਰ ਸਰਕਾਰ ਨੇ ਸੱਜਣ ਕੁਮਾਰ ਵਿਰੁਧ 84 ਦੇ ਸਿੱਖ ਕਤਲੇਆਮ ਦੇ ਸਿਲਸਿਲੇ ਵਿਚ ਮੁਕੱਦਮਾ ਚਲਾਏ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ।

ਇਸ ਘਟਨਾਕ੍ਰਮ ਉਤੇ ਟਿੱਪਣੀ ਕਰਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਨਿਊ ਯਾਰਕ ਦੇ ਉਘੇ ਵਕੀਲ ਸ੍ਰੀ ਗੁਰਪਤਵੰਤ ਸਿੰਘ ਪੰਨੂੰ ਨੇ ਆਖਿਆ ਹੈ ਕਿ ਭਾਵੇਂ ਦੇਰ ਨਾਲ ਹੀ ਸਹੀ ਸਿੱਖਾਂ ਨਾਲ ਇਨਸਾਫ ਵਾਲੇ ਪਾਸੇ ਸਰਕਾਰ ਤੁਰੀ ਤਾਂ ਸਹੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਸਿੱਖਸ ਫਾਰ ਜਸਟਿਸ ਅਤੇ ਇਸ ਦੀਆਂ ਹਮਾਇਤੀ ਜਥੇਬੰਦੀਆਂ ਵਲੋਂ ਚਲਾਈ ਗਈ ਇਨਸਾਫ ਦੀ ਲਹਿਰ ਦਾ ਨਤੀਜਾ ਹੈ।

ਇਥੇ ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਨੇ ਜਗਦੀਸ਼ ਟਾਈਟਲਰ ਅਤੇ ਹੋਰਨਾਂ ਨੂੰ ਸਬੂਤਾਂ ਦੀ ਕਮੀ ਦੇ ਬਹਾਨੇ ਹੇਠ ਦੋਸ਼ ਮੁਕਤ ਕੀਤੇ ਜਾਣ ਤੋਂ ਬਾਅਦ ਅਦਾਲਤੀ ਕਾਰਵਾਈ ਰਾਹੀਂ ਸੀ ਬੀ ਆਈ ਨੂੰ ਮਜਬੂਰ ਕੀਤਾ ਕਿ ਉਹ 1984 ਦੇ ਸਿੱਖ ਕਤਲੇਆਮ ਦੇ ਚਸ਼ਮਦੀਦ ਗਵਾਹਾਂ ਜਸਬੀਰ ਸਿੰਘ ਅਤੇ ਗਿਆਨੀ ਸੁਰਿੰਦਰ ਸਿੰਘ ਦੀ ਅਮਰੀਕਾ ਵਿਚ ਆ ਕੇ ਗਵਾਹੀਆਂ ਰਿਕਾਰਡ ਕਰੇ। ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖਸ ਸਟੂਡੈਂਟਸ ਫੈਡਰੇਸ਼ਨ ਦੀ ਅਗਵਾਈ ਹੇਠ ਸਿੱਖਾਂ ਨੇ ਲੰਘੀ ਪਹਿਲੀ ਨਵੰਬਰ ਨੂੰ ਵਾਸ਼ਿੰਗਟਨ ਵਿਚ ਇਨਸਾਫ ਮਾਰਚ ਵੀ ਕੀਤਾ। ਇਸ ਇਨਸਾਫ ਮਾਰਚ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਅਮਰੀਕਾ-ਕੈਨੇਡਾ ਦੀਆਂ ਬਹੁਤ ਸਾਰੀਆਂ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਇਨ੍ਹਾਂ ਜਥੇਬੰਦੀਆਂ ਵਲੋਂ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਮਦਦ ਨਾਲ ਚਲਾਈ ਗਈ ਮੁਹਿੰਮ ਦੇ ਨਤੀਜੇ ਵਜੋਂ ਇਹ ਮਾਮਲਾ ਪਾਰਲੀਮੈਂਟ ਵਿਚ ਉਠਿਆ ਅਤੇ ਅਖੀਰ ਸਰਕਾਰ ਨੂੰ ਇਹ ਕਦਮ ਉਠਾਉਣਾ ਪਿਆ।

ਮਨੁੱਖੀ ਅਧਿਕਾਰਾਂ ਲਈ ਸਰਗਰਮ ਚੰਡੀਗੜ੍ਹ ਦੇ ਵਕੀਲ ਨਵਕਿਰਨ ਸਿੰਘ, ਸੀਨੀਅਰ ਐਡਵੋਕੇਟ ਮੈਡਮ ਵਰਿੰਦਾ ਗਰੇਵਰ, ਕਾਮਨਾ ਵੋਹਰਾ ਅਤੇ ਰਿਬਾਕਾ ਐਮ ਜੌਹਨ ਨੇ ਵੀ ਇਨਸਾਫ ਦੀ ਇਸ ਲਹਿਰ ਵਿਚ ਭਰਵੀਂ ਭੂਮਿਕਾ ਨਿਭਾਈ। ਸਿੱਖਸ ਫਾਰ ਜਸਟਿਸ ਦੇ ਜਿਹੜੇ ਨੁਮਾਇੰਦਿਆਂ ਨੇ ਇਸ ਇਨਸਾਫ ਲਹਿਰ ਵਿਚ ਭਰਵੀਂ ਭੂਮਿਕਾ ਨਿਭਾਈ ਉਨ੍ਹਾਂ ਵਿਚ ਅਵਤਾਰ ਸਿੰਘ ਪੰਨੂੰ, ਬਰਜਿੰਦਰ ਸਿੰਘ ਬਰਾੜ, ਸੁਖਵਿੰਦਰ ਸਿੰਘ ਸਿੱਧੂ, ਚਰਨਜੀਤ ਸਿੰਘ ਹਰਨਾਮਪੁਰਾ, ਦਿਲਬਾਗ ਸਿੰਘ ਸੇਖੋਂ, ਡਾ. ਬਖ਼ਸ਼ੀਸ਼ ਸਿੰਘ ਸੰਧੂ, ਮਾਸਟਰ ਮਹਿੰਦਰ ਸਿੰਘ, ਪੂਰਨਜੀਤ ਸਿੰਘ ਭਿੰਡਰ, ਰਵਿੰਦਰ ਕੌਰ ਮੱਲ੍ਹੀ, ਬਾਬਾ ਸੱਜਣ ਸਿੰਘ, ਧਰਮ ਸਿੰਘ ਖਾਲਸਾ, ਬੂਟਾ ਸਿੰਘ ਚੀਮਾ, ਗੁਰਦਿਆਲ ਸਿੰਘ ਕੰਗ, ਹਿੰਮਤ ਸਿੰਘ ਪੰਥਕ ਸੁਸਾਇਟੀ, ਪ੍ਰੀਤਮ ਸਿੰਘ ਗਿਲਜ਼ੀਆਂ, ਰਘਬੀਰ ਸਿੰਘ ਗਿਲਜ਼ੀਆਂ, ਰਛਪਾਲ ਸਿੰਘ, ਹਰਬੰਸ ਸਿੰਘ ਚਾਹੋਵਾਲ, ਗੁਰਦੀਪ ਸਿੰਘ ਨਿੱਝਰ, ਗੁਰਮੇਜ ਸਿੰਘ ਹਰਿਆਣਾ, ਰਜਿੰਦਰ ਸਿੰਘ ਜਿੰਦੀ, ਕਰਮਜੀਤ ਸਿੰਘ ਮਾਲਵਾ, ਮੋਹਨ ਸਿੰਘ ਖਟੜਾ, ਕਰਮਜੀਤ ਸਿੰਘ ਭਾਊ, ਆਤਮਾ ਸਿੰਘ ਨਿਊ ਜਰਸੀ, ਕਸ਼ਮੀਰ ਸਿੰਘ ਪਿਹੋਵਾ, ਪ੍ਰੀਤਮ ਸਿੰਘ ਘੁੰਮਣ, ਜਸਵੰਤ ਸਿੰਘ ਜੱਸਾ, ਜਸਵਿੰਦਰ ਸਿੰਘ ਵਾਹਲਾ, ਦਵਿੰਦਰ ਸਿੰਘ ਵਾਸ਼ਿੰਗਟਨ, ਸਤਵੰਤ ਸਿੰਘ ਸੰਧਰ, ਹਰਜਾਪ ਸਿੰਘ, ਰਵਿੰਦਰ ਸਿੰਘ ਰੰਧਾਵਾ, ਅਮਰੀਕ ਸਿੰਘ ਪੰਨੂੰ, ਸਤਵਿੰਦਰ ਸਿੰਘ ਮੁਲਤਾਨੀ ਅਤੇ ਸੁਖਵਿੰਦਰ ਸਿੰਘ ਮੁਲਤਾਨੀ ਸ਼ਾਮਲ ਹਨ।

## ਸਿੱਖ ਕਤਲੇਆਮ ਦੇ ਸਾਰੇ ਕੇਸਾਂ ਦੀ ਸੁਣਵਾਈ ਫਾਸਟ ਟਰੈਕ ਅਦਾਲਤਾਂ 'ਚ ਹੋਵੇ:ਅਟਾਰਨੀ ਪੰਨੂੰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ. ਗੁਰਪਤਵੰਤ ਸਿੰਘ ਪੰਨੂੰ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਚੋਂ ਸੱਜਣ ਕੁਮਾਰ ਵਿਰੁਧ ਮੁਕੱਦਮਾ ਚਲਾਏ ਜਾਣ ਦੇ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਹਿੰਦੁਸਤਾਨ ਵਿਚ ਅਦਾਲਤੀ ਪ੍ਰਕਿਰਿਆ ਇੰਨੀ ਧੀਮੀ ਹੈ ਕਿ ਇਨਸਾਫ ਮਿਲਦਿਆਂ ਮਿਲਦਿਆਂ ਜੁਗੜੇ ਬੀਤ ਜਾਂਦੇ ਹਨ। ਸਿੱਖ ਕਤਲੇਆਮ ਦੇ ਪੀੜਤਾਂ ਦੀਆਂ ਇਨਸਾਫ ਪ੍ਰਤੀ ਲਾਈਆਂ ਆਸਾਂ ਨੂੰ ਅਜੇ ਤਾਈਂ ਕੋਈ ਬੂਰ ਨਹੀਂ ਪਿਆ ਅਤੇ ਜੇ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਫਾਸਟ ਟਰੈਕ ਅਦਾਲਤਾਂ ਵਿਚ ਨਹੀਂ ਕੀਤੀ ਜਾਂਦੀ ਤਾਂ ਇਨ੍ਹਾਂ ਕੇਸਾਂ ਦੇ ਨਿਬੇੜੇ ਨੂੰ ਹੋਰ ਬਹੁਤ ਸਮਾਂ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ 25 ਵਰ੍ਹੇ ਲੰਘ ਜਾਣ ਦੇ ਬਾਵਜੂਦ ਕਦੇ ਟਾਈਟਲਰ ਕੇਸ ਵਿਚ ਕਿਸੇ ਗਵਾਹ ਦੇ ਸਾਹਮਣੇ ਆ ਜਾਣ ਅਤੇ ਕਦੇ ਸੱਜਣ ਕੁਮਾਰ ਵਿਰੁੱਧ ਕੇਸ ਚਲਾਉਣ ਦੀ ਪ੍ਰਵਾਨਗੀ ਮਿਲ ਜਾਣ ਜਿਹੀਆਂ ਖ਼ਬਰਾਂ ਆਸ ਬਣ ਕੇ ਪੀੜਤਾਂ ਨੂੰ ਇਨਸਾਫ ਦਾ ਝਾਉਲਾ ਦੇਣ ਆਉਂਦੀਆਂ ਹਨ ਜਦਕਿ ਹਕੀਕਤ ਇਹ ਹੈ ਕਿ ਦੇਸ਼ ਦੀ ਰਾਜਧਾਨੀ ਵਿਚ ਤਿੰਨ ਦਿਨ ਲਗਾਤਾਰ ਹੋਏ ਇਸ ਖ਼ੌਫ਼ਨਾਕ ਕਤਲੇਆਮ ਦੇ ਸੰਬੰਧ ਵਿਚ 1996 ਵਿਚ ਅਦਾਲਤਾਂ ਤੋਂ 31 ਕੇਸਾਂ ਵਿਚ ਸਜ਼ਾਯਾਫਤਾ 98 ਦੋਸ਼ੀ ਅੱਜ ਵੀ ਹਾਈਕੋਰਟ ਵਿਚ ਅਪੀਲਾਂ ਲਟਕਦੀਆਂ ਹੋਣ ਕਾਰਨ ਖੁੱਲ੍ਹੇਆਮ ਘੁੰਮ ਰਹੇ ਹਨ।

ਸ੍ਰੀ ਪੰਨੂੰ ਨੇ ਕਿਹਾ ਹੁਣ ਇਨ੍ਹਾਂ ਕੇਸਾਂ ਦੀ ਸੁਣਵਾਈ ਦਿੱਲੀ ਹਾਈਕੋਰਟ ਵਿਚ 6 ਜਨਵਰੀ ਤੋਂ ਇਕ ਸਿੰਗਲ ਬੈਂਚ ਸਾਹਮਣੇ ਸ਼ੁਰੂ ਹੋ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਕੇਸਾਂ ਵਿਚ 98 ਦੋਸ਼ੀਆਂ ਨੂੰ 2 ਸਾਲ ਤੋਂ ਲੈ ਕੇ 10 ਸਾਲ ਤਕ ਸਜ਼ਾ ਸੁਣਾਈ ਜਾ ਚੁੱਕੀ ਹੈ ਪਰ ਇਨ੍ਹਾਂ ਸਭ ਦੋਸ਼ੀਆਂ ਦੀਆਂ ਅਪੀਲਾਂ 1996 ਤੋਂ ਹੀ ਦਿੱਲੀ ਹਾਈਕੋਰਟ ਵਿਚ ਲਟਕ ਰਹੀਆਂ ਹਨ। ਇਨਸਾਫ ਦਾ ਹਾਲ ਤਾਂ ਇਹ ਹੈ ਕਿ ਧਾਰਾ 302 ਤਹਿਤ ਦਰਜ ਇਕ ਮਾਮਲੇ ਵਿਚ ਦੂਲੀ ਚੰਦ ਨਾਂ ਦੇ ਇਕ ਦੋਸ਼ੀ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਉਸ ਦੀ ਮੌਤ ਹੋ ਜਾਣ ਕਾਰਨ ਹੁਣ ਇਸ ਬਾਰੇ ਅਪੀਲ ਵੀ ਆਪਣੇ ਆਪ ਖ਼ਾਰਜ ਹੋ ਗਈ ਹੈ। ਇਨ੍ਹਾਂ 31 ਕੇਸਾਂ ਵਿਚੋਂ 10 ਸਾਲ ਦੀ ਸਜ਼ਾ ਅਤੇ 25 ਹਜ਼ਾਰ ਰੁਪਏ ਜੁਰਮਾਨਾ ਸੁਣਾਇਆ ਗਿਆ ਸੀ। ਬਾਕੀ ਰਹਿੰਦੇ 31 ਮਾਮਲਿਆਂ ਵਿਚੋਂ ਕੇਵਲ ਇਕ ਹੀ ਮਾਮਲੇ ਵਿਚ ਇਕ ਹੀ ਦੋਸ਼ੀ ਸ਼ਬਨਮ ਉਰਫ਼ ਮੁਕਰੀ ਨੂੰ 10 ਸਾਲ ਦੀ ਸਜ਼ਾ ਅਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਸੀ ਜਦਕਿ 29 ਕੇਸਾਂ ਵਿਚ 96 ਦੋਸ਼ੀਆਂ ਨੂੰ 5 ਸਾਲ ਦੀ ਕੈਦ ਅਤੇ 5 ਹਜ਼ਾਰ ਰੁਪਏ ਜੁਰਮਾਨਾ ਅਤੇ ਇਕ ਮਾਮਲੇ ਵਿਚ ਬਨਵਾਰੀ ਲਾਲ ਨਾਂ ਦੇ ਇਕ ਦੋਸ਼ੀ ਨੂੰ 2 ਸਾਲ ਦੀ ਕੈਦ ਅਤੇ 5 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਸੀ।

ਅਟਾਰਨੀ ਪੰਨੂੰ ਨੇ ਕਿਹਾ ਕਿ ਸਭ ਤੋਂ ਵੱਧ 25 ਲੋਕਾਂ ਨੂੰ ਸਰਕਾਰ ਬਨਾਮ ਜੀਤ ਵਗੈਰਾ ਕੇਸ ਵਿਚ 5 ਸਾਲ ਦੀ ਕੈਦ ਅਤੇ 5 ਹਜ਼ਾਰ ਜੁਰਮਾਨਾ ਹੋਇਆ ਸੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ ਅਤੇ ਅਟਾਰਨੀ ਪੰਨੂੰ ਅਨੁਸਾਰ ਹੁਣ ਇਨ੍ਹਾਂ ਕੇਸਾਂ ਵਿਚ ਪੈਰਵੀ ਲਈ ਸਿੱਖਸ ਫਾਰ ਜਸਟਿਸ ਵੱਲੋਂ ਸੀਨੀਅਰ ਵਕੀਲ ਸ੍ਰੀਮਤੀ ਕਾਮਨਾ ਵੋਹਰਾ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀਨੀਅਰ ਵਕੀਲ ਸ੍ਰੀ ਐਚ. ਐਸ. ਫੂਲਕਾ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਜਗਦੀਸ਼ ਟਾਈਟਲਰ ਨਾਲ ਸੰਬੰਧਤ ਕੇਸ ਲੜਦੇ ਆ ਰਹੇ ਹਨ ਜਦਕਿ ਉਨ੍ਹਾਂ ਦੇ ਨਾਲ ਸੀਨੀਅਰ ਵਕੀਲ ਸ. ਨਵਕਿਰਨ ਸਿੰਘ, ਮੈਡਮ ਰਬੇਕਾ ਜੌਹਨ ਅਤੇ ਮੈਡਮ ਵਰਿੰਦਾ ਗਰੋਵਰ ਸਿੱਖਸ ਫਾਰ ਜਸਟਿਸ ਵੱਲੋਂ ਟਾਈਟਲਰ ਕੇਸ ਵਿਚ 10 ਫਰਵਰੀ ਨੂੰ ਸੀ.ਬੀ.ਆਈ. ਅਦਾਲਤ ਵਿਚ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਵੱਲੋਂ ਪੇਸ਼ ਹੋਣਗੇ।

ਦੋਹਾਂ ਆਗੂਆਂ ਨੇ ਕਿਹਾ ਕਿ ਸੱਜਣ ਕੁਮਾਰ ਖਿਲਾਫ਼ ਕੇਸਾਂ ਸਣੇ ਉਕਤ 31 ਕੇਸਾਂ ਦੀ ਪੈਰਵੀ ਵੀ ਫਾਸਟ ਟਰੈਕ ਅਦਾਲਤਾਂ ਵਿਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਕੇਂਦਰੀ ਮੰਤਰੀ ਕਮਲ ਨਾਥ ਖਿਲਾਫ਼ ਨਾਨਾਵਤੀ ਕਮਿਸ਼ਨ ਸਾਹਮਣੇ ਹਲਫ਼ੀਆ ਬਿਆਨ ਦਿੱਤੇ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਵੇਰਵਾ ਇਕੱਤਰ ਕਰਕੇ ਆਉਂਦੇ ਦਿਨਾਂ ਵਿਚ ਪੀੜਤ ਪਰਿਵਾਰਾਂ ਨੂੰ ਨਾਲ ਲੈ ਕੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਮਿਲਿਆ ਜਾਵੇਗਾ। ਉਨ੍ਹਾਂ ਇਹ ਵੀ ਦਸਿਆ ਕਿ ਨਾਨਾਵਤੀ ਕਮਿਸ਼ਨ ਸਾਹਮਣੇ ਪੇਸ਼ ਕੀਤੇ ਗਏ 2557 ਹਲਫ਼ੀਆ ਬਿਆਨਾਂ ਦੀ ਸੂਚੀ ਵੀ ਆਉਂਦੇ ਦਿਨਾਂ ਵਿਚ ਜਾਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਕਤ ਤੋਂ ਇਲਾਵਾ 4 ਅਪੀਲਾਂ ਹੋਰ ਸੁਪਰੀਮ ਕੋਰਟ ਵਿਚ ਵੀ ਦਾਖ਼ਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਇਸ ਗੱਲ 'ਤੇ ਰੋਸ ਜਤਾਇਆ ਕਿ ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਨੂੰਨੀ ਚਾਰਾਜੋਈ ਲਈ ਉਹ ਭੂਮਿਕਾ ਅਦਾ ਨਹੀਂ ਕੀਤੀ, ਜੋ ਕਰਨੀ ਬਣਦੀ ਸੀ।

## ਬਲੌਂਗੀ ਦੇ ਕਤਲ ਦਾ ਪਰਚਾ ਸੱਜਣ ਕੁਮਾਰ ਖਿਲਾਫ਼ ਦਰਜ ਕਰਨ ਦੀ ਮੰਗ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਬੂਤਾਂ ਸਹਿਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਿਲੀ ਨਵੰਬਰ 1984 ਨੂੰ ਗੁਰਚਰਨ ਸਿੰਘ ਅਤੇ ਸੰਤੋਖ ਸਿੰਘ ਉਤੇ ਕੀਤੇ ਗਏ ਹਮਲੇ ਦੇ ਮਾਮਲੇ ਵਿਚ ਵੀ ਸੱਜਣ ਕੁਮਾਰ ਅਤੇ ਹੋਰਨਾਂ ਖਿਲਾਫ਼ ਮੁਕੱਦਮਾ ਚਲਾਇਆ ਜਾਏ।

ਇਥੇ ਇਕ ਪ੍ਰੈਸ ਕਾਨਫਰੰਸ ਨੂੰ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਨਵਕਿਰਨ ਸਿੰਘ ਐਡਵੋਕੇਟ ਨੇ ਕਿਹਾ ਕਿ ਪਹਿਲੀ ਨਵੰਬਰ 1984 ਨੂੰ ਸੱਜਣ ਕੁਮਾਰ ਦੀ ਅਗਵਾਈ ਵਿਚ ਆਏ ਹਜੂਮ ਜਿਸ ਵਿਚ ਕਥਿਤ ਤੌਰ 'ਤੇ ਰਾਧੇ ਸ਼ਿਆਮ, ਪ੍ਰਕਾਸ਼ ਚੌਧਰੀ, ਸੁਭਾਸ਼ ਸ਼ਰਮਾ, ਸਤਬੀਰ ਚੌਧਰੀ ਸ਼ਾਮਲ ਸਨ, ਨੇ ਗੁਰਚਰਨ ਸਿੰਘ ਪੁੱਤਰ ਨਾਥ ਸਿੰਘ ਗੁਲਾਬ ਬਾਗ ਕਲੋਨੀ ਪਿੰਡ ਨਵਾਦਾ ਨੂੰ ਉਸ ਦੇ ਆਪਣੇ ਟਰੱਕ ਨੂੰ ਅੱਗ ਲਗਾ ਕੇ ਉਸ ਵਿਚ ਸੁੱਟ ਦਿੱਤਾ ਸੀ, ਜਦਕਿ ਉਸ ਦੇ ਮਾਮੇ ਸ. ਸੰਤੋਖ ਸਿੰਘ ਨੂੰ ਮਾਰ ਦਿੱਤਾ। ਇਸ ਘਟਨਾ ਵਿਚ ਗੁਰਚਰਨ ਸਿੰਘ ਦੇ ਭਰਾ ਮਨਜੀਤ ਸਿੰਘ, ਤੇਜਿੰਦਰ ਸਿੰਘ ਸਮੇਤ ਪਰਿਵਾਰ ਦੇ ਕਈ ਮੈਂਬਰ ਬੁਰੀ ਤਰ੍ਹਾਂ ਫੱਟੜ ਹੋ ਗਏ ਸਨ। ਗੁਰਚਰਨ ਸਿੰਘ ਨੂੰ ਬਚਾ ਲਿਆ ਗਿਆ ਪਰ ਉਸ ਦਾ 70 ਫੀਸਦੀ ਤੋਂ ਵੱਧ ਸਰੀਰ ਜਲ ਚੁੱਕਾ ਸੀ। ਉਹ ਲਗਾਤਾਰ 24 ਸਾਲ ਮੰਜੇ 'ਤੇ ਪਿਆ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਅਖੀਰ 17 ਫਰਵਰੀ 2009 ਨੂੰ ਮੋਹਾਲੀ ਨਜ਼ਦੀਕ ਪਿੰਡ ਬਲੌਂਗੀ ਵਿਖੇ ਸਵਰਗਵਾਸ ਹੋ ਗਿਆ ਸੀ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਨਵਕਿਰਨ ਸਿੰਘ, ਸ੍ਰੀ ਪੀਰਮੁਹੰਮਦ ਅਤੇ ਸੀਨੀਅਰ ਫੈਡਰੇਸ਼ਨ ਨੇਤਾ ਸ. ਦਵਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਗੁਰਚਰਨ ਸਿੰਘ ਨੇ 11-3-2008 ਨੂੰ ਸੀ.ਬੀ.ਆਈ. ਦੀ ਟੀਮ ਸਾਹਮਣੇ ਆਪਣੇ ਬਿਆਨ ਦਰਜ ਕਰਵਾਏ ਸਨ, ਜਿਨ੍ਹਾਂ ਵਿਚ ਉਸ ਨੇ ਸੱਜਣ ਕੁਮਾਰ ਦਾ ਸਾਫ ਤੇ ਸਪੱਸ਼ਟ ਰੂਪ ਵਿਚ ਨਾਮ ਲਿਆ ਸੀ ਕਿ ਸੱਜਣ ਕੁਮਾਰ ਦੀ ਅਗਵਾਈ ਵਾਲੇ ਹਜੂਮ ਨੇ ਹੀ ਉਸ ਨੂੰ ਜ਼ਿੰਦਾ ਜਲਾਉਣ ਦੀ ਕੋਸ਼ਿਸ਼ ਕੀਤੀ ਸੀ, ਜਦਕਿ ਉਸ ਦੇ ਮਾਮੇ ਨੂੰ ਮਾਰ ਦਿੱਤਾ ਗਿਆ ਸੀ। ਇਸ ਮੌਕੇ ਇਕ ਹੋਰ ਗਵਾਹ ਸ. ਹਰਵਿੰਦਰ ਸਿੰਘ ਕੋਹਲੀ, ਜਿਸ ਦੇ ਆਪਣੇ ਪਿਤਾ ਅਤੇ ਜੀਜੇ ਨੂੰ ਉਸ ਦੀਆਂ ਅੱਖਾਂ ਸਾਹਮਣੇ ਜ਼ਿੰਦਾ ਜਲਾ ਦਿੱਤਾ ਗਿਆ ਸੀ, ਵੀ ਪ੍ਰੈਸ ਕਾਨਫਰੰਸ ਵਿਚ ਹਾਜ਼ਰ ਸਨ, ਨੇ ਦੁਹਾਈ ਦਿੱਤੀ ਕਿ ਉਸ ਦਾ ਬਿਆਨ ਸੀ.ਬੀ.ਆਈ. ਦਰਜ ਨਹੀਂ ਕਰ ਰਹੀ।

## ਵਿਜੇ ਅੰਮ੍ਰਿਤਰਾਜ ਹੋਣਗੇ ਆਈਰੀਓ ਦੇ ਬਰੈਂਡ ਅੰਬੈਸਡਰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਵਿਚ ਮੋਹਰੀ ਰੀਅਲ ਐਸਟੇਟ ਡਿਵੈਲਪਰ ਕੰਪਨੀ ਆਈਰੀਓ ਨੇ ਭਾਰਤ ਵਿਚ ਆਪਣੇ ਬਣਾਏ ਘਰ ਵੇਚਣ ਲਈ ਸੰਸਾਰ ਪ੍ਰਸਿਧ ਟੈਨਿਸ ਖਿਡਾਰੀ ਵਿਜੇ ਅੰਮ੍ਰਿਤਰਾਜ ਨੂੰ ਆਪਣਾ ਭਾਈਵਾਲ ਬਣਾਉਣ ਦਾ ਫੈਸਲਾ ਕੀਤਾ ਹੈ। ਵਿਜੇ ਅੰਮ੍ਰਿਤਰਾਜ ਆਈਰੀਓ ਦੇ ਘਰਾਂ ਲਈ ਗਲੋਬਲ ਬਰੈਂਡ ਅੰਬੈਸਡਰ ਵਜੋਂ ਕੰਮ ਕਰਨਗੇ। ਆਈਰੀਓ ਜੋ ਕਿ ਰੀਅਲ ਐਸਟੇਟ ਖੇਤਰ ਵਿਚ ਪਰਵਾਸੀ ਭਾਰਤੀਆਂ ਦੀ ਸਭ ਤੋਂ ਵੱਡੀ ਵਿਦੇਸ਼ੀ ਨਿਵੇਸ਼ਕਾਰ ਹੈ, ਨੇ ਭਾਰਤ ਵਿਚ ਰੀਅਲ ਐਸਟੇਟ ਖੇਤਰ ਵਿਚ ਨਿਗਰ ਕਦਮ ਜਮਾਉਣ ਪਿਛੋਂ ਉਤਰੀ ਅਮਰੀਕਾ ਵਿਚ ਵੱਸਦੇ 50 ਲੱਖ ਭਾਰਤੀਆਂ ਵਾਸਤੇ ਆਪਣਾ ਬਰਾਂਡ ਨਾਂ ਬਾਜ਼ਾਰ ਵਿਚ ਲਿਆਂਦਾ ਹੈ। ਇਸੇ ਸਿਲਸਿਲੇ ਵਿਚ ਕੰਪਨੀ ਨੇ ਟੈਨਿਸ ਸਟਾਰ ਵਿਜੇ ਅੰਮ੍ਰਿਤਰਾਜ ਨੂੰ ਆਪਣਾ ਗਲੋਬਲ ਬਰੈਂਡ ਅੰਬੈਸਡਰ ਬਣਾਉਣ ਦਾ ਐਲਾਨ ਕੀਤਾ ਹੈ।

ਆਈਰੀਓ ਦੇ ਚੇਅਰਮੈਨ ਅਤੇ ਸਹਿ-ਸੰਸਥਾਪਕ ਸ੍ਰੀ ਅਨੁਰਾਗ ਭਾਰਗਵ ਦਾ ਕਹਿਣਾ ਹੈ ਕਿ ਆਈਰੀਓ ਇਕ ਵਿਸ਼ਵ ਪੱਧਰੀ ਨਿਵੇਸ਼ਕਾਰ ਕੰਪਨੀ ਦੇ ਤੌਰ 'ਤੇ ਭਾਰਤ ਵਿਚ ਸੰਨ 2003 ਤੋਂ ਹੀ ਮੌਜੂਦ ਹੈ ਅਤੇ ਹੁਣ ਤੱਕ ਇਹ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ 3 ਹਜ਼ਾਰ ਤੋਂ ਵੱਧ ਏਕੜ ਰਕਬੇ ਵਿਚ ਆਲੀਸ਼ਾਨ ਪ੍ਰਾਜੈਕਟ ਮੁਕੰਮਲ ਕਰ ਚੁੱਕੀ ਹੈ। ਆਈਰੀਓ ਨਾ ਸਿਰਫ ਆਪਣੇ ਪ੍ਰਾਜੈਕਟ ਡਿਵੈਲਪ ਹੀ ਕਰਦੀ ਹੈ ਸਗੋਂ ਇਨ੍ਹਾਂ ਲਈ ਫਾਇਨਾਂਸ ਵੀ ਕਰਦੀ ਹੈ। ਸ੍ਰੀ ਭਾਰਗਵ ਦਾ ਕਹਿਣਾ ਹੈ ਕਿ ਸਾਡਾ ਨਿਸ਼ਾਨਾ ਆਪਣੇ ਖਪਤਕਾਰਾਂ ਲਈ ਬਿਹਤਰੀਨ ਚੀਜ਼ ਬਣਾ ਕੇ ਸਭ ਤੋਂ ਵੱਧ ਭਰੋਸੇਯੋਗ ਡਿਵੈਲਪਰ ਬਣਨਾ ਹੈ।

ਜ਼ਿਕਰਯੋਗ ਹੈ ਕਿ ਆਈਰੀਓ ਹੁਣ ਤੱਕ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ 14 ਪ੍ਰਾਜੈਕਟਾਂ ਦਾ ਐਲਾਨ ਕਰ ਚੁੱਕੀ ਹੈ। ਇਨ੍ਹਾਂ ਵਿਚੋਂ ਕੁਝ ਦਿੱਲੀ ਐਨ ਸੀ ਆਰ, ਪੰਜਾਬ, ਚੇਨਈ, ਪੂਣੇ, ਗੋਆ ਅਤੇ ਕੋਇੰਬਟੂਰ ਵਿਚ ਹਨ। ਇਹ ਪ੍ਰਾਜੈਕਟ ਵਿਸ਼ਵ ਦੀਆਂ ਬੇਹਤਰੀਨ ਕੌਮਾਂਤਰੀ ਪ੍ਰਸਿਧੀ ਵਾਲੀਆਂ ਕੰਪਨੀਆਂ ਸਸਾਕੀ, ਅਰਬਨ ਡਿਜ਼ਾਇਨ ਐਸੋਸੀਏਟਸ ਅਤੇ ਸੋਰਗ ਐਂਡ ਐਸੋਸੀਏਟਸ ਵਲੋਂ ਡਿਜ਼ਾਈਨ ਕੀਤੇ ਗਏ ਹਨ। ਆਈਰੀਓ ਦੇ ਬਣਾਏ ਗਏ ਘਰ ਅਤੇ ਪ੍ਰਾਜੈਕਟ ਆਰਾਮ, ਟਿਕਾਊਪਨ ਅਤੇ ਊਰਜਾ ਦੀ ਬਚਤ ਵਿਚ ਬਹੁਤ ਉਚੇ ਮਿਆਰਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਹਨ।


ਕੰਪਨੀ ਵਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਇਨ੍ਹਾਂ ਗੱਲਾਂ ਨੂੰ ਹੀ ਮੁੱਖ ਰੱਖ ਕੇ ਸ੍ਰੀ ਵਿਜੇ ਅੰਮ੍ਰਿਤਰਾਜ ਨੂੰ ਆਈਰੀਓ ਦੇ ਗਲੋਬਲ ਬਰੈਂਡ ਨਾਂ ਲਈ ਭਾਈਵਾਲ ਬਣਾਇਆ ਗਿਆ ਹੈ। ਸ੍ਰੀ ਅੰਮ੍ਰਿਤਰਾਜ ਪ੍ਰੋਫੈਸ਼ਨਲ ਟੈਨਿਸ ਤੋਂ ਰਿਟਾਇਰਮੈਂਟ ਲੈਣ ਪਿਛੋਂ ਇਕ ਉਘੇ ਸਮਾਜ ਸੇਵੀ ਵਜੋਂ ਉਭਰੇ ਹਨ ਅਤੇ ਉਹ ਇਸ ਸਮੇਂ ਸੰਯੁਕਤ ਰਾਸ਼ਟਰ ਅਮਨਦੂਤ ਵਜੋਂ ਕੰਮ ਕਰਦੇ ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਲੋਕ ਭਲਾਈ ਕੰਮਾਂ ਲਈ ਵਿਜੇ ਅੰਮ੍ਰਿਤਰਾਜ ਫਾਊਂਡੇਸ਼ਨ ਵੀ ਬਣਾਈ ਹੈ।

ਸ੍ਰੀ ਭਾਰਗਵ ਅਨੁਸਾਰ ਪਰਵਾਸੀਆਂ ਨੇ ਜਦੋਂ ਕਦੀ ਘਰ ਜਾਂ ਬਿਜ਼ਨਸ ਖਰੀਦਣਾ ਹੁੰਦਾ ਹੈ ਤਾਂ ਉਨ੍ਹਾਂ ਦੀ ਨਿਗ੍ਹਾ ਇਸ ਗੱਲ 'ਤੇ ਹੁੰਦੀ ਹੈ ਕਿ ਉਹ ਕਿਸੇ ਅਜਿਹੇ ਵਿਅਕਤੀ ਜਾਂ ਅਦਾਰੇ ਨਾਲ ਕੰਮ ਕਰਨ ਜਿਸ 'ਤੇ ਭਰੋਸਾ ਕੀਤਾ ਜਾ ਸਕੇ। ਆਈਰੀਓ ਇਹੋ ਭਰੋਸਾ ਕਾਇਮ ਕਰਨ ਲਈ ਯਤਨਸ਼ੀਲ ਹੈ। ਆਈਰੀਓ ਦਾ ਪਹਿਲਾ ਮੀਲ ਪੱਥਰ ਸਾਬਤ ਹੋਣ ਵਾਲਾ ਪ੍ਰਾਜੈਕਟ ਗੁੜਗਾਓਂ ਵਿਚ 800 ਏਕੜ ਵਿਚ ਫੈਲਿਆ ਗਰੈਂਡ ਆਰਕ ਪ੍ਰਾਜੈਕਟ ਸੀ। ਗਰੈਂਡ ਆਰਕ ਵਿਚ ਕਿੰਨੀਆਂ ਹੀ ਅਜਿਹੀਆਂ ਚੀਜ਼ਾਂ ਹੋਣਗੀਆਂ ਜਿਹੜੀਆਂ ਭਾਰਤੀ ਖਪਤਕਾਰਾਂ ਨੇ ਦੇਖੀਆਂ-ਸੁਣੀਆਂ ਨਹੀਂ ਹਨ। ਅਜਿਹੀ ਭਵਨ ਨਿਰਮਾਣ ਕਲਾ ਦਾ ਇਸਤੇਮਾਲ ਕੀਤਾ ਗਿਆ ਹੈ ਕਿ ਇਸ ਆਰਕ ਵਿਚ ਬਣਾਏ ਗਏ ਅਪਾਰਟਮੈਂਟ ਚਾਰਾਂ ਪਾਸਿਆਂ ਤੋਂ ਖੁੱਲ੍ਹੇ ਹਨ ਅਤੇ ਹਰ ਪਾਸਿਓਂ ਹਵਾ ਤੇ ਸੂਰਜੀ ਲਾਈਟ ਆਉਂਦੀ ਹੈ। ਇਸ ਤੋਂ ਇਲਾਵਾ 10 ਫੁੱਟ ਉਚੀ ਛੱਤ ਰੱਖੀ ਗਈ ਹੈ ਅਤੇ ਸ਼ਾਹਾਨਾ ਠਾਠ ਬਾਠ ਦਾ ਖਿਆਲ ਰੱਖਿਆ ਗਿਆ ਹੈ। ਆਈਰੀਓ ਦਾ ਤਾਜ਼ਾ ਪ੍ਰਾਜੈਕਟ ਗੁੜਗਾਓਂ 'ਚ ਹੀ ਆਈਰੀਓ ਅਪ ਟਾਊਨ ਹੈ ਜਿਸ ਵਿਚ 5 ਟਾਵਰ ਬਣਾਏ ਜਾਣਗੇ ਅਤੇ ਇਨ੍ਹਾਂ ਵਿਚ ਦੋ, ਤਿੰਨ ਅਤੇ ਚਾਰ ਬੈਡਰੂਮ ਦੇ ਅਪਾਰਟਮੈਂਟ ਹੋਣਗੇ। ਕੰਪਨੀ ਬਾਰੇ ਹੋਰ ਜਾਣਕਾਰੀ ਇਸ ਦੀ ਵੈਬ ਸਾਈਟ www.ireoworld.com ਤੋਂ ਹਾਸਲ ਕੀਤੀ ਜਾ ਸਕਦੀ ਹੈ।



## ਭਾਈ ਸੁਰਜੀਤ ਸਿੰਘ ਨੂੰ ਸ਼ਰਧਾਂਜਲੀ

**ਹਿਊਸਟਨ, ਟੈਕਸਸ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਬਰੀਨ ਦੇ ਮੁੱਖ ਬਾਨੀ ਅਤੇ ਸਾਬਕਾ ਪ੍ਰਧਾਨ ਸ. ਸੁਰਜੀਤ ਸਿੰਘ ਨੂੰ ਇਥੇ ਗੁਰਦੁਆਰਾ ਬਰੀਨ ਵਿਚ ਸੰਗਤਾਂ ਵਲੋਂ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਵੱਖ ਵੱਖ ਬੁਲਾਰਿਆਂ ਨੇ ਇਸ ਮੌਕੇ ਬੋਲਦਿਆਂ ਉਨ੍ਹਾਂ ਵਲੋਂ ਗੁਰੂ ਘਰ ਲਈ ਕੀਤੇ ਗਏ ਕੰਮਾਂ ਨੂੰ ਚੇਤੇ ਕੀਤਾ। ਉਨ੍ਹਾਂ ਦੀ ਯਾਦ ਵਿਚ ਰੱਖੇ ਗਏ ਅਖੰਡ ਪਾਠ ਦੇ ਭੋਗ ਮੌਕੇ ਇਥੋਂ ਦੇ ਸਮੂਹ ਗੁਰੂ ਘਰਾਂ ਦੀਆਂ ਸੰਗਤਾਂ ਹਾਜ਼ਰ ਸਨ।



ਸ. ਸੁਰਜੀਤ ਸਿੰਘ ਦੋ ਹਫਤੇ ਪਹਿਲਾਂ ਚਲਾਣਾ ਕਰ ਗਏ ਸਨ। ਉਹ 68 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਬੀਬੀ ਪ੍ਰੀਤਮ ਕੌਰ ਤੋਂ ਇਲਾਵਾ ਚਾਰ ਧੀਆਂ ਤੇ ਇਕ ਪੁੱਤਰ ਹਰਪਾਲ ਸਿੰਘ ਛੱਡ ਗਏ ਹਨ। ਉਹ 1974 ਵਿਚ ਹਿਊਸਟਨ ਪਹੁੰਚੇ। ਉਨ੍ਹਾਂ ਦਾ ਜੱਦੀ ਪੁਸ਼ਤੀ ਪਿੰਡ ਭਾਵੇਂ ਅੰਮ੍ਰਿਤਸਰ ਜ਼ਿਲੇ ਦਾ ਪਿੰਡ ਕੈਰੋਂ ਸੀ ਪਰ ਪਿਛਲੇ ਲੰਮੇ ਅਰਸੇ ਤੋਂ ਉਹ ਦਿੱਲੀ ਹੀ ਵਸੇ ਹੋਏ ਸਨ। ਸ਼ਰਧਾਂਜਲੀ ਸਮਾਗਮ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਚਰਨ ਸਿੰਘ ਨੇ ਅਰਦਾਸ ਕੀਤੀ ਕਿ ਵਾਹਿਗੁਰੂ ਸ. ਸੁਰਜੀਤ ਸਿੰਘ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਿਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਸ. ਸੁਰਜੀਤ ਸਿੰਘ ਦੀ ਪਤਨੀ ਬੀਬੀ ਪ੍ਰੀਤਮ ਕੌਰ ਅਤੇ ਸ. ਮਹਿੰਦਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਰਾਠੌਰ ਖ਼ਿਲਾਫ ਚੱਲੇਗਾ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਕੱਦਮਾ

ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਇਸ ਫ਼ੈਸਲੇ ਨਾਲ ਇਸ ਮਾਮਲੇ 'ਚ ਇਨਸਾਫ਼ ਮਿਲਣ ਲਈ ਆਸ ਦੀ ਕਿਰਨ ਜਾਗੀ ਹੈ। ਪਿਛਲੇ 19 ਸਾਲ ਤੋਂ ਰੁਚਿਕਾ ਮਾਮਲੇ ਨੂੰ ਉਠਾ ਰਹੀ ਮਧੂ ਪ੍ਰਕਾਸ਼ ਨੇ ਕਿਹਾ ਕਿ ਸਾਡੇ ਵਲੋਂ ਸ਼ੁਰੂ ਕੀਤੇ ਸੰਘਰਸ਼ ਦੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ ਤੇ ਜੇਕਰ ਇਹ ਮਾਮਲਾ ਇਸੇ ਰਫ਼ਤਾਰ ਨਾਲ ਚੱਲਦਾ ਰਿਹਾ ਤਾਂ ਅਸੀਂ ਜ਼ਰੂਰ ਕਿਸੇ ਨਾ ਕਿਸੇ ਅੰਜਾਮ 'ਤੇ ਪਹੁੰਚਾਂਗੇ।

ਇਸੇ ਤਰ੍ਹਾਂ ਮਧੂ ਦੇ ਪਤੀ ਆਨੰਦ ਪ੍ਰਕਾਸ਼ ਨੇ ਕੇਂਦਰ ਦੇ ਇਸ ਫ਼ੈਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਕੇਂਦਰ ਦਾ ਬਹੁਤ ਹੀ ਵਧੀਆ ਐਲਾਨ ਹੈ ਤੇ ਇਸ ਐਲਾਨ ਨਾਲ ਅਪਰਾਧੀਆਂ ਦੇ ਹੌਸਲੇ ਢਹਿ-ਢੇਰੀ ਹੋਣਗੇ। ਉਨ੍ਹਾਂ ਕੇਂਦਰ ਦੇ ਇਸ ਐਲਾਨ ਨੂੰ ਔਰਤਾਂ ਦੇ ਹੱਕ 'ਚ ਲਿਆ ਇਤਿਹਾਸਕ ਫ਼ੈਸਲਾ ਦੱਸਿਆ।

ਯਾਦ ਰਹੇ ਅਦਾਲਤ ਵਲੋਂ ਰੁਚਿਕਾ ਮਾਮਲੇ 'ਚ ਫਸੇ ਹਰਿਆਣਾ ਪੁਲਿਸ ਦੇ ਸਾਬਕਾ ਡੀ ਜੀ ਪੀ ਸ਼ੰਭੂ ਪ੍ਰਸ਼ਾਦ ਸਿੰਘ ਰਾਠੌਰ ਨੂੰ ਅੰਤ੍ਰਿਮ ਰਾਹਤ ਦਿੰਦਿਆਂ ਅਗਲੀ ਸੁਣਵਾਈ 7 ਜਨਵਰੀ ਤੱਕ ਟਾਲ ਦਿੱਤੀ ਗਈ ਸੀ। ਇਸ ਰਾਹਤ ਤੋਂ ਬਾਅਦ ਦੂਜੀ ਧਿਰ (ਰੁਚਿਕਾ ਪਰਿਵਾਰ) ਆਪਣੇ ਦਸਤਾਵੇਜ਼ ਜ਼ਿਲ੍ਹਾ ਅਦਾਲਤ ਦੇ ਸੈਸ਼ਨ ਜੱਜ ਐਸ ਪੀ ਸਿੰਘ ਨੂੰ 6 ਜਨਵਰੀ ਤੱਕ ਰਾਠੌਰ ਖਿਲਾਫ਼ ਸਬੂਤ ਵਜ਼ੋਂ ਪੇਸ਼ ਕਰੇਗੀ। ਜ਼ਿਕਰਯੋਗ ਹੈ ਕਿ ਜੱਜ ਨੇ 6 ਜਨਵਰੀ ਤੱਕ ਰਾਜ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਦੱਸਣਯੋਗ ਹੈ ਕਿ ਬੀਤੀ 1 ਜਨਵਰੀ ਨੂੰ ਸਵੇਰੇ ਐਸ ਪੀ ਐਸ ਰਾਠੌਰ ਦੀ ਪਤਨੀ ਵਕੀਲ ਆਭਾ ਰਾਠੌਰ ਜ਼ਿਲ੍ਹਾ ਅਦਾਲਤ ਦੇ ਜੱਜ ਐਸ ਪੀ ਸਿੰਘ ਦੀ ਅਦਾਲਤ ਵਿਚ ਪੇਸ਼ ਹੋਈ ਅਤੇ ਆਪਣਾ ਪੱਖ਼ ਰੱਖਿਆ। ਕਾਰਵਾਈ ਦੌਰਾਨ ਜੱਜ ਨੇ ਕਿਹਾ ਕਿ ਜੇਕਰ 7 ਜਨਵਰੀ ਤੱਕ ਪੁਲਿਸ ਰਾਠੌਰ ਨੂੰ ਗ੍ਰਿਫ਼ਤਾਰ ਕਰਦੀ ਹੈ ਤਾਂ ਉਸ ਨੂੰ ਦੋਵਾਂ ਸ਼ਿਕਾਇਤਾਂ ਲਈ 1-1 ਲੱਖ ਰੁਪਏ ਬਤੌਰ ਮੁਚਲਕਾ ਭਰਨੇ ਹੋਣਗੇ। ਇਸ ਮਾਮਲੇ ਦੀ ਪੈਰਵਾਈ ਕਰਦਿਆਂ ਰਾਠੌਰ ਦੀ ਪਤਨੀ ਆਭਾ ਰਾਠੌਰ ਨੇ ਜੱਜ ਸਾਹਮਣੇ ਪੇਸ਼ ਹੁੰਦਿਆਂ ਦੱਸਿਆ ਕਿ ਜਿਹੜੇ ਦੋਸ਼ ਉਸਦੇ ਪਤੀ ਖਿਲਾਫ਼ ਲਗਾਏ ਗਏ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਜ਼ਮਾਨਤਯੋਗ ਹਨ ਅਤੇ ਜਿਹੜੇ ਦੋਸ਼ ਗੈਰ ਜ਼ਮਾਨਤੀ ਹਨ, ਉਨ੍ਹਾਂ ਬਾਰੇ ਕੋਈ ਠੋਸ ਸਬੂਤ ਨਹੀਂ ਹੈ।

ਦੂਜੇ ਪਾਸੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੁਚਿਕਾ ਮਾਮਲੇ ਦੇ ਵਕੀਲ ਪੰਕਜ ਯਾਦਵ ਨੇ ਕਿਹਾ ਕਿ ਉਹ 7 ਜਨਵਰੀ ਨੂੰ ਅਦਾਲਤ ਕੋਲ ਪੂਰੇ ਦਸਤਾਵੇਜ਼ ਜਮ੍ਹਾਂ ਕਰਵਾ ਦੇਣਗੇ। ਉਨ੍ਹਾਂ ਕਿਹਾ ਕਿ ਰਾਠੌਰ ਝੂਠੇ ਕਾਗਜ਼ ਵਿਖਾ ਕੇ ਅਦਾਲਤ ਨੂੰ ਗੁਮਰਾਹ ਕਰਦਿਆਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦਾ ਪਰਦਾ ਉਹ ਪੂਰੀ ਤਰ੍ਹਾਂ ਫਾਸ਼ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪੁਲਿਸ ਨੇ ਆਪਣੀ ਰਿਪੋਰਟ ਵਿਚ ਇਹ ਦਰਸਾਇਆ ਹੈ ਕਿ ਰੁਚਿਕਾ ਦੀ ਖ਼ੁਦਕੁਸ਼ੀ ਵੇਲੇ ਉਸ ਦਾ ਭਰਾ ਆਸ਼ੂ ਗਿਰਹੋਤਰਾ ਬਾਹਰ ਸੀ, ਜਦੋਂ ਕਿ ਖ਼ੁਦਕੁਸ਼ੀ ਵੇਲੇ ਆਸ਼ੂ ਗਿਰਹੋਤਰਾ ਪੁਲਿਸ ਦੀ ਹਿਰਾਸਤ ਵਿਚ ਸੀ। ਇਸ ਕਾਰਵਾਈ ਸਬੰਧੀ ਰੁਚਿਕਾ ਦੇ ਪਿਤਾ ਸੁਭਾਸ਼ ਚੰਦ ਅਤੇ ਉਸਦੇ ਵਕੀਲਾਂ ਨੇ ਕਿਹਾ ਕਿ ਜ਼ਿਲ੍ਹਾ ਅਦਾਲਤ ਨੂੰ ਉਹ ਸਾਰੇ ਕਾਗਜ਼ ਵਿਖਾਏ ਜਾਣਗੇ, ਜਿਨ੍ਹਾਂ ਵਿਚ ਹਰਿਆਣਾ ਦੇ ਸਾਬਕਾ ਡੀ ਜੀ ਪੀ ਨੇ ਆਪਣੇ ਕਾਰਜਕਾਲ ਦੌਰਾਨ ਸਬੂਤਾਂ ਨਾਲ ਛੇੜਛਾੜ ਕੀਤੀ ਅਤੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਦਿਆਂ ਰੁਚਿਕਾ ਨੂੰ ਖ਼ੁਦਕੁਸ਼ੀ ਲਈ ਮਜਬੂਰ ਕੀਤਾ। ਇਹ ਵੀ ਪਤਾ ਲੱਗਾ ਹੈ ਕਿ ਰੁਚਿਕਾ ਮਾਮਲੇ ਨੂੰ ਲੈ ਕੇ ਪੁਲਿਸ ਮੁਲਾਜ਼ਮਾਂ ਨੇ ਸੈਕਟਰ-5 ਦੇ ਥਾਣੇ ਵਿਚ ਇਸ ਕੇਸ ਸਬੰਧੀ ਰਿਕਾਰਡ ਖੰਗਾਲਣਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਕਈ ਫਾਈਲਾਂ ਮਿਲ ਵੀ ਨਹੀਂ ਰਹੀਆਂ, ਜਦਕਿ ਕਈ ਫਾਈਲਾਂ ਤੋਂ ਗਰਦ ਝਾੜੀ ਜਾ ਰਹੀ ਹੈ। ਐਸ ਪੀ ਪੰਚਕੂਲਾ ਅਨੁਸਾਰ ਕਈ ਫਾਈਲਾਂ ਸੀ ਬੀ ਆਈ ਕੋਲ ਹਨ।

ਯਾਦ ਰਹੇ ਰੁਚਿਕਾ ਮਾਮਲੇ ਵਿਚ ਦੋ ਨਵੇਂ ਪਰਚੇ ਦਰਜ ਹੋਣ ਤੋਂ ਬਾਅਦ ਸੰਭਾਵੀ ਗ੍ਰਿਫ਼ਤਾਰੀ ਦਾ ਸਾਹਮਣਾ ਕਰ ਰਹੇ ਰਾਠੌਰ ਨੇ ਅਗਾਊਂ ਜ਼ਮਾਨਤ ਲਈ ਸੈਸ਼ਨ ਕੋਰਟ ਵਿਚ ਅਪੀਲ ਕੀਤੀ ਸੀ, ਪਰ ਅਦਾਲਤ ਨੇ ਉਨ੍ਹਾਂ ਨੂੰ ਤੁਰੰਤ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੈਸ਼ਨ ਜੱਜ ਸ੍ਰੀ ਐਸ ਪੀ ਸਿੰਘ ਵਲੋਂ ਹੁਕਮ ਦਿੱਤਾ ਗਿਆ ਕਿ ਉਹ ਪਹਿਲਾਂ ਆਪਣੇ ਵਿਰੁਧ ਪੰਚਕੂਲਾ ਪੁਲਿਸ ਵਲੋਂ ਦਰਜ ਕੀਤੀਆਂ ਗਈਆਂ ਦੋਵੇਂ ਐਫ਼ ਆਈ ਆਰ ਦੇ ਕਾਗਜ਼ਾਤ ਅਦਾਲਤ ਵਿਚ ਵਿਖਾਉਣ ਅਤੇ ਉਸ ਤੋਂ ਬਾਅਦ ਹੀ ਇਸ ਬਾਰੇ ਕੁਝ ਸੋਚਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਪੰਚਕੂਲਾ ਪੁਲਿਸ ਵਲੋਂ ਬੀਤੀ 29 ਦਸੰਬਰ ਨੂੰ ਸ੍ਰੀ ਰਾਠੌਰ ਖਿਲਾਫ਼ ਦੋ ਮਾਮਲੇ ਦਰਜ ਕੀਤੇ ਗਏ ਸਨ, ਜਿਹੜੇ ਕਿ ਰੁਚਿਕਾ ਦੇ ਭਰਾ ਆਸ਼ੂ ਗਿਰਹੋਤਰਾ ਅਤੇ ਉਸਦੇ ਪਿਤਾ ਐਸ ਸੀ ਗਿਰਹੋਤਰਾ ਵਲੋਂ ਦਰਜ ਕਰਵਾਏ ਗਏ ਸਨ। 30 ਦਸੰਬਰ ਨੂੰ ਜ਼ਿਲ੍ਹਾ ਅਦਾਲਤ ਖੁੱਲ੍ਹਣ ਸਾਰ ਸ੍ਰੀ ਰਾਠੌਰ ਆਪਣੀ ਪਤਨੀ ਦੇ ਨਾਲ ਜ਼ਿਲ੍ਹਾ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਗਏ। ਉਨ੍ਹਾਂ ਜੱਜ ਨੂੰ ਕਿਹਾ ਕਿ ਉਨ੍ਹਾਂ ਨੂੰ ਮੀਡੀਆ ਤੋਂ ਪਤਾ ਲੱਗਿਆ ਹੈ ਕਿ ਉਨ੍ਹਾਂ ਵਿਰੁਧ ਪੁਲਿਸ ਨੇ ਦੋ ਮਾਮਲੇ ਦਰਜ ਕੀਤੇ ਹਨ। ਇਸ ਅਗਾਊਂ ਜ਼ਮਾਨਤ ਬਾਰੇ ਜੱਜ ਕੋਲ ਅਰਜੀ ਸ੍ਰੀ ਰਾਠੌਰ ਦੀ ਵਕੀਲ ਪਤਨੀ ਸ੍ਰੀਮਤੀ ਆਭਾ ਰਾਠੌਰ ਨੇ ਪਾਈ। ਉਨ੍ਹਾਂ ਕਿਹਾ ਕਿ ਉਸ ਵੇਲੇ ਦੀਆਂ ਰਿਪੋਰਟਾਂ ਵਿਚ ਅਜਿਹੇ ਕੋਈ ਹਾਲਾਤ ਨਹੀਂ ਸਨ, ਜਿਥੇ ਰੁਚਿਕਾ ਦੇ ਪਰਿਵਾਰ ਅਤੇ ਉਸਦੇ ਭਰਾ 'ਤੇ ਕੋਈ ਦਬਾਅ ਹੋਵੇ। ਜਦੋਂ ਸ੍ਰੀ ਰਾਠੌਰ ਅਦਾਲਤ ਵਿਚ ਗਏ ਤਾਂ ਉਨ੍ਹਾਂ ਦੇ ਚਿਹਰੇ 'ਤੋਂ ਰੌਣਕ ਗਾਇਬ ਸੀ ਅਤੇ ਗੁੱਸਾ ਸਾਫ਼ ਝਲਕ ਰਿਹਾ ਸੀ। ਉਨ੍ਹਾਂ ਨਾਲ ਸਿਰਫ਼ ਉਨ੍ਹਾਂ ਦੀ ਵਕੀਲ ਪਤਨੀ ਹੀ ਸੀ। ਸ੍ਰੀ ਰਾਠੌਰ ਮੀਡੀਆ ਵਿਚ ਘਿਰੇ ਹੋਏ ਗੁੱਸੇ ਵਿਚ ਜ਼ਿਲ੍ਹਾ ਅਦਾਲਤ ਦੇ ਜੱਜ ਦੇ ਕਮਰੇ ਨੂੰ ਲੱਭਦੇ ਰਹੇ। ਮੀਡੀਆ ਤੋਂ ਤੰਗ, ਗੁੱਸੇ ਵਿਚ ਆ ਕੇ ਉਹ ਆਪਣੀ ਵਕੀਲ ਪਤਨੀ ਨੂੰ ਅੱਗੇ ਖਿੱਚ ਕੇ ਲਿਜਾਂਦੇ ਜੋ ਤੁਰਦੇ ਸਮੇਂ ਉਨ੍ਹਾਂ ਤੋਂ ਪਿੱਛੇ ਰਹਿ ਜਾਂਦੀ ਸੀ। ਅਦਾਲਤ ਵਿਚੋਂ ਬਾਹਰ ਮੀਡੀਆ ਤੋਂ ਮੂੰਹ ਮੋੜ ਕੇ ਉਹ ਸੈਕਟਰ-6 ਸਥਿਤ ਆਪਣੀ ਰਿਹਾਇਸ਼ 'ਤੇ ਆ ਗਏ। ਮੀਡੀਆ ਨੂੰ ਆਪਣੇ ਪਿੱਛੇ-ਪਿੱਛੇ ਘਰ ਤੱਕ ਆਉਂਦਾ ਦੇਖ ਕੇ ਉਨ੍ਹਾਂ ਕਿਹਾ ਕਿ ਮੀਡੀਆ ਆਪਣਾ ਕੰਮ ਕਰੇ, ਉਹ ਆਪਣਾ ਕੰਮ ਕਰ ਰਹੇ ਹਨ।

ਜ਼ਿਲ੍ਹਾ ਪੁਲਿਸ ਨੇ ਇਸ ਮਾਮਲੇ ਵਿਚ ਤਿੰਨ ਹੋਰ ਪੁਲਿਸ ਵਾਲਿਆਂ ਨੂੰ ਵੀ ਦੋਸ਼ੀ ਬਣਾਇਆ ਹੈ, ਜਿਨ੍ਹਾਂ ਵਿਚ ਏ ਐਸ ਆਈ ਸੇਵਾ ਸਿੰਘ, ਏ ਐਸ ਆਈ ਜੈ ਨਰਾਇਣ ਤੇ ਐਸ ਆਈ ਪ੍ਰੇਮ ਦੱਤ ਸ਼ਾਮਲ ਹਨ। ਪੰਚਕੂਲਾ ਪੁਲਿਸ ਵਲੋਂ ਰਾਠੌਰ ਦੇ ਖਿਲਾਫ਼ ਦੋ ਮਾਮਲੇ ਦਰਜ ਕੀਤੇ ਜਾਣ ਬਾਰੇ ਮਰਹੂਮ ਰੁਚਿਕਾ ਦੀ ਸਹੇਲੀ ਅਰਾਧਨਾ ਅਤੇ ਉਸ ਦੇ ਪਿਤਾ ਅਤੇ ਮਾਤਾ ਨੇ ਵੀ ਖ਼ੁਸ਼ੀ ਪ੍ਰਗਟ ਕੀਤੀ ਹੈ। ਅਜਿਹਾ ਹੀ ਪ੍ਰਤੀਕਰਮ ਮਰਹੂਮ ਰੁਚਿਕਾ ਦੇ ਪਿਤਾ ਐਸ ਸੀ ਗਿਰਹੋਤਰਾ ਨੇ ਵੀ ਦਿੱਤਾ ਹੈ। ਪੰਚਕੂਲਾ ਦੀ ਗਲੋਬਲ ਹਿਊਮਨ ਰਾਈਟਸ ਪ੍ਰੋਟੈਕਸ਼ਨ ਆਰਗੇਨਾਈਜੇਸ਼ਨ ਨੇ ਵੀ ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੂੰ ਰਾਠੌਰ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਦਾ ਮੰਗ ਪੱਤਰ ਦਿੱਤਾ ਹੈ ਅਤੇ ਹਰਿਆਣਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਦਾ ਕੇਸ 19 ਸਾਲਾਂ ਤੋਂ ਲੜ ਰਹੇ ਰੁਚਿਕਾ ਦੀ ਸਹੇਲੀ ਆਨੰਦ ਪ੍ਰਕਾਸ਼ ਅਤੇ ਰੁਚਿਕਾ ਦੇ ਪਿਤਾ ਐਸ ਸੀ ਗਿਰਹੋਤਰਾ ਅਤੇ ਰੁਚਿਕਾ ਦੇ ਭਰਾ ਆਸ਼ੂ ਗਿਰਹੋਤਰਾ ਨੂੰ ਇੱਕ-ਇੱਕ ਕਰੋੜ ਦਾ ਮੁਆਵਜ਼ਾ ਦੇਵੇ ਤਾਂ ਕਿ ਇਨ੍ਹਾਂ ਦੀ ਮਾਨਸਿਕ ਪੀੜਾ ਅਤੇ ਸਰੀਰਕ ਪੀੜਾ ਨੂੰ ਘੱਟ ਕੀਤਾ ਜਾ ਸਕੇ।

ਰੁਚਿਕਾ ਨੂੰ ਨਿਆਂ ਦਿਵਾਉਣ ਲਈ ਈਸਾਈ ਜਥੇਬੰਦੀਆਂ ਅੱਗੇ ਆਈਆਂ: ਰੁਚਿਕਾ ਮਾਮਲੇ ਵਿਚ ਚੰਡੀਗੜ੍ਹ ਦੇ ਸੇਕਰਡ ਹਾਰਟ ਸਕੂਲ ਦੇ ਪ੍ਰਬੰਧਕਾਂ ਵਲੋਂ ਉਸ ਸਮੇਂ ਦੇ ਪ੍ਰਿੰਸੀਪਲ ਨੂੰ ਕਲੀਨ ਚਿਟ ਦੇਣ ਦਾ ਸਖ਼ਤ ਵਿਰੋਧ ਕਰਦੇ ਹੋਏ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਇਸਾਈ ਜਥੇਬੰਦੀਆਂ ਨੇ ਭਾਰਤ ਵਿਚ ਪੋਪ ਦੇ ਨੁਮਾਇੰਦੇ ਨੂੰ ਇਸ ਸਬੰਧੀ ਅੰਦਰੂਨੀ ਜਾਂਚ ਕਮੇਟੀ ਗਠਿਤ ਕਰਨ ਦੀ ਅਪੀਲ ਕੀਤੀ ਹੈ। ਇੰਡੀਅਨ ਕ੍ਰਿਸ਼ਚੀਅਨ ਰਾਈਟਸ ਐਕਸ਼ਨ ਫ਼ੋਰਮ ਅਤੇ ਪੂਅਰ ਕ੍ਰਿਸ਼ਚੀਅਨ ਲਿਬਰੇਸ਼ਨ ਮੂਵਮੈਂਟ ਵਲੋਂ ਸਕੂਲ ਦੇ ਪ੍ਰਿੰਸੀਪਲ ਨੂੰ ਕਲੀਨ ਚਿਟ ਦੇਣ ਦੇ ਮਾਮਲੇ 'ਤੇ ਸਵਾਲ ਉਠਾਇਆ ਹੈ। ਉਧਰ ਚੰਡੀਗੜ੍ਹ ਪ੍ਰਸ਼ਾਸਨ ਨੇ ਕਿਹਾ ਹੈ ਕਿ ਰੁਚਿਕਾ ਗਿਰਹੋਤਰਾ ਨੂੰ ਸਕੂਲ ਵਿਚੋਂ ਕੱਢੇ ਜਾਣ ਦੇ ਮਾਮਲੇ ਦੀ ਰੀਪੋਰਟ ਇਕ ਦੋ ਦਿਨਾਂ ਵਿਚ ਆ ਜਾਵੇਗੀ। ਚੰਡੀਗੜ੍ਹ ਦੇ ਸਿਖਿਆ ਸਕੱਤਰ ਰਾਮ ਨਿਵਾਸ ਨੇ ਕਿਹਾ ਕਿ ਐਸ.ਡੀ.ਐਮ. ਪ੍ਰੇਰਨਾ ਪੁਰੀ ਨੇ ਅਜੇ ਮੇਰੇ ਕੋਲ ਰੀਪੋਰਟ ਦਾਖ਼ਲ ਨਹੀਂ ਕੀਤੀ ਹੈ। ਉਹ ਦੋ-ਤਿੰਨ ਵਿਅਕਤੀਆਂ ਤੋਂ ਪੁਛਗਿਛ ਮਗਰੋਂ ਰਿਪੋਰਟ ਦਾਖ਼ਲ ਕਰਨਗੇ ਜਿਸ ਨੂੰ ਤੁਰਤ ਜਨਤਕ ਕਰ ਦਿਤਾ ਜਾਵੇਗਾ। ਦੱਸਣਯੋਗ ਹੈ ਕਿ ਪ੍ਰੇਰਨਾ ਪੁਰੀ ਨੇ ਕਲ ਸੇਕਰਡ ਹਾਰਟ ਸਕੂਲ ਦੀ ਪ੍ਰਿੰਸੀਪਲ ਸਿਸਟਰ ਸੈਬਸਟੀਅਨ ਤੋਂ ਪੁਛਗਿਛ ਕੀਤੀ ਸੀ।

## ਗੁਰਦੁਆਰਾ ਗੁਰਜੋਤਿ ਪ੍ਰਕਾਸ਼ 'ਚ ਨਵੇਂ ਸਾਲ 'ਤੇ ਵਿਸ਼ੇਸ਼ ਕੀਰਤਨ ਸਮਾਗਮ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਆਈਲੈਂਡ ਲੇਕ ਵਿਖੇ ਨਵੇਂ ਸਾਲ 2010 ਨੂੰ ਖੁਸ਼ਆਮਦੀਦ ਕਹਿਣ ਲਈ ਦੀਵਾਨ ਸਜਾਏ ਗਏ। ਰਾਗੀ ਸਿੰਘਾਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਦਲਜੀਤ ਸਿੰਘ ਸ਼ਿਕਾਗੋ ਨੇ ਆਖਿਆ ਕਿ ਵਕਤ ਉਹੀ ਸ਼ੁਭ ਹੁੰਦਾ ਹੈ ਜੋ ਰੱਬ ਦੀ ਯਾਦ ਵਿਚ ਸ਼ੁਭ ਕੰਮ ਕਰਦਿਆਂ ਗੁਜ਼ਰਦਾ ਹੈ। ਇਸ ਲਈ ਹਰ ਮਾਈ ਭਾਈ ਨੂੰ ਨਵੇਂ ਵਰ੍ਹੇ ਦੀ ਸ਼ੁਰੂਆਤ ਗੁਰੂ ਦੀ ਹਜ਼ੂਰੀ ਵਿਚ ਗੁਜ਼ਾਰਨ ਦਾ ਚਾਅ ਹੋਣਾ ਚਾਹੀਦਾ ਹੈ।

ਘੜੀ ਦੀ ਸੂਈ ਰਾਤ ਦੇ ਬਾਰਾਂ ਵਜੇ 'ਤੇ ਪੁੱਜਦਿਆਂ ਹੀ ਰਾਗੀ ਸਿੰਘਾਂ ਨੇ ਵਾਹਿਗੁਰੂ ਦੀ ਧੁਨੀ ਨਾਲ ਸੰਗਤਾਂ ਨੂੰ ਵਿਸਮਾਦੀ ਰੰਗ ਵਿਚ ਰੰਗ ਦਿੱਤਾ। ਨਗਾਰਿਆਂ ਅਤੇ ਜੈਕਾਰਿਆਂ ਦੀ ਗੂੰਜ ਵਿਚ ਸੰਗਤਾਂ ਨੇ ਨਵੇਂ ਸਾਲ ਨੂੰ ਜੀ ਆਇਆਂ ਆਖਿਆ। ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ ਗਈ ਕਿ ਆਉਣ ਵਾਲਾ ਸਾਲ ਸਾਰੀ ਮਨੁੱਖਤਾ ਲਈ ਅਮਨ ਅਤੇ ਖੁਸ਼ਹਾਲੀ ਭਰਿਆ ਹੋਵੇ।









**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**Director**
Sunita Chopra
Ph:773-370-7106
**Honorary Directors**
**Community Relations:**
Pritam S. Grewal
408-406-0703
Kuljeet Singh
510-284-9580
**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਪੰਜਾਬ ਸਿਆਸਤ ਕਾਰਵਾਈਆਂ ਪਾਉਣ ਤੱਕ ਸੀਮਤ ਹੋਈ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਪੰਜਾਬ ਦੀ ਸਿਆਸਤ ਭਾਵੇਂ ਉਹ ਅਕਾਲੀ ਹੋਵੇ, ਕਾਂਗਰਸੀ, ਭਾਜਪਾ ਜਾਂ ਕਮਿਊਨਿਸਟ- ਕਾਰਵਾਈਆਂ ਪਾਉਣ ਤੱਕ ਸੀਮਤ ਹੋ ਗਈ ਹੈ। ਇਥੋਂ ਤੱਕ ਕਿ ਪੰਥਕ ਧਿਰਾਂ ਦੀ ਨੁਮਾਇੰਦਗੀ ਕਰਨ ਵਾਲੇ ਅਖਵਾਉਂਦੇ ਬਾਦਲ ਦੇ ਵਿਰੋਧੀ ਅਕਾਲੀ ਦਲ ਵੀ ਕਾਰਵਾਈਆਂ ਪਾਉਣ ਤਕ ਸੀਮਤ ਵਿਖਾਈ ਦਿੰਦੇ ਹਨ। ਪੰਜਾਬ ਵਿਚ ਅੱਜ ਕੱਲ੍ਹ ਅਸਲ ਵਿਚ ਸਿਰਜਣਾਤਮਕ ਸਿਆਸਤ ਦਾ ਕਾਲ ਪਿਆ ਹੋਇਆ ਹੈ। ਹਕੂਮਤ ਵਿਚ ਮੌਜੂਦ ਸਿਆਸੀ ਪਾਰਟੀਆਂ ਤੋਂ ਲੈ ਕੇ ਨਿੱਕੀ ਤੋਂ ਨਿੱਕੀ ਸਰਗਰਮੀ ਕਰਨ ਵਾਲੀਆਂ ਛੋਟੀਆਂ ਛੋਟੀਆਂ ਰਾਜਨੀਤਿਕ ਧਿਰਾਂ ਵੀ ਖਬਰਾਂ ਵਿਚ ਰਹਿਣ ਲਈ ਫੋਕੇ ਮਤੇ ਪਾ ਰਹੀਆਂ ਹਨ। ਫਰਜ਼ੀ ਜਿਹੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਝੂਠੇ-ਮੂਠੇ ਰੋਸ ਮੁਜ਼ਾਹਿਰੇ ਅਤੇ ਯਾਦ ਪੱਤਰ ਪੰਜਾਬ ਸਿਆਸਤ ਦਾ ਅੰਗ ਬਣ ਗਏ ਹਨ, ਜਿਨ੍ਹਾਂ ਨੇ ਅਖ਼ੀਰ ਨੂੰ ਸਰਕਾਰ ਦੇ ਕੂੜੇਦਾਨ ਵਿਚ ਜਾਣਾ ਹੁੰਦਾ ਹੈ। ਸ਼ਾਮ ਤੱਕ ਅਜਿਹੇ ਮੈਮੋਰੰਡਮ ਇਤਿਹਾਸਕ ਕੂੜੇਦਾਨ ਦਾ ਹਿੱਸਾ ਹੋ ਜਾਂਦੇ ਹਨ।

ਪ੍ਰਮੁੱਖ ਅਤੇ ਵੱਡੀਆਂ ਰਾਜਨੀਤਿਕ ਪਾਰਟੀਆਂ ਆਪਣੇ ਆਪ ਨੂੰ ਕਾਰਪੋਰੇਟ ਲੀਹਾਂ ਤੇ ਢਾਲ ਰਹੀਆਂ ਹਨ ਅਤੇ ਕਾਰਪੋਰੇਸ਼ਨਾਂ ਦੇ ਬਿਜ਼ਨਸ ਦਾ ਹੀ ਹਿੱਸਾ ਹੋ ਰਹੀਆਂ ਹਨ। ਇਸੇ ਦੇ ਹਿੱਤਾਂ ਲਈ ਆਪਣੀ ਸਿਆਸਤ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਛੋਟੀਆਂ ਰਾਜਨੀਤਿਕ ਪਾਰਟੀਆਂ ਸਾਰੀ ਸਥਿਤੀ ਨੂੰ ਕਿਸੇ ਚੱਜ ਦੇ ਪਾਸੇ ਪਲਟੀ ਮਾਰਨ ਦਾ ਜੋਖ਼ਮ ਉਠਾਉਣ ਖੁਣੋ ਬਚਦੀਆਂ ਵਿਖਾਈ ਦਿੰਦੀਆਂ ਹਨ। ਅਜਿਹੇ ਵੇਲਿਆਂ ਵਿਚ ਹੀ ਸਿਆਸਤ ਇਕ ਰਸਮ ਵਾਂਗ ਕੀਤੀ ਜਾਣ ਲਗਦੀ ਹੈ ਅਤੇ ਸਿਆਸਤਦਾਨ ਆਪਣੀਆਂ ਸਹੂਲਤਾਂ ਦੇ ਤਹਿਖਾਨਿਆਂ 'ਚੋਂ ਬਾਹਰ ਆਉਣ ਲਈ ਤਿਆਰ ਨਹੀਂ ਹਨ।

ਪੰਜਾਬ ਕਾਂਗਰਸ ਦੀ ਪਾਟੋਧਾੜ ਹਾਲੇ ਹੀ ਉਵੇਂ ਜਿਵੇਂ ਹੈ। ਕਦੀ ਭੱਠਲ ਧੜਾ ਭਾਰੂ ਵਿਖਾਈ ਦਿੰਦਾ ਹੈ, ਕਦੇ ਕੈਪਟਨ ਧੜਾ। ਦੋਨਾਂ ਵਿਚੋਂ ਕਦੀ ਇਕ ਚੁੱਪ ਕਰਨ ਵਿਚ ਭਲਾਈ ਸਮਝਦਾ ਹੈ ਅਤੇ ਕਦੇ ਦੂਜਾ। ਉਂਝ ਅੰਦਰਖਾਤੇ ਹਕੂਮਤਾਂ ਨਾਲ ਰਲ ਕੇ ਚੱਲਣ ਦੀ ਖਿਚੜੀ ਵੀ ਪੱਕਦੀ ਰਹਿੰਦੀ ਹੈ। ਦੂਜੇ ਪਾਸੇ ਖ਼ਬਰਾਂ ਵਿਚ ਰਹਿਣ ਲਈ ਕਮਿਊਨਿਸਟ ਲੋਕਾਂ ਦੀ ਗੱਲ ਕਰਦੇ ਹਨ ਪਰ ਉਨ੍ਹਾਂ ਦੀ ਇਹ ਗੱਲ ਸਿਰਫ ਰਾਜਨੀਤਿਕ ਬਿਆਨਾਂ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਅਸਲ ਰਾਜਨੀਤਿਕ ਸਰਗਰਮੀ ਕਿਧਰੇ ਵਿਖਾਈ ਨਹੀਂ ਦਿੰਦੀ। ਦੇਸ਼ ਦੇ ਵੱਡੇ ਹਿੱਸੇ ਵਿਚ ਭਾਵੇਂ ਨਕਸਲੀ ਅਸਲ ਵਿਰੋਧੀ ਧਿਰ ਬਣ ਗਏ ਹਨ ਅਤੇ ਸਰਕਾਰ ਉਨ੍ਹਾਂ ਖਿਲਾਫ ਵੱਡੀ ਫ਼ੌਜੀ ਕਾਰਵਾਈ ਲਈ ਤਿਆਰੀਆਂ ਵੀ ਕਰ ਰਹੀ ਹੈ ਪਰ ਪੰਜਾਬ ਵਿਚ ਇਸ ਕਿਸਮ ਦੀ ਕੋਈ ਧਿਰ ਨਹੀਂ ਵਿਖਾਈ ਦਿੰਦੀ, ਜਿਹੜੀ ਲਿਫ਼ਾਫ਼ਿਆਂ ਦੇ ਸ਼ਕਲ ਬਣ ਗਏ ਸਿਆਸਤਦਾਨਾਂ ਨੂੰ ਸਮੂਹਿਕ ਰੂਪ ਵਿਚ ਜ਼ੀਰੋ ਕਰ ਸਕੇ।

ਬੀਤੇ ਦੇ ਖਾੜਕੂ ਵੀ ਅੱਜ ਮੱਤਿਆ ਦੀ ਸਿਆਸਤ ਕਰਦੇ ਵਿਖਾਈ ਦੇਂਦੇ ਹਨ। ਪਿਛਲੇ ਦਿਨੀਂ ਲੁਧਿਆਣੇ ਵਿਚ ਵਾਪਰੀ ਘਟਨਾ ਤੋਂ ਬਾਅਦ ਕਥਿਤ ਪੰਥਕ ਧਿਰਾਂ ਵਲੋਂ ਮੁਹਾਲੀ ਤੱਕ ਇਕ ਰੋਸ ਮਾਰਚ ਕੀਤਾ ਗਿਆ ਅਤੇ ਪੁਲਿਸ ਦੇ ਰੋਕਣ ਤੋਂ ਬਾਅਦ ਫਰਜ਼ੀ ਜਿਹਾ ਮੈਮੋਰੰਡਮ ਦੇ ਕੇ ਫਰਜ਼ ਪੂਰਾ ਕਰ ਦਿੱਤਾ ਗਿਆ। ਇੰਜ ਲੁਧਿਆਣੇ ਵਿਚ ਮੁੱਡੇ ਕੁਟਵਾ ਕੇ ਕਹਾਣੀ ਰਸਮੀ ਮੈਮੋਰੰਡਮਾਂ ਤਕ ਸੀਮਤ ਹੋ ਕੇ ਰਹਿ ਗਈ ਹੈ। ਅਜਿਹੇ ਕਲੇਸ਼ ਅਤੇ ਯਾਦ ਪੱਤਰਾਂ ਦੇ ਕਿੱਸੇ ਪਿਛਲੇ ਕੁਝ ਹੀ ਸਾਲਾਂ ਵਿਚ ਅਨੇਕ ਵਾਰ ਦੁਹਰਾਏ ਜਾ ਚੁਕੇ ਹਨ। ਸਿੱਖ ਸਿਆਸਤ ਇਸ ਦੁਹਰਾਅ ਵਿਚੋਂ ਕਦੀ ਬਾਹਰ ਵੀ ਨਿਕਲੇਗੀ? ਇਹ ਇਕ ਵਡਾ ਸਵਾਲ ਹੈ। ਉਂਜ ਸਮੁੱਚੀ ਪੰਜਾਬ ਸਿਆਸਤ ਹੀ ਅੱਜ ਇਸ ਕਿਸਮ ਦੇ ਗਧੀਗੇੜ ਦੀ ਸ਼ਿਕਾਰ ਹੈ। ਕਾਂਗਰਸ ਦਾ ਗਧੀਗੇੜ ਤਾਂ ਕਈ ਵਰ੍ਹਿਆਂ ਤੱਕ ਲੰਮਾ ਹੋ ਗਿਆ ਹੈ।

ਕੁਝ ਦਿਨ ਪਹਿਲਾਂ ਪੰਜਾਬ ਕਾਂਗਰਸ ਦੇ ਮਾਮਲਿਆਂ ਸੰਬੰਧੀ ਬਣੀ ਕੋਆਰਡੀਨੇਸ਼ਨ ਕਮੇਟੀ ਦੀ ਬੈਠਕ ਦਿੱਲੀ ਵਿਚ ਸੰਪੰਨ ਹੋਈ ਜਿਸ ਦੇ ਬਾਅਦ ਕੈਪਟਨ ਅਮਰਿੰਦਰ ਸਿੰਘ ਗਰੁੱਪ 'ਚ ਮਾਯੂਸੀ ਛਾ ਗਈ। ਅਜੇ ਇਸ ਬੈਠਕ ਦੇ ਚਰਚੇ ਖਤਮ ਵੀ ਨਹੀਂ ਹੋਏ ਸਨ ਕਿ ਦਿੱਲੀ ਤੋਂ ਅਜਿਹੇ ਸੰਕੇਤ ਆ ਗਏ ਕਿ ਸ੍ਰੀਮਤੀ ਮੋਹਸਿਨਾ ਕਿਦਵਈ ਨੂੰ ਰਾਜਪਾਲ ਬਣਾਇਆ ਜਾ ਰਿਹਾ ਹੈ ਅਤੇ ਪੰਜਾਬ ਕਾਂਗਰਸ ਮਾਮਲਿਆਂ ਦਾ ਇੰਚਾਰਜ ਕਿਸੇ ਹੋਰ ਨੂੰ ਬਣਾਇਆ ਜਾਵੇਗਾ। ਅਜਿਹਾ ਹੋ ਜਾਣ ਦੀ ਸੂਰਤ ਵਿਚ ਵੀ ਕੈਪਟਨ ਗੁੱਟ ਦੇ ਹੋਰ ਕਮਜ਼ੋਰ ਹੋਣ ਦੀ ਚਰਚਾ ਹੈ। ਦੋਹਾਂ ਘਟਨਾਵਾਂ ਦੇ ਬਾਅਦ ਆਪਣੇ ਗਰੁੱਪ ਨੂੰ ਟੁੱਟਣ ਤੋਂ ਬਚਾਉਣ ਅਤੇ ਸਿਪਾਹ-ਸਲਾਰਾਂ ਨੂੰ ਇਕਜੁੱਟ ਰੱਖਣ ਦੀ ਰਣਨੀਤੀ ਕੈਪਟਨ ਗਰੁੱਪ ਨੇ ਬਨਾਉਣੀ ਸ਼ੁਰੂ ਕਰ ਦਿੱਤੀ ਹੈ।

ਕੈਪਟਨ ਗਰੁੱਪ ਦੇ ਹੀ ਸੂਤਰ ਦੱਸਦੇ ਹਨ ਕਿ ਇਸ ਰਣਨੀਤੀ ਦੇ ਤਹਿਤ ਮਾਲਵਾ ਵਿਚ ਰਾਣਾ ਸੋਢੀ ਕੈਂਪ ਤੇ ਹੋਰਨਾਂ ਵਿਚ ਚਰਚਾ ਛੇੜ ਦਿੱਤੀ ਗਈ ਹੈ ਕਿ ਜਗਮੀਤ ਬਰਾੜ ਅਗਲੇ ਪ੍ਰਧਾਨ ਦੇ ਤੌਰ 'ਤੇ ਆ ਰਹੇ ਹਨ ਜਦਕਿ ਮਾਝੇ ਵਿਚ ਸੁਖਜਿੰਦਰ ਰੰਧਾਵਾ ਕੈਂਪ ਦੇ ਆਸ ਪਾਸ ਖਬਰਾਂ ਫੈਲਾਈਆਂ ਜਾ ਰਹੀਆਂ ਹਨ ਕਿ ਪ੍ਰਤਾਪ ਸਿੰਘ ਬਾਜਵਾ ਦੇ ਹੱਥ ਵਿਚ ਕਮਾਨ ਆ ਰਹੀ ਹੈ। ਕਈ ਜਗ੍ਹਾ ਭੱਠਲ ਦੇ ਨਾਂ ਦੀ ਵਰਤੋਂ ਚੱਲ ਰਹੀ ਹੈ।

ਇਸ ਦੌਰਾਨ ਦਿੱਲੀ ਹਾਈ ਕਮਾਨ ਤੋਂ ਜਿਸ ਤਰ੍ਹਾਂ ਦੇ ਸੰਕੇਤ ਮਿਲ ਰਹੇ ਹਨ ਉਨ੍ਹਾਂ ਤੋਂ ਲੱਗਦਾ ਹੈ ਕਿ ਮਹਿੰਦਰ ਸਿੰਘ ਕੇਪੀ ਦੀ ਥਾਂ 'ਤੇ ਅਗਲਾ ਪ੍ਰਧਾਨ ਕਿਸੇ ਜੱਟ ਸਿੱਖ ਨੂੰ ਬਣਾਇਆ ਜਾ ਸਕਦਾ ਹੈ ਜਿਸ ਕਾਰਨ ਭੱਠਲ, ਜਗਮੀਤ ਬਰਾੜ ਤੇ ਪ੍ਰਤਾਪ ਸਿੰਘ ਬਾਜਵਾ ਦੇ ਨਾਂ ਪ੍ਰਮੁੱਖ ਦੱਸੇ ਜਾ ਰਹੇ ਹਨ। ਇਹ ਵੀ ਚਰਚਾ ਸ਼ੁਰੂ ਹੋ ਗਈ ਹੈ ਕਿ ਅਗਲਾ ਪ੍ਰਦੇਸ਼ ਪ੍ਰਧਾਨ ਵੋਟਿੰਗ ਰਾਹੀਂ ਨਹੀਂ ਚੁਣਿਆ ਜਾਵੇਗਾ ਸਗੋਂ ਨਾਮਜ਼ਦ ਕੀਤਾ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਇਹ ਸਾਰੀ ਪ੍ਰਕਿਰਿਆ ਆਉਣ ਵਾਲੇ ਦਿਨਾਂ ਵਿਚ ਆਸਕਰ ਫਰਨਾਂਡੀਜ਼ ਅਤੇ ਊਸ਼ਾ ਠੱਕਰ (ਪੀ.ਆਰ.ਓ.) ਵਲੋਂ ਪੂਰੀ ਕੀਤੀ ਜਾਵੇਗੀ। ਵੈਸੇ ਪਾਰਟੀ ਹਾਈ ਕਮਾਨ ਆਪਣੇ ਤੌਰ 'ਤੇ ਇਸ ਸੰਬੰਧੀ ਸੂਚਨਾਵਾਂ ਇਕੱਠੀਆਂ ਕਰਨ ਵਿਚ ਲੱਗੀ ਹੋਈ ਹੈ।

ਆਂਧਰਾ ਪ੍ਰਦੇਸ਼ ਦੇ ਰਾਜਪਾਲ ਐਨ.ਡੀ. ਤਿਵਾੜੀ ਦਾ ਨਾਂ ਇਕ ਸੈਕਸ ਸਕੈਂਡਲ ਵਿਚ ਸਾਹਮਣੇ ਆਉਣ ਤੋਂ ਬਾਅਦ ਹੁਣ ਪਾਰਟੀ ਹਾਈ ਕਮਾਨ ਪੰਜਾਬ ਵਿਚ ਵੀ ਫੂਕ-ਫੂਕ ਕਦਮ ਰੱਖ ਰਹੀ ਹੈ ਕਿਉਂਕਿ ਪੰਜਾਬ ਦੇ ਕੁਝ ਪ੍ਰਮੁੱਖ ਆਗੂਆਂ 'ਤੇ ਵੀ ਆਪਣੀਆਂ ਮਹਿਲਾ ਮਿੱਤਰਾਂ ਨੂੰ ਜ਼ਿਆਦਾ ਅਹਿਮੀਅਤ ਦੇਣ ਅਤੇ ਅਯਾਸ਼ੀ ਕਰਨ ਦੇ ਦੋਸ਼ ਲੱਗਦੇ ਰਹਿੰਦੇ ਹਨ। ਇਕ ਯੋਗਾ ਟ੍ਰੇਨਰ ਦੀ ਅਗਵਾਈ ਵਿਚ ਪੰਜਾਬ ਕਾਂਗਰਸ ਦੇ ਤਿੰਨ ਸਕੱਤਰਾਂ ਅਤੇ ਇਕ ਸਹਿਕਾਰੀ ਬੈਂਕ ਦੇ ਐਮ.ਡੀ. ਨੇ ਤਾਂ ਅਜਿਹੀ ਸ਼ਾਹੀ ਅਯਾਸ਼ੀ ਬਾਰੇ ਕਈ ਸੂਚਨਾਵਾਂ ਹਾਈ ਕਮਾਨ ਤਕ ਪਹੁੰਚਾਈਆਂ ਹਨ। ਚਰਚਾ ਤਾਂ ਇਥੋਂ ਤੱਕ ਹੈ ਕਿ ਇਕ ਪ੍ਰਮੁੱਖ ਨੇਤਾ ਦੀ ਪਤਨੀ ਵੀ ਅਜਿਹੀ ਸ਼ਾਹੀ ਅਯਾਸ਼ੀ ਬਾਰੇ ਆਪਣਾ ਗੁਬਾਰ ਹਾਈ ਕਮਾਨ ਸਾਹਮਣੇ ਕੱਢਣ ਵਿਚ ਲੱਗੀ ਹੋਈ ਹੈ।

**ਅਮਰਿੰਦਰ ਬਾਰੇ ਉਸ ਤੋਂ ਹੀ ਪੁੱਛੋ-ਭੱਠਲ**

ਪਟਿਆਲਾ: ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰੋਗਰਾਮਾਂ ਵਿਚ ਕਿਉਂ ਨਹੀਂ ਆਉਂਦੇ, ਇਸ ਬਾਰੇ ਪੱਤਰਕਾਰਾਂ ਨੂੰ ਸਿੱਧਾ ਅਮਰਿੰਦਰ ਨਾਲ ਹੀ ਗੱਲਬਾਤ ਕਰਨੀ ਚਾਹੀਦੀ ਹੈ ਨਾ ਕਿ ਹੋਰ ਕਾਂਗਰਸੀ ਨੇਤਾਵਾਂ ਨਾਲ। ਇਥੇ ਕੈਪਟਨ ਦੇ ਸਾਬਕਾ ਸਿਆਸੀ ਸਲਾਹਕਾਰ ਰਹੇ ਹਰਚੰਦ ਸਿੰਘ ਬਰਸਟ ਦੇ ਘਰ ਪ੍ਰੈੱਸ ਕਾਨਫਰੰਸ ਦੌਰਾਨ ਜਦੋਂ ਪੱਤਰਕਾਰਾਂ ਨੇ ਇਹ ਪੁੱਛਿਆ ਕਿ ਕੈਪਟਨ ਕਾਂਗਰਸ ਦੇ ਪ੍ਰੋਗਰਾਮਾਂ ਵਿਚ ਕਿਉਂ ਨਹੀਂ ਆਉਂਦੇ, ਤਾਂ ਬੀਬੀ ਭੱਠਲ ਨੇ ਝੱਟ ਕਿਹਾ ਕਿ ਇਸ ਬਾਰੇ ਅਮਰਿੰਦਰ ਤੋਂ ਹੀ ਪੁੱਛਿਆ ਜਾਵੇ, ਮੈਂ ਤਾਂ ਕਾਂਗਰਸ ਦੇ ਹਰੇਕ ਪ੍ਰੋਗਰਾਮ ਵਿਚ ਪਹੁੰਚ ਰਹੀ ਹਾਂ। ਪੰਜਾਬ ਵਿਚ ਕਾਂਗਰਸ ਦੀ ਵਧਦੀ ਗੁੱਟਬੰਦੀ ਸਬੰਧੀ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਬੀਬੀ ਭੱਠਲ ਨੇ ਕਿਹਾ ਕਿ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਇਕਜੁਟ ਹੈ ਅਤੇ ਕਿਸੇ ਵੀ ਕਾਂਗਰਸੀ ਨੇਤਾ ਵਿਚ ਕੋਈ ਵੀ ਮਤਭੇਦ ਨਹੀਂ ਹੈ। ਇਸ ਮੌਕੇ 'ਤੇ ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਦੇ ਅਹੁਦੇ ਦੀ ਦੌੜ 'ਚ ਸ਼ਾਮਿਲ ਨਹੀਂ ਹੈ, ਪ੍ਰੰਤੂ ਅਗਰ ਕਾਂਗਰਸ ਹਾਈ ਕਮਾਨ ਨੇ ਕੋਈ ਵੀ ਜ਼ਿੰਮੇਵਾਰੀ ਦਿੱਤੀ ਤਾਂ ਉਹ ਉਸ ਨੂੰ ਤਨਦੇਹੀ ਨਾਲ ਨਿਭਾਏਗੀ।

## ਰੀਪੌਲ ਰਾਣਾ ਦੇ ਕਤਲ ਦੇ ਦੋਸ਼ ਵਿਚ ਇਕ ਗ੍ਰਿਫਤਾਰ

**ਸਿਆਟਲ:** ਸੈਨ ਫਰਾਂਸਿਸਕੋ ਦੇ 35 ਸਾਲਾ ਰੀਪੌਲ ਸਿੰਘ ਰਾਣਾ ਦੇ 2008 'ਚ ਹੋਏ ਕਤਲ ਦੇ ਸਿਲਸਿਲੇ ਵਿਚ ਹੰਬੋਲਟ ਕਾਊਂਟੀ ਸ਼ੈਰਿਫ ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਰਾਣੇ ਦੀ ਲਾਸ਼ 13 ਸਤੰਬਰ 2008 ਨੂੰ ਆਲਡਰ ਪੁਆਇੰਟ ਤੋਂ ਉਤਰ ਵਾਲੇ ਪਾਸੇ ਪਈ ਮਿਲੀ ਸੀ।

ਪੁਲਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਨੇ ਇਸ ਕਤਲ ਦੇ ਸਿਲਸਿਲੇ ਵਿਚ ਲਿਨਵੁੱਡ, ਵਾਸ਼ਿੰਗਟਨ ਵਾਸੀ ਰਿਆਨ ਕ੍ਰਿਸਟੋਫਰ ਕੈਰੋਲ (29) ਦੇ ਵਾਰੰਟ ਗ੍ਰਿਫਤਾਰੀ ਹਾਸਲ ਕੀਤੇ ਸਨ ਅਤੇ ਇਨ੍ਹਾਂ ਦੇ ਆਧਾਰ ਉਤੇ ਹੀ ਸਿਆਟਲ ਪੁਲਿਸ ਨੇ ਲੰਘੇ ਐਤਵਾਰ ਸ਼ਾਮ ਉਸ ਨੂੰ ਗ੍ਰਿਫਤਾਰ ਕਰ ਲਿਆ। ਕੈਰੋਲ ਹੁਣ ਸਿਆਟਲ ਜੇਲ੍ਹ ਵਿਚ ਹੈ।

# ਅਫ਼ਸਰ ਤੇ ਦਲਾਲ ਖਾ ਗਏ ਸ਼ਗਨਾਂ ਦੇ ਕਰੋੜਾਂ ਰੁਪਏ

**ਚੰਡੀਗੜ੍ਹ :** ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸ਼ਗਨ ਸਕੀਮ ਨੂੰ ਭਲਾਈ ਵਿਭਾਗ ਦੇ ਫ਼ੀਲਡ ਅਧਿਕਾਰੀ ਅਤੇ ਦਲਾਲ ਦੋਹੀਂ ਹੱਥੀਂ ਲੁੱਟ ਰਹੇ ਹਨ। ਲੋੜਵੰਦ ਦਲਿਤ ਅਤੇ ਹੋਰਨਾਂ ਵਰਗਾਂ ਨੂੰ ਅਪਣੀਆਂ ਕੁੜੀਆਂ ਦੇ ਵਿਆਹ ਮੌਕੇ ਸ਼ਗਨ ਨਹੀਂ ਮਿਲ ਰਿਹਾ। ਭਲਾਈ ਵਿਭਾਗ ਜ਼ਿਲ੍ਹਾ ਫ਼ਰੀਦਕੋਟ ਵਲੋਂ ਸ਼ਗਨ ਸਕੀਮ ਸਬੰਧੀ ਹੋ ਰਹੀਆਂ ਘਪਲੇਬਾਜ਼ੀਆਂ ਦੀ ਪੜਤਾਲ ਕੀਤੀ ਗਈ। ਪੜਤਾਲ ਖ਼ੁਦ ਵਿਭਾਗ ਦੀ ਨਿਰਦੇਸ਼ਕ ਸ੍ਰੀਮਤੀ ਇੰਦੂ ਮਿਸ਼ਰਾ ਦੀ ਨਿਗਰਾਨੀ ਹੇਠ ਹੋਈ ਅਤੇ ਟੀਮ ਵਲੋਂ ਜ਼ਿਲ੍ਹਾ ਫ਼ਰੀਦਕੋਟ ਦੇ ਦੋ ਪਿੰਡਾਂ ਵਿਚ ਪੁਛਗਿਛ ਪਿਛੋਂ ਸਰਕਾਰ ਨੂੰ ਸੌਂਪੀ ਰੀਪੋਰਟ ਵਿਚ ਦਸਿਆ ਗਿਆ ਹੈ ਕਿ ਸ਼ਗਨ ਸਕੀਮ ਵਿਚ ਵੱਡੀ ਪੱਧਰ ਉਤੇ ਹੇਰਾਫੇਰੀ ਹੋਈ ਹੈ। ਜ਼ਿਲ੍ਹਾ ਫ਼ਰੀਦਕੋਟ ਨੂੰ ਇਸ ਸਕੀਮ ਅਧੀਨ 2006-07 ਤੋਂ ਲੈ ਕੇ 2009-10 ਦੌਰਾਨ 9 ਕਰੋੜ ਰੁਪਏ ਜਾਰੀ ਕੀਤੇ ਗਏ। ਪੜਤਾਲ ਰਾਹੀਂ ਪਤਾ ਲੱਗਾ ਕਿ 6 ਕਰੋੜ ਰੁਪਏ ਦਾ ਵੱਡਾ ਘਪਲਾ ਹੋਇਆ ਹੈ। ਰੁਪਏ ਜ਼ਿਲ੍ਹਾ ਵਿਭਾਗ ਦੇ ਫ਼ੀਲਡ ਅਧਿਕਾਰੀ ਅਤੇ ਨਾਲ ਮਿਲੇ ਦਲਾਲ ਹੜੱਪ ਗਏ ਹਨ। ਭਲਾਈ ਵਿਭਾਗ ਨੇ 2006-07 ਵਿਚ 200.78 ਲੱਖ, 2007-08 ਵਿਚ 169.80 ਲੱਖ, 2008-09 ਵਿਚ 455.70 ਲੱਖ ਅਤੇ 2009-10 ਵਿਚ 60 ਲੱਖ ਰੁਪਏ ਭੇਜੇ ਸਨ। ਪੜਤਾਲ ਟੀਮ ਅਨੁਸਾਰ ਗਾਂਧੀ ਬਸਤੀ ਕੋਟਕਪੂਰਾ ਵਿਚ ਇਕ-ਇਕ ਔਰਤ ਨੂੰ ਦੋ ਲੜਕੀਆਂ ਦੇ ਵਿਆਹ ਵਿਚ 30,000 ਰੁਪਏ ਦਿਤੇ ਗਏ ਜਦਕਿ ਉਸ ਔਰਤ ਦੀਆਂ ਲੜਕੀਆਂ ਦੇ ਵਿਆਹ 15 ਸਾਲ ਪਹਿਲਾਂ ਹੋਏ ਸਨ। ਇਸ ਤਰ੍ਹਾਂ ਜ਼ਿਲ੍ਹਾ ਭਲਾਈ ਦਫ਼ਤਰ ਦੇ ਰਿਕਾਰਡ ਵਿਚ ਉਸ ਔਰਤ ਨੂੰ 15,000 ਰੁਪਏ ਦੀ ਰਾਸ਼ੀ ਦਿਤੀ ਗਈ ਜਿਸ ਦੀ ਕੋਈ ਲੜਕੀ ਹੀ ਨਹੀਂ ਹੈ। ਪਿੰਡ ਮਹਿਮੂਆਣਾ ਤੋਂ ਪਤਾ ਲੱਗਾ ਕਿ ਇਕ ਲਾਭਪਾਤਰੀ ਵਲੋਂ ਅਪਣੀਆਂ ਤਿੰਨ ਲੜਕੀਆਂ ਦੇ ਵਿਆਹ ਮੌਕੇ 45, 000 ਰੁਪਏ ਵਸੂਲੇ ਗਏ ਹਨ ਜਦਕਿ ਸਕੀਮ ਅਧੀਨ ਸਿਰਫ਼ ਦੋ ਲੜਕੀਆਂ ਨੂੰ ਹੀ ਸ਼ਗਨ ਦਿਤਾ ਜਾ ਸਕਦਾ ਹੈ। ਇਸੇ ਵਿਅਕਤੀ ਦੀਆਂ ਲੜਕੀਆਂ ਦਾ ਵਿਆਹ ਦਰਸਾਈ ਗਈ ਮਿਤੀ ਤੋਂ ਬਹੁਤ ਪਹਿਲਾਂ ਹੋਇਆ ਸੀ। ਇਸੇ ਪਿੰਡ ਦੇ ਇਕ ਹੋਰ ਵਿਅਕਤੀ ਵਲੋਂ ਦੋ ਚੈੱਕ ਪ੍ਰਾਪਤ ਕੀਤੇ ਗਏ ਜਦਕਿ ਉਸ ਦੀ ਇਕਲੌਤੀ ਕੁੜੀ ਸੀ।

ਹੈਰਾਨੀ ਦੀ ਗੱਲ ਹੈ ਕਿ ਜ਼ਿਲ੍ਹਾ ਭਲਾਈ ਅਫ਼ਸਰ ਦੀ ਮਿਲੀਭੁਗਤ ਨਾਲ ਇਕ ਵਿਅਕਤੀ ਨੇ ਅਪਣੀ ਇਕਲੌਤੀ ਲੜਕੀ ਦੇ ਨਾਮ ਉਤੇ ਸ਼ਗਨ ਦੇ ਤਿੰਨ ਚੈੱਕ ਭਾਵ 45 ਹਜ਼ਾਰ ਰੁਪਏ ਪ੍ਰਾਪਤ ਕੀਤੇ। ਭਲਾਈ ਵਿਭਾਗ ਨੂੰ ਮੰਗਲ ਰਾਮ ਨਾਮਕ ਵਿਅਕਤੀ ਨੇ ਕੀਤੀ ਸ਼ਿਕਾਇਤ ਵਿਚ ਦੋਸ਼ ਲਗਾਏ ਸਨ ਕਿ ਜ਼ਿਲ੍ਹਾ ਭਲਾਈ ਦਫ਼ਤਰ ਨੇ ਛਿੰਦਾ ਨਾਮ ਦਾ ਇਕ ਦਲਾਲ ਰਖਿਆ ਹੋਇਆ ਹੈ ਜਿਸ ਨੂੰ ਉਹ ਵੀ ਮਿਲਿਆ ਸੀ ਅਤੇ ਜੋ ਮਹਿਕਮੇ ਨਾਲ ਮਿਲ ਕੇ ਸ਼ਗਨ ਖ਼ੁਦ ਅਪਣੀਆਂ ਝੋਲੀਆਂ ਵਿਚ ਪਵਾ ਰਹੇ ਹਨ। ਸ਼ਿਕਾਇਤਕਰਤਾ ਨੇ ਦਸਿਆ ਕਿ ਸੂਚਨਾ ਅਧਿਕਾਰ ਅਧੀਨ ਮਿਲੀ ਜਾਣਕਾਰੀ ਵਿਚ 50 ਝੂਠੇ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿਚ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਸ਼ਗਨ ਸਕੀਮ ਦੀ ਰਾਸ਼ੀ ਹੜਪੀ ਗਈ ਹੈ। ਰੀਪੋਰਟ ਅਨੁਸਾਰ ਦੋਹਾਂ ਪਿੰਡਾਂ ਵਿਚ ਕਰੀਬ 90 ਕੇਸਾਂ ਦਾ ਮੁਆਇਨਾ ਕੀਤਾ ਗਿਆ। ਇਨ੍ਹਾਂ ਵਿਚੋਂ 75-80 ਫ਼ੀ ਸਦੀ ਕੇਸਾਂ ਵਿਚ ਸ਼ਗਨ ਸਕੀਮ ਦੀ ਰਾਸ਼ੀ ਨਿਯਮਾਂ ਦੀ ਉਲੰਘਣਾ ਕਰ ਕੇ ਵੰਡੀ ਗਈ। ਪੜਤਾਲੀਆ ਟੀਮ ਨੇ ਕਿਹਾ ਕਿ ਜ਼ਿਲ੍ਹਾ ਭਲਾਈ ਅਫ਼ਸਰ ਫ਼ਰੀਦਕੋਟ ਰਵਿੰਦਰਪਾਲ ਸਿੰਘ ਨੇ ਨਿਯਮਾਂ ਨੂੰ ਛਿੱਕੇ ਉਤੇ ਟੰਗ ਕੇ ਰਾਸ਼ੀ ਵੰਡੀ ਅਤੇ ਸਰਕਾਰ ਨਾਲ ਧੋਖਾ ਕੀਤਾ। ਇਸ ਜ਼ਿਲ੍ਹੇ ਅੰਦਰ ਮੁਢਲੀ ਪੜਤਾਲ ਤੋਂ ਪਤਾ ਲੱਗਾ ਹੈ ਕਿ 9 ਕਰੋੜ ਰੁਪਏ ਵਿਚੋਂ 6 ਕਰੋੜ ਰੁਪਏ ਫ਼ੀਲਡ ਅਫ਼ਸਰਾਂ ਅਤੇ ਦਲਾਲਾਂ ਨੇ ਖਾਧੇ। ਜਾਂਚ ਟੀਮ ਨੇ ਸਿਫ਼ਾਰਿਸ਼ ਕੀਤੀ ਕਿ ਰਵਿੰਦਰਪਾਲ ਸਿੰਘ ਨੂੰ ਗੰਭੀਰ ਵਿੱਤੀ ਹੇਰਾਫੇਰੀ ਨੂੰ ਮੁੱਖ ਰਖਦਿਆਂ ਤੁਰਤ ਮੁਅੱਤਲ ਕੀਤਾ ਜਾਵੇ। ਸ੍ਰੀਮਤੀ ਮਿਸ਼ਰਾ ਨੇ ਦਸਿਆ ਕਿ ਇਕੱਲੇ ਫ਼ਰੀਦਕੋਟ ਵਿਚ ਹੀ ਨਹੀਂ ਬਾਕੀ 19 ਜ਼ਿਲ੍ਹਿਆਂ ਵਿਚ ਵੀ ਸ਼ਗਨ ਸਕੀਮ ਦੀ ਵੱਡੀ ਲੁੱਟ ਮੱਚੀ ਹੋਈ ਹੈ ਜਿਸ ਨਾਲ ਲੋੜਵੰਦ ਲੋਕ ਸ਼ਗਨ ਸਕੀਮ ਤੋਂ ਵਾਂਝੇ ਹਨ। ਉਨ੍ਹਾਂ ਦਸਿਆ ਕਿ ਸਰਕਾਰ ਨੂੰ ਸਿਫ਼ਾਰਸ਼ ਕੀਤੀ ਗਈ ਹੈ ਕਿ ਸ਼ਗਨ ਸਕੀਮ ਅਧੀਨ 2006-07 ਤੋਂ ਲੈ ਕੇ 2009-10 ਤਕ ਪੂਰੇ ਸੂਬੇ ਦੀ ਪੜਤਾਲ ਕਰਵਾਈ ਜਾਵੇ।

ਭਲਾਈ ਵਿਭਾਗ ਵਲੋਂ ਇਨ੍ਹਾਂ ਚਾਰਾਂ ਸਾਲਾਂ ਵਿਚ ਸ਼ਗਨ ਸਕੀਮ ਤਹਿਤ 230 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਪੜਤਾਲੀਆ ਟੀਮ ਦੇ ਅੰਦੇਸ਼ੇ ਨਾਲ 161 ਕਰੋੜ ਰੁਪਏ ਦਾ ਵੱਡਾ ਘਪਲਾ ਹੋਇਆ ਹੋ ਸਕਦਾ ਹੈ। ਜੇ ਫ਼ਰੀਦਕੋਟ ਵਿਚ ਹੀ 6 ਕਰੋੜ ਰੁਪਏ ਦਾ ਘਪਲਾ ਹੋ ਸਕਦਾ ਹੈ ਤਾਂ ਬਾਕੀ ਜ਼ਿਲ੍ਹੇ ਦੁੱਧ ਧੋਤੇ ਨਹੀਂ ਹੋਣਗੇ। ਯਾਦ ਰਹੇ ਪਿਛਲੇ ਵਿਧਾਨ ਸਭਾ ਸੈਸ਼ਨ ਦੌਰਾਨ ਭਾਜਪਾ ਵਿਧਾਇਕ ਅਨਿਲ ਜੋਸ਼ੀ ਨੇ ਵੀ ਮਾਮਲਾ ਉਠਾਇਆ ਸੀ ਕਿ ਸ਼ਗਨ ਸਕੀਮ ਵਿਚ ਵੱਡੀ ਪੱਧਰ ਉਤੇ ਹੇਰਾਫੇਰੀ ਹੋ ਰਹੀ ਹੈ ਅਤੇ ਅਧਿਕਾਰੀਆਂ ਨੇ ਅੱਗੇ ਦਲਾਲ ਰੱਖੇ ਹੋਏ ਹਨ। ਇਸ ਸਬੰਧੀ ਭਲਾਈ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਸਦਨ ਵਿਚ ਤੜਫ ਉਠੇ ਸਨ ਅਤੇ ਕਿਹਾ ਸੀ ਕਿ ਦੋਸ਼ੀਆਂ ਨੂੰ ਪੁੱਠੇ ਟੰਗ ਦਿਆਂਗੇ ਪਰ ਹੁਣ ਇਕ ਭਲਾਈ ਅਫ਼ਸਰ ਦੋਸ਼ੀ ਪਾਇਆ ਗਿਆ ਹੈ। ਵੇਖਣਾ ਇਹ ਹੈ ਕਿ ਸ. ਰਣੀਕੇ ਕਿੰਨੇ ਅਫ਼ਸਰਾਂ ਨੂੰ ਪੁੱਠਾ ਟੰਗਦੇ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਲੁਧਿਆਣਾ ਕਾਂਡ ਬਾਰੇ ਕਾਂਗਰਸ ਵਲੋਂ ਰਿਪੋਰਟ ਪੇਸ਼



**ਚੰਡੀਗੜ੍ਹ :** ਲੁਧਿਆਣਾ 'ਚ ਹੋਈ ਹਿੰਸਾ ਦੇ ਮੱਦੇਨਜ਼ਰ ਪੰਜਾਬ ਕਾਂਗਰਸ ਨੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਅਕਾਲੀ-ਭਾਜਪਾ ਰਾਜ ਵਿਚ ਪੰਜਾਬ 'ਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਦੇ ਲਈ ਕੇਂਦਰੀ ਜਾਂਚ ਕਮਿਸ਼ਨ ਬਿਠਾਇਆ ਜਾਵੇ। ਵਿਰੋਧੀ ਧਿਰ ਦੀ ਨੇਤਾ ਅਤੇ ਸਾਬਕਾ ਉਪ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦੀ ਅਗਵਾਈ ਵਿਚ ਕਾਂਗਰਸੀ ਵਫ਼ਦ ਨੇ ਲੰਘੀ 2 ਜਨਵਰੀ ਨੂੰ ਪੰਜਾਬ ਦੇ ਰਾਜਪਾਲ ਜਨਰਲ ਰਿਟਾ. ਐਸ. ਐਫ. ਰੌਡਰਿਗਜ਼ ਨੂੰ ਲੁਧਿਆਣਾ ਹਿੰਸਾ ਦੀ ਜਾਂਚ ਰਿਪੋਰਟ ਸੌਂਪਦੇ ਹੋਏ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਅਤੇ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਬਾਦਲ ਸਰਕਾਰ ਨੂੰ ਭੰਗ ਕਰ ਦਿੱਤਾ ਜਾਵੇ। ਇਸ ਵਫ਼ਦ ਵਿਚ ਕਾਂਗਰਸੀ ਵਿਧਾਇਕ ਤੇਜ ਪ੍ਰਕਾਸ਼ ਸਿੰਘ, ਜੱਸੀ ਖੰਗੂੜਾ ਅਤੇ ਪਰਮਜੀਤ ਸਿੰਘ ਸਿਬੀਆ ਤੋਂ ਇਲਾਵਾ ਸਾਬਕਾ ਮੰਤਰੀ ਹਰਨਾਮ ਦਾਸ ਜੌਹਰ ਅਤੇ ਰਾਕੇਸ਼ ਪਾਂਡੇ ਸ਼ਾਮਲ ਸਨ।

ਕਾਂਗਰਸ ਦੀ 11 ਮੈਂਬਰੀ ਟੀਮ ਵਲੋਂ ਲੁਧਿਆਣਾ 'ਚ ਵਾਪਰੀਆਂ ਹਿੰਸਕ ਘਟਨਾਵਾਂ ਸਬੰਧੀ ਤਿਆਰ ਕੀਤੀ ਗਈ 10 ਸਫਿਆਂ ਦੀ 'ਤੱਥਾਂ ਦੀ ਰਿਪੋਰਟ' ਨੂੰ ਮੀਡੀਆ ਵਿਚ ਜਾਰੀ ਕਰਦੇ ਹੋਏ ਬੀਬੀ ਭੱਠਲ ਨੇ ਦੋਸ਼ ਲਾਇਆ ਕਿ ਜਦੋਂ ਵੀ ਅਕਾਲੀ ਸੱਤਾ ਵਿਚ ਆਉਂਦੇ ਹਨ ਤਾਂ ਸੋਚੀ ਸਮਝੀ ਸਾਜਿਸ਼ ਦੇ ਤਹਿਤ ਫਿਰਕੂ ਭਾਵਨਾਵਾਂ ਭੜਕਾਉਂਦੇ ਹਨ ਅਤੇ ਫਿਰ ਕਾਂਗਰਸ ਦੇ ਸਮਰਥਕਾਂ ਉਤੇ ਜ਼ੁਲਮ ਢਾਹਿਆ ਜਾਂਦਾ ਹੈ। ਬੀਬੀ ਭੱਠਲ ਨੇ ਕਿਹਾ ਕਿ ਇਹ ਰਿਪੋਰਟ ਜਲਦ ਹੀ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਸੌਂਪੀ ਜਾਵੇਗੀ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਦਰਜਨਾਂ ਲੋਕਾਂ ਨੇ ਹਲਫਨਾਮੇ ਦੇ ਕੇ ਕਿਹਾ ਹੈ ਕਿ ਹਿੰਸਾ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਗਾਇਬ ਹਨ। ਬੀਬੀ ਭੱਠਲ ਅਨੁਸਾਰ ਅਜਿਹੇ ਲੋਕਾਂ ਦੀ ਸੰਖਿਆ 100 ਤੋਂ ਜ਼ਿਆਦਾ ਦੱਸੀ ਗਈ ਹੈ। ਪ੍ਰੰਤੂ ਲੁਧਿਆਣਾ ਪੁਲਿਸ ਇਹ ਗੱਲ ਸੁਣਨ ਨੂੰ ਤਿਆਰ ਨਹੀਂ। ਇਨ੍ਹਾਂ ਵਿਚ ਸਥਾਨਕ ਅਤੇ ਬਾਹਰ ਦੇ ਰਾਜਾਂ ਦੇ ਲੋਕ ਸ਼ਾਮਲ ਹਨ।


ਇਸ ਰਿਪੋਰਟ ਵਿਚ ਪੰਜਾਬ ਸਰਕਾਰ ਵਿਸ਼ੇਸ਼ ਕਰਕੇ ਗ੍ਰਹਿ ਵਿਭਾਗ ਅਤੇ ਲੁਧਿਆਣਾ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਰਿਪੋਰਟ ਦੇ ਅਨੁਸਾਰ ਜੇਕਰ ਪਹਿਲਾਂ ਹੀ ਮਾਮਲਾ ਸੰਭਾਲ ਲਿਆ ਜਾਂਦਾ ਤਾਂ ਅੰਜ਼ਾਮ ਇਹ ਨਾ ਹੁੰਦਾ। ਬੀਬੀ ਭੱਠਲ ਨੇ ਕਿਹਾ ਕਿ ਇਸ ਦੇ ਲਈ ਬਤੌਰ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੂੰ ਤੁਰੰਤ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਲੁਧਿਆਣਾ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਤਬਦੀਲ ਹੋਣੇ ਚਾਹੀਦੇ ਹਨ।

ਇਹ ਵੀ ਦੋਸ਼ ਲਾਇਆ ਗਿਆ ਕਿ ਪੰਜਾਬ ਪੁਲਿਸ ਭਾਰੀ ਸਿਆਸੀ ਦਬਾਅ ਵਿਚ ਕੰਮ ਕਰਨ ਨੂੰ ਮਜਬੂਰ ਹੈ ਅਤੇ ਨਹੀਂ ਤਾਂ ਪੰਜਾਬ ਪੁਲਿਸ ਦੀ ਕਾਰਜਸ਼ੈਲੀ ਦਾ ਕੋਈ ਜੁਆਬ ਨਹੀਂ ਕਿਉਂਕਿ ਇਹ ਪੰਜਾਬ ਪੁਲਿਸ ਹੀ ਸੀ ਜਿਸ ਨੇ ਦਹਿਸ਼ਤਵਾਦ ਦਾ ਸਫਾਇਆ ਕੀਤਾ ਸੀ। ਰਿਪੋਰਟ ਵਿਚ ਬਾਹਰ ਦੇ ਰਾਜਾਂ ਅਤੇ ਸਥਾਨਕ ਪੀੜਿਤਾਂ ਦੇ ਲਈ 50 ਕਰੋੜ ਰੁਪਏ ਦਾ ਰਿਲੀਫ਼ ਫੰਡ ਕਾਇਮ ਕਰਨ ਦੀ ਮੰਗ ਕੀਤੀ ਗਈ ਹੈ।

ਬੀਬੀ ਭੱਠਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਕਿ ਉਹ ਰਾਜਨੀਤਕ ਸਵਾਰਥ ਦੇ ਲਈ ਪੰਜਾਬ ਦੀ ਜਨਤਾ ਨੂੰ ਵੰਡਣ ਅਤੇ ਆਪਸੀ ਨਫ਼ਰਤ ਪੈਦਾ ਕਰਨ ਵਾਲੀ ਬਿਆਨਬਾਜ਼ੀ ਬੰਦ ਕਰਨ। ਇਸ ਤੋਂ ਇਲਾਵਾ ਆਪਸੀ ਭਾਈਚਾਰਕ ਸਾਂਝ ਅਤੇ ਆਪਸੀ ਸਦਭਾਵਨਾ ਬਹਾਲ ਕਰਨ ਤੇ ਮਜ਼ਬੂਤ ਕਰਨ ਦੇ ਲਈ ਲੁਧਿਆਣਾ ਪੁਲਿਸ ਵਲੋਂ ਸਮਾਜਿਕ ਤਾਲਮੇਲ ਕਮੇਟੀਆਂ ਗਠਿਤ ਕੀਤੀਆਂ ਜਾਣ। ਜੋ ਪੁਲਿਸ ਅਤੇ ਜਨਤਾ ਦੇ ਵਿਚਕਾਰ ਪੁਲ ਦਾ ਕੰਮ ਕਰਨ।

ਬੀਬੀ ਭੱਠਲ ਨੇ ਕਿਹਾ ਕਿ ਪੰਜਾਬ ਅਤਿ ਸੰਵੇਦਨਸ਼ੀਲ ਸੂਬਾ ਹੈ ਤੇ ਇੱਥੇ ਆਪਸੀ ਸਦਭਾਵਨਾ ਬਣਾਈ ਰੱਖਣਾ ਅਤਿ ਜ਼ਰੂਰੀ ਹੈ।

# ਸਰਨਾ ਵਲੋਂ ਦਸਮ ਗ੍ਰੰਥ ਵਿਵਾਦ ਸੰਬੰਧੀ ਬਹਿਸ ਕਰਵਾਉਣ ਦਾ ਐਲਾਨ



**ਨਵੀਂ ਦਿੱਲੀ :** ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਐਲਾਨ ਕੀਤਾ ਕਿ ਦਸਮ ਗ੍ਰੰਥ ਦੇ ਵਿਵਾਦਤ ਮਸਲੇ ਦਾ ਹੱਲ ਕੱਢਣ ਲਈ ਉਹ ਅਪਣੀ ਪੰਥਕ ਜ਼ੁੰਮੇਵਾਰੀ ਨਿਭਾਉਂਦਿਆਂ ਦਿੱਲੀ ਕਮੇਟੀ ਦੇ ਦਫ਼ਤਰ ਗੁਰਦਵਾਰਾ ਰਕਾਬਗੰਜ ਵਿਖੇ ਦੋਹਾਂ ਧਿਰਾਂ (ਸਮਰਥਕ ਤੇ ਵਿਰੋਧੀ) ਦੀ ਚਰਚਾ ਕਰਵਾਉਣ ਲਈ ਤਿਆਰ ਹਨ। ਸ. ਸਰਨਾ ਨੇ ਕਿਹਾ ਕਿ ਕਾਫ਼ੀ ਸਮੇਂ ਤੋਂ ਤਖ਼ਤਾਂ ਦੇ 'ਜਥੇਦਾਰ' ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਇਸ ਵਿਵਾਦਤ ਮਸਲੇ ਨੂੰ ਹੱਲ ਕਰਨ ਦੀ ਗੱਲ ਕਈ ਵਾਰੀ ਕੀਤੀ ਜਾ ਚੁਕੀ ਹੈ ਪਰ ਇਹ ਦੋਵੇਂ ਹੀ ਸੰਸਥਾਵਾਂ ਜ਼ੁੰਮੇਵਾਰੀ ਨਿਭਾਉਣ ਵਿਚ ਨਾਕਾਮ ਰਹੀਆਂ। ਸ. ਸਰਨਾ ਨੇ ਕਿਹਾ, "ਛੇਤੀ ਹੀ ਦਸਮ ਗ੍ਰੰਥ ਦੇ ਵਿਵਾਦਤ ਮਸਲੇ ਬਾਰੇ ਚਰਚਾ ਕਰਨ ਦੀ ਤਰੀਕ ਤੈਅ ਕਰ ਕੇ ਦੋਹਾਂ ਧਿਰਾਂ ਨੂੰ ਸੂਚਿਤ ਕਰ ਦਿਤਾ ਜਾਵੇਗਾ।" ਸ. ਸਰਨਾ ਨੇ ਦਸਮ ਗ੍ਰੰਥ ਦੇ ਸਮਰਥਕਾਂ ਤੇ ਵਿਰੋਧੀਆਂ ਨੂੰ ਅਪੀਲ ਕੀਤੀ ਕਿ ਚਰਚਾ ਕਰਨ ਲਈ ਵਿਦਵਾਨਾਂ ਉਤੇ ਆਧਾਰਤ ਪੈਨਲ ਨੂੰ ਭੇਜਣ। ਇਸ ਦੇ ਨਾਲ ਹੀ ਸ. ਸਰਨਾ ਨੇ ਕਮੇਟੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਅਪਣੇ ਪ੍ਰਤੀਨਿਧਾਂ ਨੂੰ ਇਸ ਚਰਚਾ ਵਿਚ ਜ਼ਰੂਰ ਭੇਜੇ ਤਾਂ ਕਿ ਪੰਥਕ ਹਿਤਾਂ ਵਿਚ ਯੋਗ ਫ਼ੈਸਲਾ ਲਿਆ ਜਾ ਸਕੇ। ਸ. ਸਰਨਾ ਨੇ ਕਿਹਾ, "ਇਸ ਚਰਚਾ ਦੇ ਜੋ ਵੀ ਸਿੱਟੇ ਨਿਕਲਣਗੇ, ਉਨ੍ਹਾਂ ਨੂੰ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਲਾਗੂ ਕਰੇਗੀ ਤੇ ਸ਼੍ਰੋਮਣੀ ਕਮੇਟੀ ਨੂੰ ਵੀ ਲਾਗੂ ਕਰਨ ਦੀ ਅਪੀਲ ਕਰੇਗੀ। ਸ੍ਰੀ ਸਰਨਾ ਨੇ ਕਿਹਾ ਕਿ ਉਹ ਇਸ ਵਿਵਾਦ ਦਾ ਸਦੀਵੀਂ ਹੱਲ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਇਸ ਮੁੱਦੇ 'ਤੇ ਪੰਥ ਵਿੱਚ ਸਿੱਧੀ ਵੰਡ ਪੈਣ ਦਾ ਖਦਸ਼ਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਵਿਰੋਧੀ ਧਿਰ ਅਤੇ ਸਮਰਥਕ ਧਿਰ ਨੂੰ ਵਿਦਵਾਨਾਂ ਦੇ ਪੈਨਲ ਭੇਜਣ ਦੀ ਅਪੀਲ ਕਰਦੇ ਹਨ।

## ਗੁਰਨਾਮ ਸਿੰਘ ਰਸੂਲਪੁਰ ਨੂੰ ਸਦਮਾ, ਭਾਣਜੇ ਦਾ ਦਿਹਾਂਤ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਨਿਊ ਜਰਸੀ ਵਾਲੇ ਗੁਰਨਾਮ ਸਿੰਘ ਰਸੂਲਪੁਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਾਣਜੇ ਹਰਵਿੰਦਰ ਸਿੰਘ ਹੈਰੀ (28) ਦਾ ਅਚਾਨਕ ਦਿਹਾਂਤ ਹੋ ਗਿਆ।



ਹਰਵਿੰਦਰ ਸਿੰਘ ਜਲੰਧਰ ਜਿਲ੍ਹੇ ਦੇ ਪਿੰਡ ਕਾਹਨਾਂ ਢੇਸੀਆਂ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਬੀਤੇ ਦਿਨੀਂ ਉਹ ਆਪਣੇ ਵਿਦੇਸ਼ੋਂ ਆਏ ਦੋਸਤ ਨਾਲ ਗੁਰਾਇਆ ਕਿਸੇ ਕੰਮ ਆਇਆ ਤੇ ਉਥੇ ਕਿਸੇ ਦੁਕਾਨ ਤੋਂ ਫਾਸਟ ਫੂਡ ਵਗੈਰਾ ਖਾਧਾ। ਘਰ ਆਉਣ 'ਤੇ ਉਸ ਦੀ ਸਿਹਤ ਖਰਾਬ ਹੋ ਗਈ ਤੇ ਉਸ ਨੂੰ ਗਾਂਧੀ ਹਸਪਤਾਲ ਫਗਵਾੜਾ ਪਹੁੰਚਾਇਆ ਗਿਆ। ਜਿੱਥੇ ਜਾ ਕੇ ਉਸ ਦੀ ਸਿਹਤ ਹੋਰ ਵਿਗੜ ਗਈ ਤੇ ਇਸ ਨੌਜਵਾਨ ਦੇ ਪ੍ਰਾਣ ਪੰਖੇਰੂ ਉਡ ਗਏ।

ਮਰਹੂਮ ਹੈਰੀ ਦਾ ਭੋਗ ਪਹਿਲੀ ਜਨਵਰੀ ਨੂੰ ਉਸ ਦੇ ਗ੍ਰਹਿ ਪਿੰਡ ਕਾਹਨਾਂ ਢੇਸੀਆਂ ਵਿਖੇ ਪਾਇਆ ਗਿਆ। ਗੁਰਨਾਮ ਸਿੰਘ ਨਿਊ ਜਰਸੀ ਨਾਲ ਫੋਨ ਨੰਬਰ 201-616-6347 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੱਜਣ ਕੁਮਾਰ ਵਿਰੁਧ ਫਰਦ ਜੁਰਮ ਦਾਖ਼ਲ ਕਰਨ ਦੀ ਮਿਲੀ ਮਨਜ਼ੂਰੀ

*(ਸਫਾ ਇਕ ਦੀ ਬਾਕੀ)*

(ਏ) (ਦੋ ਫ਼ਿਰਕਿਆਂ ਵਿਚਾਲੇ ਦੁਸ਼ਮਣੀ ਫੈਲਾਉਣਾ) ਅਧੀਨ ਦੋਸ਼ ਲਗਾਏ ਗਏ ਸਨ। ਅਦਾਲਤੀ ਕਾਰਵਾਈ ਸ਼ੁਰੂ ਕਰਨ ਦੀ ਮਨਜ਼ੂਰੀ ਦੀ ਖ਼ਬਰ ਕਰੀਬ-ਕਰੀਬ ਉਸੇ ਸਮੇਂ ਆਈ ਜਿਸ ਸਮੇਂ ਚਿਦੰਬਰਮ ਅਪਣੇ ਮਾਸਿਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਨ ਜਾ ਰਹੇ ਸਨ। ਸ੍ਰੀ ਚਿਦੰਬਰਮ ਨੇ ਕਿਹਾ ਕਿ ਦੋਸ਼ਾਂ ਦੇ ਲਿਹਾਜ਼ ਨਾਲ ਲਟਕੀ ਮਨਜ਼ੂਰੀ ਸਬੰਧੀ 16 ਦਸੰਬਰ 2009 ਨੂੰ ਉਨ੍ਹਾਂ ਨਿਸਚਿਤ ਨਿਰਦੇਸ਼ ਜਾਰੀ ਕੀਤੇ ਸਨ। ਚਿਦੰਬਰਮ ਨੇ ਇਸ ਮਹੀਨੇ ਦੇ ਆਰੰਭ ਵਿਚ ਰਾਜ ਸਭਾ ਵਿਚ ਕਿਹਾ ਸੀ ਕਿ ਦਿੱਲੀ ਦੇ ਉਪ ਰਾਜਪਾਲ ਨੂੰ ਕਾਂਗਰਸੀ ਨੇਤਾ ਵਿਰੁਧ ਦੋਸ਼ਾਂ ਬਾਰੇ ਸੀ.ਬੀ.ਆਈ. ਦੀ ਬੇਨਤੀ ਉਤੇ ਮਹੀਨੇ ਦੇ ਅਖ਼ੀਰ ਤਕ ਫ਼ੈਸਲਾ ਕਰਨ ਦੀ ਸਲਾਹ ਦਿਤੀ ਗਈ ਹੈ। ਸੀ.ਬੀ.ਆਈ. ਨੇ ਸੱਜਣ ਕੁਮਾਰ ਅਤੇ ਮਰਹੂਮ ਧਰਮ ਦਾਸ ਸ਼ਾਸ਼ਤਰੀ ਸਣੇ ਸੱਤ ਮਾਮਲਿਆਂ ਦੀ ਜਾਂਚ ਪੂਰੀ ਕਰ ਲਈ ਹੈ। ਜਾਂਚ ਏਜੰਸੀ ਨੇ ਚਾਰ ਮਾਮਲਿਆਂ ਵਿਚ ਸਮਰੱਥ ਅਧਿਕਾਰੀ ਦਿੱਲੀ ਦੇ ਉਪ ਰਾਜਪਾਲ ਤੋਂ ਦੋਸ਼ੀ ਵਿਰੁਧ ਦੋਸ਼ ਪੱਤਰ ਦਾਖ਼ਲ ਕਰਨ ਦੀ ਆਗਿਆ ਮੰਗੀ ਸੀ। ਫ਼ਰਵਰੀ 2005 ਵਿਚ ਜੀ.ਟੀ. ਨਾਨਾਵਤੀ ਕਮਿਸ਼ਨ ਦੀ ਰੀਪੋਰਟ ਆਉਣ ਤੋਂ ਬਾਅਦ ਸੱਜਣ ਕੁਮਾਰ ਵਿਰੁਧ ਮਾਮਲਾ ਦਰਜ ਕੀਤਾ ਗਿਆ ਸੀ।



*ਜਗਦੀਸ਼ ਟਾਈਟਲਰ*

ਰੀਪੋਰਟ ਵਿਚ ਉਨ੍ਹਾਂ ਸ਼ਿਕਾਇਤਾਂ ਉਤੇ ਨਵੇਂ ਸਿਰੇ ਤੋਂ ਜਾਂਚ ਦੀ ਸਮੀਖਿਆ ਕੀਤੀ ਗਈ ਜਿਸ ਵਿਚ ਉਨ੍ਹਾਂ ਦਾ ਨਾਮ ਸੀ ਅਤੇ ਕੋਈ ਦੋਸ਼ ਪੱਤਰ ਦਾਖ਼ਲ ਨਾ ਕੀਤਾ ਗਿਆ। ਸੀ.ਬੀ.ਆਈ. ਨੇ ਇਕ ਨਵੰਬਰ 1984 ਨੂੰ ਸੁਲਤਾਨਪੁਰੀ ਅਤੇ ਮੰਗੋਲਪੁਰੀ ਵਿਚ ਕਤਲੇਆਮ ਦੇ ਚਾਰ ਮਾਮਲਿਆਂ ਵਿਚ ਦੋਸ਼ ਪੱਤਰ ਦਾਖ਼ਲ ਕਰਨ ਦੀ ਮਨਜ਼ੂਰੀ ਲਈ ਕਿਹਾ ਸੀ।

ਸੀ.ਬੀ.ਆਈ. ਨੇ ਕਾਂਗਰਸ ਦੇ ਇਕ ਹੋਰ ਸੀਨੀਅਰ ਨੇਤਾ ਜਗਦੀਸ਼ ਟਾਈਟਲਰ ਵਿਰੁਧ ਸਮਾਪਤੀ ਰੀਪੋਰਟ ਦਾਖ਼ਲ ਕੀਤੀ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਵਿਰੁਧ ਕੋਈ ਸਬੂਤ ਨਹੀਂ ਹੈ। ਸੀ.ਬੀ.ਆਈ. ਨੇ ਅਮਰੀਕਾ ਵਿਚ ਜਿਨ੍ਹਾਂ ਗਵਾਹਾਂ ਤੋਂ ਪੁਛਗਿਛ ਕੀਤੀ, ਉਨ੍ਹਾਂ ਨੂੰ ਬੇਬੁਨਿਆਦ ਦਸਿਆ। ਅਦਾਲਤ ਨੇ ਹਾਲੇ ਸੀ.ਬੀ.ਆਈ. ਦੀ ਰੀਪੋਰਟ ਨੂੰ ਧਿਆਨ ਹੇਠ ਨਹੀਂ ਲਿਆ ਹੈ।

ਸਿੱਖ ਕਤਲੇਆਮ ਵਿਚ ਸ਼ਾਮਲ ਸੱਜਣ ਕੁਮਾਰ ਵਿਰੁਧ ਅਦਾਲਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਮਨਜ਼ੂਰੀ ਪਿਛੋਂ ਭਾਰਤੀ ਜਨਤਾ ਪਾਰਟੀ ਨੇ ਕੇਂਦਰ ਸਰਕਾਰ ਨੂੰ ਪੁਛਿਆ ਹੈ ਕਿ ਜਗਦੀਸ਼ ਟਾਈਟਲਰ ਨੂੰ ਕਿਉਂ 'ਬਖ਼ਸ਼ਿਆ' ਜਾ ਰਿਹਾ ਹੈ, ਉਸ ਵਿਰੁਧ ਸਮਾਂ-ਬੱਧ ਟਰਾਇਲ- ਕਿਉਂ ਨਹੀਂ ਚਲਾਏ ਜਾਂਦੇ? ਭਾਜਪਾ ਦੇ ਬੁਲਾਰੇ ਰਵੀ ਸ਼ੰਕਰ ਪ੍ਰਸਾਦ ਨੇ ਦਿਲੀ ਦੇ ਉਪ ਰਾਜਪਾਲ ਵਲੋਂ ਮਨਜ਼ੂਰੀ ਦਿਤੇ ਜਾਣ ਬਾਰੇ ਟਿਪਣੀ ਕਰਦਿਆਂ ਕਿਹਾ, "ਜਗਦੀਸ਼ ਟਾਈਟਲਰ ਬਾਰੇ ਕੀ ਵਿਚਾਰ ਹੈ (ਸਿੱਖ ਕਤਲੇਆਮ ਵਿਚ ਇਕ ਦੋਸ਼ੀ ਕਾਂਗਰਸੀ ਆਗੂ)? ਉਸ ਵਿਰੁਧ ਸ਼ਖ਼ਤ ਕਾਰਵਾਈ ਕਿਉਂ ਨਹੀਂ ਹੋ ਰਹੀ? ਉਸ ਦੇ ਮਾਮਲੇ ਵਿਚ ਏਨੀ ਸੁਸਤੀ ਕਿਉਂ ਵਰਤੀ ਜਾ ਰਹੀ ਹੈ? ਜ਼ਿਕਰਯੋਗ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਪਿਛੋਂ ਸਿੱਖ ਕਤਲੇਆਮ ਲਈ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦੋਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਪਰ ਸੀ.ਬੀ.ਆਈ. ਨੇ ਇਹ ਕਹਿ ਦੇ ਕੇਸ ਬੰਦ ਕਰਨ ਦੀ ਰੀਪੋਰਟ ਦਾਖ਼ਲ ਕੀਤੀ ਕਿ ਟਾਈਟਲਰ ਵਿਰੁਧ ਪੁਖ਼ਤਾ ਸਬੂਤ ਨਹੀਂ ਹਨ। ਭਾਪਜਾ ਆਗੂ ਨੇ ਕਿਹਾ, "ਭਾਰਤ ਦੇ ਲੋਕ ਨਿਹੱਥੇ ਸਿੱਖਾਂ ਨੂੰ ਮਾਰਨ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿਚ ਵੇਖਣਾ ਚਾਹੁੰਦੇ ਹਨ। ਸਾਰੇ ਦੋਸ਼ੀਆਂ ਵਿਰੁਧ ਤੁਰਤ ਅਦਾਲਤੀ ਪ੍ਰਕਿਰਿਆ ਸ਼ੁਰੂ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਦੇ ਨਾਲ-ਨਾਲ ਟਾਈਟਲਰ ਵਿਰੁਧ ਵੀ ਕਾਰਵਾਈ ਸ਼ੁਰੂ ਹੋਣੀ ਚਾਹੀਦੀ ਹੈ। ਇਸ ਦੌਰਾਨ ਕਾਂਗਰਸ ਨੇ ਕਿਹਾ ਕਿ ਸੱਜਣ ਕੁਮਾਰ ਵਿਰੁਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਪਾਰਟੀ ਦੇ ਬੁਲਾਰੇ ਸ਼ਕੀਲ ਅਹਿਮਦ ਨੇ ਕਿਹਾ ਕਿ ਇਸ ਮਾਮਲੇ ਵਿਚ ਕਾਂਗਰਸ ਕੋਈ ਦਖ਼ਲ ਨਹੀਂ ਦੇਵੇਗੀ।


**westin travel & tours inc.**



Tel:877-256-1971
773-465-4040
e-mail:info@westintravel.com
web:westintravel.com

*Low Fares And Cofirm Seats With Lufthansa, American Ailines, Continental Air, Air India to India, Middle East And Europe*

**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju
Tel: 773-973-0200
Fax: 773-973-0557
2542 W Devon Ave. Chicago IL 60659

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets


- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


**ਅਸਾਧ ਰੋਗਾਂ ਦਾ ਕੁਦਰਤੀ ਇਲਾਜ**



*ਆਯੁਰਵੇਦ *ਐਕੂਪ੍ਰੈਸ਼ਰ *ਰੇਇਕੀ

ਖਾਨਦਾਨੀ ਵੈਦ ਰਾਜੀਵ ਕੁਮਾਰ ਅਗਰਵਾਲ
ਤਿੰਨ ਪੁਸ਼ਤਾਂ ਦਾ ਖਾਨਦਾਨੀ ਤਜਰਬਾ

**Dr. Rajiv K Agarwal**
Ayurvadic Practitioner,
Su-jok Accupressure Therapist
and Reiki Grand Master




Swami Ramdev's Divya Products also available.

**India Health Today**
400 W. Main Street Ste. 204
Executive Center, Gaylord, MI 49735

Ph. 231-360-1435, 231-409-7692
www.indiahealthtoday.com

# ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਪ੍ਰਵਾਨ, ਸਿੱਖਾਂ 'ਚ ਫੁੱਟ ਦਾ ਖਦਸ਼ਾ

**ਪੰਜਾਬ ਟਾਈਮਜ਼ ਬਿਊਰੋ**

**ਅੰਮ੍ਰਿਤਸਰ :** ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਭਾਵੇਂ ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਨ ਕਰ ਲਈਆਂ ਗਈਆਂ ਹਨ ਪਰ ਇਸ ਮੁੱਦੇ 'ਤੇ ਪ੍ਰਵਾਸੀ ਅਤੇ ਦੇਸੀ ਸਿੱਖਾਂ ਵਿਚਕਾਰ ਫੁੱਟ ਦਾ ਖਦਸ਼ਾ ਖੜ੍ਹਾ ਹੋ ਗਿਆ ਹੈ ਅਤੇ ਇਸ ਮਸਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਸਾਹਿਬਾਨ ਖਿਲਾਫ ਵਿਰੋਧੀ ਪੰਥਕ ਜਥੇਬੰਦੀਆਂ ਵਲੋਂ ਪ੍ਰਦਰਸ਼ਨਾਂ ਦੀ ਲੜੀ ਵੀ ਤੁਰ ਸਕਦੀ ਹੈ।

ਯਾਦ ਰਹੇ ਸਾਲ 2003 ਵਿਚ ਪ੍ਰਵਾਨ ਕੀਤੇ ਨਾਨਕਸ਼ਾਹੀ ਕੈਲੰਡਰ ਦਾ ਬੀਤੀ 3 ਜਨਵਰੀ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਨੇ ਅਮਲੀ ਤੌਰ ਖਾਤਮਾ ਕਰ ਦਿਤਾ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਵਿਚ ਤਿੰਨ ਮੈਂਬਰਾਂ ਨੇ ਸਾਥ ਨਾ ਦਿਤਾ। ਅੰਤਰਿੰਗ ਕਮੇਟੀ ਦੀ ਦੋ ਘੰਟੇ ਚਲੀ ਹੰਗਾਮੀ ਮੀਟਿੰਗ ਵਿਚ ਕੈਲੰਡਰ ਵਿਚ ਸੰਤ ਸਮਾਜ ਵਲੋਂ ਤਜਵੀਜ਼ ਸੋਧਾਂ ਦੀ ਪ੍ਰਵਾਨਗੀ ਦਾ ਐਲਾਨ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਕੀਤਾ। ਉਨ੍ਹਾਂ ਕਿਹਾ, "ਕੈਲੰਡਰ ਮਾਮਲੇ ਵਿਚ ਬਣੀ ਦੋ ਮੈਂਬਰੀ ਕਮੇਟੀ ਅਤੇ ਅਕਾਲ ਤਖ਼ਤ ਦੇ 'ਜਥੇਦਾਰ' ਨੇ ਜਿਹੜੀਆਂ ਸੋਧਾਂ ਲਈ ਸਾਨੂੰ ਆਦੇਸ਼ ਦਿਤੇ ਸਨ, ਅੱਜ ਉਨ੍ਹਾਂ ਆਦੇਸ਼ਾਂ ਅਨੁਸਾਰ ਅਸੀਂ ਕੈਲੰਡਰ ਵਿਚ ਸੋਧਾਂ ਕਰ ਕੇ ਅਕਾਲ ਤਖ਼ਤ ਦੇ ਜਥੇਦਾਰ ਵਲ ਭੇਜ ਦਿੱਤੀਆਂ ਹਨ। ਹੁਣ ਜਥੇਦਾਰ ਸਾਹਿਬ ਸੋਧੇ ਹੋਏ ਕੈਲੰਡਰ ਦਾ ਐਲਾਨ ਕਰਨਗੇ।" ਨਵੇਂ ਸੋਧੇ ਹੋਏ ਕੈਲੰਡਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੁਰਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰੀ ਧਿਆਨਾ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾ ਗੱਦੀ ਪੁਰਬ ਸਣੇ 6 ਉਹ ਸੰਗਰਾਂਦਾਂ ਜੋ ਬਿਕਰਮੀ ਕੈਲੰਡਰ ਨਾਲ ਨਹੀਂ ਮਿਲਦੀਆਂ, ਨੂੰ ਤਬਦੀਲ ਕਰਨ ਦੇ ਨਾਲ-ਨਾਲ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਨ ਦਾ ਵੀ ਬਿਕਰਮੀ ਕੈਲੰਡਰ ਅਨੁਸਾਰ ਕਰ ਦਿਤਾ ਗਿਆ ਹੈ। ਇਸ ਕੈਲੰਡਰ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਦਾਅਵਾ ਕੀਤਾ ਕਿ ਨਵਾਂ ਸੋਧਿਆ ਕੈਲੰਡਰ ਬਿਕਰਮੀ ਨਹੀਂ ਸਗੋਂ ਪੁਰਾਤਨ ਰਵਾਇਤਾਂ ਅਨੁਸਾਰ ਹੈ। ਉਨ੍ਹਾਂ ਕਿਹਾ ਕਿ ਜਦੋਂ ਤਕ ਅਕਾਲ ਤਖ਼ਤ ਤੋਂ ਇਹ ਨਵਾਂ ਕੈਲੰਡਰ ਲਾਗੂ ਨਹੀਂ ਕੀਤਾ ਜਾਂਦਾ, ਉਦੋਂ ਤਕ ਨਾਨਕਸ਼ਾਹੀ ਕੈਲੰਡਰ ਲਾਗੂ ਰਹੇਗਾ। ਸ. ਮੱਕੜ ਨੇ ਮੰਨਿਆ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਲਈ ਮੈਂਬਰਾਂ ਵਿਚ ਸਰਬਸੰਮਤੀ ਨਹੀਂ ਸੀ।

ਬੀਤੀ 3 ਜਨਵਰੀ ਨੂੰ ਸ਼੍ਰੋਮਣੀ ਕਮੇਟੀ ਦੇ ਮੀਟਿੰਗ ਹਾਲ ਵਿਚ ਜਿਵੇਂ ਹੀ ਅੰਤਰਿੰਗ ਕਮੇਟੀ ਦੀ ਮੀਟਿੰਗ ਸ਼ੁਰੂ ਹੋਈ ਤਾਂ ਕਾਫ਼ੀ ਗਰਮਾ-ਗਰਮੀ ਵਾਲਾ ਮਾਹੌਲ ਬਣਿਆ ਰਿਹਾ। ਮੀਟਿੰਗ ਵਿਚੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ, ਅੰਤਰਿੰਗ ਕਮੇਟੀ ਮੈਂਬਰ ਸ. ਕਰਨੈਲ ਸਿੰਘ ਪੰਜੋਲੀ ਅਤੇ ਬੀਬੀ ਰਵਿੰਦਰ ਕੌਰ ਅਜਰਾਣਾ ਵਾਕ ਆਊਟ ਕਰ ਕੇ ਵਾਪਸ ਚਲੇ ਗਏ। ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਨੂੰ ਪੰਥਕ ਹਿਤਾਂ ਦੇ ਵਿਰੁਧ ਦਸਣ ਵਾਲੇ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਵਿਰੁਧ ਭੜਾਸ ਕਢਦਿਆਂ ਸ. ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸਰਨਾ ਕਾਂਗਰਸ ਦਾ ਏਜੰਟ ਹੈ। ਕੈਲੰਡਰ ਮਾਮਲੇ ਤੋਂ ਪਿੱਛਾ ਛੁਡਾਉਂਦਿਆਂ ਪ੍ਰੈੱਸ ਕਾਨਫ਼ਰੰਸ ਦੌਰਾਨ ਪਰਮਜੀਤ ਸਿੰਘ ਸਰਨਾ ਉਤੇ ਹੀ ਅਪਣਾ ਗੁੱਸਾ ਕਢਿਆ ਗਿਆ।

ਸ. ਭੌਰ, ਸ. ਪੰਜੋਲੀ ਅਤੇ ਬੀਬੀ ਰਵਿੰਦਰ ਕੌਰ ਵਲੋਂ ਵਾਕ ਆਊਟ ਬਾਰੇ ਪੁੱਛੇ ਜਾਣ 'ਤੇ ਸ. ਮੱਕੜ ਨੇ ਜਵਾਬ ਦੇਣ ਦੀ ਥਾਂ ਇਧਰ-ਉਧਰ ਦੀਆਂ ਗੱਲਾਂ ਕਰ ਕੇ ਹੀ ਸਮਾਂ ਲੰਘਾ ਦਿਤਾ। ਸੰਤ ਸਮਾਜ ਦੇ ਇਸ਼ਾਰੇ ਉਤੇ ਕੈਲੰਡਰ ਬਦਲੇ ਜਾਣ ਤੋਂ ਬਾਅਦ ਡੇਰਿਆਂ ਵਿਚ ਅਕਾਲ ਤਖ਼ਤ ਤੋਂ ਪ੍ਰਵਾਨਤ ਰਹਿਤ-ਮਰਯਾਦਾ ਲਾਗੂ ਕਰਵਾਏ ਜਾਣ ਬਾਰੇ ਪੁਛੇ ਜਾਣ 'ਤੇ ਸ. ਮੱਕੜ ਨੇ ਸਪੱਸ਼ਟ ਕੀਤਾ ਕਿ ਮਰਯਾਦਾ ਇਕ ਵੱਡਾ ਵਿਸ਼ਾ ਹੈ। ਜਦੋਂ ਸਮਾਂ ਆਵੇਗਾ ਤਾਂ ਮਰਯਾਦਾ ਬਾਰੇ ਵੀ ਵਿਚਾਰ ਕਰ ਲਿਆ ਜਾਵੇਗਾ। ਸ. ਮੱਕੜ ਨੇ ਦਾਅਵਾ ਕੀਤਾ ਕਿ ਕੈਲੰਡਰ ਮਾਮਲੇ ਵਿਚ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ ਸਣੇ ਕੈਲੰਡਰ ਵਿਚ ਸੋਧਾਂ ਕਰਨ ਲਈ ਗਠਤ 11 ਮੈਂਬਰੀ ਕਮੇਟੀ ਦੇ ਮੈਂਬਰਾਂ ਨਾਲ ਵੀ ਪਿਛਲੇ ਸਮੇਂ ਵਿਚ



ਵਿਚਾਰਾਂ ਹੋਈਆਂ ਸਨ। ਕੈਲੰਡਰ ਵਿਚ ਸੋਧਾਂ ਪਿਛੇ ਆਰ.ਐਸ.ਐਸ. ਦਾ ਹੱਥ ਹੋਣ ਬਾਰੇ ਪੁੱਛੇ ਜਾਣ 'ਤੇ ਸ. ਮੱਕੜ ਨੇ ਕਿਹਾ ਕਿ ਪਿਛਲੇ 4 ਸਾਲ ਤੋਂ ਉਨ੍ਹਾਂ ਨੂੰ ਕਦੇ ਵੀ ਕੋਈ ਆਰ.ਐਸ.ਐਸ. ਦਾ ਬੰਦਾ ਨਹੀਂ ਮਿਲਿਆ। ਤੁਸੀਂ ਜਾਣ ਬੁੱਝ ਕੇ ਹਰ ਕੰਮ ਵਿਚ ਆਰ.ਐਸ.ਐਸ. ਦਾ ਹੱਥ ਸ਼ਾਮਲ ਕਰ ਦਿੰਦੇ ਹੋ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਬਾਬਾ ਟੇਕ ਸਿੰਘ ਧਨੌਲਾ, ਭਜਨ ਕੌਰ ਡੋਗਰਾਂ ਵਾਲਾ, ਰਵਿੰਦਰ ਕੌਰ ਅਜਰਾਣਾ, ਸ. ਸੁਖਦੇਵ ਸਿੰਘ ਭੌਰ, ਕਰਨੈਲ ਸਿੰਘ ਪੰਜੋਲੀ, ਮੋਹਨ ਸਿੰਘ ਬੰਗੀ ਸਣੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਦਿਲਮੇਘ ਸਿੰਘ, ਨਿਜੀ ਸਹਾਇਕ ਮਨਜੀਤ ਸਿੰਘ, ਮੀਡੀਆ ਇੰਚਾਰਜ ਸ. ਕੁਲਦੀਪ ਸਿੰਘ ਬਾਵਾ ਅਤੇ ਸ. ਰਾਮ ਸਿੰਘ ਹਾਜ਼ਰ ਸਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੀ ਇੰਗਲੈਂਡ ਇਕਾਈ ਦੇ ਪ੍ਰਧਾਨ ਸ. ਜਸਜੀਤ ਸਿੰਘ ਟੋਨੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਗਈ ਸੋਧ ਬਾਦਲ ਅਤੇ ਸਾਧਾਂ ਦੇ ਦਬਾਅ ਹੇਠ ਕੀਤੀ ਗਈ ਹੈ ਜਿਸ ਨੂੰ ਪੰਥ ਕਦੇ ਸਵੀਕਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ 15 ਸਾਲ ਦੀ ਮਿਹਨਤ ਉਤੇ ਸਿਰਫ਼ ਦੋ ਘੰਟੇ ਮੀਟਿੰਗ ਕਰ ਕੇ ਪਾਣੀ ਫੇਰ ਦਿਤਾ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਗੋਲਕਧਾਰੀਆਂ ਨੇ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀਆਂ ਕਰ ਕੇ ਕੌਮ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਅਧਿਕਾਰ ਖੇਤਰ ਸਿਰਫ਼ ਪੰਜਾਬ ਤਕ ਹੈ, ਇਸ ਲਈ ਉਸ ਵਲੋਂ ਥੋਪੇ ਗਏ 'ਬਿਕਰਮੀ ਕੈਲੰਡਰ' ਨੂੰ ਪੰਜਾਬ ਤੋਂ ਬਾਹਰ ਰਹਿੰਦੇ ਸਿੱਖ ਕਦੇ ਸਵੀਕਾਰ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਵੈਸੇ ਵੀ ਮੌਜੂਦਾ ਸ਼੍ਰੋਮਣੀ ਕਮੇਟੀ ਅਪਣਾ ਕਾਰਜਕਾਲ ਪੂਰਾ ਕਰ ਚੁਕੀ ਹੈ, ਇਸ ਲਈ ਉਸ ਨੂੰ ਪੰਥਕ ਫ਼ੈਸਲੇ ਲੈਣ ਦਾ ਅਧਿਕਾਰ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਬਾਦਲ ਨੇ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਮੁੱਖ ਰੱਖ ਕੇ ਵਿਸ਼ਵ ਪੱਧਰ ਉਤੇ ਸਿੱਖਾਂ ਦੇ ਅਕਸ ਨੂੰ ਖ਼ਰਾਬ ਕਰ ਦਿਤਾ ਹੈ। ਯਾਦ ਰਹੇ ਅਖੰਡ ਕੀਰਤਨੀ ਜਥਾ, ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਸਿੱਖ ਸਟੂਡੈਂਟਸ ਫੈਡਰੇਸ਼ਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਪੰਥਕ ਕੌਂਸਲ, ਸ਼੍ਰੋਮਣੀ ਖਾਲਸਾ ਪੰਚਾਇਤ, ਅਕਾਲ ਫੈਡਰੇਸ਼ਨ ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਸਿੱਖ ਵਾਚ ਗਰੁੱਪ, ਸਿੱਖ ਯੂਥ ਆਫ ਪੰਜਾਬ ਨੇ ਸਾਂਝੇ ਤੌਰ 'ਤੇ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਸਾਹਿਬਾਨਾਂ ਦੇ ਨਾਂ ਇਕ ਖੁੱਲ੍ਹਾ ਖਤ ਜਾਰੀ ਕੀਤਾ ਸੀ । ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਇਸ ਖਤ ਰਾਹੀਂ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਧਿਆਨ ਸਿੱਖ ਪੰਥ ਦੀ ਵੱਖਰੀ ਪਛਾਣ, ਭਵਿੱਖ ਅਤੇ ਵਿਲੱਖਣਤਾ ਦੇ ਪ੍ਰਤੀਕ ਬਣੇ ਨਾਨਕਸ਼ਾਹੀ ਕੈਲੰਡਰ ਵਲ ਦਿਵਾਉਂਦਿਆਂ ਉਨ੍ਹਾਂ ਨੂੰ 3 ਜਨਵਰੀ ਨੂੰ ਅੰਤ੍ਰਿੰਗ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿਚ ਆਪਣੀ ਪੰਥਕ ਜ਼ਿੰਮੇਵਾਰੀ, ਧੜਿਆਂ ਤੋਂ ਨਿਰਲੇਪ ਰਹਿ ਕੇ ਨਿਭਾਉਣ ਦੀ ਅਰਜੋਈ ਕੀਤੀ ਸੀ ।

ਸਾਂਝੇ ਬਿਆਨ ਵਿਚ ਪਰਮਜੀਤ ਸਿੰਘ ਸਰਨਾ, ਕੰਵਲਪਾਲ ਸਿੰਘ, ਹਰਪਾਲ ਸਿੰਘ ਚੀਮਾ, ਮਨਜੀਤ ਸਿੰਘ ਕਲਕੱਤਾ, ਭਾਈ ਨਰਾਇਣ ਸਿੰਘ, ਗਿਆਨੀ ਬਲਦੇਵ ਸਿੰਘ, ਗੁਰਪ੍ਰੀਤ ਸਿੰਘ ਮਾਨ, ਪਰਮਜੀਤ ਸਿੰਘ ਗਾਜ਼ੀ ਅਤੇ ਭਾਈ ਰਾਜਿੰਦਰ ਸਿੰਘ ਨੇ ਕਿਹਾ ਸੀ ਕਿ ਹਰ ਕੌਮ ਵਾਂਗ ਸਿੱਖਾਂ ਕੋਲ ਵੀ ਵੱਖਰਾ ਧਰਮ ਗ੍ਰੰਥ, ਝੰਡਾ, ਸਿੱਕ, ਸਭਿਚਾਰ, ਵੱਖਰੇ ਧਾਰਮਿਕ ਅਸਥਾਨ, ਵੱਖਰੀਆਂ ਪ੍ਰੰਪਰਾਵਾਂ, ਰਹੁ-ਰੀਤਾਂ, ਵੱਖਰੀ ਵਿਚਾਰਧਾਰਾ ਅਤੇ ਬੋਲੀ ਹੈ। ਉਨ੍ਹਾਂ ਕਿਹਾ ਕਿ ਇਕ ਲੰਮੀ ਘਾਲਣਾ ਤੋਂ ਬਾਅਦ 2003 ਤੋਂ ਸਾਡਾ ਵੱਖਰਾ ਕੈਲੰਡਰ ਵੀ ਹੋਂਦ ਵਿਚ ਆ ਗਿਆ, ਜੋ ਸਿੱਖਾਂ ਦੀ ਅੱਡਰੀ ਅਤੇ ਵਿਲੱਖਣ ਹੋਂਦ ਹਸਤੀ ਦਾ ਇਕ ਹੋਰ ਪ੍ਰਤੀਕ ਹੈ। ਉਨ੍ਹਾਂ ਟਿੱਪਣੀ ਕਰਦਿਆਂ ਕਿਹਾ ਕਿ ਸਿੱਖਾਂ ਦੇ ਅੱਡਰੇਪਣ ਦੀਆਂ ਨਿਸ਼ਾਨੀਆਂ ਨੂੰ ਮਲੀਆਮੇਟ ਕਰਨ ਵਾਲੇ ਸੰਘ ਪਰਿਵਾਰ ਨੂੰ ਇਹ ਕੈਲੰਡਰ ਸ਼ੁਰੂ ਤੋਂ ਹੀ ਰੜਕਦਾ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਬੀਤੀ 30 ਦਸੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਦੀਆਂ ਸੋਧਾਂ ਸਬੰਧੀ ਭੇਜੀ ਰਿਪੋਰਟ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਹੋਈ ਮੀਟਿੰਗ ਵਿਚ ਮੁੜ ਸ਼੍ਰੋਮਣੀ ਕਮੇਟੀ ਨੂੰ ਵਾਪਸ ਭੇਜਣ ਦਾ ਫੈਸਲਾ ਹੋਇਆ ਸੀ । ਤਕਰੀਬਨ ਸੱਤ ਘੰਟੇ ਚੱਲੀ ਮੀਟਿੰਗ ਦੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਜੋਤ ਇੰਦਰ ਸਿੰਘ ਸ਼ਾਮਲ ਹੋਏ ਸਨ। 28 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਸੋਧਾਂ ਦੇ ਮਾਮਲੇ 'ਤੇ ਸਹਿਮਤੀ ਨਾ ਹੋਣ 'ਤੇ ਮੁੜ ਵਿਚਾਰ ਕਰਨ ਲਈ ਬੈਠੇ ਸਿੰਘ ਸਾਹਿਬਾਨ ਵਿਚ ਸੋਧ ਨੂੰ ਲੈ ਕੇ ਰੁਕਾਵਟ ਬਰਕਰਾਰ ਰਹੀ। ਇਕ ਵਾਰ ਸਿੰਘ ਸਾਹਿਬਾਨ ਸੋਧ ਨੂੰ ਲੈ ਕੇ ਆਪਸ ਵਿਚ ਉਲਝ ਜਾਣ ਦੇ ਕਾਰਨ ਉੱਠ ਵੀ ਖੜੇ ਹੋਏ ਸਨ। ਅਖੀਰ ਇਸ ਗੱਲ 'ਤੇ ਸਹਿਮਤੀ ਬਣੀ ਸੀ ਕਿ ਜੋ ਸੋਧਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਹਨ ਉਹ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੂੰ ਭੇਜ ਦਿੱਤੀਆਂ ਜਾਣ, ਜਿਸ ਵਲੋਂ ਪ੍ਰਵਾਨਗੀ ਦੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਐਲਾਨ ਕੀਤਾ ਜਾਵੇਗਾ। ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਸੀ ਕਿ ਉਨ੍ਹਾਂ 'ਤੇ ਫਿਰ ਸਿਆਸੀ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਡਾਵਾਂਡੋਲ ਨਹੀਂ ਹੋਏ। ਉਨ੍ਹਾਂ ਕਿਹਾ ਕਿ ਇਕ ਵਾਰ ਉਹ ਮੀਟਿੰਗ ਦੇ ਦੌਰਾਨ ਸੋਧ ਦੇ ਵਿਰੋਧ ਵਿਚ ਉੱਠ ਵੀ ਖੜ੍ਹੇ ਹੋਏ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਚ ਸੋਧ ਦੀ ਕੋਈ ਗੁੰਜਾਇਸ਼ ਨਹੀਂ ਹੈ। ਦੂਜੇ ਪਾਸੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਕਿਹਾ ਸੀ ਕਿ ਉਹ ਨਾਨਕਸ਼ਾਹੀ ਕੈਲੰਡਰ 'ਚ ਸੋਧ ਦੇ ਹੱਕ ਵਿਚ ਹਨ ਕਿਉਂਕਿ ਪੁਰਾਤਨ ਮਰਿਆਦਾ ਦੇ ਅਨੁਸਾਰ ਬਿਕ੍ਰਮੀ ਕੈਲੰਡਰ ਹੀ ਚੱਲ ਰਿਹਾ ਹੈ ਅਤੇ ਇਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਵਾਰ ਵਾਰ ਜ਼ਿਕਰ ਆਉਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਨਾਨਕਸ਼ਾਹੀ ਕੈਲੰਡਰ ਦੇ ਮੁੱਦੇ ਉਤੇ ਹੋਈ ਇਕਤੱਰਤਾ ਤੋਂ ਪਹਿਲਾਂ ਲੰਘੀ 30 ਦਸੰਬਰ ਨੂੰ ਸਿੰਘ ਸਹਿਬਾਨ ਨੂੰ ਇਕ ਚਿੱਠੀ ਸੌਂਪ ਕੇ ਮੰਗ ਕੀਤੀ ਕਿ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਨਹੀਂ ਹੋਣਾ ਚਾਹੀਦਾ ਅਤੇ ਕੌਮ ਦੇ ਇਕ ਛੋਟੇ ਜਿਹੇ ਹਿੱਸੇ ਦੇ ਦਬਾਅ ਹੇਠ ਹੋ ਰਹੀਆਂ ਸੋਧਾਂ ਪੰਥ ਦੀ ਏਕਤਾ ਅਤੇ ਸਦਭਾਵਨਾ ਉਤੇ ਡੂੰਘੀ ਸੱਟ ਮਾਰਨਗੀਆਂ। ਭਰੋਸੇਯੋਗ ਸੂਤਰਾਂ ਅਨੁਸਾਰ ਪੰਜੋਲੀ ਨੇ 30 ਦਸੰਬਰ ਵਾਲੀ ਮੀਟਿੰਗ ਵਿਚ ਚਿੱਠੀ ਰਾਹੀਂ ਮੰਗ ਕੀਤੀ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਕੋਈ ਵੀ ਅੰਤਿਮ ਫ਼ੈਸਲਾ ਨਾ ਲਿਆ ਜਾਵੇ ਅਤੇ ਪਹਿਲਾਂ ਪੰਥ ਦੇ ਖ਼ਦਸ਼ੇ ਦੂਰ ਕੀਤੇ ਜਾਣ।

ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਦੇ ਮਾਮਲੇ ਵਿਚ ਕਸੂਤੀ ਸਥਿਤੀ ਵਿਚ ਫਸੇ ਜਥੇਦਾਰ ਲਗਾਤਾਰ ਜਿਥੇ ਸਿਆਸਤਦਾਨਾਂ ਦੇ ਸੰਪਰਕ ਵਿਚ ਸਨ ਅਤੇ ਦਿਸ਼ਾ-ਨਿਰਦੇਸ਼ ਹਾਸਲ ਕਰ ਰਹੇ ਸਨ, ਉਥੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਆਏ ਮੀਤ 'ਜਥੇਦਾਰ' ਗਿਆਨੀ ਜੋਤਇੰਦਰ ਸਿੰਘ ਵੀ ਲਗਾਤਾਰ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਕੁਲਵੰਤ ਸਿੰਘ ਨਾਲ ਫ਼ੋਨ ਉਤੇ ਰਾਬਤਾ ਰੱਖ ਕੇ ਪਲ-ਪਲ ਦੀ ਘਟਨਾ ਦੀ ਜਾਣਕਾਰੀ ਦੇ ਕੇ ਸਲਾਹਾਂ ਲੈ ਰਹੇ ਸਨ। ਮੀਟਿੰਗ ਦੌਰਾਨ ਜਿਥੇ ਜਥੇਦਾਰ ਸਹਿਬਾਨ ਗਿਆਨੀ ਨੰਦਗੜ੍ਹ ਨੂੰ ਮਨਾਉਣ ਵਿਚ ਅਸਫ਼ਲ ਰਹੇ, ਉਥੇ ਇਕ ਮੌਕਾ ਅਜਿਹਾ ਵੀ ਆਇਆ ਜਦ ਗਿਆਨੀ ਨੰਦਗੜ੍ਹ ਤੇ ਗਿਆਨੀ ਤਰਲੋਚਨ ਸਿੰਘ ਲਗਭਗ ਵਾਪਸ ਜਾਣ ਲਈ ਤਿਆਰ ਹੋ ਗਏ।

ਮੌਕੇ ਨੂੰ ਸਾਂਭਦਿਆਂ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ, ਗਿਆਨੀ ਨੰਦਗੜ੍ਹ ਤੇ ਗਿਆਨੀ ਇਕਬਾਲ ਸਿੰਘ ਨੂੰ ਲੈ ਕੇ ਸਕੱਤਰੇਤ ਦੇ ਹੇਠਾਂ ਬਣੇ ਭੋਰੇ ਵਿਚ ਜਾ ਬੈਠੇ ਜਦਕਿ ਗਿਆਨੀ ਤਰਲੋਚਨ ਸਿੰਘ ਨੂੰ ਮਨਾਉਣ ਦੀ ਜ਼ੁੰਮੇਵਾਰੀ ਗਿਆਨੀ ਗੁਰਬਚਨ ਸਿੰਘ ਦੇ ਸਪੁੱਤਰ ਦੇ ਮੋਢਿਆਂ ਉਤੇ ਆ ਪਈ। ਦੂਜੇ ਪਾਸੇ ਨਾਲ ਹੀ ਜਦ ਗਿਆਨੀ ਨੰਦਗੜ੍ਹ ਵਲੋਂ ਕੈਲੰਡਰ ਮਾਮਲੇ ਵਿਚ ਹੋਈ ਪਹਿਲੇ ਭਾਗ ਦੀ ਮੀਟਿੰਗ ਦੌਰਾਨ ਰੱਖੀ ਸ਼ਰਤ ਕਿ ਮਾਮਲਾ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿਉ, 'ਤੇ ਅਮਲ ਹੋਣ ਲੱਗਾ ਤਾਂ ਗਿਆਨੀ ਜੋਤਇੰਦਰ ਸਿੰਘ ਨੇ ਤੁਰਤ ਗਿਆਨੀ ਕੁਲਵੰਤ ਸਿੰਘ ਨੂੰ ਫ਼ੋਨ ਉਤੇ ਸਾਰੀ ਸਥਿਤੀ ਦੀ ਜਾਣਕਾਰੀ ਦਿੰਦੇ ਹੋਏ ਪੁਛਿਆ, "ਜਥੇਦਾਰ ਜੀ ਇਸ ਵੇਲੇ ਦੀ ਤਾਜ਼ਾ ਸਥਿਤੀ ਇਹ ਹੈ, ਅਸੀਂ ਕੀ ਕਰੀਏ?" ਤਾਂ ਬਾਬਾ ਕੁਲਵੰਤ ਸਿੰਘ ਨੇ ਅੱਗੋਂ ਜਵਾਬ ਦਿੰਦਿਆਂ ਸੋਧਾਂ ਦੀ ਹਮਾਇਤ ਅਤੇ ਵਾਪਸ ਆ ਜਾਣ ਦੇ ਦਿਸ਼ਾ-ਨਿਰਦੇਸ਼ ਦੇ ਕੇ ਗਿਆਨੀ ਜੋਤਇੰਦਰ ਸਿੰਘ ਦਾ ਰਾਹ ਸੌਖਾ ਕਰ ਦਿਤਾ। ਬਾਅਦ ਵਿਚ ਵੀ ਇਹ ਡਰਾਮੇ ਚਲਦੇ ਰਹੇ।

## ਸ਼੍ਰੋਮਣੀ ਕਮੇਟੀ ਦਾ ਫ਼ੈਸਲਾ ਕੇਵਲ ਪੰਜਾਬ ਵਿਚ ਲਾਗੂ ਹੋ ਸਕਦੈ, ਪੰਜਾਬ ਤੋਂ ਬਾਹਰ ਦੇ ਸਿੱਖਾਂ ਉਤੇ ਨਹੀਂ ?

**ਨਵੀਂ ਦਿੱਲੀ :** ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਸੰਗਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਫ਼ੈਸਲੇ ਪ੍ਰਤੀ ਅਪਣਾ ਤਿੱਖਾ ਪ੍ਰਤੀਕਰਮ ਪ੍ਰਗਟ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਾਰੇ ਫ਼ੈਸਲੇ, ਕੇਵਲ ਪੰਜਾਬ ਵਿਚ ਲਾਗੂ ਹੋ ਸਕਦੇ ਹਨ, ਪੰਜਾਬ ਤੋਂ ਬਾਹਰ ਦੇ ਦੂਜੇ ਸੂਬਿਆਂ ਜਾਂ ਵਿਦੇਸ਼ਾਂ ਉਤੇ ਲਾਗੂ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦਾ ਨਵਾਂ ਮੁਖੀ ਭਾਗਵਤ, ਮਨ ਵਿਚ ਧਾਰੀ ਬੈਠਾ ਸੀ ਕਿ ਨਾਨਕਸ਼ਾਹੀ ਕੈਲੰਡਰ ਨੂੰ ਖ਼ਤਮ ਕਰਵਾ ਕੇ ਰਹਿਣਾ ਹੈ ਤੇ ਇਸ ਕੰਮ ਲਈ ਉਹ ਸੰਤ ਟੋਲੇ ਨੂੰ ਵਰਤਣ ਵਿਚ ਸਫ਼ਲ ਰਿਹਾ।

ਸ਼੍ਰੋਮਣੀ ਕਮੇਟੀ ਦਾ ਇਹ ਫ਼ੈਸਲਾ, ਅਕਾਲ ਤਖ਼ਤ ਵਿਰੁਧ ਪੰਜਾਬ ਤੋਂ ਬਾਹਰ ਦੇ ਅਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਅੰਦਰ ਬਗ਼ਾਵਤ ਪੈਦਾ ਕਰ ਦੇਵੇਗਾ ਤੇ ਇਸ ਨਾਲ ਅਕਾਲ ਤਖ਼ਤ, ਸਿੱਖਾਂ ਤੋਂ ਪੂਰੀ ਤਰ੍ਹਾਂ ਕਟਿਆ ਜਾਵੇਗਾ ਪਰ ਸਿਆਸਤਦਾਨਾਂ ਨੂੰ ਅਪਣੀਆਂ ਵੋਟਾਂ ਤੋਂ ਬਿਨਾਂ, ਹੋਰ ਕਿਸੇ ਚੀਜ਼ ਨਾਲ ਕੋਈ ਮਤਲਬ ਨਹੀਂ ਤੇ ਉਹ ਸਮਝਦੇ ਹਨ ਕਿ ਕੈਲੰਡਰ ਦੀ ਕੁਰਬਾਨੀ ਦੇ ਕੇ ਅਤੇ 'ਸਾਧ ਟੋਲੇ' ਨੂੰ ਖ਼ੁਸ਼ ਕਰ ਕੇ, ਉਹ ਪੰਥ-ਵਿਰੋਧੀ ਧਿਰਾਂ ਦੀਆਂ ਵੋਟਾਂ ਹਾਸਲ ਕਰ ਲਵੇਗਾ। ਉਨ੍ਹਾਂ ਕਿਹਾ ਕਿ ਅੱਜ ਦਾ ਫ਼ੈਸਲਾ ਅਤਿ ਮੰਦਭਾਗਾ ਫ਼ੈਸਲਾ ਹੈ ਤੇ ਸਿੱਖਾਂ ਨੂੰ ਦੋਫਾੜ ਤਾਂ ਕਰ ਕੇ ਹੀ ਰਹੇਗਾ।

# ਸੋਧਾਂ ਦਾ ਵਿਰੋਧ-ਮੱਕੜ ਦੀ ਰਿਹਾਇਸ਼ ਦੇ ਘਿਰਾਓ ਦਾ ਐਲਾਨ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਰੱਦ ਕਰਦਿਆਂ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਨ੍ਹਾਂ ਸੋਧਾਂ ਦੇ ਵਿਰੋਧ ਵਿਚ ਰੋਸ ਵਜੋਂ 12 ਜਨਵਰੀ ਨੂੰ ਲੁਧਿਆਣਾ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਘਰ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ ਅਤੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਖੇ ਅੰਤ੍ਰਿੰਗ ਕਮੇਟੀ ਦੇ ਇਸ ਫੈਸਲੇ ਖਿਲਾਫ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਦਲ ਖਾਲਸਾ ਦੇ ਦਫਤਰ ਵਿਖੇ ਇਹ ਐਲਾਨ ਸ਼੍ਰੋਮਣੀ ਪੰਥਕ ਕੌਂਸਲ ਦੇ ਮੁਖੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸ੍ਰੀ ਮਨਜੀਤ ਸਿੰਘ ਕਲਕੱਤਾ, ਦਲ ਖਾਲਸਾ ਦੇ ਸਕੱਤਰ ਜਨਰਲ ਸ੍ਰੀ ਕੰਵਰਪਾਲ ਸਿੰਘ, ਸਰਬਜੀਤ ਸਿੰਘ ਘੁਮਾਣ, ਅਕਾਲ ਫੈਡਰੇਸ਼ਨ ਦੇ ਮੁਖੀ ਭਾਈ ਨਾਰਾਇਣ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਪੰਚ ਪ੍ਰਧਾਨੀ) ਦੇ ਸ੍ਰੀ ਦਯਾ ਸਿੰਘ ਕੱਕੜ ਅਤੇ ਬਲਦੇਵ ਸਿੰਘ ਸਰਸਾ ਨੇ ਕੀਤਾ। ਸ੍ਰੀ ਮਨਜੀਤ ਸਿੰਘ ਕਲਕੱਤਾ ਅਤੇ ਸ੍ਰੀ ਕੰਵਰਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ ਨਾਲ ਫੋਨ 'ਤੇ ਹੋਈ ਗੱਲਬਾਤ ਦੌਰਾਨ ਸਮੂਹ ਜਥੇਬੰਦੀਆਂ ਨੇ ਇਨ੍ਹਾਂ ਸੋਧਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਉਹ ਸਮੂਹ ਗੁਰਪੁਰਬ ਅਤੇ ਸੰਗਰਾਂਦਾਂ ਪਹਿਲਾਂ ਵਾਂਗ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਉਣਗੇ। ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਹੈ ਕਿ ਸਿੱਖਾਂ ਦੀ ਮਿੰਨੀ ਸੰਸਦ ਸ਼੍ਰੋਮਣੀ ਕਮੇਟੀ ਵਲੋਂ ਕੀਤੀਆਂ ਗਈਆਂ ਸੋਧਾਂ ਨੂੰ ਸਿੱਖ ਜਥੇਬੰਦੀਆਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਨ੍ਹਾਂ ਸੋਧਾਂ ਨੂੰ ਰੱਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਕੱਤਰਤਾ ਲਈ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਕੋਈ ਏਜੰਡਾ ਨਹੀਂ ਭੇਜਿਆ ਗਿਆ ਅਤੇ ਨਾ ਹੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਭੇਜੀ ਗਈ ਸੋਧਾਂ ਬਾਰੇ ਰਿਪੋਰਟ ਬਾਰੇ ਕੋਈ ਜਾਣਕਾਰੀ ਦਿੱਤੀ ਗਈ ਹੈ।

ਇਕੱਤਰਤਾ ਵਿਚ ਉਨ੍ਹਾਂ ਨੂੰ ਸਿਰਫ ਪਾਰਟੀ ਆਦੇਸ਼ ਮੁਤਾਬਿਕ ਮਤੇ ਤੇ ਦਸਤਖਤ ਕਰਨ ਲਈ ਜ਼ੋਰ ਪਾਇਆ ਗਿਆ, ਜਿਸਦਾ ਕਈ ਮੈਂਬਰਾਂ ਨੇ ਵਿਰੋਧ ਕੀਤਾ।

ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਹੁਣ ਪੰਥਕ ਜਥੇਬੰਦੀ ਨਹੀਂ ਰਹੀ, ਇਹ ਇਕ ਪੰਜਾਬੀ ਪਾਰਟੀ ਬਣ ਚੁੱਕੀ ਹੈ ਇਸਦੇ ਬਾਵਜੂਦ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਚੋਣ ਕਮਿਸ਼ਨ ਕੋਲ ਪਹੁੰਚ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਧਾਰਮਿਕ ਚੋਣਾਂ ਲੜਨ ਤੋਂ ਰੋਕਣ ਲਈ ਯਤਨ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੀ ਹੋਂਦ ਖਤਮ ਹੋ ਗਈ ਹੈ ਅਤੇ ਇਹ ਹਾਕਮ ਧਿਰ ਦੀ ਇਕ ਸਹਿਯੋਗੀ ਜਥੇਬੰਦੀ ਬਣ ਕੇ ਰਹਿ ਗਈ ਹੈ। ਉਨ੍ਹਾਂ ਐਲਾਨ ਕੀਤਾ ਕਿ ਨਾਨਕਸ਼ਾਹੀ ਕੈਲੰਡਰ 'ਚ ਕੀਤੀਆਂ ਗਈਆਂ ਸੋਧਾਂ ਦੇ ਰੱਦ ਹੋਣ ਤਕ ਲੜਾਈ ਜਾਰੀ ਰਹੇਗੀ

# ਨਾਨਕਸ਼ਾਹੀ ਕੈਲੰਡਰ ਵਿਚ ਸੋਧ ਬਾਰੇ ਦੇਸ਼ ਵਿਦੇਸ਼ ਵਿਚ ਵੱਖੋ ਵੱਖਰੇ ਪ੍ਰਤੀਕਰਮ

ਅੰਮ੍ਰਿਤਸਰ: ਸਿੱਖ ਪੰਥ ਦਸਮ ਗ੍ਰੰਥ ਤੋਂ ਛਿੜੇ ਵਿਵਾਦ ਤੋਂ ਅਜੇ ਬਾਹਰ ਨਹੀਂ ਆਇਆ ਕਿ ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਇਕ ਹੋਰ ਵਿਵਾਦ ਸ਼ੁਰੂ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ। ਨਾਨਕਸ਼ਾਹੀ ਕੈਲੰਡਰ ਦੇ ਮਾਹਿਰਾਂ ਦਾ ਦਾਅਵਾ ਹੈ ਕਿ ਕੈਲੰਡਰ ਵਿਚ ਕੀਤੀਆਂ ਜਾ ਰਹੀਆਂ ਸੋਧਾਂ ਕਾਰਨ ਇਸ ਕੈਲੰਡਰ ਦਾ ਸੂਰਜੀ ਆਧਾਰ ਹੀ ਖ਼ਤਮ ਹੋ ਜਾਵੇਗਾ ਜਦਕਿ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਖਦਸ਼ੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਨਾਨਕਸ਼ਾਹੀ ਕੈਲੰਡਰ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ ਹੈ।

ਇਥੇ ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਦੇ ਕੀਤੇ ਗਏ ਐਲਾਨ ਤੋਂ ਬਾਅਦ ਨਵੇਂ ਵਰ੍ਹੇ ਇਕ ਚੇਤ ਤੋਂ ਇਸ ਕੈਲੰਡਰ ਵਿਚ ਕੁਝ ਗੁਰਪੁਰਬ ਅਤੇ ਸੰਗਰਾਂਦਾ ਮੁੜ ਬਿਕਰਮੀ ਕੈਲੰਡਰ ਅਨੁਸਾਰ ਕਰ ਦਿੱਤੇ ਜਾਣਗੇ।

ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਸੰਬੰਧੀ ਬਣਾਈ ਗਈ 11 ਮੈਂਬਰੀ ਕਮੇਟੀ ਦੇ ਮੈਂਬਰ ਡਾ. ਬਲਵੰਤ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਇਹ ਸੋਧਾਂ ਲਾਗੂ ਹੋਣ ਉਪਰੰਤ ਖਾਸ ਕਰਕੇ ਸੰਗਰਾਂਦਾਂ ਨੂੰ ਬਿਕਰਮੀ ਕੈਲੰਡਰ ਅਨੁਸਾਰ ਕੀਤੇ ਜਾਣ ਕਾਰਨ ਨਾਨਕਸ਼ਾਹੀ ਕੈਲੰਡਰ ਦਾ ਸੂਰਜੀ ਆਧਾਰ ਖ਼ਤਮ ਹੋ ਜਾਵੇਗਾ, ਜਿਸ ਦੇ ਸਿੱਟੇ ਵਜੋਂ ਇਸ ਕੈਲੰਡਰ ਵਿਚ ਗੁਰਪੁਰਬ ਦੀਆਂ ਤਰੀਕਾਂ ਪੱਕੇ ਤੌਰ 'ਤੇ ਨਿਸ਼ਚਿਤ ਨਹੀਂ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਿਕਰਮੀ ਕੈਲੰਡਰ ਅਨੁਸਾਰ ਹਰ ਸਾਲ ਬਾਅਦ 20 ਮਿੰਟ ਦਾ ਵਾਧਾ ਹੁੰਦਾ ਹੈ, ਜੋ ਤਿੰਨ ਸਾਲਾਂ ਬਾਅਦ ਇਕ ਘੰਟੇ ਅਤੇ 72 ਸਾਲਾਂ ਬਾਅਦ ਇਕ ਦਿਨ ਦੇ ਵਾਧੇ ਵਿਚ ਤਬਦੀਲ ਹੋ ਜਾਂਦਾ ਹੈ। ਜੋ ਗੁਰਪੁਰਬ ਅੱਜ ਮਨਾਇਆ ਜਾਵੇਗਾ, ਉਹ 72 ਸਾਲਾਂ ਬਾਅਦ ਉਸੇ ਮਹੀਨੇ ਵਿਚ ਇਕ ਦਿਨ ਅਗਾਂਹ ਹੋ ਜਾਵੇਗਾ। ਇੰਝ ਕਿਸੇ ਵੀ ਗੁਰਪੁਰਬ ਦੀਆਂ ਤਿਥੀਆਂ ਨਿਸ਼ਚਿਤ ਨਹੀਂ ਹੋਣਗੀਆਂ। ਉਨ੍ਹਾਂ ਨੇ ਸੋਧਾਂ ਨੂੰ ਗੈਰ-ਵਿਗਿਆਨਿਕ ਦੱਸਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੋਧਾਂ ਉਪਰੰਤ ਸੰਨ 2011 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਗੁਰਪੁਰਬ ਦੋ ਵਾਰ ਆਵੇਗਾ, ਜੋ ਕਿ ਸਿੱਖ ਭਾਈਚਾਰੇ ਲਈ ਦੁਬਿਧਾ ਵਾਲੀ ਗੱਲ ਹੋਵੇਗੀ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਦਾ ਮੰਤਵ ਸਮੂਹ ਗੁਰਪੁਰਬਾਂ ਦੀਆਂ ਤਿਥੀਆਂ ਨਿਸ਼ਚਿਤ ਕਰਨਾ ਸੀ ਅਤੇ ਇਹ ਕੈਲੰਡਰ ਨੂੰ ਸੋਧ ਕੇ ਪੰਜ ਗੁਰਪੁਰਬ ਅਤੇ ਸੰਗਰਾਂਦਾਂ ਬਿਕਰਮੀ ਕੈਲੰਡਰ ਅਨੁਸਾਰ ਕੀਤੇ ਜਾਣ ਕਾਰਨ ਇਸ ਕੈਲੰਡਰ ਦਾ ਮੰਤਵ ਹੀ ਖ਼ਤਮ ਹੋ ਜਾਵੇਗਾ।

ਇਕ ਹੋਰ ਮਾਹਿਰ ਅਨੁਸਾਰ ਕਿਸੇ ਵੀ ਕੈਲੰਡਰ ਦਾ ਇਕ ਹੀ ਆਧਾਰ ਹੋ ਸਕਦਾ ਹੈ। ਇਹ ਸੋਧਾਂ ਲਾਗੂ ਹੋਣ ਉਪਰੰਤ ਨਾਨਕਸ਼ਾਹੀ ਕੈਲੰਡਰ ਵਿਚ ਰੋਲ-ਘਚੋਲ ਪੈਦਾ ਹੋ ਜਾਵੇਗਾ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕੈਲੰਡਰ ਮਾਹਿਰਾਂ ਦੇ ਇਸ ਖਦਸ਼ੇ ਨੂੰ ਰੱਦ ਕਰਦਿਆਂ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕੈਲੰਡਰ ਮਾਹਿਰਾਂ ਕੋਲੋਂ ਹੀ ਵੀਹ ਸਾਲ ਦੀਆਂ ਸਮੂਹ ਗੁਰਪੁਰਬਾਂ ਦੀਆਂ ਤਰੀਕਾਂ ਕਢਵਾ ਕੇ ਇਸ ਕੈਲੰਡਰ ਵਿਚ ਲਾਗੂ ਕੀਤੀਆਂ ਜਾਣਗੀਆਂ।

ਇਸੇ ਦੌਰਾਨ ਦੱਖਣੀ ਕੈਲੀਫੋਰਨੀਆਂ ਦੀਆਂ ਸਿੱਖ ਜਥੇਬੰਦੀਆਂ ਨੇ ਲਾਸ ਏਂਜਲਸ ਵਿਖੇ ਇਕ ਇਕੱਤਰਤਾ ਕਰਕੇ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਰੱਦ ਕਰ ਦਿੱਤਾ ਹੈ। ਇਸ ਸੰਬੰਧੀ ਜਾਣਕਾਰੀ ਜਸਬੀਰ ਸਿੰਘ ਮਾਨ ਵਲੋਂ ਭੇਜੇ ਗਏ ਇਕ ਈ-ਮੇਲ ਸੁਨੇਹੇ ਰਾਹੀਂ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਅਤੇ ਹੋਰ ਪੰਥਕ ਮਾਮਲਿਆਂ ਨੂੰ ਵਿਚਾਰਨ ਲਈ 12 ਗੁਰਦੁਆਰਿਆਂ ਦੇ 70 ਪ੍ਰਤੀਨਿਧ ਇਥੇ ਇਕੱਠੇ ਹੋਏ, ਜਿਨ੍ਹਾਂ ਵਿਚ ਗੁਰਦੁਆਰਾ ਵਰਮੋਂਟ, ਗੁਰਦੁਆਰਾ ਨਾਨਕ ਸਿੱਖ ਟੈਂਪਲ, ਗੁਰਦੁਆਰਾ ਸਿੰਘ ਸਭਾ ਵਾਲਟਨ, ਖਾਲਸਾ ਕੇਅਰ ਫਾਊਂਡੇਸ਼ਨ, ਉਜਲ ਦੀਦਾਰ ਫਾਊਂਡੇਸ਼ਨ, ਸਿੱਖ ਸੈਂਟਰ ਵੈਸਟ ਕੋਵਿਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਫਾਊਂਡੇਸ਼ਨ ਐਨਹਾਈਮ, ਸਿੱਖ ਸੈਂਟਰ ਆਰੇਂਜ ਕਾਊਂਟੀ ਆਦਿ ਸ਼ਾਮਲ ਸਨ। ਇਕੱਤਰਤਾ ਦੌਰਾਨ ਕੀਤੇ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਕੱਤਰਤਾ ਵਿਚ ਸ਼ਾਮਲ ਸਿੱਖ ਆਗੂਆਂ ਨੇ ਚਿੰਤਾ ਪ੍ਰਗਟ ਕੀਤੀ ਕਿ ਕੁਝ ਪੰਥ ਵਿਰੋਧੀ ਤਾਕਤਾਂ ਦਸਮ ਗ੍ਰੰਥ, ਨਾਨਕਸ਼ਾਹੀ ਕੈਲੰਡਰ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਬੇਲੋੜੇ ਭਰਮ-ਭੁਲੇਖੇ ਖੜ੍ਹੇ ਕਰ ਰਹੀਆਂ ਹਨ, ਜਿਸ ਨਾਲ ਸਿੱਖ ਫਲਸਫੇ ਨੂੰ ਢਾਹ ਲੱਗ ਰਹੀ ਹੈ।

# ਨਾਨਕਸ਼ਾਹੀ ਕੈਲੰਡਰ ਵਿਚ ਸੋਧ ਇਸ ਦਾ ਹਿੰਦੂਕਰਨ-ਏ ਐਸ ਓ

ਨਿਊਯਾਰਕ (ਪੰਜਾਬ ਟਾਈਮਜ਼ ਬਿਊਰੋ): ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉਤੇ ਆਰ ਐਸ ਐਸ ਦੇ ਦਬਾਓ ਹੇਠ ਨਾਨਕਸ਼ਾਹੀ ਕੈਲੰਡਰ ਦਾ ਹਿੰਦੂਕਰਨ ਦਾ ਦੋਸ਼ ਲਾਉਂਦਿਆਂ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਸੰਤ ਸਮਾਜ ਉਤੇ ਵੀ ਸਵਾਲ ਖੜਾ ਕੀਤਾ ਹੈ ਕਿ ਕੀ ਨਾਨਕਸ਼ਾਹੀ ਕੈਲੰਡਰ ਦਾ ਹਿੰਦੂਕਰਨ ਕਰਵਾ ਕੇ ਇਸਨੇ ਕੌਮਪ੍ਰਸਤੀ ਦਾ ਸਬੂਤ ਦਿੱਤਾ ਹੈ ਜਾਂ ਫਿਰ ਕੌਮਧ੍ਰੋਹੀ ਦਾ? ਅਕਾਲ ਤਖਤ ਦੇ ਜਥੇਦਾਰ ਨੇ ਇਨ੍ਹਾਂ ਸੋਧਾਂ ਨੂੰ ਪ੍ਰਵਾਨਗੀ ਦੇ ਕੇ ਕੌਮਪ੍ਰਸਤੀ ਦਾ ਨਹੀਂ, ਬਾਦਲਪ੍ਰਸਤੀ ਦਾ ਹੀ ਸਬੂਤ ਦਿਤਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਏ. ਐਸ. ਓ. ਦੇ ਆਗੂਆ ਦਵਿੰਦਰ ਸਿੰਘ, ਸੁਰਿੰਦਰ ਸਿੰਘ ਸਰਪੰਚ, ਜਸਦੇਵ ਸਿੰਘ, ਸੁਖਦੇਵ ਸਿੰਘ ਬੈਨੀਪਾਲ, ਪ੍ਰੋ.ਰਾਜਿੰਦਰਪਾਲ ਸਿੰਘ, ਦਿਦਾਰ ਸਿੰਘ ਕੈਲੀਫੋਰਨੀਆਂ, ਸੁਖਦੇਵ ਸਿੰਘ, ਇੰਦਰਪਾਲ ਸਿੰਘ ਸਿਆਟਲ, ਸੁਰਜੀਤ ਸਿੰਘ, ਪ੍ਰਿਤਪਾਲ ਸਿੰਘ, ਬਲਜਿੰਦਰਪਾਲ ਸਿੰਘ, ਸਤਪ੍ਰਕਾਸ਼ ਸਿੰਘ, ਕਰਨੈਲ ਸਿੰਘ ਸਲੇਮਪੁਰ, ਵਰਿੰਦਰ ਸਿੰਘ, ਚਰਨਜੀਤ ਸਿੰਘ ਸਮਰਾ ਨਿਊਯਾਰਕ ਨੇ ਕਿਹਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਰਾਜਸੀ ਸੱਤਾ ਤੇ ਕਾਬਜ ਰਹਿਣ ਲਈ ਸਿੱਖ ਕੌਮ ਦਾ ਹਿੰਦੂਕਰਨ ਕਰਨ ਦੀ ਜਿਵੇਂ ਸਹੁੰ ਹੀ ਖਾ ਲਈ ਹੈ ਪਰ ਸੰਤ ਸਮਾਜ ਦਾ ਹੋਂਦ ਵਿਚ ਆਉਣਾ ਵੀ ਕਈ ਕਿਸਮ ਦੇ ਸ਼ੰਕੇ ਖੜੇ ਕਰਦਾ ਹੈ ਕਿਉਕਿ ਗੁਰੂ ਨਾਨਕ ਸਾਹਿਬ ਨੇ ਸਭੇ ਸਾਂਝੀਵਾਲ ਦੇ ਸੰਦੇਸ਼ ਰਾਹੀਂ ਊਚ-ਨੀਚ ਦੇ ਭਿੰਨ ਭੇਦ ਨੂੰ ਮਿਟਾ ਕੇ ਸਭ ਨੂੰ ਬਰਾਬਰੀ ਦਿੰਦਿਆ ਸਿੱਖ ਸਮਾਜ ਸਿਰਜਿਆ, ਜਿਸ ਦਾ ਮਾਣਮੱਤਾ ਇਤਿਹਾਸ ਕੌਮ ਲਈ ਗੋਰਵ ਦੀ ਗੱਲ ਹੈ। ਪਤਾ ਨਹੀ ਇਸ ਅਖੌਤੀ ਸਾਧ ਲਾਣੇ ਨੂੰ ਗੁਰੂ ਸਾਹਿਬ ਦੇ ਸਿਰਜੇ ਸਿੱਖ ਸਮਾਜ ਵਿਚ ਕੀ ਕਮੀ ਨਜਰ ਆਈ ਕਿ ਇਨ੍ਹਾਂ ਨੇ ਆਪਣਾ ਅਲੱਗ ਸੰਤ ਸਮਾਜ ਸਿਰਜ ਲਿਆ, ਜਿਸਨੇ ਸਮੇਂ ਸਮੇਂ ਪੰਥਕ ਮੁੱਦਿਆ ਨੂੰ ਠੁੱਸ ਕਰਨ ਲਈ ਪੰਥ ਵਿਰੋਧੀਆਂ ਦਾ ਹੀ ਸਾਥ ਦਿਤਾ ਹੈ, ਜੋ ਕੌਮ ਲਈ ਗੰਭੀਰਤਾ ਨਾਲ ਵਿਚਾਰਨ ਵਾਲਾ ਵਿਸ਼ਾ ਹੈ।

ਜਥੇਬੰਦੀ ਨੇ "ਕਿਰਤ ਛੱਡ ਚੁੱਕੇ ਵਿਹਲੜ ਸਾਧ ਲਾਣੇ" ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਮਸਲਾ ਭਾਵੇਂ ਸਿਰਸੇ ਵਾਲੇ ਸਾਧ ਵਿਰੁੱਧ ਸੰਘਰਸ਼ ਕਰਨ ਦਾ ਹੋਵੇ, ਭਾਵੇਂ ਆਸ਼ੂਤੋਸ਼ ਦੀ ਵੰਗਾਰ ਕਬੂਲਣ ਦਾ, ਬਾਦਲ ਦੇ ਇਹ ਸਿਪਾਹ-ਸਿਲਾਰ ਬਾਦਲ ਦੀਆਂ ਹਦਾਇਤਾਂ ਅਨੁਸਾਰ ਬੜੇ ਹੀ ਯੋਜਨਾਬੰਦ ਤਰੀਕੇ ਨਾਲ ਪਹਿਲਾ ਪ੍ਰੋਗਰਾਮਾਂ ਨੂੰ ਹਾਈਜੈਕ ਕਰਦੇ ਹਨ ਫਿਰ ਕੁਝ ਅਖਬਾਰੀ ਬਿਆਨ ਦੇ ਕੇ ਪ੍ਰੋਗਰਾਮਾਂ ਨੂੰ ਸਿੱਖ ਰਵਾਇਤਾਂ ਤੋ ਦੂਰ ਲੈ ਜਾਂਦੇ ਹਨ ਅਤੇ ਰੋਸ ਮਾਰਚਾਂ ਦੇ ਦਮਗਜੇ ਮਾਰ ਕੇ ਅੱਧ ਵਿਚਾਲੇ ਹੀ ਸਭ ਕਾਸੇ ਦਾ ਭੱਠਾ ਬਿਠਾ ਦਿੰਦੇ ਹਨ।

ਬਿਆਨ ਵਿਚ ਕਿਹਾ ਗਿਆ ਹੈ ਕਿ ਸੰਤ ਸਮਾਜ ਮੁੱਖੀ ਹਰਨਾਮ ਸਿੰਘ ਧੁੰਮਾਂ ਦੀ ਸਿੱਖ ਕਾਰਜਾਂ ਪ੍ਰਤੀ ਸੁਹਿਰਦਤਾ ਤਾਂ ਇਥੋ ਹੀ ਵੇਖੀ ਜਾ ਸਕਦੀ ਹੈ ਕਿ ਤਾਜਾ ਹੋਏ ਲੁਧਿਆਣਾ-ਕਾਂਡ ਦੇ ਜਖਮੀ ਸਿੰਘਾਂ ਦੀ ਸਹਾਇਤਾ ਤਾਂ ਕੀ ਕਰਨੀ ਸੀ, ਉਹ ਤਾਂ ਖਬਰ ਲੈਣ ਤੱਕ ਵੀ ਨਹੀ ਗਿਆ। ਸਿੱਖ ਆਗੂਆਂ ਨੇ ਕਿਹਾ ਕਿ ਖਾਲਸਾ ਪੰਥ ਦੇ ਚੜਦੀ ਕਲਾ ਵਾਲੇ ਹਰ ਕੰਮ ਵਿਚ ਰੋੜਾ ਬਣਨਾ ਇਸ ਅਖੌਤੀ ਸੰਤ-ਸਮਾਜ ਦਾ ਕਰਮ ਧਰਮ ਬਣ ਗਿਆ ਹੈ ਜਿਸ ਦੀ ਅਗਲੀ ਮਿਸਾਲ ਸਿੱਖ ਕੌਮ ਦੀ ਅੱਡਰੀ ਹਸਤੀ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਦਾ ਬਿਕਰਮੀਕਰਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਰਾਜਸੀ ਅਤੇ ਧਾਰਮਿਕ ਸਰੋਤਾਂ ਤੇ ਕਾਬਜ ਬਾਦਲ, ਮੱਕੜ ਅਤੇ ਧੁੰਮਾਂ ਐਂਡ ਕੰਪਨੀ ਦੀ ਤਿਕੜੀ ਸਿਧੇ-ਅਸਿਧੇ ਮੰਨੂਵਾਦੀਆਂ ਲਈ ਕੰਮ ਕਰ ਰਹੀ ਹੈ ਕਿਉਕਿ ਇਨ੍ਹਾਂ ਦਾ ਆਕਾ ਬਾਦਲ ਹੈ। ਇਨ੍ਹਾਂ ਤੋ ਕੌਮ ਨੂੰ ਖਬਰਦਾਰ ਹੋਣ ਦੀ ਜਰੂਰਤ ਹੈ। ਜਥੇਬੰਦੀ ਨੇ ਸਿੱਖ ਸਮਾਜ ਨੂੰ ਅਪੀਲ ਕੀਤੀ ਹੈ ਕਿ ਇਸ ਅਖੌਤੀ ਸੰਤ ਸਮਾਜ ਨੂੰ ਮੂਲੋ ਰੱਦ ਕੀਤਾ ਜਾਏ। ਬਿਆਨ ਦੇ ਅਖੀਰ ਵਿਚ ਉਨ੍ਹਾਂ ਅੰਤਰਿੰਗ ਕਮੇਟੀ ਦੇ ਤਿੰਨ ਮੈਬਰਾਂ ਸੁਖਦੇਵ ਸਿੰਘ ਭੌਰ, ਕਰਨੈਲ ਸਿੰਘ ਪੰਜੋਲੀ ਅਤੇ ਬੀਬੀ ਰਵਿੰਦਰ ਕੋਰ ਹਰਿਆਣਾ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਕੈਲੰਡਰ ਦੇ ਹਿਦੂੰਕਰਨ ਦੇ ਵਿਰੋਧ ਵਿੱਚ ਸ਼੍ਰੋਮਣੀ ਕਮੇਟੀ ਦੀ ਮੀਟਿਗ 'ਚੋਂ ਵਾਕ-ਆਊਟ ਕੀਤਾ।

## ਮੈਲਬਰਨ ਦੇ ਗੁਰਦੁਆਰੇ ਬਾਹਰ ਗੋਰਿਆਂ ਵਲੋਂ ਹੁੱਲੜਬਾਜ਼ੀ

**ਮੈਲਬਰਨ, ਆਸਟਰੇਲੀਆ:** ਮੈਲਬਰਨ ਦੇ ਉਤਰ 'ਚ ਪੈਂਦੇ ਗੁਰਦੁਆਰੇ ਦੇ ਬਾਹਰ ਕੁਝ ਗੋਰਿਆਂ ਵਲੋਂ ਹੁੱਲੜਬਾਜ਼ੀ ਕਰਨ ਦੀ ਖ਼ਬਰ ਹੈ। ਇਸੇ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਨੇ ਆਖਿਆ ਕਿ ਆਸਟਰੇਲੀਆ ਸਰਕਾਰ ਮੈਲਬਰਨ ਵਿਚ ਇਕ ਭਾਰਤੀ ਨੌਜਵਾਨ ਨਿਤਿਨ ਗਰਗ ਦੇ ਕਤਲ ਦੀ ਜਾਂਚ ਕਰਾਉਣ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਸ਼ਿਕੰਜੇ ਵਿਚ ਲਿਆਉਣ ਲਈ ਪਾਬੰਦ ਹੈ।

ਬੀਤੀ 4-5 ਜਨਵਰੀ ਦੀ ਰਾਤ ਤਕਰੀਬਨ 11 ਵਜੇ ਮੈਲਬਰਨ ਵਿਚ ਕੁਝ ਨੌਜਵਾਨਾਂ ਨੇ ਗੁਰਦੁਆਰੇ ਦੇ ਵਿਹੜੇ 'ਚ ਕਾਰ ਦਾਖਲ ਕਰਕੇ ਹੁੱਲੜਬਾਜ਼ੀ ਕਰਦਿਆਂ ਸ਼ੀਸ਼ਿਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਕੀਤੀ। ਮੌਕੇ 'ਤੇ ਮੌਜੂਦ ਪਾਠੀ ਤੇ ਰਾਗੀ ਸਿੰਘਾਂ ਦੇ ਬਾਹਰ ਆਉਣ 'ਤੇ ਉਹ ਫਰਾਰ ਹੋ ਗਏ ਅਤੇ ਬਾਅਦ ਵਿਚ ਵਾਪਸ ਆ ਕੇ ਹੁੱਲੜਬਾਜ਼ੀ ਕੀਤੀ। ਇਸ ਸੰਬੰਧੀ ਗੱਲਬਾਤ ਕਰਦਿਆਂ ਪ੍ਰਧਾਨ ਫੁਲਵਿੰਦਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਪੁਲਿਸ ਕੋਲ ਰਿਪੋਰਟ ਦਰਜ ਕਰਵਾ ਦਿੱਤੀ ਗਈ ਹੈ ਤੇ ਪਰਿਕਰਮਾ 'ਚ ਚਾਰੇ ਪਾਸੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਤੋਂ ਜੋ ਫੋਟੋਆਂ ਪ੍ਰਾਪਤ ਹੋਈਆਂ ਹਨ, ਉਨ੍ਹਾਂ ਤੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ 'ਚ ਮੱਦਦ ਮਿਲੇਗੀ।

ਜ਼ਿਕਰਯੋਗ ਹੈ ਕਿ ਦੋ ਸਾਲਾਂ 'ਚ ਇਸ ਤਰ੍ਹਾਂ ਦੀ ਇਹ ਤੀਜੀ ਘਟਨਾ ਹੈ। ਕਮੇਟੀ ਗੁਰਦੁਆਰੇ ਦੀ ਚਾਰਦੀਵਾਰੀ ਛੇਤੀ ਬਣਾਉਣ ਤੇ ਸਕਿਓਰਿਟੀ ਸੇਵਾਵਾਂ ਯਕੀਨੀ ਬਣਾਉਣ ਦੇ ਮਾਮਲੇ ਨੂੰ ਅਗਲੀ ਮੀਟਿੰਗ 'ਚ ਪੇਸ਼ ਕਰਨ ਜਾ ਰਹੀ ਹੈ ਤਾਂ ਜੋ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾ ਸਕੇ।

## ਓਸੈਨ ਬੋਲਟ ਬਣੇ 'ਪਰਸਨ ਆਫ਼ ਦ ਯੀਅਰ'

**ਨਿਊ ਯਾਰਕ:** ਅਮਰੀਕਾ ਤੋਂ ਪ੍ਰਕਾਸ਼ਤ ਹੋਣ ਵਾਲੇ ਇਕ ਰਸਾਲੇ ਨੇ ਜਮਾਇਕਾ ਦੇ ਐਥਲੀਟ ਸੁਪਰ ਸਟਾਰ ਓਸੈਨ ਬੋਲਟ ਨੂੰ ਉਨ੍ਹਾਂ ਦੀਆਂ 2009 ਦੀਆਂ ਉਪਲਬਧੀਆਂ ਲਈ 'ਪਰਸਨ ਆਫ਼ ਦ ਯੀਅਰ' ਚੁਣਿਆ ਗਿਆ ਹੈ। ਬੋਲਟ ਨੇ ਸਾਲ 2009 ਵਿਚ ਕਈ ਉਪਲਬਧੀਆਂ ਹਾਸਲ ਕੀਤੀਆਂ ਸਨ। ਉਨ੍ਹਾਂ ਚਾਰ ਮਹੀਨੇ ਪਹਿਲਾਂ ਜਰਮਨੀ ਵਿਚ ਕਰਵਾਈ ਵਿਸ਼ਵ ਚੈਂਪੀਅਨਸ਼ਿਪ ਦੀ 100 ਅਤੇ 200 ਮੀਟਰ ਦੀ ਪ੍ਰਤੀਯੋਗਤਾਵਾਂ ਵਿਚ ਨਵਾਂ ਰਿਕਾਰਡ ਸਥਾਪਤ ਕੀਤਾ ਸੀ। ਉਨ੍ਹਾਂ ਦੀਆਂ ਇਨ੍ਹਾਂ ਉਪਲਬਧੀਆਂ ਦੇ ਲਈ ਰਸਾਲੇ ਨੇ ਬੋਲਟ ਨੂੰ ਸਾਲ ਦਾ ਸਰਬੋਤਮ ਵਿਅਕਤੀ ਚੁਣਿਆ।

ਇਸ ਰਸਾਲੇ ਨੇ ਕਿਹਾ ਕਿ ਅਸੀਂ ਪੂਰੇ ਸਾਲ ਦੇ ਦੌਰਾਨ ਖੇਡ ਦੇ ਕਈ ਵੱਡੇ ਆਯੋਜਨਾਂ 'ਤੇ ਨਜ਼ਰ ਰਖਦੇ ਹਾਂ ਅਤੇ ਇਨ੍ਹਾਂ ਵਿਚੋਂ ਹੀ ਅਪਣੀ ਪਸੰਦ ਦੇ ਖਿਡਾਰੀ ਦੀ ਚੋਣ ਕਰਦੇ ਹਾਂ।

## ਕੈਲੰਡਰ 'ਚ ਸੋਧਾਂ 'ਤੇ ਮੋਹਰ

*(ਸਫਾ ਇਕ ਦੀ ਬਾਕੀ)*

ਤੋਂ ਲਾਗੂ ਹੋ ਜਾਣਗੀਆਂ ਅਤੇ ਭਵਿੱਖ ਵਿਚ ਸਾਰੇ ਗੁਰਪੁਰਬ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਆਉਣ ਵਾਲੇ ਪੂਰਬ, ਜਿਨ੍ਹਾਂ ਵਿਚ ਮਾਘੀ ਦਾ ਦਿਹਾੜਾ ਸ਼ਾਮਲ ਹੈ, ਪਹਿਲਾਂ ਮਿੱਥੀ ਤਾਰੀਕ ਅਨੁਸਾਰ ਹੀ ਮਨਾਏ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਸੋਧਾਂ ਦੇ ਲਾਗੂ ਹੋਣ ਉਪਰੰਤ ਨਾਨਕਸ਼ਾਹੀ ਕੈਲੰਡਰ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਸੰਤ ਸਮਾਜ ਦੀ ਮਾਨਤਾ ਵੀ ਮਿਲ ਜਾਵੇਗੀ।


Law Office of Navdeep S. Jhaj

Immigration Law Attorney

General Legal Practice



Estate Planning
Personal Injury
Bankruptcy

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

Navdeep S. Jhaj
Member, American Immigration Lawyers Association

1930 W Hubbard, 2nd Floor, Chicago, IL 60622
Voice: 312.404.8893, Fax: 312.243.2277
email: navjhaj@me.com



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

# ਸੰਘਣੀ ਧੁੰਦ ਕਾਰਨ ਰੇਲਾਂ ਭਿੜੀਆਂ, ਹਵਾਈ ਸੇਵਾਵਾਂ ਪ੍ਰਭਾਵਤ ਹੋਈਆਂ

## ਸਾਰਾ ਉਤਰੀ ਭਾਰਤ ਧੁੰਦ ਅਤੇ ਠੱਕੇ ਦੀ ਲਪੇਟ ਵਿਚ




**ਨਵੀਂ ਦਿੱਲੀ:**ਉਤਰੀ ਭਾਰਤ ਵਿਚ ਠੰਡ, ਧੁੰਦ ਅਤੇ ਕੋਹਰੇ ਦਾ ਮੌਸਮ ਆਪਣੀ ਸਿਖਰ ਛੂਹ ਰਿਹਾ ਹੈ। ਸੰਘਣੀ ਧੁੰਦ ਕਾਰਨ ਉੱਤਰੀ ਭਾਰਤ ਵਿਚ ਲੰਘੀ 2 ਜਨਵਰੀ ਨੂੰ ਬਿਜਲੀ, ਰੇਲ ਅਤੇ ਹਵਾਈ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਤ ਹੋਈਆਂ। ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਸਣੇ ਉੱਤਰ ਭਾਰਤ ਦੇ ਕਈ ਇਲਾਕੇ ਬਿਜਲੀ ਗੁੱਲ ਹੋਣ ਕਾਰਨ ਹਨੇਰੇ ਵਿਚ ਡੁੱਬ ਗਏ। ਉਧਰ ਉੱਤਰ ਪ੍ਰਦੇਸ਼ 'ਚ ਵਾਪਰੇ ਤਿੰਨ ਰੇਲ ਹਾਦਸਿਆਂ ਵਿਚ 10 ਵਿਅਕਤੀ ਮਾਰੇ ਗਏ ਅਤੇ 90 ਤੋਂ ਜ਼ਿਆਦਾ ਉਡਾਣਾਂ ਵਿਚ ਦੇਰੀ ਹੋਈ। ਪਾਵਰ ਗਰਿੱਡ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਐਸ.ਕੇ. ਚਤੁਰਵੇਦੀ ਨੇ ਦਸਿਆ ਕਿ ਟਰਾਂਸਮਿਸ਼ਨ ਲਾਈਨ ਵਿਚ ਤਕਨੀਕੀ ਖ਼ਰਾਬੀ ਆਉਣ ਕਾਰਨ 2 ਜਨਵਰੀ ਨੂੰ ਵੱਡੇ ਤੜਕੇ ਤਿੰਨ ਵਜੇ ਦੇ ਲਗਭਗ ਪੂਰਾ ਉੱਤਰੀ ਗਰਿੱਡ ਟ੍ਰਿਪ ਕਰ ਗਿਆ ਜਿਸ ਨਾਲ ਪੰਜਾਬ, ਹਰਿਆਣਾ, ਦਿੱਲੀ, ਚੰਡੀਗੜ੍ਹ ਅਤੇ ਜੰਮੂ-ਕਸ਼ਮੀਰ ਹਨੇਰੇ ਵਿਚ ਡੁੱਬ ਗਏ। ਉਨ੍ਹਾਂ ਦਸਿਆ ਕਿ ਕਈ ਸਬ ਸਟੇਸ਼ਨਾਂ ਵਿਚ ਬਿਜਲੀ ਦਾ ਪੱਧਰ ਸਿਫ਼ਰ ਹੋ ਗਿਆ। ਬਿਜਲੀ ਗੁੱਲ ਹੋਣ ਕਾਰਨ ਕਈ ਰੇਲ ਗੱਡੀਆਂ ਅੱਧ ਵਿਚਕਾਰ ਹੀ ਖੜੀਆਂ ਹੋ ਗਈਆਂ ਜਿਸ ਨਾਲ ਰੇਲ ਆਵਾਜਾਈ ਹੋਰ ਪ੍ਰਭਾਵਤ ਹੋਈ। ਕਾਲਕਾ-ਨਵੀਂ ਦਿੱਲੀ ਸ਼ਤਾਬਦੀ ਅਤੇ ਅੰਮ੍ਰਿਤਸਰ-ਨਵੀਂ ਦਿੱਲੀ ਸ਼ਤਾਬਦੀ ਗੱਡੀਆਂ ਰਾਹ ਵਿਚ ਹੀ ਖੜੀਆਂ ਹੋ ਗਈਆਂ। ਬਿਜਲੀ ਸਪਲਾਈ ਬਹਾਲ ਕਰਨ ਲਈ 7 ਘੰਟੇ ਲੱਗ ਗਏ।

ਪਟਿਆਲਾ ਅਤੇ ਬਠਿੰਡਾ ਤੋਂ ਪੰਜਾਬ ਰਾਜ ਬਿਜਲੀ ਬੋਰਡ ਦੇ ਬੁਲਾਰੇ ਨੇ ਦਸਿਆ ਕਿ ਬਿਜਲੀ ਦੀ ਟਰਿਪਿੰਗ ਨਾਲ ਰਾਜ ਦੇ ਸਾਰੇ ਥਰਮਲ ਪਲਾਂਟ ਵੀ ਬੰਦ ਹੋ ਗਏ।

ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ ਵਿਚ ਪਨਕੀ ਰੇਲਵੇ ਸਟੇਸ਼ਨ ਉਤੇ ਖੜੀ ਪ੍ਰਯਾਗਰਾਜ ਐਕਸਪ੍ਰੈੱਸ ਨਾਲ ਭਿਵਾਨੀ-ਗੋਰਖਪੁਰ ਗੋਰਖਧਾਮ ਐਕਸਪ੍ਰੈੱਸ ਜਾ ਟਕਰਾਈ। ਇਸ ਘਟਨਾ ਵਿਚ 10 ਵਿਅਕਤੀਆਂ ਦੀ ਮੌਤ ਹੋ ਗਈ ਅਤੇ 45 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚੋਂ 15 ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਹਾਦਸੇ ਦਾ ਸ਼ਿਕਾਰ ਹੋਈ ਪ੍ਰਯਾਗਰਾਜ ਐਕਸਪ੍ਰੈੱਸ ਦਾ ਪਿਛਲਾ ਡੱਬਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਡੱਬੇ ਵਿਚ ਫਸੇ ਲੋਕਾਂ ਨੂੰ ਗੈਸ ਕਟਰ ਦੀ ਮਦਦ ਨਾਲ ਬਾਹਰ ਕਢਿਆ ਗਿਆ। ਭਾਜਪਾ ਦੇ ਸੀਨੀਅਰ ਆਗੂ ਮੁਰਲੀ ਮਨੋਹਰ ਜੋਸ਼ੀ ਇਸੇ ਗੱਡੀ ਰਾਹੀਂ ਇਲਾਹਾਬਾਦ ਜਾ ਰਹੇ ਸਨ। ਉਹ ਸੁਰੱਖਿਅਤ ਰਹੇ। ਗੋਰਖਧਾਮ ਐਕਸਪ੍ਰੈੱਸ ਵਿਚ ਭੜੈਚ ਤੋਂ ਕਾਂਗਰਸ ਦੇ ਸੰਸਦ ਮੈਂਬਰ ਕਮਲ ਕਿਸ਼ੋਰ ਅਤੇ ਉਨ੍ਹਾਂ ਦੀ ਪਤਨੀ ਪੂਨਮ ਕਿਸ਼ੋਰ ਯਾਤਰਾ ਕਰ ਰਹੇ ਸਨ। ਟੱਕਰ ਏਨੀ ਜ਼ਬਰਦਸਤ ਸੀ ਕਿ ਇਕ ਡੱਬਾ ਦੂਜੇ ਦੇ ਉਪਰ ਜਾ ਚੜ੍ਹਿਆ। ਜ਼ਖ਼ਮੀਆਂ ਨੂੰ ਕਾਨਪੁਰ ਦੇ ਹਾਲੇਤ, ਰਾਜਾਰਾਮ ਅਤੇ ਬੀ.ਐਲ.ਸੀ. ਹਸਪਤਾਲਾਂ ਵਿਚ ਭਰਤੀ ਕਰਵਾਇਆ ਗਿਆ। ਉੱਤਰ ਮੱਧ ਰੇਲਵੇ (ਇਲਾਹਾਬਾਦ ਜ਼ੋਨ) ਦੇ ਜਨਰਲ ਮੈਨੇਜਰ ਹਰੀਸ਼ ਚੰਦਰ ਜੋਸ਼ੀ ਨੇ ਦਸਿਆ ਕਿ ਦਿੱਲੀ ਤੋਂ ਆ ਰਹੀਆਂ ਦੋਹਾਂ ਰੇਲ ਗੱਡੀਆਂ ਦੇ ਇਕੋ ਪਟੜੀ 'ਤੇ ਆ ਜਾਣ ਕਾਰਨ ਇਹ ਘਟਨਾ ਵਾਪਰੀ। ਪਹਿਲੀ ਨਜ਼ਰ ਵਿਚ ਸੰਘਣੀ ਧੁੰਦ ਹੀ ਇਸ ਘਟਨਾ ਦਾ ਮੁੱਖ ਕਾਰਨ ਦਿਖਾਈ ਦਿੰਦੀ ਹੈ। ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਦੇ ਆਦੇਸ਼ ਦਿਤੇ ਗਏ ਹਨ। ਰੇਲ ਮੰਤਰੀ ਮਮਤਾ ਬੈਨਰਜੀ ਨੇ ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਅਤੇ ਗੰਭੀਰ ਜ਼ਖ਼ਮੀਆਂ ਨੂੰ 1-1 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਦੂਜਾ ਹਾਦਸਾ ਇਟਾਵਾ ਨੇੜੇ ਵਾਪਰਿਆ ਜਿਥੇ ਲਿਛਾਵੀ ਐਕਸਪ੍ਰੈੱਸ, ਮਗਧ ਐਕਸਪ੍ਰੈੱਸ ਨਾਲ ਜਾ ਟਕਰਾਈ। ਤੀਜਾ ਹਾਦਸਾ ਇਲਾਹਾਬਾਦ ਨੇੜੇ ਵਾਪਰਿਆ ਜਿਥੇ ਸਰਜੂ ਐਕਸਪ੍ਰੈੱਸ ਇਕ ਟਰਾਲੀ ਵਿਚ ਜਾ ਵੱਜੀ। ਉਤਰ ਭਾਰਤ ਵਿਚ ਸੀਤ ਲਹਿਰ ਦੇ ਚਲਦਿਆਂ ਪੰਜਾਬ 'ਚ ਕੜਾਕੇ ਦੀ ਠੰਡ ਪੈ ਰਹੀ ਹੈ। ਪੰਜਾਬ ਅਤੇ ਹਰਿਆਣਾ ਵਿਚ ਆਉਣ ਵਾਲੇ ਦਿਨਾਂ ਦੌਰਾਨ ਜਿੱਥੇ ਸੀਤ ਲਹਿਰ ਦਾ ਪ੍ਰਕੋਪ ਜਾਰੀ ਰਹਿਣ ਦੀ ਸੰਭਾਵਨਾ ਹੈ ਉੱਥੇ 3 ਜਨਵਰੀ ਨੂੰ ਬਾਰਸ਼ ਵੀ ਹੋਈ ਹੈ,ਜਿਹੜੀ ਫਸਲਾਂ ਲਈ ਲਾਹੇਵੰਦ ਸਮਝੀ ਜਾ ਰਹੀ ਹੈ। ਮੌਸਮ ਵਿਭਾਗ ਦੇ ਡਾਇਰੈਕਟਰ ਡਾ. ਚੇਤਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਅੰਮ੍ਰਿਤਸਰ ਤੇ ਆਦਮਪੁਰ ਸਭ ਤੋਂ ਠੰਡੇ ਰਹੇ। ਉਨ੍ਹਾਂ ਇਹ ਵੀ ਦੱਸਿਆ ਕਿ ਚੰਡੀਗੜ੍ਹ , ਅੰਬਾਲਾ ,ਹਿਸਾਰ, ਕਰਨਾਲ ਦਿੱਲੀ ਸ੍ਰੀਨਗਰ ਲੁਧਿਆਣਾ ਪਟਿਆਲਾ, ਭੁੰਤਰ ,ਮੰਡੀ, ਸ਼ਿਮਲਾ, ਸੁੰਦਰਨਗਰ ਨਾਹਨ ਸਭ ਤੋਂ ਠੰਡੇ ਰਹੇ। ਮਹਾਂ ਨਗਰ ਲੁਧਿਆਣਾ ਅੰਦਰ ਲੋਕ ਸਾਰਾ ਦਿਨ ਹੀ ਸੂਰਜ ਦੇਵਤਾ ਦੇ ਦਰਸ਼ਨ ਕਰਨ ਨੂੰ ਤਰਸਦੇ ਰਹੇ। ਇਸੇ ਤਰ੍ਹਾਂ ਜਲੰਧਰ ਵਿਚ ਭੀੜ ਭੜੱਕੇ ਵਾਲੇ ਬਾਜ਼ਾਰਾਂ ਵਿਚ ਠੰਡ ਕਾਰਨ ਲੋਕਾਂ ਦੀ ਆਮਦ ਘੱਟ ਰਹੀ।

## ਪੰਜਾਬ ਵਿਚ ਨਸ਼ਿਆਂ ਦੀ ਸਭ ਤੋਂ ਵੱਡੀ ਖੇਪ ਫੜੀ

**ਜਲੰਧਰ:**ਪੁਲਿਸ ਨੇ ਜਲੰਧਰ ਅਤੇ ਲੁਧਿਆਣਾ ਵਿਚ ਗੁਪਤ ਸੂਚਨਾ ਦੇ ਆਧਾਰ 'ਤੇ ਨਾਕੇਬੰਦੀ ਦੌਰਾਨ 90 ਕਰੋੜ ਦੀਆਂ ਨਸ਼ੀਲੀਆਂ ਦਵਾਈਆਂ ਸਣੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦਸਿਆ ਜਾ ਰਿਹਾ ਹੈ ਕਿ ਪੰਜਾਬ ਵਿਚ ਪੁਲਿਸ ਨੇ ਪਹਿਲੀ ਵਾਰ ਏਨੀ ਵੱਡੀ ਮਾਤਰਾ ਵਿਚ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਹਨ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਕੋਲੋਂ 18 ਕਿਲੋ ਨਸ਼ੀਲੇ ਪਦਾਰਥ, ਇਕ ਪੋਜੈਰੋ ਗੱਡੀ ਅਤੇ ਸਿਟੀ ਹਾਂਡਾ ਕਾਰ ਅਤੇ ਇਕ ਰਿਵਾਲਵਰ ਵੀ ਬਰਾਮਦ ਹੋਇਆ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪੰਕਜ ਕੁਮਾਰ ਉਰਫ਼ ਬੌਬੀ ਪੁੱਤਰ ਬਨਾਰਸੀ ਦਾਸ ਵਾਸੀ ਸੁਨਾਮ (ਸੰਗਰੂਰ), ਨਰਿੰਦਰ ਕੁਮਾਰ ਅਗਰਵਾਲ ਉਰਫ਼ ਗੋਇਲ ਪੁੱਤਰ ਧਰਮਪਾਲ ਅਗਰਵਾਲ ਵਾਸੀ ਬਰਨਾਲਾ ਅਤੇ ਸੰਜੀਵ ਸਿੰਘ ਪੁੱਤਰ ਪਾਲ ਸਿੰਘ ਵਾਸੀ ਅਪਾਰਟਮੈਂਟ ਮਯੂਰ ਵਿਹਾਰ ਫ਼ੇਜ਼-1 ਨਵੀਂ ਦਿੱਲੀ ਵਜੋਂ ਹੋਈ।

## ਬਿਜਲੀ ਮੁੱਦਾ ਹੱਲ ਨਾ ਕੀਤਾ ਤਾਂ ਹਾਲਾਤ ਖ਼ਰਾਬ ਹੋਣਗੇ

**ਚੰਡੀਗੜ੍ਹ :** ਕਿਸਾਨ ਵਰਗ ਨੂੰ ਛੱਡ ਕੇ ਬਾਕੀ ਵਰਗਾਂ ਘਰੇਲੂ, ਦੁਕਾਨਦਾਰਾਂ, ਵਪਾਰੀ ਅਤੇ ਸਨਅਤੀ ਖੇਤਰਾਂ ਲਈ ਵਧਾਈਆਂ ਬਿਜਲੀ ਦਰਾਂ ਦੇ ਭਾਰ ਨੂੰ ਲੈ ਕੇ ਪਿਛਲੇ ਚਾਰ ਮਹੀਨਿਆਂ ਤੋਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਚੱਲ ਰਹੇ ਰੇੜਕੇ ਨੇ ਹੁਣ 'ਗੰਭੀਰ ਰੂਪ' ਧਾਰਨ ਕਰ ਲਿਆ ਹੈ। ਬੀਤੇ ਦਿਨੀਂ ਲਗਾਤਾਰ ਹੋਈਆਂ ਮੀਟਿੰਗਾਂ ਫੇਲ੍ਹ ਹੋ ਚੁੱਕੀਆਂ ਹਨ। ਦਿੱਲੀ ਵਿਚ ਬਾਦਲ ਦੀ ਭਾਜਪਾ ਹਾਈਕਮਾਨ ਨਾਲ ਮੀਟਿੰਗ ਵੀ ਅਸਫਲ ਹੀ ਸਮਝੀ ਜਾ ਰਹੀ ਹੈ ਕਿਉਂਕਿ ਪੰਜਾਬ ਭਾਜਪਾ ਹਾਈਕਮਾਨ ਦੇ ਸਟੈਂਡ ਤੋਂ ਖੁਸ਼ ਨਹੀ ਜਾਪ ਰਹੀ।

ਅੰਦਰੂਨੀ ਖਿਚੋਤਾਣ ਏਨੀ ਵੱਧ ਗਈ ਹੈ ਕਿ ਤੋੜ-ਵਿਛੋੜੇ ਤਕ ਦੇ ਆਸਾਰ ਪੈਦਾ ਹੋ ਰਹੇ ਹਨ। ਬੀ.ਜੇ.ਪੀ. ਦੇ ਸੀਨੀਅਰ ਨੇਤਾ ਬਲਰਾਮਜੀ ਦਾਸ ਟੰਡਨ ਨੇ ਦਸਿਆ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਟਾਲ-ਮਟੋਲ ਕਰਦੇ ਰਹੇ ਅਤੇ ਗ਼ੈਰ-ਕਿਸਾਨ ਵਰਗਾਂ ਉਤੇ ਬਿਜਲੀ ਵਾਧੇ ਦਾ ਭਾਰ ਨਾ ਘਟਾਇਆ ਤਾਂ ਹਾਲਤ ਬਹੁਤ ਖ਼ਰਾਬ ਹੋ ਜਾਵੇਗੀ ਕਿਉਂਕਿ ਲੋਕ ਸ਼ਰੇਆਮ ਸਰਕਾਰੀ ਮੰਤਰੀਆਂ ਨੂੰ ਫਿਟਕਾਰਾਂ ਪਾਉਣਗੇ। ਇਹ ਪੁੱਛੇ ਜਾਣ 'ਤੇ ਕਿ ਹਾਲਤ ਖ਼ਰਾਬ ਦਾ ਮਤਲਬ ਤੋੜ-ਵਿਛੋੜੇ ਵਾਲੀ ਗੱਲ ਹੈ, ਸ੍ਰੀ ਟੰਡਨ ਨੇ ਕਿਹਾ ਕਿ ਸਾਡੀ ਪਾਰਟੀ ਨੇ ਮਾਮਲਾ ਅਪਣੀ ਹਾਈ ਕਮਾਨ ਤਕ ਕਈ ਵਾਰ ਪਹੁੰਚਾਇਆ ਹੈ ਅਤੇ ਸੀਨੀਅਰ ਬਾਦਲ ਨਾਲ ਵੀ ਪੰਜਾਬ ਮਾਮਲਿਆਂ ਦੇ ਇੰਚਾਰਜ ਬਲਬੀਰ ਪੁੰਜ ਦੀ ਕਈ ਵਾਰ ਤਲਖ਼ੀ ਹੋ ਚੁਕੀ ਹੈ। ਸ੍ਰੀ ਟੰਡਨ ਨੇ ਦਸਿਆ ਕਿ ਸਾਡੀ ਪਾਰਟੀ ਪਿਛਲੇ ਤਿੰਨ ਸਾਲਾਂ ਤੋਂ ਕਿਸਾਨਾਂ ਨੂੰ ਦਿਤੀ ਜਾ ਰਹੀ ਮੁਫ਼ਤ ਬਿਜਲੀ ਦੇ ਵਿਰੁਧ ਨਹੀਂ ਪਰ ਅਪ੍ਰੈਲ ਤੋਂ ਵਧਾਈਆਂ ਬਿਜਲੀ ਦਰਾਂ ਦਾ ਭਾਰ ਬਾਕੀ ਵਰਗਾਂ ਉਤੇ ਲੱਦੇ ਜਾਣ ਦੇ ਉਹ ਵਿਰੁਧ ਹਨ। ਉਨ੍ਹਾਂ ਕਿਹਾ ਕਿ ਕਰੀਬ 750 ਕਰੋੜ ਰੁਪਏ ਦਾ ਵਾਧਾ ਸਰਕਾਰ ਨੂੰ ਖ਼ੁਦ ਝਲਣਾ ਚਾਹੀਦਾ ਹੈ ਜਿਵੇਂ ਕਿਸਾਨੀ ਵਰਗ ਦੇ ਬਿਜਲੀ ਬਿਲਾਂ ਦਾ 3000 ਕਰੋੜ ਦਾ ਭਾਰ ਸਰਕਾਰ ਖ਼ੁਦ ਚੁੱਕ ਰਹੀ ਹੈ। ਜ਼ਿਕਰਯੋਗ ਹੈ ਕਿ 12 ਲੱਖ ਤੋਂ ਵਧ ਟਿਊਬਵੈਲਾਂ ਦੇ ਬਿਜਲੀ ਬਿਲ (283 ਰੁਪਏ ਪ੍ਰਤੀ ਹਾਰਸ ਪਾਵਰ) ਨਾਲ ਖੇਤੀ ਸੈਕਟਰ ਦੇ ਬਿਲ ਪ੍ਰਤੀ ਮਹੀਨਾ ਸਾਰਾ ਕੁੱਝ ਸਰਕਾਰ ਦੇ ਰਹੀ ਹੈ ਜਦਕਿ ਬੀ.ਜੇ.ਪੀ. ਸਿਰਫ਼ ਵਧੀਆਂ ਹੋਈਆਂ ਦਰਾਂ ਦਾ ਭਾਰ ਹੀ ਸਰਕਾਰ ਨੂੰ ਝੱਲਣ ਲਈ ਆਖ ਰਹੀ ਹੈ। ਸ੍ਰੀ ਟੰਡਨ ਨੇ ਦਸਿਆ ਕਿ ਬੀ.ਜੇ.ਪੀ. ਦੀ ਕੋਰ ਕਮੇਟੀ ਜਿਸ ਵਿਚ ਉਹ ਖ਼ੁਦ, ਪ੍ਰੋ. ਰਜਿੰਦਰ ਭੰਡਾਰੀ, ਮਦਨ ਮੋਹਨ ਮਿੱਤਲ, ਮਨੋਰੰਜਨ ਕਾਲੀਆ, ਬ੍ਰਿਜ ਲਾਲ ਰਿਣਵਾ, ਕਮਲ ਸ਼ਰਮਾ, ਅਸ਼ਵਨੀ ਕੁਮਾਰ ਅਤੇ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹੋਏ, ਦੀ ਬੈਠਕ ਬੀਤੇ ਦਿਨੀਂ ਦਿੱਲੀ ਵਿਚ ਹੋਈ ਸੀ। ਮੁੱਦੇ ਨੂੰ ਲੈ ਕੇ ਕਾਫ਼ੀ ਲੰਬੀ ਚਰਚਾ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 50 ਲੱਖ ਘਰੇਲੂ ਪਰਵਾਰਾਂ ਦੀਆਂ ਚੀਕਾਂ ਨਿਕਲ ਰਹੀਆਂ ਹਨ ਕਿਉਂਕਿ ਬਿਜਲੀ ਦੇ ਵਧੇ ਹੋਏ ਰੇਟਾਂ ਦਾ ਬੋਝ ਉਨ੍ਹਾਂ ਉਤੇ ਪੈ ਰਿਹਾ ਹੈ ਜਿਸ ਦਾ ਖ਼ਮਿਆਜ਼ਾ ਆਉਂਦੀਆਂ ਚੋਣਾਂ ਵਿਚ ਭੁਗਤਣਾ ਪਵੇਗਾ। ਸ੍ਰੀ ਟੰਡਨ ਨੇ ਦੁੱਖ ਜ਼ਾਹਰ ਕੀਤਾ ਕਿ ਇਸ ਮਸਲੇ ਨੂੰ ਟਾਲਣ ਲਈ ਮੁੱਖ ਮੰਤਰੀ ਨੇ ਕਾਲੀਆ-ਸੁਖਬੀਰ ਕਮੇਟੀ ਬਣਾ ਦਿਤੀ ਜਿਸ ਨੇ 3500 ਕਰੋੜ ਦੇ ਵਾਧੂ ਆਮਦਨੀ ਸਰੋਤਾਂ ਦਾ ਸੁਝਾਅ ਦਿਤਾ ਪਰ ਸਾਡੀ ਪਾਰਟੀ ਦਾ ਇਹ ਸਟੈਂਡ ਹੈ ਕਿ ਪਹਿਲਾਂ ਸਰਕਾਰ ਬਾਕੀ ਵਰਗਾਂ 'ਤੇ ਪਾਏ ਬਿਜਲੀ ਦੇ ਵਾਧੂ ਬੋਝ ਦਾ ਹੱਲ ਕਢੇ ਫਿਰ ਇਸ ਕਮੇਟੀ ਦੀ ਰੀਪੋਰਟ ਨੂੰ ਜਨਤਕ ਕਰੇ। ਸੂਤਰਾਂ ਅਨੁਸਾਰ ਦੋਵੇਂ ਧਿਰਾਂ ਇਸ ਕੰਢੇ ਪਹੁੰਚ ਗਈਆਂ ਹਨ ਕਿ ਹੁਣ ਵਾਪਸੀ ਦੀ ਸਥਿਤੀ ਆਉਣੀ ਮੁਸ਼ਕਲ ਹੈ।

ਸੰਕਟ ਇੰਨਾਂ ਗੰਭੀਰ ਅਤੇ ਖ਼ਤਰਨਾਕ ਹੋ ਰਿਹਾ ਹੈ ਕਿ ਆਉਂਦੇ ਦੋ ਸਾਲਾਂ ਵਿਚ ਸਾਂਝੇ ਗੁੱਟ ਦਾ ਜਲੂਸ ਨਿਕਲ ਜਾਵੇਗਾ। ਅੰਦਰੂਨੀ ਘੁਸਰ-ਮੁਸਰ ਇਹ ਵੀ ਚੱਲ ਰਹੀ ਹੈ।

## ਹਰਿਆਣਾ 'ਚ ਧਰਤੀ ਹੇਠਲਾ ਪਾਣੀ ਖਰਾਬ ਹੋਇਆ

**ਪੰਚਕੂਲਾ**:ਹਰਿਆਣਾ ਰਾਜ ਦੇ ਵੱਡੇ ਹਿੱਸੇ ਵਿਚ ਪੀਣ ਵਾਲਾ ਪਾਣੀ ਹੁਣ ਪੀਣ ਯੋਗ ਨਹੀਂ ਰਿਹਾ ਕਿਉਂਕਿ ਰਾਜ ਦੇ 60 ਫੀਸਦੀ ਹਿੱਸੇ ਵਿਚ ਧਰਤੀ ਹੇਠਲਾ ਪਾਣੀ ਆਪਣੀ ਸਤਿਹ ਤੋਂ ਕਾਫੀ ਹੇਠਾਂ ਜਾਣ ਕਾਰਨ ਦੂਸ਼ਿਤ ਹੋ ਗਿਆ ਹੈ। ਇਹ ਗੰਧਲਾ ਅਤੇ ਨਮਕ ਵਾਲਾ ਖਾਰਾ ਪਾਣੀ ਹੈ। ਜਲ ਸੰਸਾਧਨ ਦੀ ਰਿਪੋਰਟ ਅਨੁਸਾਰ ਪਾਣੀ ਦੀ ਸਤਿਹ ਵਧੇਰੇ ਕਰਕੇ ਉਨ੍ਹਾਂ ਹਿੱਸਿਆਂ ਵਿਚ ਹੇਠਾਂ ਚਲੀ ਗਈ, ਜਿੱਥੇ ਉਹ ਫਸਲਾਂ ਲਗਾਈਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਵੱਧ ਸਿੰਜਾਈ ਦੀ ਲੋੜ ਹੁੰਦੀ ਹੈ। ਹੁਣ ਕਾਲਕਾ, ਪਿੰਜੌਰ, ਸਿਰਸਾ, ਪੰਚਕੂਲਾ, ਫਤਿਹਾਬਾਦ, ਰੋਹਤਕ, ਰਿਵਾੜੀ, ਮਹਿੰਦਰਗੜ੍ਹ, ਮੇਵਾਤ ਦੇ ਕਈ ਹਿੱਸਿਆਂ ਵਿਚ ਪਾਣੀ ਆਪਣੀ ਸਤਿਹ ਤੋਂ ਏਨਾ ਹੇਠਾਂ ਚਲਾ ਗਿਆ ਹੈ ਕਿ ਡੂੰਘੇ ਟਿਊਬਵੈੱਲਾਂ ਲਈ ਵੀ ਕਈ ਕਈ ਵਾਰੀ ਬੋਰ ਕਰਨੇ ਪੈ ਰਹੇ ਹਨ ਅਤੇ ਪੁਰਾਣੇ ਲੱਗੇ ਕਈ ਟਿਊਬਵੈੱਲ ਸੁੱਕ ਗਏ ਹਨ। ਇਨ੍ਹਾਂ ਜ਼ਿਲਿਆਂ ਵਿਚ ਜੋ ਪਾਣੀ ਆ ਰਿਹਾ ਹੈ ਉਸ ਵਿਚ ਫਲੋਰਾਈਡਆਸੇਨਿਕ ਤੱਤ ਵਧੇਰੇ ਹੋਣ ਕਾਰਨ ਕਈ ਜ਼ਹਿਰੀਲੇ ਤੱਤ ਵੀ ਇਸ ਵਿਚ ਮਿਲ ਰਹੇ ਹਨ। ਇਸਦੇ ਪਿੱਛੇ ਵੱਡਾ ਕਾਰਨ ਕਈ ਫੈਕਟਰੀਆਂ ਦਾ ਪਾਣੀ ਨਦੀਆਂ, ਨਾਲਿਆਂ ਵਿਚ ਜਾਣ ਦੀ ਬਜਾਏ ਖੁੱਲ੍ਹ ਵਿਚ ਛੱਡੇ ਜਾਣ ਕਾਰਨ ਧਰਤੀ ਦੀ ਹੇਠਲੀ ਸਤਿਹ ਤਕ ਜਾ ਕੇ ਮਾਰ ਕਰ ਰਿਹਾ ਹੈ ਅਤੇ ਪੀਣ ਵਾਲੇ ਪਾਣੀ ਨਾਲ ਰਲ ਰਿਹਾ ਹੈ। ਹਰਿਆਣਾ ਦੇ ਪੰਚਕੂਲਾ ਸਥਿਤ ਖੇਤੀ ਵਿਭਾਗ ਦੇ ਵਿਗਿਆਨੀਆਂ ਨੇ ਦੱਸਿਆ ਕਿ ਹਰਿਆਣਾ ਦੀਆਂ ਫਸਲਾਂ ਉਤੇ ਹੀ 85 ਫੀਸਦੀ ਪਾਣੀ ਲੱਗ ਰਿਹਾ ਹੈ। ਹਰਿਆਣਾ ਵਿਚ ਹੁਣ 14 ਮਿਲੀਅਨ ਏਕੜ ਫੁੱਟ ਪਾਣੀ ਦਾ ਭੰਡਾਰ ਹੈਜਦੋਂ ਕਿ ਜ਼ਰੂਰਤ 36 ਮਿਲੀਅਨ ਏਕੜ ਫੁੱਟ ਪਾਣੀ ਦੀ ਹੈ। ਇਸਦਾ ਕਾਰਨ ਚੌਲਾਂ ਅਤੇ ਕਣਕ ਦੀ ਖੇਤੀ ਬਣੇ ਹੋਏ ਹਨ।

ਹਰਿਆਣਾ ਦੇ ਹੁਣ 55 ਬਲਾਕਾਂ ਦਾ ਪਾਣੀ ਸੋਡੀਅਮ ਕਾਰਬੋਨੇਟ (ਸੋਢੇ) ਵਾਲਾ ਹੈ। ਪੰਚਕੂਲਾ ਦੇ ਨਾਢਾ ਪਿੰਡ ਅਤੇ ਆਸ-ਪਾਸ ਦੇ ਇਲਾਕੇ ਦਾ ਪਾਣੀ ਵੀ ਲੂਣ ਅਤੇ ਸੋਡੀਅਮ ਕਾਰਬੋਨੇਟ ਵਾਲਾ ਹੈ। ਜਨ ਸਿਹਤ ਵਿਭਾਗ ਅਤੇ ਭੂਮੀ ਦੇ ਪਾਣੀ ਦੀ ਸੋਧ ਕਰ ਰਹੇ ਵਿਗਿਆਨੀਆਂ ਅਨੁਸਾਰ 1974 ਤੋਂ 1998 ਤਕ ਹਰਿਆਣਾ ਦੇ ਬਹੁਤੇ ਹਿੱਸਿਆਂ ਵਿਚ 3 ਤੋਂ 12 ਮੀਟਰ ਤਕ ਪਾਣੀ ਆਪਣੀ ਸਤਿਹ ਤੋਂ ਹੇਠਾਂ ਚਲਿਆ ਗਿਆ ਸੀ ਅਤੇ ਹੁਣ ਦਿਨੋ ਦਿਨ ਹੋਰ ਥੱਲ੍ਹੇ ਜਾ ਰਿਹਾ ਹੈ।

**ਕਣਕ ਹੇਠਲਾ ਰਕਬਾ ਘਟਿਆ:** ਕਣਕ ਦੀ ਬਿਜਾਈ ਦਾ ਸੀਜ਼ਨ ਤਕਰੀਬਨ ਖ਼ਤਮ ਹੋ ਗਿਆ ਹੈ ਅਤੇ ਪੰਜਾਬ ਤੇ ਹਰਿਆਣਾ 'ਚ ਕਣਕ ਦੇ ਰਕਬੇ 'ਚ ਕਮੀ ਦੀ ਸੰਭਾਵਨਾ ਹੈ, ਜਦਕਿ ਦੋਹਾਂ ਰਾਜਾਂ ਵਲੋਂ 260 ਲੱਖ ਮੀਟਿਰਕ ਟਨ ਕਣਕ ਉਤਪਾਦਨ ਦਾ ਟੀਚਾ ਮਿਥਿਆ ਗਿਆ ਹੈ। ਪੰਜਾਬ ਖੇਤੀਬਾੜੀ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੰਜਾਬ 'ਚ ਇਸ ਸਾਲ 35.21 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਹੋਈ ਹੈ, ਜਿਹੜੀ ਪਿਛਲੇ ਸਾਲ ਦੇ ਮੁਕਾਬਲੇ 5 ਹਜ਼ਾਰ ਹੈਕਟੇਅਰ ਘੱਟ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਬਿਜਾਈ ਦਾ ਕੰਮ ਤਕਰੀਬਨ ਮੁਕੰਮਲ ਹੋ ਗਿਆ ਹੈ ਅਤੇ ਹੁਣ ਤੱਕ 35.21 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਹੋਈ ਹੈ, ਜਿਹੜੀ ਪਿਛਲੇ ਸਾਲ ਦੇ ਮੁਕਾਬਲੇ 5 ਹਜ਼ਾਰ ਹੈਕਟੇਅਰ ਘੱਟ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਬਿਜਾਈ ਦਾ ਕੰਮ ਤਕਰੀਬਨ ਮੁਕੰਮਲ ਹੋ ਗਿਆ ਹੈ ਅਤੇ ਹੁਣ ਤੱਕ 35.21 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਹੋਈ ਹੈ, ਜਿਹੜੀ ਪਿਛਲੇ ਸਾਲ ਦੇ ਮੁਕਾਬਲੇ 5 ਹਜ਼ਾਰ ਹੈਕਟੇਅਰ ਘੱਟ ਹੈ। ਹਰਿਆਣਾ 'ਚ ਵੀ ਇਸ ਸਾਲ 24.55 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਦੀ ਸੰਭਾਵਨਾ ਹੈ, ਜਦਕਿ ਪਿਛਲੇ ਸਾਲ 24.62 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਕੀਤੀ ਗਈ ਸੀ। ਹਰਿਆਣਾ ਖੇਤੀਬਾੜੀ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ 29 ਦਸੰਬਰ ਤੱਕ 24.50 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਹੋਈ ਅਤੇ ਇਸ ਸਾਲ ਕੁੱਲ 24.55 ਲੱਖ ਹੈਕਟੇਅਰ ਰਕਬੇ 'ਚ ਕਣਕ ਦੀ ਫਸਲ ਦੀ ਬਿਜਾਈ ਦੀ ਸੰਭਾਵਨਾ ਹੈ, ਜਿਹੜੇ ਪਿਛਲੇ ਸਾਲ ਦੇ ਮੁਕਾਬਲੇ ਘੱਟ ਹੈ। ਖੇਤੀ ਅਧਿਕਾਰੀਆਂ ਨੂੰ ਆਸ ਹੈ ਕਿ ਉਤਪਾਦਨ ਦਾ ਟੀਚਾ ਹਾਸਲ ਕਰ ਲਿਆ ਜਾਵੇਗਾ।

## ਪੇਸ਼ਾਵਰ 'ਚ ਠਹਿਰੇ ਸਿੱਖਾਂ ਕੋਲ ਤਨ ਢਕਣ ਲਈ ਕੰਬਲ ਵੀ ਨਹੀਂ

**ਚੰਡੀਗੜ੍ਹ :** ਪੇਸ਼ਾਵਰ ਵਿਚ ਜਦ ਰਾਤ ਦਾ ਤਾਪਮਾਨ ਮਨਫ਼ੀ ਚਾਰ ਡਿਗਰੀ ਤਕ ਡਿਗ ਜਾਂਦਾ ਹੈ ਤਾਂ ਠੰਢ ਸਰੀਰਾਂ ਨੂੰ ਤਾਂ ਇਕ ਪਾਸੇ ਰੂਹਾਂ ਨੂੰ ਵੀ ਕਾਂਬਾ ਛੇੜ ਦਿੰਦੀ ਹੈ। ਅਜਿਹੇ ਸਮੇਂ ਉਨ੍ਹਾਂ ਦੀ ਕੀ ਹਾਲਤ ਹੁੰਦੀ ਹੋਵੇਗੀ ਜਿਨ੍ਹਾਂ ਕੋਲ ਅਪਣੇ ਪਿੰਡੇ 'ਤੇ ਪਾਏ ਕਪੜਿਆਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਅਤਿਵਾਦੀਆਂ ਦੇ ਡਰ ਤੋਂ ਅਪਣਾ ਘਰ ਘਾਟ ਛੱਡ ਕੇ ਇਥੇ ਆਏ ਸਿੱਖ ਪਰਵਾਰ ਅਜਿਹਾ ਹੀ ਸੰਤਾਪ ਭੋਗ ਰਹੇ ਹਨ। ਯੂਨਾਈਟਿਡ ਸਿੱਖ ਦੇ ਵਲੰਟੀਅਰ ਇਨ੍ਹਾਂ ਪਰਵਾਰਾਂ ਨੂੰ ਪੇਸ਼ਾਵਰ, ਹਸਨ ਅਦਬਾਲ, ਰਾਵਲਪਿੰਡੀ ਤੇ ਨਨਕਾਣਾ ਸਾਹਿਬ ਵਿਖੇ ਅਪਣਾ ਕੰਮ ਕਾਰ ਸ਼ੁਰੂ ਕਰਨ ਵਿਚ ਸਹਾਇਤਾ ਕਰ ਰਹੇ ਹਨ।

ਸਰਹੱਦੀ ਸੂਬੇ ਤੋਂ ਉਜੜ ਕੇ ਇਥੇ ਪੁੱਜੇ 24 ਪਰਵਾਰਾਂ ਨੂੰ ਹਾਲੇ ਤਕ ਕੋਈ ਸਰਕਾਰੀ ਸਹਾਇਤਾ ਨਹੀਂ ਮਿਲੀ। ਕੜਾਕੇ ਦੀ ਠੰਢ ਵਿਚ ਇਨ੍ਹਾਂ ਦੀ ਸਭ ਤੋਂ ਪਹਿਲੀ ਜ਼ਰੂਰਤ ਕੰਬਲ ਤੇ ਗਰਮ ਕਪੜੇ ਹਨ। ਹਰੇਕ ਪਰਵਾਰ ਨੂੰ ਸਿਰ ਢਕਣ ਤੇ ਹੋਰ ਲੋੜਾਂ ਦੀ ਪੂਰਤੀ ਲਈ ਤੁਰਤ 1000 ਡਾਲਰ ਦੀ ਜ਼ਰੂਰਤ ਹੈ। ਸੰਯੁਕਤ ਰਾਸ਼ਟਰ ਦੇ ਪਾਕਿ ਵਿਚ ਕੁਆਰਡੀਨੇਟਰ ਮਾਰਟਿਨ ਨੇ ਕਿਹਾ ਕਿ ਜਿਹੜੇ ਲੋਕ ਫੌਜੀ ਜਾਂ ਤਾਲਿਬਾਨ ਦੀ ਕਾਰਵਾਈ ਕਾਰਨ ਕਿਸੇ ਤਰ੍ਹਾਂ ਵੀ ਪ੍ਰਭਾਵਤ ਹੋਏ ਹਨ, ਉਨ੍ਹਾਂ ਦੀ ਸਹਾਇਤਾ ਲਈ ਤੁਰਤ ਕਦਮ ਚੁੱਕਣ ਦੀ ਜ਼ਰੂਰਤ ਹੈ।

ਯੂਨਾਈਟਿਡ ਸਿੱਖ ਜਥੇਬੰਦੀ ਵੀ ਸੰਯੁਕਤ ਰਾਸ਼ਟਰ ਨਾਲ ਮਿਲ ਕੇ ਅਪਣਾ ਘਰ ਘਾਟ ਛੱਡ ਕੇ ਆਏ ਲੋਕਾਂ ਦੀ ਸਹਾਇਤਾ ਲਈ ਮੁਹਿੰਮ ਚਲਾ ਰਹੀ ਹੈ। ਪਾਕਿ ਦੇ ਸਮਾਜ ਭਲਾਈ ਮਹਿਕਮੇ ਨੇ ਭਰੋਸਾ ਦਿਤਾ ਹੈ ਕਿ ਇਨ੍ਹਾਂ ਪਰਵਾਰਾਂ ਦੀ ਅਗਲੇ ਮਹੀਨੇ ਰਜਿਸ਼ਟਰੇਸ਼ਨ ਕੀਤੀ ਜਾਵੇਗੀ। ਯੂਨਾਈਟਿਡ ਸਿੱਖ ਦੇ ਕੋਆਰਡੀਨੇਟਰ ਹਰਦਿਆਲ ਸਿੰਘ ਨੇ ਕਿਹਾ ਕਿ ਇਸ ਵੇਲੇ ਸਭ ਤੋਂ ਗੰਭੀਰ ਮਸਲਾ ਠੰਢ ਦਾ ਟਾਕਰਾ ਕਰਨਾ ਹੈ। ਬਹੁਤੇ ਪਰਵਾਰ ਅਪਣਾ ਸਭ ਕੁਝ ਗੁਆ ਕੇ ਇਥੇ ਪੁੱਜੇ ਹਨ ਤੇ ਉਨ੍ਹਾਂ ਕੋਲ ਅਪਣੀ ਰੋਜ਼ੀ ਰੋਟੀ ਦੀ ਕੋਈ ਪ੍ਰਬੰਧ ਨਹੀਂ ਹੈ। ਜਿਸ ਹਾਲਤ ਚੋਂ ਉਹ ਲੰਘ ਰਹੇ ਹਨ, ਉਸ ਨੂੰ ਵੇਖ ਕੇ ਦਿਲ ਦੁਖਦਾ ਹੈ।

## ਲੁਧਿਆਣਾ ਦੀ ਲੜਕੀ ਦਾ ਆਸਟਰੇਲੀਆ 'ਚ ਕਤਲ

**ਲੁਧਿਆਣਾ:**ਬੀਤੀ 30 ਦਸੰਬਰ ਨੂੰ ਲੁਧਿਆਣਾ ਦੇ ਡਾਬਾ ਇਲਾਕੇ ਵਿਚ ਰਹਿਣ ਵਾਲੀ ਇਕ ਔਰਤ ਦਾ ਉਸਦੇ ਪਤੀ ਵਲੋਂ ਆਸਟਰੇਲੀਆ ਵਿਚ ਬੜੀ ਬੇਰਹਿਮੀ ਨਾਲ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਮੈਲਬੋਰਨ ਪੁਲਿਸ ਨੇ ਕਾਤਲ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਦੀ ਸ਼ਨਾਖਤ ਮਨਪ੍ਰੀਤ ਕੌਰ ਪਤਨੀ ਚਮਨਜੋਤ ਸਿੰਘ ਵਜੋਂ ਕੀਤੀ ਗਈ ਹੈ। ਮਨਪ੍ਰੀਤ ਕੌਰ ਪੜ੍ਹਾਈ ਦੇ ਆਧਾਰ 'ਤੇ ਇਸ ਸਾਲ ਜਨਵਰੀ ਵਿਚ ਆਸਟਰੇਲੀਆ ਗਈ ਸੀ ਅਤੇ ਮਈ ਵਿਚ ਉਸਨੇ ਆਪਣੇ ਪਤੀ ਚਮਨਜੋਤ ਸਿੰਘ ਨੂੰ ਵੀ ਆਸਟਰੇਲੀਆ ਬੁਲਾ ਲਿਆ। ਮਨਪ੍ਰੀਤ ਕੌਰ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ ਰਹਿੰਦੀ ਸੀ ਅਤੇ ਮਨਪ੍ਰੀਤ ਕੌਰ ਪੜਾਈ ਤੋਂ ਬਾਅਦ ਨੌਕਰੀ ਕਰਕੇ ਆਪਣੇ ਗੁਜ਼ਾਰਾ ਕਰ ਰਹੀ ਸੀ, ਜਦਕਿ ਉਸਦਾ ਪਤੀ ਵਿਹਲਾ ਹੀ ਸੀ। ਪਤੀ ਵਲੋਂ ਕੁਝ ਦਿਨ ਪਹਿਲਾਂ ਉਸਦੇ ਖਾਤੇ ਵਿਚੋਂ 1500 ਡਾਲਰ ਵੀ ਕਢਵਾ ਲਏ ਸਨ। ਮਨਪ੍ਰੀਤ ਕੌਰ ਦਾ ਵਿਆਹ ਪਿਛਲੇ ਸਾਲ ਸਤੰਬਰ ਵਿਚ ਹੋਇਆ ਸੀ ਅਤੇ ਉਸਦਾ ਪਿਤਾ ਦੀ ਡਾਬਾ ਇਲਾਕੇ ਵਿਚ ਹੀ ਸਾਇਕਲ ਪਾਰਟਸ ਦੀ ਫੈਕਟਰੀ ਹੈ।

ਜਾਣਕਾਰੀ ਅਨੁਸਾਰ ਚਮਨਜੋਤ ਸਿੰਘ ਨੇ ਆਪਣੀ ਪਤਨੀ ਮਨਪ੍ਰੀਤ ਕੌਰ ਦੇ ਗਲੇ 'ਤੇ ਤੇਜ਼ਧਾਰ ਹਥਿਆਰਾਂ ਨਾਲ ਕਈ ਵਾਰ ਕੀਤੇ ਜੋ ਕਿ ਉਸਦੀ ਮੌਤ ਦਾ ਕਾਰਨ ਬਣੇ। ਕਤਲ ਕਰਨ ਤੋਂ ਬਾਅਦ ਚਮਨਜੋਤ ਸਿੰਘ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਿਆ, ਪਰ ਪੁਲਿਸ ਵਲੋਂ ਲੋਕਾਂ ਦੇ ਸਹਿਯੋਗ ਨਾਲ ਮੈਲਬੌਰਨ ਦੇ ਬੱਸ ਅੱਡੇ ਤੋਂ ਉਸਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਅਨੁਸਾਰ ਪਤੀ-ਪਤਨੀ ਦਾ ਅਕਸਰ ਝਗੜਾ ਰਹਿੰਦਾ ਸੀ।

## ਸਵਾਈਨ ਫਲੂ ਨਾਲ ਮੌਤਾਂ ਦਾ ਸਿਲਸਿਲਾ ਜਾਰੀ

**ਜਲੰਧਰ :** ਲੰਘੀ 2 ਜਨਵਰੀ ਨੂੰ ਸਥਾਨਕ ਸਿਵਲ ਹਸਪਤਾਲ 'ਚ ਦਾਖ਼ਲ ਸਵਾਈਨ ਫਲੂ ਦੇ ਚਾਰ ਸ਼ੱਕੀ ਮਰੀਜ਼ਾਂ ਦੀ ਦੇਰ ਰਾਤ ਮੌਤ ਹੋ ਗਈ। ਇਨ੍ਹਾਂ ਮਰੀਜ਼ਾਂ 'ਚ ਵਿਦਿਆ ਦੇਵੀ (50) ਟੋਡਰਪੁਰ (ਹੁਸ਼ਿਆਰਪੁਰ), ਪਰਮਜੀਤ ਕੌਰ (24) ਚੱਕ ਮਾਈ ਦਾਸ (ਨਵਾਂ ਸ਼ਹਿਰ), ਰੇਨੂੰ ਦੇਵੀ ਨਵੀਂ ਦਾਣਾ ਮੰਡੀ (ਜਲੰਧਰ) ਤੇ ਪਰਮਜੀਤ ਸਿੰਘ (45) ਸੁਲਤਾਨਪੁਰ ਲੋਧੀ ਸ਼ਾਮਲ ਹਨ। ਇਨ੍ਹਾਂ ਵਿਚੋਂ 3 ਮਰੀਜ਼ਾਂ ਦੀ ਪਹਿਲੀ ਜਨਵਰੀ ਨੂੰ ਮੌਤ ਹੋਈ ਸੀ, ਜਦਕਿ ਵਿਦਿਆ ਦੇਵੀ ਦੀ ਮੌਤ ਅਗਲੇ ਦਿਨ ਹੋ ਗਈ। ਸਵਾਈਨ ਫਲੂ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਡਾ. ਦੇਸ ਰਾਜ ਨੇ ਦੱਸਿਆ ਕਿ ਮਰੀਜ਼ਾਂ ਦੇ ਟੈਸਟ ਵਾਸਤੇ ਨਮੂਨੇ ਭੇਜੇ ਗਏ ਹਨ, ਜਿਨ੍ਹਾਂ ਦੀ ਰਿਪੋਰਟ ਅਜੇ ਆਉਣੀ ਬਾਕੀ ਹੈ। ਸਵਾਈਨ ਫਲੂ ਨਾਲ ਇਕੱਠੇ ਚਾਰ ਮਰੀਜ਼ਾਂ ਦੀ ਮੌਤ ਹੋ ਜਾਣ ਨਾਲ ਇਸ ਖੇਤਰ ਵਿਚ ਦਹਿਸ਼ਤ ਫੈਲ ਗਈ ਹੈ। ਇਸ ਤੋਂ ਪਹਿਲਾਂ ਜਲੰਧਰ 'ਚ ਮਰਨ ਵਾਲਿਆਂ ਦੀ ਗਿਣਤੀ 12 ਦੱਸੀ ਗਈ ਹੈ।

ਇਸ ਦੌਰਾਨ ਪਿਛਲੇ ਕੁਝ ਦਿਨਾਂ ਵਿਚ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਖੇਤਰ ਵਿਚ ਕਈ ਮੌਤਾਂ ਹੋ ਚੁੱਕੀਆਂ ਹਨ। ਸਵਾਈਨ ਫਲੂ ਕਾਰਨ ਮੋਹਾਲੀ ਨਿਵਾਸੀ ਇਕ ਮਹਿਲਾ ਨੇ ਦਮ ਤੋੜ ਦਿੱਤਾ ਅਤੇ ਮੋਹਾਲੀ ਦੇ ਇਕ ਨਿੱਜੀ ਹਸਪਤਾਲ ਵਿਚ ਵੀ ਸਵਾਈਨ ਫਲੂ ਨਾਲ ਇਕ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲਾ ਸਿਹਤ ਅਧਿਕਾਰੀ ਡਾ. ਐਸ.ਪੀ.ਸੁਰੀਲਾ ਨੇ ਦੱਸਿਆ ਕਿ ਉਨ੍ਹਾਂ ਨੂੰ ਵੀ ਪੀ.ਜੀ.ਆਈ. ਤੋਂ ਰਿਪੋਰਟ ਪ੍ਰਾਪਤ ਹੋਈ ਹੈ ਕਿ ਸਥਾਨਕ ਫੇਜ਼-11 ਦੀ ਰਹਿਣ ਵਾਲੀ ਲਾਜਵੰਤੀ ਨਾਮਕ ਮਹਿਲਾ ਦੀ ਸਵਾਈਨ ਫਲੂ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਦੇ ਹੀ ਮ੍ਰਿਤਕ ਮਹਿਲਾ ਦੇ ਕੰਟੈਕਟ ਮੈਂਬਰਾਂ ਦਾ ਪਤਾ ਕੀਤਾ ਗਿਆ ਅਤੇ ਉਸ ਦੇ ਪੰਜ ਕੰਟੈਕਟ ਮੈਂਬਰ ਮਿਲੇ ਹਨ, ਜਿਨ੍ਹਾਂ ਦੀ ਦਵਾਈ ਸ਼ੁਰੂ ਕਰ ਦਿਤੀ ਗਈ ਹੈ। ਡਾ. ਸੁਰੀਲਾ ਨੇ ਦੱਸਿਆ ਕਿ ਇਸੇ ਤਰ੍ਹਾਂ ਇਕ ਹੋਰ ਵਿਅਕਤੀ ਦੀ ਸਵਾਈਨ ਫਲੂ ਕਾਰਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜੋ ਕਿ ਇਕ ਨਿੱਜੀ ਹਸਪਤਾਲ ਵਿਚ ਭਰਤੀ ਸੀ। ਉਨ੍ਹਾਂ ਦੱਸਿਆ ਕਿ ਇਸਦੀ ਸੂਚਨਾ ਮਿਲਦਿਆਂ ਹੀ ਕੰਟੈਕਟ ਮੈਂਬਰਾਂ ਨੂੰ ਲੱਭ ਕੇ ਦਵਾਈ ਸ਼ੁਰੂ ਕੀਤੀ ਗਈ। ਇਸੇ ਤਰ੍ਹਾਂ ਖਰੜ ਦੇ ਨਜ਼ਦੀਕ ਪੈਂਦੇ ਜੰਡਪੁਰ ਦੇ ਇਕ ਚਾਰ ਮਹੀਨੇ ਦੇ ਬੱਚੇ ਨੂੰ ਵੀ ਸਵਾਈਨ ਫਲੂ ਪਾਜ਼ਿਟਿਵ ਪਾਇਆ ਗਿਆ ਹੈ। ਉਨ੍ਹਾਂ ਨੂੰ ਇਸ ਸਬੰਧੀ ਸੂਚਨਾ ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਸੈਕਟਰ-32 'ਚੋਂ ਪ੍ਰਾਪਤ ਹੋਈ ਹੈ ਤੇ ਉਨ੍ਹਾਂ ਨੇ ਇਸ ਦੇ ਕੰਟੈਕਟ ਮੈਂਬਰਾਂ ਨੂੰ ਵੀ ਦਵਾਈ ਦੇ ਦਿੱਤੀ ਹੈ।

# ਜ਼ਮੀਨੀ ਰਜਿਸਟਰੀਆਂ ਵੀ ਸੂਚਨਾ ਅਧਿਕਾਰ ਹੇਠ

**ਚੰਡੀਗੜ੍ਹ :** ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਇੱਕ ਮਹੱਤਵਪੂਰਨ ਫੈਸਲੇ ਰਾਹੀਂ ਜ਼ਮੀਨਾਂ ਦੀਆਂ ਰਜਿਸਟਰੀਆਂ ਤੇ ਹੋਰ ਮਹੱਤਵਪੂਰਨ ਦਸਤਾਵੇਜ਼ਾਂ ਸਮੇਤ ਅਦਾਲਤੀ ਕੇਸਾਂ ਦੇ ਫੈਸਲਿਆਂ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ 'ਚ ਸ਼ਾਮਿਲ ਕਰ ਦਿੱਤਾ ਹੈ। ਮੁੱਖ ਸੂਚਨਾ ਕਮਿਸ਼ਨਰ ਰਮੇਸ਼ਇੰਦਰ ਸਿੰਘ ਅਤੇ ਸੂਚਨਾ ਕਮਿਸ਼ਨਰ ਜਨਰਲ (ਰਿਟਾ.) ਪੀ.ਕੇ. ਗਰੇਵਰ 'ਤੇ ਅਧਾਰਿਤ ਦੋ ਮੈਂਬਰੀ ਬੈਂਚ ਨੇ ਇਸ ਸਬੰਧੀ ਫੈਸਲਾ ਸੁਣਾਇਆ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਭਾਵੇਂ ਅਜਿਹੇ ਦਸਤਾਵੇਜ਼ ਨਾਗਰਿਕਾਂ ਨੂੰ ਫੀਸ ਜਮ੍ਹਾਂ ਕਰਾਉਣ ਤੋਂ ਬਾਅਦ ਮੁਹੱਈਆ ਕਰਾਉਣ ਦੀ ਵਿਵਸਥਾ ਕੀਤੀ ਗਈ ਹੈ ਪਰ ਪਾਰਲੀਮੈਂਟ ਵਲੋਂ ਸੂਚਨਾ ਅਧਿਕਾਰ ਕਾਨੂੰਨ ਬਣਾਏ ਜਾਣ ਤੋਂ ਬਾਅਦ ਇਸ ਕਾਨੂੰਨ ਤਹਿਤ ਸੂਚਨਾ ਮੰਗਣ ਦਾ ਹਰ ਨਾਗਰਿਕ ਨੂੰ ਹੱਕ ਹਾਸਲ ਹੋ ਗਿਆ ਹੈ। ਕਮਿਸ਼ਨ ਨੇ ਇਹ ਵੀ ਕਿਹਾ ਕਿ ਸਰਕਾਰ ਅਜਿਹੇ ਮਾਮਲਿਆਂ 'ਚ ਵੱਖਰੀ ਫੀਸ ਤੈਅ ਕਰ ਸਕਦੀ ਹੈ ਪਰ ਕਿਸੇ ਵਿਅਕਤੀ ਵਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦਿੱਤੀ ਗਈ ਅਰਜ਼ੀ ਨੂੰ ਲੋਕ ਸੂਚਨਾ ਅਧਿਕਾਰੀ ਰੱਦ ਨਹੀਂ ਕਰ ਸਕਦਾ।

ਮਾਲ ਵਿਭਾਗ ਦੀਆਂ ਅਦਾਲਤਾਂ ਅਤੇ ਦਫ਼ਤਰਾਂ ਦੇ ਲੋਕ ਸੂਚਨਾ ਅਧਿਕਾਰੀਆਂ ਵਲੋਂ ਰਜਿਸਟਰੇਸ਼ਨ ਐਕਟ 1908 ਅਤੇ ਰਜਿਸਟਰੇਸ਼ਨ ਮੈਨੂਅਲ 1929 ਦੀ ਆੜ ਹੇਠ ਰਜਿਸਟਰੀਆਂ ਮੁਖਤਿਆਰਨਾਮਿਆਂ ਅਤੇ ਅਦਾਲਤੀ ਕੇਸਾਂ ਦੇ ਫੈਲਿਆਂ ਦੀਆਂ ਕਾਪੀਆਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਦੇਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਜਾਂਦਾ ਸੀ ਕਿ ਸਰਕਾਰ ਨੇ ਅਜਿਹੀ ਸੂਚਨਾ ਨਾ ਦੇਣ ਲਈ ਵਿਵਸਥਾ ਕੀਤੀ ਹੋਈ ਹੈ। ਇਸ ਲਈ ਇਸ ਤਰ੍ਹਾਂ ਦੀ ਜਾਣਕਾਰੀ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ 'ਚ ਨਹੀਂ ਆਉਂਦੀ। ਲੋਕਾਂ ਵਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਹੀ ਸਬੰਧਤ ਦਸਤਾਵੇਜ਼ ਮੰਗੇ ਜਾਂਦੇ ਸਨ। ਕਿਉਂਕਿ ਇਸ ਕਾਨੂੰਨ ਤਹਿਤ ਦਿੱਤੀ ਅਰਜ਼ੀ ਦਾ ਨਿਬੇੜਾ ਨਿਰਧਾਰਤ ਸਮੇਂ (30 ਦਿਨ) ਦੇ ਅੰਦਰ ਕਰਨਾ ਹੁੰਦਾ ਹੈ ਤੇ ਫੀਸ ਵੀ ਸਿਰਫ ਦੋ ਰੁਪਏ ਪ੍ਰਤੀ ਸਫਾ ਲਈ ਜਾ ਸਕਦੀ ਹੈ। ਸਰਕਾਰ ਵਲੋਂ ਕੀਤੀ ਵਿਵਸਥਾ ਤਹਿਤ ਲੋਕਾਂ ਨੂੰ ਜ਼ਿਆਦਾ ਫੀਸ ਦੇਣੀ ਪੈਂਦੀ ਹੈ। ਕਮਿਸ਼ਨ ਨੇ ਫੈਸਲੇ 'ਚ ਸਪਸ਼ੱਟ ਕਰ ਦਿੱਤਾ ਹੈ ਕਿ ਅਜਿਹੇ ਦਸਤਾਵੇਜ਼ ਸੂਚਨਾ ਅਧਿਕਾਰ ਕਾਨੂੰਨ ਤਹਿਤ ਵੀ ਦੇਣੇ ਪੈਣਗੇ।

ਕਮਿਸ਼ਨ ਦਾ ਕਹਿਣਾ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਦੇ ਹੋਂਦ 'ਚ ਆਉਣ ਤੋਂ ਬਾਅਦ ਰਜਿਸਟਰੇਸ਼ਨ ਐਕਟ 1908 ਅਤੇ ਰਜਿਸਟਰੇਸ਼ਨ ਮੈਨੂਅਲ 1929 ਪ੍ਰਭਾਵੀ ਨਹੀਂ ਮੰਨੇ ਜਾ ਸਕਦੇ। ਕਿਉਂਕਿ ਸੂਚਨਾ ਕਾਨੂੰਨ ਨੇ ਦੇਸ਼ ਦੇ ਨਾਗਰਿਕਾਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਲੈਣ ਦਾ ਬੁਨਿਆਦੀ ਹੱਕ ਦੇ ਦਿੱਤਾ ਹੈ। ਸੂਚਨਾ ਕਮਿਸ਼ਨ ਦੇ ਇਸ ਮਹੱਤਵਪੂਰਨ ਫੈਸਲੇ ਦਾ ਇਕ ਪੱਖ ਇਹ ਵੀ ਹੈ ਕਿ ਸੰਗਰੂਰ ਜ਼ਿਲ੍ਹੇ ਦੇ ਕਸਬਾ ਲਹਿਰਾਗਾਗਾ ਨਾਲ ਸਬੰਧਤ ਵਿਅਕਤੀ ਰਾਕੇਸ਼ ਕੁਮਾਰ ਸਿੰਗਲਾ ਨੇ ਤਹਿਸੀਲਦਾਰ ਲਹਿਰਾਗਾਗਾ ਤੋਂ ਸਾਲ 2008 ਦੇ ਸਮੇਂ ਦੌਰਾਨ ਹੋਈਆਂ ਕੁਲ ਰਜਿਸਟਰੀਆਂ ਦੀਆਂ ਕਾਪੀਆਂ ਮੰਗੀਆਂ ਸਨ। ਇਸੇ ਤਰ੍ਹਾਂ ਲੁਧਿਆਣਾ ਦੇ ਜਗਦੀਸ਼ ਲਾਲ ਨੇ ਇਕ ਵਿਅਕਤੀ ਦੇ ਮੁਖਤਿਆਰਨਾਮੇ ਦੀ ਕਾਪੀ ਮੰਗੀ ਸੀ।

ਕਮਿਸ਼ਨ ਨੇ ਇਸ ਫੈਸਲੇ ਰਾਹੀਂ ਉਕਤ ਵਿਅਕਤੀਆਂ ਵਲੋਂ ਮੰਗੀ ਗਈ ਸੂਚਨਾ ਦੇਣ ਦਾ ਹੁਕਮ ਨਹੀਂ ਦਿੱਤਾ। ਕਮਿਸ਼ਨ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਦੀ ਸੂਚਨਾ ਰਾਕੇਸ਼ ਕੁਮਾਰ ਸਿੰਗਲਾ ਅਤੇ ਜਗਦੀਸ਼ ਲਾਲ ਵਲੋਂ ਮੰਗੀ ਗਈ ਹੈ ਅਜਿਹੀ ਸੂਚਨਾ ਤੀਜੀ ਧਿਰ ਨਾਲ ਸਬੰਧਤ ਹੈ।

ਸੂਚਨਾ ਅਧਿਕਾਰ ਕਾਨੂੰਨ ਦੀ ਧਾਰਾ 8 (1) (ਜੇ) ਤਹਿਤ ਤੀਜੀ ਧਿਰ ਨਾਲ ਸਬੰਧਤ ਸੂਚਨਾ ਦੇਣ ਤੋਂ ਛੋਟ ਦਿੱਤੀ ਗਈ ਹੈ। ਕਮਿਸ਼ਨ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਅਜਿਹੇ ਕਿਸੇ ਮਾਮਲੇ ਨਾਲ ਵੱਡਾ ਜਨਤਕ ਹਿਤ ਜੁੜਿਆ ਹੋਇਆ ਹੈ ਤਾਂ ਅਜਿਹੀ ਜਾਣਕਾਰੀ ਲੋਕ ਸੂਚਨਾ ਅਧਿਕਾਰੀ ਨੂੰ ਦੇਣੀ ਪਵੇਗੀ।

ਦਿਲਚਸਪ ਗੱਲ ਇਹ ਹੈ ਕਿ ਕੇਂਦਰੀ ਸੂਚਨਾ ਕਮਿਸ਼ਨ ਵਲੋਂ ਸਾਲ 2008 'ਚ ਆਪਣੇ ਇੱਕ ਫੈਸਲੇ ਰਾਹੀਂ ਉਕਤ ਕਿਸਮ ਦੀ ਜਾਣਕਾਰੀ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਘੇਰੇ 'ਚ ਸ਼ਾਮਿਲ ਕਰ ਦਿੱਤਾ ਗਿਆ ਸੀ ਜਦੋਂ ਕਿ ਸਾਲ 2008 ਦੌਰਾਨ ਹੀ ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਇੱਕ ਫੈਸਲੇ ਰਾਹੀਂ ਇਸ ਤਰ੍ਹਾਂ ਦੀ ਜਾਣਕਾਰੀ ਨੂੰ ਸੂਚਨਾ ਅਧਿਕਾਰ ਦੇ ਘੇਰੇ ਤੋਂ ਬਾਹਰ ਕਰ ਦਿੱਤਾ ਸੀ।

## ਸਹੁਰੇ ਤੇ ਜੇਠ ਵਲੋਂ ਬਲਾਤਕਾਰ ਕਰਨ ਦੀ ਕੋਸ਼ਿਸ਼

**ਖਰੜ :** ਬੀਤੇ ਦਿਨੀਂ ਇਕ ਕੇਸ 'ਚ ਜੇਠ ਅਤੇ ਸਹੁਰੇ ਵਲੋਂ ਬਲਾਤਕਾਰ ਦੀ ਕੋਸ਼ਿਸ਼ ਦਾ ਦਰਜ ਕੀਤਾ ਅਤੇ ਇਕ ਕੇਸ ਨਾਜਾਇਜ ਸ਼ਰਾਬ ਦਾ ਦਰਜ ਕੀਤਾ।

ਬਲਾਤਕਾਰ ਦੀ ਕੋਸ਼ਿਸ਼ ਦਾ ਮਾਮਲਾ ਮੁੰਡੀ ਖਰੜ ਦੀ ਇਕ ਵਿਆਹੁਤਾ ਕਮਲਜੀਤ ਕੌਰ ਦੇ ਬਿਆਨ 'ਤੇ ਉਸ ਦੇ ਜੇਠ ਪ੍ਰਿਥਪਾਲ ਸਿੰਘ ਅਤੇ ਸਹੁਰੇ ਸੁਰਮੁਖ ਸਿੰਘ ਵਿਰੁਧ ਦਰਜ ਕੀਤਾ ਹੈ। ਉਸ ਨੇ ਦਸਿਆ ਕਿ ਮੇਰਾ ਵਿਆਹ 10 ਸਾਲ ਪਹਿਲਾਂ ਸੁਖਪਾਲ ਸਿੰਘ ਨਾਲ ਹੋਇਆ ਤੇ ਮੇਰੇ ਦੋ ਬੱਚੇ ਹਨ। ਮੇਰਾ ਪਤੀ ਡਰਾਈਵਰੀ ਕਰਦਾ ਹੈ। ਪੁਲਿਸ ਨੇ ਉਕਤ ਪੀੜਤ ਦੇ ਬਿਆਨ 'ਤੇ ਸਹੁਰੇ ਅਤੇ ਜੇਠ ਵਿਰੁਧ ਕੇਸ ਦਰਜ ਕੀਤਾ ਹੈ। ਪੁਲਿਸ ਅਨੁਸਾਰ ਕੇਸ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਵਿਚ 50 ਫ਼ੀਸਦੀ ਬੀਬੀਆਂ ਹੋਣ-ਗਿੱਲ

**ਚੰਡੀਗੜ੍ਹ :** ਖੇਡਾਂ ਬਾਰੇ ਕੇਂਦਰੀ ਮੰਤਰੀ ਡਾ. ਮਨੋਹਰ ਸਿੰਘ ਗਿੱਲ ਨੇ ਹੈਲੀਫ਼ੈਕਸ (ਕੈਨੇਡਾ) ਦੇ ਇਕ ਗੁਰਦਵਾਰੇ ਵਿਚ, ਪ੍ਰਧਾਨ ਸਮੇਤ, ਸਾਰੀ ਪ੍ਰਬੰਧਕ ਕਮੇਟੀ, ਬੀਬੀਆਂ ਦੀ ਬਣਾਏ ਜਾਣ ਦੀ ਖ਼ਬਰ ਉਤੇ ਉਚੇਚੇ ਤੌਰ 'ਤੇ, ਅਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ ਤੇ ਹੈਲੀਫ਼ੈਕਸ ਗੁਰਦਵਾਰੇ ਦੀ ਸੰਗਤ ਨੂੰ ਜਿਥੇ ਵਧਾਈ ਦਿਤੀ, ਉਥੇ ਨਾਲ ਹੀ ਕਿਹਾ, ''ਇਹ ਸ਼ਾਨਦਾਰ ਤਜਰਬਾ ਕਰਨ 'ਤੇ ਮੈਂ ਉਨ੍ਹਾਂ ਨੂੰ ਵਧਾਈ ਦੇਂਦਾ ਹਾਂ ਤੇ ਉਨ੍ਹਾਂ ਨੂੰ ਮੱਥਾ ਟੇਕਦਾ ਹਾਂ। ਮੇਰੀ ਦਿਲੀ ਇੱਛਾ ਹੈ ਕਿ ਮੈਂ ਆਪ ਹੈਲੀਫ਼ੈਕਸ ਜਾ ਕੇ, ਅਜਿਹਾ ਚੰਗਾ ਕੰਮ ਕਰਨ ਵਾਲਿਆਂ ਨੂੰ ਅਪਣੀ ਸ਼ਰਧਾ ਭੇਟ ਕਰਾਂ।'' ਡਾ. ਮਨੋਹਰ ਸਿੰਘ ਗਿੱਲ ਨੇ ਹੋਰ ਕਿਹਾ ਕਿ ਅਜਿਹਾ ਕਰ ਕੇ, ਹੈਲੀਫ਼ੈਕਸ ਦੀ ਸੰਗਤ ਨੇ ਸਾਰੇ ਸਿੱਖ ਜਗਤ ਨੂੰ ਵੰਗਾਰਿਆ ਹੈ ਕਿ ਦੁਨੀਆਂ ਭਰ ਦੇ ਸਮੂਹ ਸਿੱਖ, ਇਸ ਚੰਗੇ ਤਜਰਬੇ ਨੂੰ ਅਪਣੇ ਅਪਣੇ ਖੇਤਰ ਵਿਚ ਲਾਗੂ ਕਰਨ। ਕੇਂਦਰੀ ਮੰਤਰੀ ਨੇ ਕਿਹਾ ਕਿ ਵਿਦੇਸ਼ੀਂ ਵਸਦੇ ਸਿੱਖ, ਅਕਸਰ ਭਾਰਤੀ ਸਿੱਖਾਂ ਨੂੰ ਵਧੀਆ ਸੇਧ ਦੇ ਜਾਂਦੇ ਹਨ। ਮੈਂ ਸਮੂਹ ਪੰਜਾਬੀ ਜਗਤ ਨੂੰ ਆਖਾਂਗਾ ਕਿ ਬਾਬਾ ਨਾਨਕ ਦੀਆਂ ਸਿਖਿਆਵਾਂ ਨਾਲ ਜੁੜ ਕੇ, ਅਸੀ ਸਾਰੇ ਵੀ ਉਥੇ ਤਕ ਪਹੁੰਚੀਏ। ਉਨ੍ਹਾਂ ਸੁਝਾਅ ਦਿਤਾ ਕਿ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੂੰ, ਇਸ ਤੋਂ ਸਬਕ ਸਿਖ ਕੇ, ਸ਼੍ਰੋਮਣੀ ਕਮੇਟੀ ਵਿਚ ਸਿੱਖ ਬੀਬੀਆਂ ਨੂੰ 50 ਫ਼ੀ ਸਦੀ ਕੋਟਾ ਦੇ ਦੇਣਾ ਚਾਹੀਦਾ ਹੈ। ਨਾਲ ਹੀ ਇਕ ਚੰਗੀ ਪਿਰਤ ਵੀ ਕਾਇਮ ਕਰਨੀ ਚਾਹੀਦੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ, ਵਾਰੋ ਵਾਰੀ, ਇਕ ਵਾਰ ਮਰਦ ਨੂੰ ਮਿਲੇ ਤਾਂ ਦੂਜੀ ਵਾਰ ਕਿਸੇ ਬੀਬੀ ਨੂੰ ਜ਼ਰੂਰ ਮਿਲੇ। ਇਸ ਨਾਲ ਸਿੱਖ ਧਰਮ, ਭਾਰਤ ਵਿਚ ਨਵੀਆਂ ਪਿਰਤਾਂ ਕਾਇਮ ਕਰ ਸਕੇਗਾ ਤੇ ਸਭਨਾਂ ਦਾ ਭਲਾ ਯਕੀਨੀ ਬਣ ਸਕੇਗਾ।

## ਕੌਮਾਂਤਰੀ ਖਿਡਾਰੀ ਬਗਲੀ ਦੀ ਸੜਕ ਹਾਦਸੇ 'ਚ ਮੌਤ

**ਸਮਰਾਲਾ :** ਇਲਾਕੇ ਦੇ ਨਾਮੀ, ਹੋਣਹਾਰ ਤੇ ਧੜੱਲੇਦਾਰ ਜਾਫ਼ੀ ਵਜੋਂ ਜਾਣੇ ਜਾਂਦੇ ਕੌਮਾਂਤਰੀ ਕਬੱਡੀ ਖਿਡਾਰੀ ਧੰਨਾ ਬਗਲੀ ਦੀ ਸਮਰਾਲਾ ਤੋਂ ਨੇੜਲੇ ਪਿੰਡ ਦਿਵਾਲਾ (ਨੇੜੇ ਅਜਲੌਦ) ਵਿਖੇ ਸੜਕ ਹਾਦਸੇ 'ਚ ਮੌਤ ਹੋ ਗਈ ਤੇ ਉਸਦਾ ਦੋਸਤ ਜ਼ਖਮੀ ਹੋ ਗਿਆ ਜੋ ਗੱਡੀ ਚਲਾ ਰਿਹਾ ਸੀ। ਕੁਸ਼ਤੀ ਪਰਮੋਟਰ ਅਜਮੇਰ ਸਿੰਘ ਸੰਧੂ ਦਾ ਲੜਕਾ ਕੌਮਾਂਤਰੀ ਕਬੱਡੀ ਖਿਡਾਰੀ ਧਰਮਜੀਤ ਸਿੰਘ ਧੰਨਾ (38) ਆਪਣੇ ਦੋਸਤ ਨਾਲ ਪਿੰਡ ਚਹਿਲਾਂ ਤੋਂ ਰਾਤ ਸਾਢੇ ਸੱਤ ਵਜੇ ਆਪਣੀ ਗੱਡੀ ਏਸੰਟ 'ਤੇ ਪਿੰਡ ਬਗਲੀ ਪਰਤ ਰਹੇ ਸਨ ਤਾਂ ਪਿੰਡ ਦਿਵਾਲਾ (ਨੇੜੇ ਅਜਲੌਦ) ਕੋਲ ਪਹੁੰਚਣ 'ਤੇ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਇਕ ਦਰਖ਼ਤ ਨਾਲ ਜਾ ਟਕਰਾਈ।

ਇਸ ਭਿਆਨਕ ਟੱਕਰ ਦੌਰਾਨ ਧੰਨਾ ਬਗਲੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਕਾਰ ਦੇ ਚਾਲਕ ਨੂੰ ਜ਼ਖਮੀ ਹਾਲਤ ਵਿਚ ਸਿਵਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਧੰਨਾ ਬਗਲੀ ਦੀ ਲਾਸ਼ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਸਮਰਾਲਾ ਵਿਖੇ ਲਿਆਂਦੀ ਗਈ ਹੈ। ਜ਼ਿਕਰਯੋਗ ਹੈ ਕਿ ਧੰਨਾ ਬਗਲੀ ਨੇ ਆਪਣੀ ਉਚੇਰੀ ਸਿਖਿਆ ਮਾਲਵਾ ਕਾਲਜ ਬੌਂਦਲੀ ਤੋਂ ਹਾਸਲ ਕੀਤੀ ਅਤੇ ਕਬੱਡੀ ਦਾ ਉਹ ਇਕ ਵਧੀਆ ਖਿਡਾਰੀ ਸੀ ਅਤੇ ਕਬੱਡੀ ਵਿਚ ਉਸ ਨੇ ਆਪਣਾ ਵਿਸ਼ੇਸ਼ ਨਾ ਖੱਟਿਆ। ਉਸ ਦੀਆਂ ਦੇਸ਼ਾਂ-ਵਿਦੇਸ਼ਾਂ ਵਿਚ ਕਬੱਡੀ ਦੀ ਧੁੰਮਾਂ ਸਨ। ਇਸ ਦੌਰਾਨ ਕੈਨੇਡਾ, ਅਮਰੀਕਾ, ਇੰਗਲੈਂਡ, ਪਾਕਿਸਤਾਨ ਸਮੇਤ ਵੱਖ-ਵੱਖ ਦੇਸ਼ਾਂ-ਵਿਦੇਸ਼ਾਂ 'ਤੇ ਹੋਏ ਕਬੱਡੀ ਮੁਕਾਬਲਿਆਂ ਦੌਰਾਨ ਆਪਣੀ ਖੇਡ ਦਾ ਲੋਹਾ ਮਨਾਉਂਦੇ ਹੋਏ ਨਾਮਵਾਰ ਜਾਫੀ ਹੋਣ ਦਾ ਖਿਤਾਬ ਹਾਸਲ ਕੀਤਾ।

## ਸ਼ਾਮ ਸਿੰਘ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ

**ਚੰਡੀਗੜ੍ਹ :** ਕਰੀਬ ਡੇਢ ਸਾਲ ਦੇ ਵਕਫ਼ੇ ਤੋਂ ਬਾਅਦ ਪਾਕਿਸਤਾਨ ਦੇ ਓਕਾਫ਼ ਬੋਰਡ ਨੇ ਸ. ਸ਼ਾਮ ਸਿੰਘ ਨੂੰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਹੈ। ਇਸਦਾ ਐਲਾਨ ਓਕਾਫ਼ ਬੋਰਡ ਦੀ ਲਾਹੌਰ ਵਿਖੇ ਹੋਈ ਬੀਤੀ 1 ਜਨਵਰੀ ਦੀ ਮੀਟਿੰਗ 'ਚ ਕੀਤਾ ਗਿਆ, ਜਿਸ 'ਚ ਸ. ਤਾਰੂ ਸਿੰਘ ਤੇ ਸ. ਸਾਹਿਬ ਸਿੰਘ ਨੂੰ ਕਮੇਟੀ ਦਾ ਉਪ ਪ੍ਰਧਾਨ ਚੁਣਿਆ ਗਿਆ ਹੈ। ਇਸ ਮੌਕੇ ਫੋਨ ਲਾਈਨ ਰਾਹੀਂ ਪਾਕਿਸਤਾਨ ਤੋਂ ਗੱਲਬਾਤ ਦੌਰਾਨ ਨਵੇਂ ਬਣੇ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਦੀ ਪਹਿਲ ਪਾਕਿਸਤਾਨ 'ਚ ਗੁਰਦੁਆਰਿਆਂ ਵਿਚ ਚੱਲ ਰਹੇ ਉਸਾਰੀ ਦੇ ਕੰਮਾਂ ਵਿਚ ਤੇਜ਼ੀ ਦੀ ਹੋਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਬਾਬਤ ਉਕਾਫ ਬੋਰਡ ਦੀ ਇਕ ਮੀਟਿੰਗ ਬੋਰਡ ਦੇ ਚੇਅਰਮੈਨ ਸ੍ਰੀ ਆਸਿਫ ਹਾਸ਼ਮੀ ਦੇ ਸਰਕਾਰੀ ਨਿਵਾਸ, ਲਾਹੌਰ ਵਿਖੇ ਹੋਈ ਜਿਸ 'ਚ ਸ੍ਰੀ ਹਾਸ਼ਮੀ ਨੇ ਸ. ਸ਼ਾਮ ਸਿੰਘ ਦੇ ਨਾਂਅ ਦਾ ਪ੍ਰਸਤਾਵ ਕਮੇਟੀ ਦੇ ਪ੍ਰਧਾਨ ਵਜੋਂ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ। ਇਸ ਮੌਕੇ ਚੁਣੇ ਗਏ ਉਪ ਪ੍ਰਧਾਨਾਂ 'ਚੋਂ ਸ. ਤਾਰੂ ਸਿੰਘ ਸਿੰਧ ਤੇ ਬਲੋਚਿਸਤਾਨ ਤੇ ਸ. ਸਾਹਿਬ ਸਿੰਘ ਪੰਜਾਬ ਅਤੇ ਫਰੰਟੀਅਰ ਦੇ ਸਿੱਖਾਂ ਨਾਲ ਸਬੰਧਿਤ ਮਾਮਲੇ ਦੇਖਣਗੇ।

ਨਵੇਂ ਚੁਣੇ ਪ੍ਰਧਾਨ ਸ. ਸ਼ਾਮ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਇਹ ਗੱਲ ਯਕੀਨੀ ਬਨਾਉਣਗੇ ਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੈਅ ਕੀਤੀ ਮਰਿਆਦਾ ਨੂੰ ਪਾਕਿਸਤਾਨ ਦੇ ਗੁਰਧਾਮਾਂ 'ਚ ਵੀ ਕਾਇਮ ਰੱਖਿਆ ਜਾਵੇ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਇਸ ਨਿਯੁਕਤੀ ਦਾ ਸਵਾਗਤ ਕੀਤਾ ਹੈ।


**Easy Travel Inc.**
7191 Camelot Drive, Canton, MI 48187 Fax: 866-908-6663
www.easytravelinc.net info@easytravelinc.net
ਸਸਤੀਆਂ ਹਵਾਈ ਟਿਕਟਾਂ
*Please call us for the lowest fare from your city to india*

Tel: 734-451-9526, Toll Free 866-51-INDIA

**SUPER TRAVEL**
847-676-9090
E-mail: supertravel2003@yahoo.com
*Lowest Fares With Excellent Service*
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

**R K Carpet & Flooring, Inc.**
6346 N. Claremont Ave. Chicago, IL 60659

ਵਾਜ਼ਬ ਭਾਅ, ਭਰੋਸੇਯੋਗ ਸਰਵਿਸ
*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865

**SYAN VIDEO PRODUCTION, INC.**
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)


734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਪਾਸ਼ ਤੇ ਬਾਬਾ ਬੂਝਾ ਸਿੰਘ ਬਾਰੇ ਫ਼ਿਲਮਾਂ ਬਣਨਗੀਆਂ

**ਜਸਵੀਰ ਸਮਰ**

ਪੰਜਾਬੀ ਸ਼ਾਇਰ ਪਾਸ਼ ਅਤੇ ਗ਼ਦਰੀ ਇਨਕਲਾਬੀ ਬਾਬਾ ਬੂਝਾ ਸਿੰਘ ਬਾਰੇ ਫ਼ਿਲਮਾਂ ਬਣਾਉਣ ਦੀ ਕਨਸੋਅ ਸ਼ੁਭ ਸ਼ਗਨ ਤਾਂ ਹੈ ਹੀ, ਅੱਜ ਦੇ ਉੱਤਰ ਆਧੁਨਿਕੀ ਦੌਰ ਵਿਚ ਚਾਲੂ ਪਹੁੰਚ ਨੂੰ ਸਰੋਕਾਰ-ਭਰਪੂਰ ਜਵਾਬ ਵੀ ਹੈ। ਪਾਸ਼ ਬਾਰੇ ਫ਼ਿਲਮ ਬਣਾਉਣ ਦਾ ਐਲਾਨ ਬਾਲੀਵੁੱਡ ਦੇ ਚਰਚਿਤ ਫ਼ਿਲਮਸਾਜ਼ ਅਨੁਰਾਗ ਕਸ਼ਿਅਪ ਨੇ ਕੀਤਾ ਹੈ। ਬਾਬਾ ਬੂਝਾ ਸਿੰਘ ਬਾਰੇ ਫ਼ਿਲਮ ਬਣਾਉਣ ਦਾ ਐਲਾਨ ਇੰਨਾ ਵਿਧੀਵਤ ਢੰਗ-ਤਰੀਕੇ ਨਾਲ ਤਾਂ ਨਹੀਂ ਹੋਇਆ ਪਰ ਫ਼ਿਲਮਾਂ ਨਾਲ ਗਹਿਰੇ ਰੂਪ ਵਿਚ ਜੁੜੇ ਪੱਤਰਕਾਰ ਬਖ਼ਸ਼ਿੰਦਰ ਨੇ ਬਾਬਾ ਬੂਝਾ ਸਿੰਘ ਦੇ ਜੀਵਨ ਸੰਗਰਾਮ 'ਤੇ ਆਧਾਰਿਤ ਪਟਕਥਾ (ਸਕਰਿਪਟ) 'ਬਾਬਾ ਇਨਕਲਾਬ ਸਿੰਘ' ਲਿਖ ਲਈ ਹੈ। ਪੂਰੇ ਸੌ ਦ੍ਰਿਸ਼ਾਂ ਵਾਲੀ ਇਸ ਫ਼ਿਲਮ-ਪਟਕਥਾ ਵਿਚ ਬਾਬੇ ਦਾ ਜੋ ਅਕਸ ਬਣਿਆ ਹੈ, ਉਹ ਫ਼ਿਲਮ ਖੇਤਰ ਦੇ ਨਾਲ ਨਾਲ, ਲੋਕਾਂ ਦੇ ਦੁੱਖ-ਦੁਸ਼ਵਾਰੀਆਂ ਕੱਟਣ ਲਈ ਜੂਝ ਰਹੇ ਜੁਝਾਰੂਆਂ ਲਈ ਮਿਸਾਲੀ ਹੋਵੇਗਾ।

ਅਨੁਰਾਗ ਕਸ਼ਿਅਪ ਵੱਲੋਂ ਪਾਸ਼ ਬਾਰੇ ਫ਼ਿਲਮ ਬਣਾਉਣ ਦੇ ਐਲਾਨ ਨਾਲ ਇਕ ਵਾਰ ਫਿਰ ਪਾਸ਼ ਦੀ ਕਵਿਤਾ ਵਿਚਲੇ ਕਣ ਅਤੇ ਉਹਦੇ ਜੀਵਨ ਬਾਬਤ ਚਰਚਾ ਤੁਰ ਪਈ ਹੈ। ਕੁਝ ਲੋਕਾਂ ਨੇ ਇਹ ਫ਼ਿਕਰ ਵੀ ਜ਼ਾਹਿਰ ਕੀਤਾ ਹੈ ਕਿ ਅਨੁਰਾਗ ਪਾਸ਼ ਬਾਰੇ ਭਲਾ ਕਿਹੋ ਜਿਹੀ ਫ਼ਿਲਮ ਬਣਾਏਗਾ ਕਿਉਂਕਿ ਇਤਿਹਾਸਕ ਫ਼ਿਲਮਾਂ ਵਿਚ ਬਹੁਤ ਵਾਰ ਤੱਥਾਂ ਬਾਰੇ ਹੇਰ-ਫੇਰ ਹੋ ਜਾਂਦਾ ਹੈ। ਪਾਸ਼ ਦੇ ਘਰਦਿਆਂ ਦਾ ਵੀ ਇਹੀ ਫ਼ਿਕਰ ਹੈ। ਉਂਝ ਇਹ ਫ਼ਿਕਰ ਜਾਇਜ਼ ਵੀ ਹੈ ਕਿਉਂਕਿ ਕੁਝ ਲੋਕਾਂ ਨੇ ਆਪਣੇ ਕੁਝ ਮੁਫ਼ਾਦ ਖ਼ਾਤਿਰ ਪਾਸ਼



ਬਾਬਾ ਬੂਝਾ ਸਿੰਘ ਅਤੇ ਪਾਸ਼

ਬਾਰੇ ਮਿਥ ਕੇ ਤੱਥ ਤੋੜਨ-ਮਰੋੜਨ ਦਾ ਯਤਨ ਕੀਤਾ ਹੈ ਪਰ ਸਭ ਤੋਂ ਵੱਧ ਗੌਲਣ ਵਾਲੀ ਗੱਲ ਅਨੁਰਾਗ ਕਸ਼ਿਅਪ ਵੱਲੋਂ ਮਿਸਾਲੀ ਫ਼ਿਲਮਸਾਜ਼ ਗੁਰੂ ਦੱਤ (ਵਸੰਤ ਕੁਮਾਰ ਸ਼ਿਵਸ਼ੰਕਰ ਪਾਦੂਕੋਨ) ਦੀ ਥਾਂ ਪਾਸ਼ ਬਾਰੇ ਪ੍ਰਾਜੈਕਟ ਉਲੀਕਣ ਦਾ ਫ਼ੈਸਲਾ ਕਰਨਾ ਹੈ। ਅਨੁਰਾਗ ਕਸ਼ਿਅਪ ਦਾ ਮੁਢਲਾ ਪ੍ਰਾਜੈਕਟ ਗੁਰੂ ਦੱਤ ਬਾਰੇ ਹੀ ਸੀ ਪਰ ਜਦ ਉਸ ਨੇ ਪਹਿਲਾਂ ਪਾਸ਼ ਦੀ ਕਵਿਤਾ 'ਸਭ ਤੋਂ ਖ਼ਤਰਨਾਕ' ਅਤੇ ਫਿਰ ਹੋਰ ਕਵਿਤਾਵਾਂ ਪੜ੍ਹੀਆਂ ਤਾਂ ਗੁਣਾ ਪਾਸ਼ ਉੱਤੇ ਪੈ ਗਿਆ।

ਅਨੁਰਾਗ ਕਸ਼ਿਅਪ ਦੀ ਸਭ ਤੋਂ ਪਹਿਲਾਂ ਚਰਚਾ ਫ਼ਿਲਮ 'ਸੱਤਿਆ' ਨਾਲ ਹੋਈ ਸੀ। ਉਸ ਨੇ ਇਸ ਫ਼ਿਲਮ ਦੀ ਪਟਕਥਾ ਲਿਖੀ ਸੀ। ਇਹ ਫ਼ਿਲਮ ਅੰਡਰਵਰਲਡ ਬਾਬਤ ਸੀ। ਅੰਡਰਵਰਲਡ ਬਾਰੇ ਅਨੁਰਾਗ ਨੇ ਇੰਨੇ ਬਾਰੀਕ ਵੇਰਵੇ ਪੇਸ਼ ਕੀਤੇ ਸਨ ਕਿ ਸਭ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ ਸਨ। ਇਸ ਤੋਂ ਬਾਅਦ ਆਪ, ਬਤੌਰ ਡਾਇਰੈਕਟਰ ਬਣਾਈਆਂ ਫ਼ਿਲਮਾਂ ਵਿਚ ਵੀ ਉਸ ਨੇ ਇਹੀ ਰੰਗ ਛੋਹਿਆ। ਪਾਸ਼ ਨੂੰ ਉਹ ਕਿਸ ਰੰਗ ਵਿਚ ਪੇਸ਼ ਕਰੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਗੱਲ ਸਪਸ਼ਟ ਹੈ ਕਿ ਫ਼ਿਲਮ ਨਾਲ ਪੰਜਾਬ ਅਤੇ ਪੰਜਾਬੀਅਤ ਬਾਬਤ ਬਹਿਸ ਲਈ ਪਿੜ ਜ਼ਰੂਰ ਤਿਆਰ ਹੋਵੇਗਾ ਅਤੇ ਫਿਰ ਨਿਤਾਰੇ ਮੈਦਾਨ ਵਿਚ ਹੀ ਹੋਣਗੇ। ਪਾਸ਼ ਨੇ ਆਪਣੇ ਵੇਲਿਆਂ ਵਿਚ ਹਰ ਮੁੱਦੇ, ਹਰ ਮਸਲੇ ਨਾਲ ਪੀਡਾ ਸੰਵਾਦ ਰਚਾਇਆ। ਆਸ ਕਰਨੀ ਚਾਹੀਦੀ ਹੈ ਕਿ ਪਾਸ਼ ਬਾਰੇ ਫ਼ਿਲਮ, ਪਾਸ਼ ਅਤੇ ਉਸ ਦੇ ਦੌਰ ਨਾਲ ਇਸੇ ਤਰ੍ਹਾਂ ਦਾ ਸੰਵਾਦ ਰਚਾਏਗੀ!

ਬਾਬਾ ਬੂਝਾ ਸਿੰਘ ਵਾਲੀ ਫ਼ਿਲਮ 'ਬਾਬਾ ਇਨਕਲਾਬ ਸਿੰਘ' ਦਾ ਰੰਗ ਬੇਸ਼ੱਕ, ਵੱਖਰਾ ਹੋਣਾ ਹੈ। ਇਸ ਫ਼ਿਲਮ ਦਾ ਆਧਾਰ ਮੁੱਢੋਂ-ਸੁੱਢੋਂ ਤਬਦੀਲੀ ਲਈ ਵਾਰ ਵਾਰ ਉਸਲਵੱਟੇ ਲੈਂਦੀ ਉਹ ਬੇਚੈਨੀ ਹੈ ਜਿਸਦੇ ਲਈ ਗ਼ਦਰੀ ਤਾਂ ਗ਼ਦਰੀ, ਬੱਬਰ ਅਕਾਲੀ, ਭਗਤ ਸਿੰਘ ਤੇ ਉਹਦੇ ਸਾਥੀ, ਕਿਰਤੀ ਪਾਰਟੀ ਵਾਲੇ, ਲਾਲ ਕਮਿਊਨਿਸਟ ਪਾਰਟੀ ਵਾਲੇ, ਕੂਕੇ, ਮਾਰਕਸੀ-ਲੈਨਿਨੀ ਵਿਚਾਰਧਾਰਾ ਨੂੰ ਪ੍ਰਨਾਏ ਲੋਕ ਲਗਾਤਾਰ ਜੂਝਦੇ ਰਹੇ ਹਨ। ਬਾਬਾ ਇਨਕਲਾਬ ਸਿੰਘ ਆਪ ਇਹ ਬੇਚੈਨੀ ਦਿਲ ਵਿਚ ਲਈ ਹਰ ਵਾਰ ਆਪਣੇ ਘਰ ਦੀ ਦਹਿਲੀਜ਼ ਤੋਂ ਪਾਰ ਜਾਂਦਾ ਰਿਹਾ। ਬਖ਼ਸ਼ਿੰਦਰ ਨੇ ਬਾਬੇ ਦੇ ਇਸ ਨੁਕਤੇ ਨੂੰ ਬਹੁਤ ਰੂਹ ਨਾਲ ਫੜਿਆ ਹੈ। ਇਹ ਫ਼ਿਲਮ ਮੁਕੰਮਲ ਹੋਣ ਅਤੇ ਦਰਸ਼ਕਾਂ ਵਿਚ ਜਾਣ ਤੋਂ ਬਾਅਦ, ਬਾਬੇ ਅਤੇ ਇਨਕਲਾਬ ਬਾਰੇ ਹੋ ਰਹੀਆਂ ਗੱਲਾਂ ਅਤੇ ਗੋਸ਼ਟਾਂ ਨੂੰ ਡਾਢੀ ਜ਼ਰਬ ਆਉਣੀ ਤੈਅ ਹੈ। ਇਹ ਪਟਕਥਾ ਬਾਬੇ ਦੇ ਸੰਘਰਸ਼ ਭਰੇ ਜੀਵਨ ਦੇ ਹਾਣ ਦੀ ਹੈ।



ਇਰਫਾਨ ਖਾਨ ਅਤੇ ਅਨੁਰਾਗ ਕਸ਼ਿਅਪ

ਬਖ਼ਸ਼ਿੰਦਰ ਨੇ ਆਪਣੀ ਪਟਕਥਾ ਦਾ ਆਧਾਰ ਭਾਵੇਂ ਅਜਮੇਰ ਸਿੱਧੂ ਦੀ ਪੁਸਤਕ 'ਬਾਬਾ ਬੂਝਾ ਸਿੰਘ-ਗ਼ਦਰ ਤੋਂ ਨਕਸਲਬਾੜੀ ਤੱਕ' ਨੂੰ ਬਣਾਇਆ ਹੈ ਪਰ ਰਚਨਾਤਮਕ ਖੇਤਰ ਵਿਚ ਉਹ ਆਪ ਵਾਹਵਾ ਮੱਲਾਂ ਮਾਰ ਚੁੱਕਾ ਹੈ। ਫ਼ਿਲਮਾਂ 'ਮਾਹੌਲ ਠੀਕ ਹੈ' ਤੇ 'ਜ਼ੋਰਾਵਰ' ਅਤੇ ਟੈਲੀ ਫ਼ਿਲਮ 'ਕੰਮੋ' ਦੀਆਂ ਪਟਕਥਾਵਾਂ ਉਹ ਲਿਖ ਚੁੱਕਾ ਹੈ। ਅੱਜਕੱਲ ਕਾਮੇਡੀ ਫ਼ਿਲਮ 'ਇਸ਼ਕ ਦੀ ਨਵੀਂਓ ਨਵੀਂ ਬਹਾਰ' ਦੀ ਪਟਕਥਾ ਲਿਖ ਰਿਹਾ ਹੈ। ਕਵਿਤਾ ਦੀ ਕਿਤਾਬ 'ਮੌਨ ਅਵਸਥਾ ਦੇ ਸੰਵਾਦ' ਛਪ ਚੁੱਕੀ ਹੈ। ਰੇਡੀਓ ਨਾਟਕ ਲਈ ਉਹਨੇ ਕੌਮੀ ਇਨਾਮ ਵੀ ਜਿੱਤਿਆ। ਉਂਝ, ਫ਼ਿਲਮ ਦੇ ਫਾਇਨਾਂਸ ਬਾਰੇ ਉਹ ਫ਼ਿਕਰਮੰਦ ਹੈ ਪਰ ਨਾਲ ਦੀ ਨਾਲ ਉਹ ਮਸ਼ਹੂਰ ਫ਼ਿਲਮਸਾਜ਼ ਸ਼ਿਆਮ ਬੈਨੇਗਲ ਦੀ ਮਿਸਾਲ ਦਿੰਦਾ ਹੈ ਜਿਸ ਨੂੰ ਫ਼ਿਲਮ 'ਨਿਸ਼ਾਂਤ' ਪੂਰੀ ਕਰਨ ਲਈ ਤਿੰਨ ਲੱਖ ਕਿਸਾਨਾਂ ਨੇ ਇਕ-ਇਕ ਰੁਪਇਆ ਦਿੱਤਾ ਸੀ। ਇਹ ਫ਼ਿਲਮ ਕਿਸਾਨਾਂ ਬਾਰੇ ਸੀ। ਇਸੇ ਤਰ੍ਹਾਂ ਫ਼ਿਲਮ 'ਨੈਕਸਲਾਈਟ' ਸਿਰੇ ਚਾੜ੍ਹਨ ਲਈ ਚੋਟੀ ਦੇ ਫ਼ਿਲਮਸਾਜ਼ ਖਵਾਜਾ ਅਹਿਮਦ ਅੱਬਾਸ ਨੇ ਆਪਣੇ ਕੈਮਰਾਮੈਨ ਤੇ ਹੋਰ ਸਾਥੀਆਂ ਨੂੰ ਫ਼ਿਲਮ ਦੇ ਖ਼ਰਚ ਅਤੇ ਨਫ਼ੇ ਦਾ ਸਾਂਝੀਦਾਰ ਬਣਾ ਲਿਆ ਸੀ।

ਬਖ਼ਸ਼ਿੰਦਰ 'ਬਾਬਾ ਇਨਕਲਾਬ ਸਿੰਘ' ਨੂੰ ਆਪਣਾ ਸ਼ਾਹਕਾਰ ਪ੍ਰਾਜੈਕਟ ਮੰਨਦਾ ਹੈ। ਇਹ ਦਰਅਸਲ ਬਖ਼ਸ਼ਿੰਦਰ ਦਾ ਹੀ ਨਹੀਂ, ਪੰਜਾਬ ਦਾ ਸ਼ਾਹਕਾਰ ਪ੍ਰਾਜੈਕਟ ਹੋਵੇਗਾ ਜਿਸ ਵਿਚ ਬਾਬੇ ਦੇ ਬਹਾਨੇ ਪੰਜਾਬੀਆਂ ਦੇ ਔਖੇ ਹਾਲਾਤ ਵਿਚ ਵੀ ਜੀਣ-ਥੀਣ ਦੀ ਲਲਕ ਦੇ ਦੀਦਾਰ ਹੋਣਗੇ।

# ਅਸਟਰੇਲੀਆ ਵਿਚ ਪੰਜਾਬ ਦੀਆਂ ਦੋ ਕੁੜੀਆਂ ਦੋ ਮੁੰਡੇ ਕਤਲ ਹੋਏ

**ਮੈਲਬੌਰਨ:** ਬੀਤੇ ਕੁਝ ਦਿਨਾਂ ਵਿਚ ਅਸਟਰੇਲੀਆ ਵਿਚ ਹੋਏ ਹਮਲਿਆਂ ਵਿਚ ਪੰਜਾਬ ਦੇ ਦੋ ਮੁੰਡੇ ਅਤੇ ਦੋ ਕੁੜੀਆਂ ਕਤਲ ਹੋ ਗਈਆਂ ਹਨ। ਕੁੜੀਆਂ ਦੇ ਕਤਲ ਦੀਆਂ ਘਟਨਾਵਾਂ ਦਾ ਕਾਰਨ ਘਰੇਲੂ ਕਲੇਸ਼ ਅਤੇ ਮੁੰਡਿਆਂ ਦੇ ਕਤਲਾਂ ਪਿੱਛੇ ਨਸਲੀ ਹਮਲੇ ਦੱਸੇ ਜਾ ਰਹੇ ਹਨ।

ਆਸਟਰੇਲੀਆ 'ਚ ਬੀਤੀ 3 ਜਨਵਰੀ ਨੂੰ ਹੋਏ ਇਕ ਹਮਲੇ ਵਿਚ ਅਣਪਛਾਤੇ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਇੱਕ ਪੰਜਾਬੀ ਨੌਜਵਾਨ ਦੀ ਹੱਤਿਆ ਕਰ ਦਿੱਤੀ। ਜ਼ਿਕਰਯੋਗ ਹੈ ਕਿ ਆਸਟਰੇਲੀਆ ਦੀ ਪੱਕੀ ਨਾਗਰਿਕਤਾ ਪ੍ਰਾਪਤ ਕਰ ਚੁੱਕੇ 21 ਸਾਲਾ ਪੰਜਾਬੀ ਨੌਜਵਾਨ 'ਤੇ ਉਸ ਸਮੇਂ ਹਮਲਾ ਕੀਤਾ ਗਿਆ, ਜਦੋਂ ਉਹ ਰੈਸਟੋਰੈਂਟ 'ਚ ਕੰਮ 'ਤੇ ਜਾ ਰਿਹਾ ਸੀ। ਦੱਸਣਯੋਗ ਹੈ ਕਿ ਆਸਟਰੇਲੀਆ ਵਿਚ ਭਾਰਤੀ ਭਾਈਚਾਰੇ 'ਤੇ ਹੁਣ ਤੱਕ ਹੋਏ ਹਮਲਿਆਂ ਵਿਚ ਕਿਸੇ ਨੌਜਵਾਨ ਦੀ ਮੌਤ ਹੋ ਜਾਣ ਦਾ ਇਹ ਪਹਿਲਾ ਮਾਮਲਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਵਾਸੀ ਨਿਤਿਨ ਗਰਗ 'ਤੇ ਇੱਕ ਬਗੀਚੇ ਵਿਚ ਉਸ ਸਮੇਂ ਹਮਲਾ ਕੀਤਾ ਗਿਆ, ਜਦੋਂ ਉਹ ਨੌਕਰੀ 'ਤੇ ਹੰਗਰੀ ਜੈਕ ਰੇਸਤਰਾਂ (ਰੈਸਟੋਰੈਂਟ) 'ਚ ਜਾ ਰਿਹਾ ਸੀ। ਦੱਸਣਯੋਗ ਹੈ ਕਿ ਹਮਲੇ ਤੋਂ ਬਾਅਦ ਬੇਹੋਸ਼ ਹੋਣ ਤੋਂ ਪਹਿਲਾਂ ਉਹ ਰੇਸਤਰਾਂ ਪੁੱਜਿਆ ਅਤੇ ਮਦਦ ਦੀ ਗੁਹਾਰ ਲਗਾਈ। ਰਿਪੋਰਟ ਮੁਤਾਬਕ ਉਸ ਨੂੰ ਰਾਇਲ ਮੈਲਬੌਰਨ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ ਬਾਅਦ ਵਿਚ ਉਸ ਦੀ ਮੌਤ ਹੋ ਗਈ। ਸੀਨੀਅਰ ਪੁਲਿਸ ਅਧਿਕਾਰੀ ਡੇਵ ਸਨੇਰ ਨੇ ਇਸ ਘਟਨਾ ਨੂੰ ਹਮਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਜੇ ਇਹ ਪਤਾ ਨਹੀਂ ਲੱਗਿਆ ਕਿ ਇਸ ਹਮਲੇ ਪਿੱਛੇ ਕੀ ਮਕਸਦ ਸੀ। ਉਨ੍ਹਾਂ ਕਿਹਾ ਕਿ ਇਸ ਬਾਰੇ ਅਜੇ ਕੁਝ ਵੀ ਕਹਿਣਾ ਜਾਂਚ 'ਚ ਦਖ਼ਲਅੰਦਾਜ਼ੀ ਕਰਨ ਬਰਾਬਰ ਹੋਵੇਗਾ। ਦੱਸਣਯੋਗ ਹੈ ਕਿ ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀਆਂ 'ਤੇ ਹਮਲੇ ਦੇ ਸਾਲ 2009 ਵਿਚ ਕਰੀਬ ਸੌ ਅਤੇ ਸਾਲ 2008 ਵਿਚ 17 ਮਾਮਲੇ ਸਾਹਮਣੇ ਆਏ ਸਨ, ਪਰ ਇਹ ਪਹਿਲਾ ਮਾਮਲਾ ਹੈ, ਜਦੋਂ ਕਿਸੇ ਨੌਜਵਾਨ ਦੀ ਅਜਿਹੇ ਹਮਲੇ ਵਿਚ ਮੌਤ ਹੋਈ ਹੈ। ਮ੍ਰਿਤਕ ਨੌਜਵਾਨ ਦੇ ਨਾਲ ਰਹਿਣ ਵਾਲੇ ਪਰਮਿੰਦਰ ਸਿੰਘ ਨੇ ਕਿਹਾ ਕਿ ਨਿਊਪੋਰਟ ਰੇਲਵੇ ਸਟੇਸ਼ਨ 'ਤੇ ਇਕ ਗਰੁੱਪ ਵੱਲੋਂ ਕੀਤੀ ਕੁੱਟਮਾਰ ਤੋਂ ਬਾਅਦ ਨਿਤਿਨ ਗਰਗ ਪ੍ਰੇਸ਼ਾਨ ਸੀ। ਪਰਮਿੰਦਰ ਸਿੰਘ ਨੇ ਦੱਸਿਆ ਕਿ ਹਮਲਾਵਰ ਨਸ਼ੇ 'ਚ ਧੁੱਤ ਸਨ ਅਤੇ ਕੁੱਟਮਾਰ ਲਈ ਕਿਸੇ ਵਿਅਕਤੀ ਦੀ ਭਾਲ ਕਰ ਰਹੇ ਸਨ। ਸੀਨੀਅਰ ਪੁਲਿਸ ਅਧਿਕਾਰੀ ਸਨੇਰ ਨੇ ਕਿਹਾ ਕਿ ਅਜੇ ਤੱਕ ਹਥਿਆਰ ਬਰਾਮਦ ਨਹੀਂ ਹੋ ਸਕਿਆ।

ਜ਼ਿਕਰਯੋਗ ਹੈ ਕਿ ਨਿਤਿਨ ਗਰਗ ਜਗਰਾਉਂ ਦੇ ਮੁਹੱਲਾ ਵਿਜੇ ਨਗਰ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਤਿੰਨ ਸਾਲਾਂ ਤੋਂ ਆਸਟਰੇਲੀਆ ਵਿਖੇ ਰਹਿ ਕੇ ਪੜ੍ਹਾਈ ਕਰ ਰਿਹਾ ਸੀ। ਨਿਤਿਨ ਦੀ ਮਾਤਾ ਪ੍ਰਵੀਨ ਗਰਗ, ਭਰਾ ਮਨੀ ਗਰਗ ਅਤੇ ਤਾਏ ਵਰਿੰਦਰ ਗਰਗ ਨੇ ਦੱਸਿਆ ਕਿ 3 ਮਹੀਨੇ ਬਾਅਦ ਨਿਤਿਨ ਨੂੰ ਪੀ ਆਰ ਮਿਲ ਜਾਣੀ ਸੀ। ਪਰਿਵਾਰ ਦੇ ਨਜ਼ਦੀਕੀ ਅਵਤਾਰ ਸਿੰਘ ਨੇ ਕਿਹਾ ਕਿ ਆਸਟਰੇਲੀਆ ਸਰਕਾਰ ਨੇ ਮਦਦ ਲਈ ਕੋਈ ਯਤਨ ਨਹੀਂ ਕੀਤਾ, ਉਲਟਾ ਇਸ ਮੁਲਕ ਦੀ ਅੰਬੈਸੀ ਵਿਚੋਂ ਫੋਨ ਆਇਆ ਕਿ ਇਸ ਕਤਲ ਬਾਰੇ ਮੀਡੀਆ ਵਿਚ ਕੋਈ ਗੱਲ ਨਾ ਕੀਤੀ ਜਾਵੇ। ਵਿਦੇਸ਼ ਤੋਂ ਨਿਤਿਨ ਦੀ ਮ੍ਰਿਤਕ ਦੇਹ ਮੰਗਵਾਉਣ ਸਬੰਧੀ ਨਿਯਮਾਂ ਤੋਂ ਅਣਜਾਣ ਉਸ ਦੇ ਪਰਿਵਾਰ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਕ ਫੈਕਸ ਭੇਜ ਕੇ ਮਦਦ ਦੀ ਅਪੀਲ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਵਿਧਾਇਕ ਹਰਮਹਿੰਦਰ ਸਿੰਘ ਰਾਏਕੋਟ, ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਤੇ ਹੋਰ ਕਾਂਗਰਸੀ ਆਗੂ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਨ ਲਈ ਉਸ ਦੇ ਘਰ ਪਹੁੰਚੇ। ਇਸ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ.ਕ੍ਰਿਸ਼ਨਾ ਨੇ ਆਖਿਆ ਕਿ ਆਸਟਰੇਲੀਆ ਸਰਕਾਰ ਮੈਲਬਰਨ ਵਿਚ ਇਕ ਭਾਰਤੀ ਨੌਜਵਾਨ ਨਿਤਿਨ ਗਰਗ ਦੇ ਕਤਲ ਦੀ ਜਾਂਚ ਕਰਾਉਣ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਸ਼ਿਕੰਜੇ ਵਿਚ ਲਿਆਉਣ ਲਈ ਪਾਬੰਦ ਹੈ ਜਦਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਭਰੋਸੇ ਤੇ ਸਦਭਾਵਨਾ ਦੇ ਮਾਹੌਲ ਉੱਤੇ ਅਸਰ ਪਵੇਗਾ। ਕਰਨਾਟਕ ਦੇ ਰਾਜਪਾਲ ਐਚ.ਆਰ.ਭਾਰਦਵਾਜ ਨਾਲ ਇਕ 'ਸਦਭਾਵੀ' ਮੁਲਾਕਾਤ ਤੋਂ ਬਾਅਦ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਭਾਰਤੀ ਵਿਦਿਆਰਥੀ ਦੇ ਕਤਲ (ਮੈਲਬਰਨ ਵਿਚ) ਦੇ ਕੇਸ ਜਿਹੀਆਂ ਮੰਦਭਾਗੀਆਂ ਘਟਨਾਵਾਂ ਕਾਰਨ ਆਪਸੀ ਸਬੰਧਾਂ ਦੇ ਭਰੋਸੇ ਅਤੇ ਸਦਭਾਵਨਾ ਦੇ ਮਾਹੌਲ ਉੱਤੇ ਮਾੜਾ ਅਸਰ ਹੀ ਪਾਉਣਗੀਆਂ।'' ਕ੍ਰਿਸ਼ਨਾ ਨੇ ਕਿਹਾ ਕਿ ਨਸਲੀ ਹਮਲਾ ਹੋਵੇ ਜਾਂ ਇਸ ਪਿੱਛੇ ਕੋਈ ਹੋਰ ਮਨੋਰਥ ਹੋਵੇ ਪਰ ਇਹ ਤੱਥ ਹੈ ਕਿ ਇਕ ਭਾਰਤੀ ਵਿਦਿਆਰਥੀ ਨੂੰ ਕਤਲ ਕੀਤਾ ਗਿਆ ਅਤੇ ਆਸਟਰੇਲੀਆ ਸਰਕਾਰ ਇਖਲਾਕੀ ਤੇ ਕਾਨੂੰਨੀ ਪੱਖੋਂ ਜਾਂਚ ਕਰਾਉਣ ਅਤੇ ਫੇਰ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦੇ ਪਾਬੰਦ ਹੈ।

**ਨਾਭਾ ਦਾ ਨੌਜਵਾਨ ਵੀ ਕਤਲ:** ਇਸੇ ਦੌਰਾਨ ਪੰਜਾਬੀ ਨੌਜਵਾਨ ਰਣਜੋਧ ਸਿੰਘ ਪੁੱਤਰ ਗੁਰਮੇਲ ਸਿੰਘ ਲਾਹੌਰਾ ਗੇਟ ਨਾਭਾ ਦਾ ਆਸਟਰੇਲੀਆ ਵਿਖੇ ਕਤਲ ਕਰ ਦਿੱਤੇ ਜਾਣ ਦਾ ਸਮਾਚਾਰ ਹੈ। ਰਣਜੋਧ ਸਿੰਘ ਇਕ ਸਾਲ ਪਹਿਲਾਂ ਪੇਪਰ ਮੈਰਿਜ ਦੇ ਆਧਾਰ 'ਤੇ ਲੜਕੀ ਨਾਲ ਆਸਟਰੇਲੀਆ ਗਿਆ ਸੀ ਪਰ ਬਾਅਦ ਵਿਚ ਦੋਵੇਂ ਅਲੱਗ-ਅਲੱਗ ਰਹਿਣ ਲੱਗ ਪਏ। ਹਰਦੇਵ ਸਿੰਘ ਅਨੁਸਾਰ 28 ਦਸੰਬਰ ਤੋਂ ਲਾਪਤਾ ਰਣਜੋਧ ਸਿੰਘ ਦੀ ਲਾਸ਼ ਬੀਤੀ 1 ਜਨਵਰੀ ਨੂੰ ਆਸਟ੍ਰੇਲੀਅਨ ਪੁਲਿਸ ਨੂੰ ਬਰਾਮਦ ਹੋਈ, ਜਿਸ ਦਾ ਚਿਹਰਾ ਬੁਰੀ ਤਰ੍ਹਾਂ ਸਾੜਿਆ ਗਿਆ ਸੀ। ਰਣਜੋਧ ਸਿੰਘ ਦੀ ਸ਼ਨਾਖਤ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੇ ਉਸ ਦੇ ਕਤਲ ਦੀ ਸੂਚਨਾ ਭਾਰਤ ਰਹਿੰਦੇ ਮਾਪਿਆਂ ਤੱਕ ਪਹੁੰਚਾਈ। ਆਸਟਰੇਲੀਆ ਦੇ ਸ਼ਹਿਰ ਮੈਲਬੌਰਨ ਦੇ ਗਰਿਫਥ ਕਸਬੇ 'ਚ ਰਹਿਣ ਵਾਲੇ ਰਣਜੋਧ ਸਿੰਘ ਦਾ ਕਤਲ ਪੈਸਿਆਂ ਦੇ ਲੈਣ-ਦੇਣ ਕਾਰਨ ਮੰਨਿਆ ਜਾ ਰਿਹਾ ਹੈ। ਫਿਲਹਾਲ ਉਸਦੀ ਮ੍ਰਿਤਕ ਦੇਹ ਗਰਿਫਥ ਦੇ ਹਸਪਤਾਲ ਵਿਖੇ ਪੁਲਿਸ ਨਿਗਰਾਨੀ ਹੇਠ ਹੈ। ਪੁਲਿਸ ਜਾਂਚ ਮੁਕੰਮਲ ਹੋਣ ਤੇ ਹੀ ਰਣਜੋਧ ਸਿੰਘ ਦੇ ਕਤਲ ਦੇ ਕਾਰਨਾਂ ਦਾ ਖੁਲਾਸਾ ਹੋ ਸਕੇਗਾ।

ਇਸੇ ਦੌਰਾਨ ਮੋਗਾ ਨੇੜਲੇ ਪਿੰਡ ਦੁਸਾਂਝ ਕਲਾਂ ਦੀ ਇਕ ਕੁੜੀ ਵਲੋਂ ਅਸਟਰੇਲੀਆ ਵਿਚ ਆਤਮ ਹੱਤਿਆ ਕਰਨ ਦੀ ਰਿਪੋਰਟ ਮਿਲੀ ਹੈ। ਮੈਲਬਰਨ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਤੋਂ ਪੜ੍ਹਾਈ ਵੀਜ਼ੇ 'ਤੇ ਫਰਵਰੀ 'ਚ ਬ੍ਰਿਸਬੇਨ ਆਈ 20 ਸਾਲਾ ਵਿਦਿਆਰਥਣ ਦੀ ਘਰੇਲੂ ਝਗੜੇ ਤੋਂ ਤੰਗ ਆ ਕੇ ਖੁਦਕੁਸ਼ੀ ਕਰਨ ਦੀ ਖ਼ਬਰ ਹੈ। ਮੋਗਾ ਜ਼ਿਲੇ ਦੇ ਪਿੰਡ ਦੁਸਾਂਝ ਤੋਂ ਆਸਟਰੇਲੀਆ ਵਿਚ ਆਈ ਅਮਨ ਨੇ ਬ੍ਰਿਸਬੇਨ ਸ਼ਹਿਰ 'ਚੋਂ ਲੰਘਦੇ ਦਰਿਆ ਵਿਚ ਵਿਕਟੋਰੀਆ ਪੁਲ ਤੋਂ ਛਾਲ ਮਾਰ ਦਿੱਤੀ, ਪੰਜ ਦਿਨ ਰਾਇਲ ਬ੍ਰਿਸਬੇਨ ਹਸਪਤਾਲ ਵਿਚ ਸਾਹ ਪ੍ਰਣਾਲੀ ਉਤੇ ਰਹੀ ਮ੍ਰਿਤਕਾ ਲਈ ਉਸਦਾ ਵਿਆਹੁਤਾ ਜੀਵਨ ਜਾਨ ਦਾ ਖੌਅ ਬਣ ਗਿਆ ਸੀ, ਜਾਣਕਾਰਾਂ ਮੁਤਾਬਕ ਉਹ ਨਿੱਤ ਦੇ ਘਰੇਲੂ ਝਗੜੇ ਤੋਂ ਬਹੁਤ ਪ੍ਰੇਸ਼ਾਨ ਰਹਿੰਦੀ ਸੀ, ਅਮਨਦੀਪ ਕੌਰ ਦੇ ਪਤੀ ਰਾਣਾ ਪ੍ਰਦੀਪ ਕੁਮਾਰ ਉੱਤੇ ਉਸਨੂੰ ਮਾਰ ਕੁੱਟਣ ਦਾ ਦੋਸ਼ ਵੀ ਲੱਗ ਰਿਹਾ ਹੈ। ਵਿਆਹੁਤਾ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਤੇ ਨਾਲ ਹੀ ਆਸਟਰੇਲੀਆ ਵਿਚ ਪੱਕੇ ਹੋਣ ਲਈ ਪੜ੍ਹਾਈ ਦੀਆਂ ਸ਼ਰਤਾਂ ਪੂਰਦੀ ਅਮਨਦੀਪ ਕੌਰ ਦੀ ਲਾਸ਼ ਹਸਪਤਾਲ ਵਿਚ ਹੀ ਰੱਖੀ ਗਈ ਹੈ, ਜਿੱਥੋਂ 5 ਜਨਵਰੀ ਨੂੰ ਮੌਤ ਸਬੰਧੀ ਪੱਤਰ ਜਾਰੀ ਹੋਣ ਮਗਰੋਂ ਉਸਦੀ ਲਾਸ਼ ਭਾਰਤ ਭੇਜੀ ਜਾਵੇਗੀ। ਲਾਸ਼ ਭੇਜਣ ਦੇ ਖਰਚੇ ਲਈ ਭਾਈਚਾਰਕ ਸੰਸਥਾਵਾਂ ਵਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਬ੍ਰਿਸਬੇਨ ਤੋਂ ਗੱਲਬਾਤ ਕਰਦਿਆਂ ਮਨਜੀਤ ਸਿੰਘ ਬੋਪਾਰਾਏ ਨੇ ਪੰਜਾਬ ਵਿਚ ਬੈਠੇ ਬੱਚੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨਾਲ ਫੋਨ ਆਦਿ ਜ਼ਰੀਏ ਸੰਪਰਕ 'ਚ ਰਹਿਣ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਸਿਡਨੀ 'ਚ ਲੁਧਿਆਣੇ ਲਾਗਲੇ ਪਿੰਡ ਦੀ ਮਨਪ੍ਰੀਤ ਕੌਰ ਦਾ ਉਸਦੇ ਪਤੀ ਨੇ ਗਲਾ ਕੱਟ ਕੇ ਕਤਲ ਕਰ ਦਿੱਤਾ ਸੀ। ਮੈਲਬੌਰਨ ਪੁਲਿਸ ਨੇ ਕਾਤਲ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਦੀ ਸ਼ਨਾਖਤ ਮਨਪ੍ਰੀਤ ਕੌਰ ਪਤਨੀ ਚਮਨਜੋਤ ਸਿੰਘ ਵਜੋਂ ਕੀਤੀ ਗਈ ਹੈ। ਮਨਪ੍ਰੀਤ ਕੌਰ ਪੜ੍ਹਾਈ ਦੇ ਆਧਾਰ 'ਤੇ ਇਸ ਸਾਲ ਜਨਵਰੀ ਵਿਚ ਆਸਟਰੇਲੀਆ ਗਈ ਸੀ ਅਤੇ ਮਈ ਵਿਚ ਉਸਨੇ ਆਪਣੇ ਪਤੀ ਚਮਨਜੋਤ ਸਿੰਘ ਨੂੰ ਵੀ ਆਸਟਰੇਲੀਆ ਬੁਲਾ ਲਿਆ। ਮਨਪ੍ਰੀਤ ਕੌਰ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ ਰਹਿੰਦੀ ਸੀ ਅਤੇ ਮਨਪ੍ਰੀਤ ਕੌਰ ਪੜਾਈ ਤੋਂ ਬਾਅਦ ਨੌਕਰੀ ਕਰਕੇ ਆਪਣੇ ਗੁਜ਼ਾਰਾ ਕਰ ਰਹੀ ਸੀ, ਜਦਕਿ ਉਸਦਾ ਪਤੀ ਵਿਹਲਾ ਹੀ ਸੀ। ਪਤੀ ਵਲੋਂ ਕੁਝ ਦਿਨ ਪਹਿਲਾਂ ਉਸਦੇ ਖਾਤੇ ਵਿਚੋਂ 1500 ਡਾਲਰ ਵੀ ਕਢਵਾ ਲਏ ਸਨ। ਮਨਪ੍ਰੀਤ ਕੌਰ ਦਾ ਵਿਆਹ ਪਿਛਲੇ ਸਾਲ ਸਤੰਬਰ ਵਿਚ ਹੋਇਆ ਸੀ ਅਤੇ ਉਸਦਾ ਪਿਤਾ ਦਾ ਡਾਬਾ ਇਲਾਕੇ ਵਿਚ ਹੀ ਸਾਇਕਲ ਪਾਰਟਸ ਦੀ ਫੈਕਟਰੀ ਹੈ। ਜਾਣਕਾਰੀ ਅਨੁਸਾਰ ਚਮਨਜੋਤ ਸਿੰਘ ਨੇ ਆਪਣੀ ਪਤਨੀ ਮਨਪ੍ਰੀਤ ਕੌਰ ਦੇ ਗਲੇ 'ਤੇ ਤੇਜ਼ਧਾਰ ਹਥਿਆਰਾਂ ਨਾਲ ਕਈ ਵਾਰ ਕੀਤੇ ਜੋ ਕਿ ਉਸਦੀ ਮੌਤ ਦਾ ਕਾਰਨ ਬਣੇ। ਕਤਲ ਕਰਨ ਤੋਂ ਬਾਅਦ ਚਮਨਜੋਤ ਸਿੰਘ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਿਆ, ਪਰ ਪੁਲਿਸ ਵਲੋਂ ਲੋਕਾਂ ਦੇ ਸਹਿਯੋਗ ਨਾਲ ਮੈਲਬੌਰਨ ਦੇ ਬੱਸ ਅੱਡੇ ਤੋਂ ਉਸਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਅਨੁਸਾਰ ਪਤੀ-ਪਤਨੀ ਦਾ ਅਕਸਰ ਝਗੜਾ ਰਹਿੰਦਾ ਸੀ।

ਆਸਟਰੇਲੀਆ ਵਿਚ ਪਿਛਲੇ ਕੁਝ ਸਮੇਂ ਤੋਂ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਕਾਰਨ ਆਸਟਰੇਲੀਆ ਦੇ ਸੈਰ ਸਪਾਟਾ ਵਿਭਾਗ ਨੂੰ ਖਦਸ਼ਾ ਹੈ ਕਿ ਭਾਰਤ ਤੋਂ ਇੱਥੇ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ 21 ਫੀਸਦੀ ਘਟ ਸਕਦੀ ਹੈ। ਇੱਥੇ ਅਧਿਕਾਰਤ ਤੌਰ 'ਤੇ ਜਾਰੀ ਰਿਪੋਰਟ ਅਨੁਸਾਰ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਅਤੇ ਵੀਜ਼ਾ ਸਕੈਂਡਲ ਕਾਰਨ ਆਉਂਦੇ ਵਰ੍ਹੇ ਭਾਰਤ ਤੋਂ ਆਸਟਰੇਲੀਆ ਸਟੂਡੈਂਟ ਵੀਜ਼ੇ ਤੇ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਚਾਰ ਹਜ਼ਾਰ ਤਕ ਘਟ ਸਕਦੀ ਹੈ। ਆਸਟਰੇਲੀਆ ਦੀ ਸੈਰ ਸਪਾਟਾ ਕਮੇਟੀ ਦੇ ਮੁਖੀ ਬਰਨਰਡ ਸਾਲਟ ਨੇ ਕਿਹਾ ਕਿ ਇਸ ਗਿਣਤੀ ਦੇ ਘਟਣ ਕਾਰਨ ਆਸਟਰੇਲੀਆ ਨੂੰ ਸੱਤ ਕਰੋੜ ਅਮਰੀਕੀ ਡਾਲਰ ਦਾ ਨੁਕਸਾਨ ਝੱਲਣਾ ਪਵੇਗਾ। ਸ੍ਰੀ ਸਾਲਟ ਨੇ ਕਿਹਾ ਕਿ ਪ੍ਰਾਪਤ ਹੋਈਆਂ ਵੀਜ਼ਾ ਅਰਜ਼ੀਆਂ ਨੂੰ ਦੇਖਣ ਤੋਂ ਪਤਾ ਲੱਗਾ ਹੈ ਕਿ 2010 ਵਿਚ 20 ਫੀਸਦੀ ਭਾਰਤੀ ਵਿਦਿਆਰਥੀ ਪਿਛਲੇ ਸਾਲ ਦੇ ਮੁਕਾਬਲੇ ਘਟ ਆਉਣਗੇ।

## ਸਿਨਸਿਨੈਟੀ 'ਚ ਨਵੇਂ ਸਾਲ 'ਤੇ ਰੰਗਾਰੰਗ ਪ੍ਰੋਗਰਾਮ

**ਸਿਨਸਿਨੈਟੀ, ਓਹਾਇਓ (ਪੰਜਾਬ ਟਾਈਮਜ਼ ਬਿਊਰੋ):** ਇੱਥੋਂ ਦੇ ਪੰਜਾਬੀ ਭਾਈਚਾਰੇ ਨੇ ਸਾਲ 2009 ਨੂੰ ਅਲਵਿਦਾ ਅਤੇ ਸਾਲ 2010 ਨੂੰ ਜੀ ਆਇਆਂ ਇਕ ਸਭਿਆਚਾਰਕ ਪ੍ਰੋਗਰਾਮ ਕਰਕੇ ਆਖਿਆ। ਇਹ ਪ੍ਰੋਗਰਾਮ ਇਕ ਤਰ੍ਹਾਂ ਨਾਲ ਸਥਾਨਕ ਗੁਰੂ ਘਰ ਦੀ ਤਿਆਰ ਹੋ ਰਹੀ ਇਮਾਰਤ ਵਾਸਤੇ ਫੰਡਰੇਜ਼ਰ ਪ੍ਰੋਗਰਾਮ ਵੀ ਸੀ। ਇਸ ਮੌਕੇ ਮੁੰਡਿਆਂ-ਕੁੜੀਆਂ ਨੇ ਗਿੱਧਾ ਤੇ ਭੰਗੜਾ ਪੇਸ਼ ਕੀਤਾ।

ਇਸ ਪ੍ਰੋਗਰਾਮ ਲਈ ਪਾਰਟੀ ਹਾਲ ਰਛਪਾਲ ਸਿੰਘ ਸਹੋਤਾ ਨੇ ਮੁਫ਼ਤ ਦਿੱਤਾ। ਦਲਵੀਰ ਮਾਵੀ ਨੇ ਮੁਫ਼ਤ ਡੀ ਜੇ ਕੀਤਾ ਜਦੋਂ ਕਿ ਖਾਣੇ ਦੀ ਸੇਵਾ ਆਪਣਾ ਇੰਡੀਆ ਰੈਸਟੋਰੈਂਟ ਵਲੋਂ ਕੀਤੀ ਗਈ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਸੁਰਜੀਤ ਸਿੰਘ ਮਾਵੀ, ਜਗਪਾਲ ਸਿੰਘ ਗਰੇਵਾਲ, ਜਗਤਾਰ ਸਿੰਘ ਢਾਂਟੂ ਅਤੇ ਬਲਕਾਰ ਸਿੰਘ ਬਾਠ ਨੇ ਸਹਿਯੋਗ ਦਿੱਤਾ।

ੴ ਸਤਿਗੁਰ ਪ੍ਰਸਾਦਿ

**ਸਰਬੰਸਦਾਨੀ ਸਾਹਿਬ ਏ ਕਮਾਲ ਦਸ਼ਮੇਸ ਪਿਤਾ**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਦੇ ਪ੍ਰਕਾਸ਼ ਦਿਵਸ ਦੀ ਸਮੁੱਚੀ ਲੋਕਾਈ ਨੂੰ**

# ਲੱਖ ਲੱਖ ਵਧਾਈ



**ਰਪਿੰਦਰ ਸਿੰਘ ਵਾਲੀਆ, ਜਸਪਾਲ ਸਿੰਘ ਵਾਲੀਆ ਅਤੇ ਸਮੂਹ ਵਾਲੀਆ ਪਰਿਵਾਰ**

**ਆਪਣੀ ਮਨਪਸੰਦ ਕਾਰ ਖਰੀਦਣ ਅਤੇ ਭਰੋਸੇਮੰਦ ਸੇਵਾ ਲਈ ਸਾਨੂੰ ਸੇਵਾ ਦਾ ਮੌਕਾ ਦਿਓ।**

**We specialize in imported cars, SUV, Pickups, Mercedes, BMW, Lexus, Toyota, Honda, Nissan, Volvo, VWS, Audi Etc.
We also finance cars. In house finance available.
We register with Air Check Texas programe for receving $3000 for your 10 years or older cars.**

SUPER IMPORTS INCORPORATED

***For More Information Please Call***

**Toll Free Ph No. 1-888-312-3778, Local: 817-861-2520**

**Fax: 817-861-2542**

# Super Imports Incorporated

**1028 W. Division Street, Arlington TX 76012**

www.superimportscars.com rapinder@superimportscars.com

# ਪੰਜਾਬ ਟਾਈਮਜ਼

ਸਨਿਚਰਵਾਰ, 9 ਜਨਵਰੀ 2010


*ਹਰ ਨਵਾਂ ਸਾਲ, ਨਵਾਂ ਸੁੱਖ ਵੀ ਲਿਆਉਂਦਾ ਹੈ ਤੇ ਨਵੀਆਂ ਚੁਣੌਤੀਆਂ ਵੀ।*

## ਅਕਾਲੀ-ਭਾਜਪਾ ਖਿੱਚੋਤਾਣ ਜਾਰੀ

ਮੌਜੂਦਾ ਅਕਾਲੀ ਭਾਜਪਾ ਸਰਕਾਰ ਜਦੋਂ ਦੀ ਹੋਂਦ ਵਿਚ ਆਈ ਹੈ ਦੋਨਾਂ ਪਾਰਟੀਆਂ ਵਿਚਕਾਰ ਆਪਸ ਵਿਚ ਖਿੱਚੋਤਾਣ ਲਗਾਤਾਰ ਜਾਰੀ ਹੈ। ਇਹ ਗੱਲ ਤਾਂ ਸਾਧਾਰਣ ਪਾਠਕ ਵੀ ਜਾਣਦੇ ਹਨ ਕਿ ਦੋਨੋਂ ਪਾਰਟੀਆਂ ਮੁਕੰਮਲ ਰੂਪ ਵਿਚ ਵੱਖੋ-ਵੱਖਰੇ ਤਬਕਾਤੀ ਅਤੇ ਧਾਰਮਿਕ ਹਿੱਤ ਰੱਖਣ ਵਾਲੀਆਂ ਪਾਰਟੀਆਂ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਦੋਨਾਂ ਵਲੋਂ ਹੀ ਆਪੋ ਆਪਣੇ ਸੰਬੰਧਤ ਤਬਕਿਆਂ ਲਈ ਵਧੇਰੇ ਸਹੂਲਤਾਂ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਕੋਸ਼ਿਸ਼ ਵਿਚੋਂ ਹੀ ਦੋਨੋਂ ਰਾਜਨੀਤਕ ਪਾਰਟੀਆਂ ਵਧੇਰੇ ਆਰਥਿਕ ਅਤੇ ਸਿਆਸੀ ਹਿੱਤਾਂ ਨੂੰ ਆਪੋ ਆਪਣੇ ਪੱਖ ਵਿਚ ਖਿੱਚਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਰਾਜ ਵਿਚ ਸਰਕਾਰ ਸਹੀ ਢੰਗ ਨਾਲ ਚੱਲਣ ਦੀ ਬਜਾਏ ਡਿੱਕ-ਡੋਲੇ ਖਾਂਦਿਆਂ ਅੱਗੇ ਤੁਰ ਰਹੀ ਹੈ। ਸਿੱਟਾ ਇਹ ਵੀ ਨਿਕਲ ਰਿਹਾ ਹੈ ਕਿ ਦੋਨੋਂ ਪਾਰਟੀਆਂ ਹੀ ਆਪੋ ਆਪਣੇ ਤਬਕਿਆਂ ਨੂੰ ਕੋਈ ਬਹੁਤੀ ਰਾਹਤ ਦੇਣ ਵਿਚ ਕਾਮਯਾਬ ਨਹੀਂ ਹੋ ਰਹੀਆਂ। ਨਤੀਜੇ ਵਜੋਂ ਵਿਕਾਸ ਕਾਰਜ ਤਕਰੀਬਨ ਠੱਪ ਹੋਏ ਪਏ ਹਨ। ਪੰਜਾਬ ਦੇ ਪਿੰਡਾਂ ਦੀਆਂ ਸੜਕਾਂ, ਸੀਵਰੇਜ ਸਿਸਟਮ, ਟੈਲੀਫੋਨ ਲਾਈਨਾਂ ਆਦਿ ਦਾ ਹਾਲ ਅੱਜ ਭਾਰਤ ਦੇ ਪਛੜੇ ਰਾਜਾਂ ਨਾਲੋਂ ਵੀ ਵਧੇਰੇ ਮਾੜਾ ਹੋ ਰਿਹਾ ਹੈ। ਇਸੇ ਤਰ੍ਹਾਂ ਵਿਦਿਅਕ ਸਿਸਟਮ ਅਤੇ ਸਿਹਤ ਸਹੂਲਤਾਂ ਲਗਾਤਾਰ ਉਜਾੜੇ ਵਲ ਤੁਰ ਰਹੀਆਂ ਹਨ। ਭਾਵੇਂ ਕਿ ਕੁਝ ਅਧਿਕਾਰੀ ਅਤੇ ਸਿਆਸਤਦਾਨ ਵਿਦਿਅਕ ਅਤੇ ਸਿਹਤ ਸਹੂਲਤਾਂ ਦੇ ਢਾਂਚੇ ਨੂੰ ਰੁਖ ਸਿਰ ਕਰਨ ਲਈ ਕਾਫੀ ਯਤਨ ਕਰ ਰਹੇ ਹਨ ਪਰ ਹੇਠਲਾ ਅਮਲਾ ਫੈਲਾ ਜਿੰਨਾ ਵਧ ਅਤੇ ਵਿਆਪਕ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਗਿਆ ਹੈ ਉਸ ਨਾਲ ਕੁਝ ਵੀ ਸੂਰ ਸਿਰ ਨਹੀਂ ਹੋ ਰਿਹਾ। ਇਥੋਂ ਤੱਕ ਕਿ ਨਰੇਗਾ ਸਕੀਮ ਅਧੀਨ ਅਤੇ ਸਿਹਤ ਸਹੂਲਤਾਂ ਦੇ ਮਕਸਦ ਲਈ ਕੇਂਦਰ ਵਲੋਂ ਆ ਰਹੀਆਂ ਰਕਮਾਂ ਵੀ ਖੁਰਦ-ਬੁਰਦ ਹੋ ਰਹੀਆਂ ਹਨ। ਰਾਜ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸ਼ਗਨ ਸਕੀਮ ਦੀ ਰਾਸ਼ੀ ਵੀ ਅਫਸਰਸ਼ਾਹੀ ਅਤੇ ਵਿਚੋਲੇ ਹੀ ਹੜਪ ਕਰ ਗਏ ਹਨ। ਪੰਜਾਬ ਸਰਕਾਰ ਵਲੋਂ ਆਪਣੇ ਚੋਣ ਵਾਅਦੇ ਅਨੁਸਾਰ ਸ਼ੁਰੂ ਕੀਤੀ ਗਈ ਸਸਤੇ ਰਾਸ਼ਨ ਦੀ ਸਕੀਮ ਵੀ ਤਕਰੀਬਨ ਠੱਪ ਹੋਣ ਕੰਢੇ ਪਹੁੰਚ ਗਈ ਹੈ। ਵੱਖ-ਵੱਖ ਸ਼ਹਿਰਾਂ ਵਿਚ ਚਲ ਰਹੇ ਵਿਕਾਸ ਕਾਰਜ ਵੀ ਅਧਵਾਟੇ ਖੜ੍ਹੇ ਵਿਖਾਈ ਦੇ ਰਹੇ ਹਨ। ਬਿਜਲੀ ਅਤੇ ਪਾਣੀ ਦੀ ਸਪਲਾਈ ਜਿਹੀਆਂ ਸਹੂਲਤਾਂ ਵੀ ਸਰਕਾਰ ਤੋਂ ਪੂਰੀਆਂ ਨਹੀਂ ਹੋ ਰਹੀਆਂ ਉਂਜ ਆਉਂਦੇ ਕੁਝ ਸਾਲਾਂ ਵਿਚ ਬੇਬਾਹ ਬਿਜਲੀ ਪੈਦਾ ਕਰਨ ਦੇ ਸਰਕਾਰ ਵਲੋਂ ਭਾਵੇਂ ਬਹੁਤ ਸਾਰੇ ਦਾਅਵੇ ਕੀਤੇ ਜਾ ਰਹੇ ਹਨ ਪਰ ਹਾਲ ਦੀ ਘੜੀ ਇਸ ਸਾਰੇ ਕੁਝ ਦਾ ਹਾਲ ਬੁਰਾ ਹੀ ਹੈ। ਬਿਜਲੀ ਦੀ ਪੈਦਾਵਾਰ ਅਤੇ ਸਪਲਾਈ ਦੀ ਦ੍ਰਿਸ਼ਟੀ ਤੋਂ ਤਾਂ ਪੰਜਾਬ ਦੇ ਲੋਕਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਦਿਨ ਮੁੜ ਚੇਤੇ ਆ ਗਏ ਹਨ।

ਕੈਪਟਨ ਅਮਰਿੰਦਰ ਸਿੰਘ ਵਿਚ ਬਹੁਤ ਸਾਰੇ ਨੁਕਸ ਹੋ ਸਕਦੇ ਹਨ, ਉਨ੍ਹਾਂ ਦੀ ਸਿਆਸੀ ਪਹੁੰਚ ਅਤੇ ਬਦਲਾਲਊ ਸਿਆਸਤ ਵੀ ਨੁਕਸਦਾਰ ਹੋ ਸਕਦੀ ਹੈ, ਉਨ੍ਹਾਂ ਦੀ ਸਿਆਸੀ ਭਾਸ਼ਾ ਦੇ ਵੀ ਬਹੁਤ ਸਾਰੇ ਅਲੋਚਕਾਂ ਵਲੋਂ ਕੀੜੇ ਕੱਢੇ ਜਾ ਸਕਦੇ ਹਨ, ਪਰ ਇਸ ਗੱਲ ਤੋਂ ਕੋਈ ਮੁੱਕਰ ਨਹੀਂ ਸਕਦਾ ਕਿ ਕੈਪਟਨ ਨੇ ਆਪਣੀ ਸਰਕਾਰ ਵੇਲੇ ਨਾ ਤਾਂ ਮੰਡੀਆਂ ਵਿਚ ਕਿਸਾਨਾਂ ਦੀ ਫਸਲ ਰੁਲਣ ਦਿੱਤੀ ਅਤੇ ਨਾ ਹੀ ਬਿਜਲੀ ਦੀ ਸਪਲਾਈ ਵਿਚ ਬਹੁਤੀ ਔਖ ਆਉਣ ਦਿੱਤੀ। ਉਨ੍ਹਾਂ ਵਲੋਂ ਇਹ ਦਰੁਸਤ ਸਿਲਸਿਲਾ ਲਗਭਗ ਪੰਜ ਸਾਲ ਜਾਰੀ ਰਿਹਾ। ਇਸ ਤੋਂ ਇਲਾਵਾ ਬਹੁਤ ਸਾਰੇ ਬੁਨਿਆਦੀ ਢਾਂਚੇ ਅੰਦਰ ਵਿਕਾਸ ਦੇ ਕਾਰਜ ਵੀ ਸ਼ੁਰੂ ਕੀਤੇ ਗਏ। ਇਥੋਂ ਤੱਕ ਕਿ ਪੰਜਾਬ ਵਿਚ ਜਿਹੜੇ ਵਿਕਾਸ ਕਾਰਜ ਅੱਜ ਚੱਲ ਰਹੇ ਹਨ, ਉਹ ਮੁੱਖ ਰੂਪ 'ਚ ਕੈਪਟਨ ਸਰਕਾਰ ਵੇਲੇ ਹੀ ਸ਼ੁਰੂ ਹੋਏ ਸਨ।

ਅਕਾਲੀਆਂ ਅਤੇ ਭਾਜਪਾ ਵਿਚਕਾਰ ਖਿੱਚੋਤਾਣ ਦਾ ਸਿਲਸਿਲਾ ਪਿਛਲੇ ਕੁਝ ਦਿਨਾਂ ਵਿਚ ਵੀ ਜਾਰੀ ਰਿਹਾ। ਦੋਨਾਂ ਪਾਰਟੀਆਂ ਤੋਂ ਸ਼ਹਿਰੀ ਅਤੇ ਪੇਂਡੂ ਲੋਕਾਂ ਨੂੰ ਸਬਸਿਡੀਆਂ ਅਤੇ ਬਿਜਲੀ ਸਪਲਾਈ ਵਿਚ ਕੀਤੇ ਗਏ ਵਾਧੇ ਦਾ ਮਸਲਾ ਵੀ ਨਜਿਠਿਆ ਨਹੀਂ ਜਾ ਰਿਹਾ। ਭਾਜਪਾ ਕਿਉਂਕਿ ਮੁੱਖ ਰੂਪ ਵਿਚ ਸ਼ਹਿਰੀ ਵਪਾਰੀ ਤਬਕੇ ਦੀ ਨੁਮਾਇੰਦਗੀ ਕਰਦੀ ਹੈ, ਇਸ ਲਈ ਉਨ੍ਹਾਂ ਵਲੋਂ ਪਿਛਲੇ ਸਮੇਂ ਵਿਚ ਬਿਜਲੀ ਬੋਰਡ ਵਲੋਂ ਵਧਾਏ ਗਏ ਬਿਲਾਂ ਦੇ ਵਾਧੇ ਨੂੰ ਵਾਪਸ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਹੁਣ ਆਣ ਕੇ ਤਾਂ ਭਾਜਪਾ ਇਸ ਮਸਲੇ ਉੱਪਰ ਅਕਾਲੀਆਂ ਨੂੰ ਧਮਕੀ ਵੀ ਦੇਣ ਲੱਗੀ ਹੈ। ਇਸ ਮੁੱਦੇ ਨੂੰ ਲੈ ਕੇ ਪਿਛਲੇ ਕੁਝ ਦਿਨਾਂ ਵਿਚ ਦੋ ਮੀਟਿੰਗਾਂ ਮੁਲਤਵੀ ਹੋ ਚੁੱਕੀਆਂ ਹਨ। ਸਬਸਿਡੀਆਂ ਅਤੇ ਬਿਜਲੀ ਬਿਲਾਂ ਦੇ ਵਾਧੇ ਦੇ ਮੁੱਦੇ ਨੂੰ ਲੈ ਕੇ ਕੁਝ ਸਮਾਂ ਪਹਿਲਾਂ ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਉਪਰ ਆਧਾਰਤ ਦੋ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਵਲੋਂ ਹਾਲੇ ਤੱਕ ਆਪਣੀ ਕੋਈ ਸਿਫਾਰਿਸ਼ ਨਹੀਂ ਕੀਤੀ ਗਈ ਅਤੇ ਮਾਮਲਾ ਭੰਬਲਭੂਸੇ ਵਿਚ ਹੀ ਚਲ ਰਿਹਾ ਹੈ। ਮੁੱਦੇ ਨੂੰ ਲੈ ਕੇ ਪੰਜਾਬ ਦੇ ਭਾਜਪਾ ਲੀਡਰਾਂ ਦੇ ਸਖਤ ਹੋ ਰਹੇ ਸਟੈਂਡ ਦੇ ਮੱਦੇਨਜ਼ਰ ਸ. ਪ੍ਰਕਾਸ਼ ਸਿੰਘ ਬਾਦਲ ਭਾਜਪਾ ਹਾਈਕਮਾਨ ਤੱਕ ਆਪਣਾ ਰਾਬਤਾ ਬਣਾਉਣ ਵਿਚ ਰੁੱਝੇ ਹੋਏ ਹਨ ਅਤੇ ਭਾਜਪਾ ਹਾਈਕਮਾਨ ਰਾਹੀਂ ਪੰਜਾਬ ਭਾਜਪਾ ਉਪਰ ਦਬਾਅ ਪਾਉਣ ਦੇ ਯਤਨਾਂ ਵਿਚ ਵੀ ਹਨ ਤਾਂ ਕਿ ਪੰਜਾਬ ਭਾਜਪਾ ਦੇ ਆਗੂਆਂ ਦੇ ਸਟੈਂਡ ਨੂੰ ਨਰਮ ਕੀਤਾ ਜਾ ਸਕੇ। ਸਰਕਾਰ ਦੀ ਦਲੀਲ ਹੈ ਕਿ ਉਸ ਦਾ ਆਰਥਕ ਢਾਂਚਾ ਪਹਿਲਾਂ ਹੀ ਮੰਦੇ ਵਿਚ ਚਲ ਰਿਹਾ ਹੈ ਅਤੇ ਇਸ ਹਾਲਤ ਵਿਚ ਉਹ ਹੋਰ ਬੋਝ ਚੱਕਣ ਦੇ ਸਮਰਥ ਨਹੀਂ ਹੈ। ਅਕਾਲੀ ਭਾਜਪਾ ਆਗੂਆਂ ਨੂੰ ਪੁੱਛ ਰਹੇ ਹਨ ਕਿ ਬਿਜਲੀ ਦੇ ਬਿਲਾਂ ਵਿਚਲੇ ਵਾਧੇ ਨੂੰ ਸਰਕਾਰ ਵਲੋਂ ਆਪਣੇ ਪੱਲੇ ਪਾਉਣ ਕਾਰਨ ਪੈਦਾ ਹੋਣ ਵਾਲੇ 800 ਕਰੋੜ ਰੁਪਏ ਦੇ ਘਾਟੇ ਨੂੰ ਕੌਣ ਚੁਕੇਗਾ? ਦੂਜੇ ਪਾਸੇ ਭਾਜਪਾ ਦੀ ਦਲੀਲ ਹੈ ਕਿ ਸਰਕਾਰ ਪਹਿਲਾਂ ਹੀ ਪੇਂਡੂ ਲੋਕਾਂ ਨੂੰ ਸਹੂਲਤਾਂ ਦੇਣ ਲਈ ਹਜਾਰਾਂ ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੀ ਹੈ ਤਾਂ ਸ਼ਹਿਰੀ ਲੋਕਾਂ ਲਈ ਘਰੇਲੂ ਬਿਜਲੀ ਦੇ ਬਿਲਾਂ ਵਿਚ ਰਾਹਤ ਦੇਣ ਲਈ 800 ਕਰੋੜ ਰੁਪਏ ਦਾ ਬੋਝ ਕਿਉਂ ਨਹੀਂ ਚੁਕਿਆ ਜਾ ਸਕਦਾ? ਸਪਸ਼ਟ ਹੈ ਕਿ ਭਾਜਪਾ ਅਕਾਲੀਆਂ ਨਾਲ 'ਪੇਂਡੂ ਬਨਾਮ ਸ਼ਹਿਰੀ' ਤਬਕਿਆਂ ਦੀ ਸਿਆਸਤ ਖੇਡ ਰਹੀ ਹੈ। ਇਸ ਤੋਂ ਵੀ ਅੱਗੇ ਅਸਲ ਵਿਚ ਭਾਜਪਾ 'ਵਪਾਰੀ ਬਨਾਮ ਕਿਸਾਨ' ਸਿਆਸਤ ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਨੇ ਇਹ ਗੱਲ ਵਾਰ ਵਾਰ ਉਠਾਈ ਹੈ ਕਿ ਜੇ ਸਰਕਾਰ ਕਿਸਾਨੀ ਲਈ ਸਬਸਿਡੀਆਂ ਦੇ ਸਕਦੀ ਹੈ ਤਾਂ ਸ਼ਹਿਰੀ ਲੋਕਾਂ ਅਤੇ ਸਨਅਤਕਾਰਾਂ ਲਈ ਕਿਉਂ ਨਹੀਂ? ਇਸ ਸੰਦਰਭ ਵਿਚ ਉਂਜ ਭਾਜਪਾ ਇਸ ਸੱਚਾਈ ਨੂੰ ਅਣਗੋਲਿਆਂ ਕਰ ਰਹੀ ਹੈ ਕਿ ਪੰਜਾਬ ਦਾ ਖੇਤੀ ਖੇਤਰ ਪਹਿਲਾਂ ਹੀ ਘਾਟੇ ਵਿਚ ਹੈ ਅਤੇ ਕਿਸਾਨੀ ਆਤਮ ਹੱਤਿਆਵਾਂ ਵਲ ਤੁਰ ਰਹੀ ਹੈ। ਇਸ ਤੋਂ ਵੀ ਅੱਗੇ ਕਿਸਾਨ ਜਿਨਸਾਂ ਦੇ ਭਾਅ ਵਪਾਰੀਆਂ ਵਾਂਗ ਉਹ ਆਪ ਨਹੀਂ ਮਿਥਦੇ ਸਗੋਂ ਸਰਕਾਰ ਵਲੋਂ ਮਿਥੇ ਜਾਂਦੇ ਹਨ ਅਤੇ ਇਹ ਭਾਅ ਅਕਸਰ ਘਾਟੇਵੰਦ ਹੁੰਦੇ ਹਨ। ਖਾਣ-ਪੀਣ ਵਾਲੀਆਂ ਵਸਤਾਂ ਲੋਕਾਂ ਦੀ ਪਹੁੰਚ ਵਿਚ ਰਖੇ ਜਾਣ ਲਈ ਅਕਸਰ ਖੇਤੀ ਪੈਦਾਵਾਰ ਦੇ ਭਾਅ ਸਸਤੇ ਰਖੇ ਜਾਂਦੇ ਹਨ ਇਸ ਹਾਲਤ ਵਿਚ ਕਿਸਾਨਾਂ ਲਈ ਸਬਸਿਡੀਆਂ ਕਿਸੇ ਵੀ ਸਰਕਾਰ ਦਾ ਫਰਜ਼ ਬਣ ਜਾਂਦਾ ਹੈ। ਸਾਰੀ ਦੁਨੀਆਂ ਵਿਚ ਹੀ ਅਜਿਹੀਆਂ ਸਬਸਿਡੀਆਂ ਕਿਸਾਨਾਂ ਨੂੰ ਸਰਕਾਰਾਂ ਦੇ ਰਹੀਆਂ ਹਨ। ਵਿਕਸਤ ਮੁਲਕਾਂ ਦੀਆਂ ਸਰਕਾਰਾਂ ਤਾਂ ਕਿਸਾਨੀ ਨੂੰ ਸਾਡੇ ਨਾਲੋਂ ਕਿਤੇ ਜ਼ਿਆਦਾ ਸਬਸਿਡੀਆਂ ਦਿੰਦੀਆਂ ਹਨ। ਇਸ ਮਸਲੇ ਨੂੰ ਵੋਟ ਸਿਆਸਤ ਤੋ ਉਪਰ ਉਠ ਕੇ ਸੋਚਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਭਗਵੇਂ ਰੰਗਾ ਨਾਨਕਸ਼ਾਹੀ ਕੈਲੰਡਰ !

*ਜਿਵੇਂ ਦਰੋਪਤੀ ਹਾਰੀ ਸੀ ਵਿਚ ਜੂਏ, ਪੰਜੇ ਪਾਂਡਵਾਂ ਜਿਹੇ ਬਲਕਾਰੀਆਂ ਨੇ।*
*ਇਵੇਂ ਕੌਮ ਨੂੰ ਲਾਇਆ ਏ ਦਾਅ ਉਤੇ, ਪਿਓ-ਪੁੱਤਰ ਦੀਆਂ ਵਫਾਦਾਰੀਆਂ ਨੇ।*
*ਬਿਪਰਵਾਦ ਦੇ ਪੈਰਾਂ ਵਿਚ ਨੂੜ ਦਿੱਤਾ, ਇਨ੍ਹਾਂ ਲੀਡਰਾਂ ਦੀਆਂ ਗੱਦਾਰੀਆਂ ਨੇ।*
*ਅੱਧਾ ਪੰਥ ਪੰਜਾਬ ਤੋਂ ਬਾਹਰ ਸੋਚੇ, ਕਿਵੇਂ ਘੇਰਿਆ ਸਾਨੂੰ ਲਾਚਾਰੀਆਂ ਨੇ।*
*ਕੌਮ ਸ਼ੇਰਾਂ ਦੀ ਗਿੱਦੜਾਂ ਵੱਸ ਪੈ ਗਈ, ਪੱਲੇ ਪੈਂਦੀਆਂ ਤਾਹੀਂ ਖੁਆਰੀਆਂ ਨੇ।*
*ਨਾਨਕਸ਼ਾਹੀ ਕੈਲੰਡਰ ਨੂੰ ਡੋਬ ਦਿੱਤਾ, ਭਗਵੇਂ ਰੰਗ ਵਿਚ ਦੋਖੀ ਲਲਾਰੀਆਂ ਨੇ।*

# ਪੰਜਾਬੀ ਨੌਜਵਾਨਾਂ ਦੀ ਸਿੱਖਿਆ ਦਾ ਮਸਲਾ

*ਦੁਨੀਆਂ ਬਹੁਤ ਸਿਮਟ ਗਈ ਹੈ। ਮਨੁੱਖਾ ਤਾਕਤ, ਸਾਰੀ ਦੁਨੀਆਂ ਲਈ ਲਾਹੇਵੰਦੀ ਹੈ। ਭਾਰਤ ਵਿਚ ਪੂਰੀ ਦੁਨੀਆਂ ਤੋਂ ਵਧ ਨੌਜਵਾਨ ਹਨ ਜੋ ਬਾਕੀ ਸਾਰੀ ਦੁਨੀਆਂ ਦੇ ਕੰਮ ਆ ਸਕਦੇ ਹਨ। ਅਸੀਂ ਬਹੁਤ ਜਲਦ ਦੋ ਅਰਬ ਹੋ ਜਾਵਾਂਗੇ, ਜਿਸ ਵਿਚ 75 ਫੀਸਦੀ ਵਸੋਂ 25 ਸਾਲ ਤੋਂ ਘੱਟ ਹੋਵੇਗੀ। ਇਸ ਤਰ੍ਹਾਂ ਅਸੀਂ ਜਵਾਨ ਮੁਲਕ ਅਖਵਾਉਣ ਦੇ ਪੂਰੇ ਹੱਕਦਾਰ ਹੋਵਾਂਗੇ। ਹੁਣ ਸਾਡੇ ਕੋਲ ਪੂਰਾ ਮੌਕਾ ਹੈ ਕਿ ਅਸੀਂ ਆਪਣੀ ਕਾਬਲੀਅਤ ਅਤੇ ਪਰਪੱਕਤਾ ਨਾਲ ਸਾਰੀ ਦੁਨੀਆਂ ਵਿਚ ਆਪਣਾ ਨਾਂ ਬਣਾ ਸਕੀਏ। ਇਹ ਸਾਰੇ ਮੌਕੇ ਸਿਰਫ ਉਨ੍ਹਾਂ ਲਈ ਹੋਣਗੇ ਜੋ ਚੰਗੀ ਤਰ੍ਹਾਂ ਪੜ੍ਹੇ-ਲਿਖੇ, ਨਿਪੁੰਨ, ਯੋਗ ਅਤੇ ਕਾਬਲ ਹੋਣਗੇ। ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਸਾਰੇ ਬਰਾਬਰ (ਕਾਬਲੀਅਤ ਪੱਖੋਂ) ਨਹੀਂ ਹੁੰਦੇ। ਕੁਝ ਸਿਰਫ ਮੁੱਢਲੀ ਵਿਦਿਆ ਹੀ ਲੈਣ ਯੋਗ ਹੁੰਦੇ ਹਨ, ਕੁਝ ਸੀਨੀਅਰ ਸਕੂਲ ਤੱਕ ਅਤੇ ਥੋੜ੍ਹੀ ਗਿਣਤੀ ਲੋਕ ਹੀ ਗਰੈਜੂਏਟ ਹੋਣ ਦੀ ਯੋਗਤਾ ਰੱਖਦੇ ਹਨ ਅਤੇ ਬਹੁਤ ਘੱਟ ਲੋਕ ਇਸ ਪੱਧਰ ਤੋਂ ਉੱਪਰ ਉੱਠ ਕੇ ਵਿਸ਼ੇ ਵਿਸ਼ੇਸ਼ 'ਚ ਮੁਹਾਰਤ ਹਾਸਲ ਕਰ ਸਕਦੇ ਹੋਣਗੇ। ਇਹ ਪ੍ਰਬੰਧਕ ਜ਼ਿੰਮੇਵਾਰੀ ਹੈ ਕਿ ਹਰ ਕਿਸੇ ਦੀ ਸਮਰੱਥਾ ਨੂੰ ਸਮਝਦੇ ਹੋਏ, ਉਨ੍ਹਾਂ ਨੂੰ ਉਨ੍ਹਾਂ ਦੇ ਖੇਤਰ ਵਿਸ਼ੇਸ਼ ਵਿਚ ਵਧ ਤੋਂ ਵਧ ਯੋਗ ਬਣਾਇਆ ਜਾਵੇ।*

**ਗੁਨਬੀਰ ਸਿੰਘ**

ਕਿਸੇ ਵੀ ਸਮਾਜ ਦੀ ਸਭ ਤੋਂ ਵੱਡੀ ਤ੍ਰਾਸਦੀ ਇਹੀ ਹੈ ਕਿ ਜਦੋਂ ਉਸਦੀ ਨੌਜਵਾਨ ਪੀੜੀ ਨੂੰ ਆਪਣੀ ਕਾਬਲੀਅਤ ਦਿਖਾਉਣ ਦੇ ਯੋਗ ਮੌਕੇ ਨਾ ਹੋਣ। ਨੌਜਵਾਨਾਂ ਦੀ ਕਾਬਲੀਅਤ ਨੂੰ ਪਛਾਣੇ ਬਗੈਰ ਜਾਇਆ ਹੋਣ ਦਿੱਤਾ ਜਾਵੇ। ਸਮਾਜ ਦੀ ਅਗਵਾਈ ਕਰਨ ਵਾਲੇ ਆਗੂ ਸਭ ਕੁਝ ਕਿਸਮਤ ਦੇ ਸਹਾਰੇ ਛੱਡ ਕੇ ਨਿਸ਼ਚਿੰਤ ਹੋ ਜਾਂਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਅੱਜ ਦੇ ਯੁੱਗ ਵਿਚ ਕਰਮ ਕੀਤੇ ਬਗੈਰ ਕੋਈ ਕੁਝ ਹਾਸਲ ਨਹੀਂ ਕਰ ਸਕਦਾ।

ਇਹ ਮੰਨਣਾ ਆਪਣੇ ਆਪ ਵਿਚ ਸ਼ਰਮਨਾਕ ਹੈ ਕਿ ਅਸੀਂ ਪੰਜਾਬੀ ਪਿਛਲੇ ਦੋ ਦਹਾਕਿਆਂ ਤੋਂ ਬਜ਼ੁਰਗਾਂ ਦੀਆਂ ਮਾਰੀਆਂ ਮੱਲਾਂ 'ਤੇ ਮਾਣ ਕਰ ਕਰ ਕੇ ਹੀ ਸਮਾਂ ਖਰਾਬ ਕਰੀ ਜਾ ਰਹੇ ਹਾਂ। ਕੋਈ ਵੀ ਉਪਰਾਲਾ ਨਜ਼ਰ ਨਹੀਂ ਆਉਂਦਾ ਜਿਸ ਵਿਚ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਦੀ ਅਸਰਦਾਰ ਕੋਸ਼ਿਸ਼ ਕੀਤੀ ਹੋਵੇ। ਮਿਸਾਲ ਵਜੋਂ ਭਾਵੇਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਨੂੰ ਦੇਖ ਲਵੋ ਜਾਂ ਪੜ੍ਹਾਈ ਦੇ ਤਰੀਕੇ ਦੇਖ ਲਵੋ। ਉਹੀ ਅੰਗਰੇਜ਼ਾਂ ਦੇ ਵੇਲੇ ਦੇ ਤੌਰ ਤਰੀਕੇ ਦੇਖ ਕੇ ਦਿਲ ਦਹਿਲ ਜਾਂਦਾ ਹੈ ਕਿ ਅਸੀਂ ਅੱਗੇ ਜਾ ਰਹੇ ਹਾਂ ਕਿ ਪਿੱਛੇ? ਉਂਜ ਪੰਜਾਬ ਸਰਕਾਰ ਇਸ ਖੇਤਰ ਵਲ ਕੁਝ ਜਾਗਰੂਕ ਹੋਈ ਹੈ ਪਰ ਸਫਲ ਕਿੰਨੀ ਕੁ ਹੁੰਦੀ ਹੈ ਇਹ ਤਾਂ ਸਮਾਂ ਹੀ ਦੱਸੂ। ਇਸ ਮਸਲੇ ਨਾਲ ਨਜਿੱਠਣ ਲਈ ਨਿੱਜੀ ਖੇਤਰ ਵਲ ਵੀ ਹੱਥ ਵਧਾਏ ਜਾ ਰਹੇ ਹਨ ਪਰ ਪਿਛਲੇ ਦੋ ਦਹਾਕਿਆਂ ਵਿਚ ਲਗਪਗ ਤਬਾਹ ਹੋ ਹੀ ਚੁੱਕੀ, ਉਸ ਪੂਰੀ ਪੀੜੀ ਦੇ ਸੁਪਨੇ, ਕੁਝ ਕਰ ਗੁਜ਼ਰਨ ਦੀਆਂ ਇੱਛਾਵਾਂ, ਪਰਿਵਾਰ ਅਤੇ ਮੁਲਕ ਦੀ ਸੇਵਾ ਕਰ ਸਕਣ ਦੀਆਂ ਸਧਰਾਂ ਸਭ ਰੇਤ ਦੇ ਘਰੋਂਦੇ ਵਾਂਗ ਢਹਿ ਢੇਰੀ ਹੋ ਚੁੱਕੀਆਂ ਹਨ। ਪੰਜਾਬ ਦੇ ਸਰਹੱਦੀ ਇਲਾਕਿਆਂ ਦਾ ਨੌਜਵਾਨ ਬਹੁਤ ਬੁਰੀ ਤਰ੍ਹਾਂ ਨਸ਼ੇ ਦੀ ਮਾਰ ਹੇਠ ਆ ਚੁੱਕਿਆ ਹੈ। ਜਿਨ੍ਹਾਂ ਲਈ ਸਾਡਾ ਮੌਜੂਦਾ ਸਿੱਖਿਆ ਢਾਂਚਾ ਕੁਝ ਸਾਰਥਕ ਸਾਬਤ ਨਹੀਂ ਹੋਇਆ, ਉਹ ਨਿਰਾਸ਼ ਹਨ, ਨੌਕਰੀਆਂ ਦੀ ਭਾਲ ਵਿਚ ਘਰੋਂ ਬੇਘਰ ਹੋਏ ਫਿਰਦੇ ਹਨ। ਜਿੰਨੇ ਵੀ ਪੜ੍ਹੇ-ਲਿਖੇ ਨੌਜਵਾਨ ਹਨ, ਉਨ੍ਹਾਂ ਵਿਚੋਂ ਅੱਸੀ ਫੀਸਦੀ ਅਜਿਹੇ ਹਨ, ਜਿਹੜੇ ਅੰਗਰੇਜ਼ੀ ਭਾਸ਼ਾ (ਲਿੰਕ ਭਾਸ਼ਾ) ਦੀ ਮੁਹਾਰਤ ਤੋਂ ਵਿਰਵੇ ਹਨ। ਕੰਪਿਊਟਰ ਉਨ੍ਹਾਂ ਨੂੰ ਆਉਂਦਾ ਨਹੀਂ, ਫਿਰ ਕਿਵੇਂ ਬੰਗਲੌਰ, ਹੈਦਰਾਬਾਦ ਵਰਗੇ ਸ਼ਹਿਰਾਂ ਵਿਚ ਕਿੱਤਾ ਮਾਹਰਾਂ ਦੇ ਸਾਹਮਣੇ ਇੰਟਰਵਿਊ ਵਿਚ ਬੈਠ ਸਕਦੇ ਹਨ? ਕੀ ਇਹ ਸਿੱਖਿਆ ਦਾ ਹਿੱਸਾ ਨਹੀਂ ਹੋਣਾ ਚਾਹੀਦਾ ਕਿ ਨੌਜਵਾਨਾਂ ਨੂੰ ਏਨੇ ਕਾਬਲ ਬਣਾਇਆ ਜਾਵੇ ਕਿ ਉਹ ਘੱਟੋ ਘੱਟ ਪੂਰੇ ਭਾਰਤ ਵਿਚ ਕਿਤੇ ਵੀ ਆਪਣੀ ਯੋਗਤਾ ਦਾ ਲੋਹਾ ਮਨਵਾ ਸਕਣ। ਸਾਡੇ ਪੜ੍ਹਾਏ ਤਾਂ ਨੌਕਰੀ ਲਈ ਲੋੜੀਂਦਾ ਵੇਰਵਾ ਤੱਕ ਆਪ ਨਹੀਂ ਬਣਾ ਸਕਦੇ। ਨਤੀਜੇ ਵਜੋਂ ਨੇੜੇ ਦੇ ਟਾਈਪਿਸਟ ਕੋਲ ਭੱਜਦੇ ਹਨ। ਪਹਿਲਾਂ ਬਣੇ ਦੱਸ ਲਾਈਨਾਂ ਦੇ ਵੇਰਵੇ ਵਿਚ ਉਸਦਾ ਨਾਂ ਭਰ ਦਿੱਤਾ ਜਾਂਦਾ ਹੈ। ਬਾਅਦ ਵਿਚ ਇਹੀ ਕਾਗਜ਼ ਵੱਡੀਆਂ ਕੰਪਨੀਆਂ ਦੇ ਕੂੜਾਦਾਨਾਂ ਵਿਚ ਪਿਆ ਮਿਲਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇੰਨੇ ਬਦਤਰ ਹਾਲਤ ਦੇ ਬਾਵਜੂਦ ਸਾਡੇ ਸਿੱਖਿਆ ਸ਼ਾਸਤਰੀ ਅਤੇ ਵੱਡੀਆਂ ਵੱਡੀਆਂ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕ ਆਪਣੀਆਂ ਪਿੱਠਾਂ ਥਾਪੜਨੋਂ ਬਾਜ਼ ਨਹੀਂ ਆਉਂਦੇ।

ਇਨ੍ਹਾਂ ਨੌਜਵਾਨਾਂ ਦੀਆਂ ਨੌਕਰੀਆਂ ਲਈ ਦਿੱਤੀਆਂ ਅਰਜ਼ੀਆਂ ਦਾ ਵੱਡੇ ਸ਼ਹਿਰਾਂ ਤੋਂ ਜਵਾਬ ਤੱਕ ਨਹੀਂ ਆਉਂਦਾ, ਮਾਨਸਿਕ ਤੌਰ 'ਤੇ ਇਹ ਝਟਕਾ ਅਸਹਿ ਹੁੰਦਾ ਹੈ। ਮਾਪਿਆਂ ਦੇ ਦਬਾਅ ਹੇਠ ਜਦੋਂ ਦਰ-ਦਰ ਭਟਕਦੇ ਹਨ ਤਾਂ ਦੇਸ਼ ਦੇ ਪੱਛਮੀ ਅਤੇ ਦੱਖਣੀ ਭਾਗ ਤੋਂ ਆਏ ਨੌਜਵਾਨਾਂ ਵਲੋਂ ਮਿਲਦਾ ਮੁਕਾਬਲਾ, ਇਨ੍ਹਾਂ ਦਾ ਰਹਿੰਦਾ-ਖੂੰਹਦਾ ਮਨੋਬਲ ਵੀ ਤੋੜ ਦਿੰਦਾ ਹੈ।

ਪੇਪਰ ਪਾਸ ਕਰਨ ਅਤੇ ਉਸ ਵਿਚ ਵਧ ਤੋਂ ਵਧ ਨੰਬਰ ਲੈਣ ਦੀ ਦੌੜ ਨੇ ਪੰਜਾਬ ਵਿਚ ਨਕਲ ਦਾ ਰੁਝਾਨ ਵਧਾ ਦਿੱਤਾ ਹੈ ਤੇ ਨਕਲ ਪੰਜਾਬ ਦਾ ਸਭਿਆਚਾਰ ਬਣ ਚੁੱਕਿਆ ਹੈ। ਜੇ ਅਸੀਂ ਆਪਣੇ ਬੱਚਿਆਂ ਦੇ ਭਵਿੱਖ ਸੰਬੰਧੀ ਗੰਭੀਰ ਹਾਂ ਤਾਂ ਜਾਂਚ ਕਰ ਕੇ ਹਰ ਉਸ ਅਫਸਰ 'ਤੇ ਜੋ ਨਕਲ ਰੋਕਣ ਵਾਲਿਆਂ ਦੇ ਖ਼ਿਲਾਫ ਸੀ, ਕਿਉਂ ਨਹੀਂ ਉਨ੍ਹਾਂ ਵਿਰੁੱਧ ਫ਼ੌਜਦਾਰੀ ਮੁਕੱਦਮੇ ਚਲਾਏ ਜਾਂਦੇ? ਜੇ ਅੱਜ ਅਸੀਂ ਵੋਟਾਂ ਦੀ ਸਿਅਸਤ ਤੋਂ ਉਪਰ ਉਠ ਕੇ ਇਹੋ ਜਿਹੇ ਸਖਤ ਫ਼ੈਸਲੇ ਨਾ ਲਏ ਤਾਂ ਉੱਗੇਗਾ ਉਹੀ ਜੋ ਅਸੀਂ ਬੀਜ ਰਹੇ ਹਾਂ।

ਅਜਿਹਾ ਨਹੀਂ ਹੈ ਕਿ ਵਿਦਿਆਰਥੀਆਂ ਨੂੰ ਠੀਕ ਸੇਧ ਕਿਤੇ ਵੀ ਨਹੀਂ ਮਿਲ ਰਹੀ। ਕੁਝ ਸੰਸਥਾਵਾਂ ਹਨ ਜੋ ਬੱਚਿਆਂ ਦੀ ਸ਼ਖਸੀਅਤ ਨੂੰ ਉਭਾਰਨ 'ਚ ਖਾਸ ਹਿੱਸਾ ਪਾ ਰਹੀਆਂ ਹਨ ਪਰ ਅਜਿਹੀਆਂ ਸੰਸਥਾਵਾਂ ਦੀ ਗਿਣਤੀ ਘੱਟ ਹੈ। ਪਿੰਡਾਂ ਵਿਚ ਹਾਲਾਤ ਹੋਰ ਵੀ ਬਦਤਰ ਹਨ। ਸਕੂਲ ਬਸ ਨਾਂ ਦੇ ਹੀ ਹਨ। ਜੋ ਮਾਹੌਲ ਹੈ ਉਥੇ ਬੱਚੇ ਪੜ੍ਹ ਹੀ ਨਹੀਂ ਸਕਦੇ, ਅਧਿਆਪਕਾਂ ਦੀ ਪੜ੍ਹਾਉਣ ਵਿਚ ਦਿਲਚਸਪੀ ਨਹੀਂ ਹੈ। ਨੌਜਵਾਨ ਚੰਗੀ ਪੜ੍ਹਾਈ ਦੀ ਤਲਾਸ਼ ਲਈ ਸ਼ਹਿਰਾਂ (ਸਾਰੀ ਦੁਨੀਆਂ) ਵਲ ਭੱਜਦੇ ਹਨ, ਜਿੱਥੇ ਉਨ੍ਹਾਂ ਨੂੰ ਚੰਗੇ ਮਾਹੌਲ ਵਿਚ ਵਿਕਸਿਤ ਹੋਣ ਦਾ ਮੌਕਾ ਮਿਲ ਸਕੇ। ਇਨ੍ਹਾਂ ਵਿਚੋਂ ਬਹੁਤ ਘੱਟ ਗਿਣਤੀ ਵਿਚ ਆਪਣੇ ਟੀਚਿਆਂ ਵਿਚ ਕਾਮਯਾਬ ਹੁੰਦੇ ਹਨ।

ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਪੰਜਾਬ ਵਿਚ ਖੇਤੀ ਨੂੰ ਹੀ ਵਿਕਸਿਤ ਕਰਨ ਲਈ ਬਹੁਤ ਘੱਟ ਖੋਜ ਸੰਸਥਾਵਾਂ ਹਨ। ਖੋਜ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਫੰਡ ਹੀ ਨਹੀਂ ਹਨ। ਨਤੀਜਾ ਇਹ ਕਿ ਪੰਜਾਬ ਨਮੂਨੇ ਦੀ ਖੇਤੀ ਅਤੇ ਇਸਦੀ ਤਕਨੀਕ ਲਈ ਬਾਕੀ ਸੂਬਿਆਂ ਵਾਸਤੇ ਪ੍ਰੇਰਨਾ ਸਰੋਤ ਨਹੀਂ ਬਣ ਰਿਹਾ। ਇਸਤੋਂ ਸਮਝ ਲੈਣਾ ਚਾਹੀਦਾ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਅਗਵਾਈ ਦੇਣ ਦੇ ਕੰਮ ਵਿਚ ਆਉਣ ਵਾਲੀ ਪੜ੍ਹਾਈ ਦੀ ਹਾਲਤ ਕਿੰਨੀ ਤਰਸਯੋਗ ਹੈ।

ਦੁਨੀਆਂ ਬਹੁਤ ਸਿਮਟ ਗਈ ਹੈ। ਮਨੁੱਖਾ ਤਾਕਤ, ਸਾਰੀ ਦੁਨੀਆਂ ਲਈ ਲਾਹੇਵੰਦੀ ਹੈ। ਭਾਰਤ ਵਿਚ ਪੂਰੀ ਦੁਨੀਆਂ ਤੋਂ ਵਧ ਨੌਜਵਾਨ ਹਨ ਜੋ ਬਾਕੀ ਸਾਰੀ ਦੁਨੀਆਂ ਦੇ ਕੰਮ ਆ ਸਕਦੇ ਹਨ। ਅਸੀਂ ਬਹੁਤ ਜਲਦ ਦੋ ਅਰਬ ਹੋ ਜਾਵਾਂਗੇ, ਜਿਸ ਵਿਚ 75 ਫੀਸਦੀ ਵਸੋਂ 25 ਸਾਲ ਤੋਂ ਘੱਟ ਹੋਵੇਗੀ। ਇਸ ਤਰ੍ਹਾਂ ਅਸੀਂ ਜਵਾਨ ਮੁਲਕ ਅਖਵਾਉਣ ਦੇ ਪੂਰੇ ਹੱਕਦਾਰ ਹੋਵਾਂਗੇ। ਹੁਣ ਸਾਡੇ ਕੋਲ ਪੂਰਾ ਮੌਕਾ ਹੈ ਕਿ ਅਸੀਂ ਆਪਣੀ ਕਾਬਲੀਅਤ ਅਤੇ ਪਰਪੱਕਤਾ ਨਾਲ ਸਾਰੀ ਦੁਨੀਆਂ ਵਿਚ ਆਪਣਾ ਨਾਂ ਬਣਾ ਸਕੀਏ। ਇਹ ਸਾਰੇ ਮੌਕੇ ਸਿਰਫ ਉਨ੍ਹਾਂ ਲਈ ਹੋਣਗੇ ਜੋ ਚੰਗੀ ਤਰ੍ਹਾਂ ਪੜ੍ਹੇ-ਲਿਖੇ, ਨਿਪੁੰਨ, ਯੋਗ ਅਤੇ ਕਾਬਲ ਹੋਣਗੇ। ਸਾਨੂੰ ਇਹ ਮੰਨਣਾ ਹੀ ਪਵੇਗਾ ਕਿ ਸਾਰੇ ਬਰਾਬਰ (ਕਾਬਲੀਅਤ ਪੱਖੋਂ) ਨਹੀਂ ਹੁੰਦੇ। ਕੁਝ ਸਿਰਫ ਮੁੱਢਲੀ ਵਿਦਿਆ ਹੀ ਲੈਣ ਯੋਗ ਹੁੰਦੇ ਹਨ, ਕੁਝ ਸੀਨੀਅਰ ਸਕੂਲ ਤੱਕ ਅਤੇ ਥੋੜ੍ਹੀ ਗਿਣਤੀ ਲੋਕ ਹੀ ਗਰੈਜੂਏਟ ਹੋਣ ਦੀ ਯੋਗਤਾ ਰੱਖਦੇ ਹਨ ਅਤੇ ਬਹੁਤ ਘੱਟ ਲੋਕ ਇਸ ਪੱਧਰ ਤੋਂ ਉੱਪਰ ਉੱਠ ਕੇ ਵਿਸ਼ੇ ਵਿਸ਼ੇਸ਼ 'ਚ ਮੁਹਾਰਤ ਹਾਸਲ ਕਰ ਸਕਦੇ ਹੋਣਗੇ। ਇਹ ਪ੍ਰਬੰਧਕ ਜ਼ਿੰਮੇਵਾਰੀ ਹੈ ਕਿ ਹਰ ਕਿਸੇ ਦੀ ਸਮਰੱਥਾ ਨੂੰ ਸਮਝਦੇ ਹੋਏ, ਉਨ੍ਹਾਂ ਨੂੰ ਉਨ੍ਹਾਂ ਦੇ ਖੇਤਰ ਵਿਸ਼ੇਸ਼ ਵਿਚ ਵਧ ਤੋਂ ਵਧ ਯੋਗ ਬਣਾਇਆ ਜਾਵੇ। ਇਹ ਸਾਡੇ 'ਤੇ ਹੈ ਕਿ ਅਸੀਂ ਉਨ੍ਹਾਂ ਬੱਚਿਆਂ ਨਾਲ, ਉਨ੍ਹਾਂ ਦੇ ਮਾਤਾ-ਪਿਤਾ ਨਾਲ ਵਾਰਤਾਲਾਪ ਕਰਕੇ ਉਨ੍ਹਾਂ ਦੀ ਯੋਗਤਾ ਨੂੰ ਨਾ ਕੇਵਲ ਪਹਿਚਾਣੀਏ ਬਲਕਿ ਉਨ੍ਹਾਂ ਨੂੰ ਢੁਕਵੇਂ ਖੇਤਰ ਲਈ ਯੋਗ ਅਗਵਾਈ ਵੀ ਦੇਈਏ ਤਾਂ ਜੋ ਉਹ ਆਪਣੇ ਮਾਤਾ-ਪਿਤਾ ਜਾਂ ਕਿਸੇ ਹੋਰ ਦੇ ਦਬਾਅ 'ਚ ਆ ਕੇ ਕੋਈ ਗਲਤ ਖੇਤਰ ਨਾ ਚੁਣ ਲੈਣ ਤੇ ਆਪਣੀ ਕਾਬਲੀਅਤ ਅਤੇ ਸਮਾਂ ਜ਼ਾਇਆ ਨਾ ਕਰਨ। ਜੇ ਕਿਤੇ ਕਿਸੇ ਨੂੰ ਕਿਸੇ ਇਕ ਖੇਤਰ ਵਿਚ ਕਾਮਯਾਬੀ ਨਹੀਂ ਮਿਲੀ ਤਾਂ ਠੀਕ ਸੇਧ ਦੇ ਕੇ ਯੋਗਤਾ ਮੁਤਾਬਕ ਖੇਤਰ 'ਚ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਵਕਤ ਆ ਗਿਆ ਹੈ, ਜੋ ਉਚੇਰੀ ਪੜ੍ਹਾਈ ਨਹੀਂ ਕਰ ਸਕਦੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਿਖਲਾਈ ਦੇ ਕੇ ਯੋਗਤਾ ਮੁਤਾਬਕ ਖੇਤਰ 'ਚ ਕਾਮਯਾਬ ਹੋਣ ਦੇ ਮੌਕੇ ਦਿੱਤੇ ਜਾਣ।

ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇ ਬਹੁਗਿਣਤੀ ਪੰਜਾਬੀਆਂ ਦਾ ਜੁੱਸਾ ਖੇਤੀ ਲਈ ਸਭ ਤੋਂ ਢੁਕਵਾਂ ਹੈ ਤਾਂ ਫਿਰ ਕਿਉਂ ਨਾ ਇਸੇ ਖੇਤਰ ਵਿਚ ਹੋਰ ਗਿਆਨ ਲੈ ਕੇ ਤਰੱਕੀ ਦੇ ਨਵੇਂ ਰਾਹ ਲੱਭੇ ਜਾਣ। ਸਾਡੇ ਲਈ ਇਹ ਜਾਣਨਾ ਹੀ ਨਹੀਂ ਸਗੋਂ ਸਮਝਣਾ ਵੀ ਜ਼ਰੂਰੀ ਹੈ ਕਿ ਸੂਚਨਾ ਤਕਨਾਲੋਜੀ ਦੇ ਮਾਹਰ ਜਿੰਨਾ ਹੀ ਮਾਣ ਵਾਲਾ ਕਿੱਤਾ ਤਰਖਾਣਾ ਤੇ ਲੁਹਾਰਾ ਵੀ ਹੈ, ਸਾਨੂੰ ਕਿਤੇ ਨੂੰ ਚੰਗੇ ਮਾੜੇ ਦੇ ਖ਼ਾਨਿਆਂ ਵਿਚੋਂ ਬਾਹਰ ਰੱਖਣਾ ਹੋਵੇਗਾ। ਇਹੀ ਕੰਮ ਸਾਡੇ ਨੌਜਵਾਨ ਇਥੇ ਬਾਹਰਲੇ ਦੇਸ਼ਾਂ ਵਿਚ ਆ ਕੇ ਬਿਨਾ ਕਿਸੇ ਝਿਜਕ ਦੇ ਕਰਕੇ ਕਾਮਯਾਬ ਹੋ ਸਕਦੇ ਹਨ ਤਾਂ ਆਪਣੇ ਘਰ ਵਿਚ ਕਰਕੇ ਕਿਉਂ ਨਹੀਂ ਕਾਮਯਾਬ ਇਨਸਾਨ ਬਣਿਆ ਜਾ ਸਕਦਾ? ਕਿੱਤੇ ਪ੍ਰਤੀ ਆਪਣੀ ਸੋਚ ਨੂੰ ਬਦਲਣਾ ਨਵੀਂ ਸ਼ੁਰੂਆਤ ਹੈ। ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇਹ ਜ਼ਰੂਰੀ ਹੈ। ਮਨੁੱਖੀ ਵਿਕਾਸ ਦੇ ਸਿਖਰ 'ਤੇ ਪੁੱਜਣ ਲਈ ਘੋਟਾ ਮਾਰਕਾ ਤਕਨੀਕਾਂ ਤੋਂ ਖਹਿੜਾ ਛਡਾਉਣਾ ਹੀ ਪਵੇਗਾ। ਆਪਣੇ ਦਿਮਾਗ ਦੀਆਂ ਅਸੀਮ ਸ਼ਕਤੀਆਂ ਨੂੰ ਸਮਝਦੇ ਹੋਏ, ਸਮਰਥਾਵਾਂ ਨੂੰ ਹੋਰ ਵਧੇਰੇ ਚਮਕਾਉਣ ਦੀ ਕੋਸ਼ਿਸ਼ ਕਰਨੀ ਹੋਵੇਗੀ। ਕਲਾ ਅਤੇ ਸ਼ਿਲਪ ਨੂੰ ਜ਼ਿਆਦਾ ਸੂਝ ਵਾਲੀ ਨਜ਼ਰ ਨਾਲ ਦੇਖਣਾ ਹੋਵੇਗਾ। ਇਹ ਪੰਜਾਬ ਦੀ ਆਉਣ ਵਾਲੀ ਪੀੜੀ ਪ੍ਰਤੀ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ, ਜੋ ਅੱਜ ਨਹੀਂ ਸਗੋਂ ਹੁਣੇ ਸਾਡਾ ਪੂਰਾ ਧਿਆਨ ਮੰਗਦੀ ਹੈ।

# ਮਾਓਵਾਦੀਆਂ ਖਿਲਾਫ ਫੌਜੀ ਹਮਲੇ ਦੀਆਂ ਤਿਆਰੀਆਂ ਮੁਕੰਮਲ

**ਕਰਮ ਬਰਸਟ**

ਭਾਰਤ ਦੇ ਨਕਸਲੀਆਂ ਜਾਂ ਮਾਓਵਾਦੀਆਂ ਅਤੇ ਹਕੂਮਤ ਦੇ ਵਿਸ਼ੇਸ਼ ਫੌਜੀ ਬਲਾਂ ਵਿਚਕਾਰ ਹੋਣ ਜਾ ਰਹੀ ਜੰਗ ਹੁਣ ਬਹੁਤੀ ਦੂਰ ਨਹੀਂ ਰਹੀ। ਤਿਆਰੀਆਂ ਹੋ ਚੁੱਕੀਆਂ ਹਨ। ਇਹ ਜੰਗ ਇਸ ਕਰਕੇ ਨਹੀਂ ਹੋਣ ਜਾ ਰਹੀ ਕਿ ਮਾਓਵਾਦੀਆਂ ਨੇ ਵਿਸ਼ੇਸ਼ ਉਧਮੂਲ ਚੁੱਕ ਲਿਆ ਹੈ। ਜੰਗ ਇਸ ਕਰਕੇ ਹੋਵੇਗੀ ਕਿ ਆਲਮੀ ਮੰਦੇ ਸਦਕਾ ਬਹੁਕੌਮੀ ਕਾਰਪੋਰੇਸ਼ਨਾਂ ਦੀ ਗਿਰਝੀ ਅੱਖ ਭਾਰਤ ਦੇ ਕੁਦਰਤੀ ਸਰੋਤਾਂ ਉਪਰ ਚਿਰਾਂ ਤੋਂ ਟਿਕੀ ਹੋਣ ਕਰਕੇ ਉਹ ਆਪਣੇ ਪ੍ਰਾਜੈਕਟਾਂ ਲਈ ਮੌਜੂਦਾ ਸਰਕਾਰ ਉਪਰ ਲਗਾਤਾਰ ਦਬਾਅ ਵਧਾ ਰਹੀਆਂ ਹਨ। ਭਾਰਤੀ ਦਲਾਲਾਂ ਨੇ ਇਨ੍ਹਾਂ ਕੰਪਨੀਆਂ ਨਾਲ ਮਿਲ ਕੇ ਝਾਰਖੰਡ, ਪੱਛਮੀ ਬੰਗਾਲ, ਉੜੀਸਾ ਅਤੇ ਛੱਤੀਸਗੜ੍ਹ ਆਦਿ ਦੀਆਂ ਸਰਕਾਰਾਂ ਨਾਲ ਵਿਸ਼ੇਸ਼ ਆਰਥਕ ਜ਼ੋਨਾਂ ਦੀ ਸਥਾਪਤੀ ਲਈ ਸਮਝੌਤੇ ਕੀਤੇ ਹੋਏ ਹਨ। ਜਨਤਾ ਦੇ ਵਿਰੋਧ ਸਦਕਾ ਕਲਿੰਗਾਨਗਰ, ਸਿੰਗੂਰ, ਨੰਦੀਗਰਾਮ ਅਤੇ ਨਵੀਂ ਮੁੰਬਈ ਵਰਗੇ ਅਨੇਕਾਂ ਵਿਸ਼ੇਸ਼ ਆਰਥਕ ਜ਼ੋਨ ਜਾਂ ਤਾਂ ਖਟਾਈ ਵਿਚ ਪੈ ਚੁੱਕੇ ਹਨ ਜਾਂ ਪੈ ਰਹੇ ਹਨ। ਪਾਸਕੋ, ਲਕਸ਼ਮੀ ਮਿੱਤਲ, ਟਾਟਾ, ਜਿੰਦਲ ਅਤੇ ਰਿਲਾਇੰਸ ਵਰਗੇ ਘਰਾਣਿਆਂ ਦੇ ਹਿੱਤ ਦਾਅ 'ਤੇ ਲੱਗੇ ਹੋਏ ਹਨ। ਅਸਲ ਵਿਚ ਇਹ ਆਰਥਕ ਜ਼ੋਨ ਉਨ੍ਹਾਂ ਜੰਗਲੀ ਖੇਤਰਾਂ ਵਿਚ ਹੀ ਉਸਰਨੇ ਹਨ, ਜਿੱਥੇ ਮਾਓਵਾਦੀ ਲਹਿਰ ਚਲ ਰਹੀ ਹੈ।



ਹਕੂਮਤ ਅਤੇ ਮਾਓਵਾਦੀ ਦੋਵੇਂ ਹੀ ਮਨੁੱਖ ਦੇ ਵਿਕਾਸ ਦੇ ਦਾਅਵੇ ਕਰ ਰਹੇ ਹਨ। ਪਹਿਲੀ ਧਿਰ ਦੀ ਧਾਰਨਾ ਅਨੁਸਾਰ ਵਿਕਾਸ ਤਾਂ ਹੀ ਸੰਭਵ ਹੈ, ਜੇਕਰ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਚਲਾਏ ਜਾ ਰਹੇ ਆਰਥਕ ਸੁਧਾਰਾਂ ਨੂੰ ਧੁਰ ਹੇਠਲੇ ਪੱਧਰਾਂ ਅਰਥਾਤ ਦੇਸ਼ ਦੇ ਦੂਰ-ਦਰਾਡੇ ਅਤੇ ਜੰਗਲੀ ਖੇਤਰਾਂ ਤੱਕ ਲਾਗੂ ਕਰ ਦਿੱਤਾ ਜਾਵੇ। ਵਿਕਾਸ ਦੀ ਇਸ ਨਵਉਦਾਰਵਾਦੀ ਧਾਰਨਾ ਨੂੰ ਬਹੁਤ ਸਾਰੇ ਅਰਥਸ਼ਾਸਤਰੀਆਂ ਨੇ ਪਹਿਲਾਂ ਹੀ ਰੱਦ ਕਰ ਦਿੱਤਾ ਸੀ। ਹੁਣ ਤਾਂ ਅਮਰਤਿਆ ਸੇਨ ਅਤੇ ਪਾਲ ਕਰੂਗਮੈਨ ਵਰਗੇ ਨੋਬਲ ਇਨਾਮ ਜੇਤੂ ਅਰਥਸ਼ਾਸਤਰੀ ਵੀ ਸਵਾਲ ਖੜ੍ਹੇ ਕਰ ਰਹੇ ਹਨ ਜਿਹੜੇ ਇਸ ਧਾਰਨਾ ਦੇ ਉਘੇ ਬੁਲਾਰੇ ਰਹੇ ਹਨ। ਮਾਓਵਾਦੀਆਂ ਦਾ ਕਹਿਣਾ ਹੈ ਕਿ ਜਲ, ਜੰਗਲ ਤੇ ਜ਼ਮੀਨ ਉਪਰ ਕਬਾਇਲੀਆਂ ਅਤੇ ਗਰੀਬ ਕਿਸਾਨਾਂ ਦਾ ਜਨਮ ਸਿੱਧ ਅਧਿਕਾਰ ਹੈ। 2006 ਦਾ ਜੰਗਲੀ ਅਤੇ ਕਬਾਇਲੀ ਕਾਨੂੰਨ ਵੀ ਆਦਿਵਾਸੀਆਂ ਦੇ ਹੱਕ ਵਿਚ ਜਾਂਦਾ ਹੈ, ਜਿਸ ਵਿਚ ਹਰੇਕ ਕਬਾਇਲੀ ਪਰਿਵਾਰ ਨੂੰ ਢਾਈ ਹੈਕਟੇਅਰ ਜ਼ਮੀਨ ਰੱਖਣ ਦੀ ਜ਼ਾਮਨੀ ਭਰੀ ਹੋਈ ਹੈ। ਹਕੂਮਤ ਇਸ ਜ਼ਮੀਨ ਬਦਲੇ ਉਨ੍ਹਾਂ ਨੂੰ ਕੀਮਤ ਦੇਣ ਦੀ ਗੱਲ ਕਰਦੀ ਹੈ। ਕੀਮਤ ਲੈ ਕੇ ਅਨਪੜ੍ਹ ਜਾਂਗਲੀ ਪੈਸੇ ਨੂੰ ਘਟੀਆ ਸ਼ਰਾਬ ਦੇ ਲੇਖੇ ਲਾ ਦੇਣਗੇ ਅਤੇ ਫੇਰ ਕਿਸੇ ਮਹਾਂਨਗਰ ਦੀ ਫਿਰਨੀ ਦੁਆਲੇ ਗੰਦੀ ਖੋਲੀ ਵਿਚ ਬਸੇਰਾ ਕਰ ਲੈਣਗੇ। ਸਰਕਾਰਾਂ ਕੋਲ ਦੇਣ ਲਈ ਕੀਮਤ ਤਾਂ ਹੈ, ਰੁਜ਼ਗਾਰ ਤੇ ਵਸੇਬਾ ਨਹੀਂ। ਮਾਓਵਾਦੀਆਂ ਦੀ ਦਲੀਲ ਰੱਦ ਵੀ ਕਰ ਦੇਈਏ, ਤਾਂ ਅਮਿਤ ਭਾਦੜੀ ਵਰਗੇ ਅਰਥ ਸ਼ਾਸਤਰੀਆਂ, ਰੋਮਿਲਾ ਥਾਪਰ ਵਰਗੇ ਮਾਨਵਸ਼ਾਸਤਰੀ ਇਤਿਹਾਸਕਾਰਾਂ, ਅਰੁੰਧਤੀ ਵਰਗੇ ਬੁੱਕਰ ਇਨਾਮ ਜੇਤੂ ਲੇਖਕਾਂ ਨਾਲ ਸੰਵਾਦ ਚਲਾਉਣ ਲਈ ਵੀ ਹਕੂਮਤ ਰਾਜ਼ੀ ਕਿਉਂ ਨਹੀਂ ਹੈ? ਲਗਦਾ ਹੈ ਕਿ ਸਰਕਾਰ ਦੀ ਨੀਤ ਵਿਚ ਹੀ ਖੋਟ ਹੈ।

ਮਾਓਵਾਦੀਆਂ ਦਾ ਗਰੀਨ ਹੰਟ ਯਾਨਿ ਸ਼ਿਕਾਰ ਕਰਨਾ ਸਰਕਾਰੀ ਤੰਤਰ, ਦੇਸੀ ਅਤੇ ਵਿਦੇਸ਼ੀ ਕੰਪਨੀਆਂ ਦੀ ਅਣਸਰਦੀ ਲੋੜ ਬਣ ਚੁੱਕੀ ਹੈ। ਪਹਿਲਾਂ ਭਾਜਪਾ ਅਤੇ ਬਾਅਦ ਵਿਚ ਕਾਂਗਰਸ ਦੀ ਅਗਵਾਈ ਵਾਲੀਆਂ ਸਰਕਾਰਾਂ ਲੰਬੇ ਸਮੇਂ ਤੋਂ ਮਾਓਵਾਦੀ ਸਮੱਸਿਆ ਨੂੰ ਦੇਸ਼ ਦੀ ਸਭ ਤੋਂ ਵੱਡੀ ਅੰਦਰੂਨੀ ਸਮੱਸਿਆ ਵਜੋਂ ਅੰਗਦੀਆਂ ਆ ਰਹੀਆਂ ਹਨ। ਮੌਜੂਦਾ ਸਰਕਾਰ ਨੇ ਇਸ ਮਸਲੇ ਨੂੰ ਤਰਜੀਹ ਨਾਲ ਹੱਥ ਪਾਇਆ ਹੈ। ਇਸ ਨੇ ਕੌਮੀ ਮੁਕਤੀ ਦੀਆਂ ਲਹਿਰਾਂ ਨੂੰ ਪਲੋਸਣ ਅਤੇ ਲੀਡਰਸ਼ਿਪ ਨੂੰ ਵਿਵਸਥਾ ਵਿਚ ਸਮੋਣ ਦਾ ਕੰਮ ਹੱਥ ਲਿਆ ਹੈ। ਕਸ਼ਮੀਰ ਵਾਦੀ ਵਿਚੋਂ ਹੀ 30000 ਨੀਮ ਫੌਜੀ ਬਲਾਂ ਨੂੰ ਕੱਢ ਕੇ ਝਾਰਖੰਡ, ਪੱਛਮੀ ਬੰਗਾਲ, ਉੜੀਸਾ ਅਤੇ ਛੱਤੀਸਗੜ੍ਹ ਵਿਚ ਝੋਕ ਦਿੱਤਾ ਗਿਆ ਹੈ। ਜੂਨ ਮਹੀਨੇ ਤੋਂ ਹੀ ਦੋਵੇਂ ਧਿਰਾਂ ਇਕ ਦੂਜੀ ਦੀ ਤਾਕਤ ਨੂੰ ਟੋਹਣ ਵਿਚ ਲੱਗੀਆਂ ਹੋਈਆਂ ਹਨ। ਸਰਕਾਰੀ ਫੋਰਸਾਂ ਨੇ ਤਜ਼ਰਬੇ ਦੇ ਤੌਰ 'ਤੇ ਆਂਧਰਾ ਪ੍ਰਦੇਸ਼ ਵਲੋਂ ਛੱਤੀਸਗੜ੍ਹ ਵਿਚਲੇ ਮਾਓਵਾਦੀ ਗੜ੍ਹਾਂ 'ਤੇ ਹਮਲੇ ਅਤੇ ਦੂਜਾ ਪੱਛਮੀ ਬੰਗਾਲ ਵਿਚ ਜੰਗਲ ਮਹਿਲ ਦੇ ਨਾਮ ਨਾਲ ਮਸ਼ਹੂਰ ਲਾਲਗੜ੍ਹ ਖਿੱਤੇ ਵਿਚਲੇ ਟਿਕਾਣਿਆਂ ਤੋਂ ਜੰਗਲੀ ਸ਼ਿਕਾਰ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਛੱਤੀਸਗੜ੍ਹ ਵਿਚਲੀ ਕਾਰਵਾਈ ਨੂੰ ਤਾਂ ਮਾਓਵਾਦੀਆਂ ਵਲੋਂ ਪਹਿਲੀ ਸੱਟੇ ਹੀ 9, 12 ਅਤੇ 26 ਜੁਲਾਈ ਨੂੰ ਤਿੰਨ ਵਡੇ ਮੋੜਵੇਂ ਹਮਲਿਆਂ ਰਾਹੀਂ ਪਿੱਛੇ ਧੱਕ ਦਿੱਤਾ ਗਿਆ ਹੈ। ਉਥੇ ਤਾਂ ਪੁਲਿਸ ਵਿਚ ਫੈਲੀ ਬਗਾਵਤ ਨੂੰ ਨੱਥਣ ਲਈ ਇਸੇ 15 ਜੁਲਾਈ ਨੂੰ 29 ਸਿਪਾਹੀਆਂ ਨੂੰ ਮੁਅੱਤਲ ਕਰਨਾ ਪਿਆ ਹੈ, ਕਿਉਂਕਿ ਉਨ੍ਹਾਂ ਨੇ ਜੰਗਲ ਯੁੱਧ ਦੀ ਸਿਖਲਾਈ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਘਟਨਾ ਸੁਰੱਖਿਆ ਬਲਾਂ ਵਿਚ ਫੈਲ ਰਹੀ ਬੇਚੈਨੀ ਦੀ ਸੂਚਕ ਹੈ। 15 ਨਵੰਬਰ 2008 ਨੂੰ ਕੌਂਟਾ ਵਿਧਾਨ ਸਭਾ ਦੀ ਹੋਈ ਚੋਣ ਵਿਚ ਅਨੇਕਾਂ ਥਾਵਾਂ 'ਤੇ ਸੀ.ਆਰ.ਪੀ. ਐਫ. ਦੇ ਅਫਸਰ ਸਮੇਤ 15 ਚੋਣ ਅਧਿਕਾਰੀ ਆਪਣੇ ਨਿਸ਼ਚਿਤ ਬੂਥਾਂ 'ਤੇ ਜਾਣ ਦੀ ਬਜਾਏ ਕਿਸੇ ਲੁਕਵੀਂ ਥਾਂ 'ਤੇ ਖੁਦ ਹੀ ਵੋਟਾਂ ਭੁਗਤਾਉਂਦੇ ਗ੍ਰਿਫਤਾਰ ਕੀਤੇ ਗਏ। ਇਹ ਘਟਨਾ ਮਾਓਵਾਦੀ ਇਲਾਕਿਆਂ ਅੰਦਰ ਚੋਣਾਂ ਦੀ ਹਾਲਤ ਬਿਆਨ ਕਰਦੀ ਹੈ।

ਦੂਜੇ ਪਾਸੇ ਲਾਲਗੜ੍ਹ ਵਿਚ ਹਕੂਮਤ ਦੀਆਂ ਸਾਂਝੀਆਂ ਫੋਰਸਾਂ ਨੇ ਸ਼ੁਰੂਆਤੀ ਦੌਰ ਵਿਚ ਕੁਝ ਆਮ ਕਬਾਇਲੀ ਮਰਦਾਂ ਅਤੇ ਔਰਤਾਂ ਨੂੰ ਗ੍ਰਿਫਤਾਰ ਕਰਕੇ ਮਾਓਵਾਦੀਆਂ ਨੂੰ ਕੁਚਲ ਦੇਣ ਦੇ ਦਾਅਵੇ ਕੀਤੇ ਸਨ। ਲੱਗਦਾ ਸੀ ਕਿ ਮਾਓਵਾਦੀਆਂ ਨੂੰ ਖਦੇੜ ਦਿੱਤਾ ਗਿਆ ਹੈ। ਦਰਅਸਲ ਮਾਓਵਾਦੀ ਭੱਜਣ ਦੀ ਬਜਾਏ ਕੁਝ ਸਮੇਂ ਲਈ ਛੁਪ ਗਏ ਸਨ। ਜਿਉਂ ਹੀ ਸੁਰੱਖਿਆ ਬਲ ਢਿੱਲੇ ਪਏ, ਉਨ੍ਹਾਂ ਨੇ 20 ਅਕਤੂਬਰ ਨੂੰ ਸੰਕਰੇਲ ਥਾਣੇ 'ਤੇ ਹਮਲਾ ਕਰਕੇ ਅਤੇ 27 ਅਕਤੂਬਰ ਨੂੰ ਰਾਜਧਾਨੀ ਐਕਸਪ੍ਰੈਸ ਨੂੰ ਇਕ ਸਟੇਸ਼ਨ 'ਤੇ ਪੰਜ ਘੰਟੇ ਤੱਕ ਡੱਕ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ। ਲਾਲਗੜ੍ਹ ਅਪਰੇਸ਼ਨ ਬੁਰੀ ਤਰ੍ਹਾਂ ਨਾਕਾਮਯਾਬ ਹੋ ਚੁੱਕਿਆ ਹੈ। ਹੁਣ ਇਨ੍ਹਾਂ ਇਲਾਕਿਆਂ ਵਿਚ ਵਿਸ਼ੇਸ਼ ਸਿਖਲਾਈ ਯਾਫਤਾ ਕੋਬਰਾ ਦੀਆਂ 70 ਬਟਾਲੀਅਨਾਂ ਦੀ ਤਾਇਨਾਤੀ ਦੀ ਤਿਆਰੀ ਚੱਲ ਰਹੀ ਹੈ। ਮਾਓਵਾਦੀ ਸਾਡੇ ਦੇਸ਼ ਵਿਚ ਕੋਈ ਨਵਾਂ ਵਰਤਾਰਾ ਨਹੀਂ ਹਨ। ਅਸਲ ਵਿਚ ਮਾਓਵਾਦ ਮਾਰਕਸਵਾਦ ਦਾ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਵਿਕਸਤ ਹੋਇਆ ਜਾਰੀ ਰੂਪ ਹੈ। ਇਸ ਲਹਿਰ ਦੇ ਚਰਚਾ ਵਿਚ ਆਉਣ ਦੇ ਅਨੇਕਾਂ ਸਬੱਬ ਹਨ। ਪਿਛਲੇ ਪੰਜ ਕੁ ਸਾਲਾਂ ਵਿਚ ਸੈਂਕੜੇ ਹੀ ਛੋਟੀਆਂ ਘਟਨਾਵਾਂ ਤੋਂ ਇਲਾਵਾ ਚਾਰ ਐਨੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਸਰਕਾਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਹਿਲੀ ਘਟਨਾ ਛੇ ਫਰਵਰੀ 2004 ਦੀ ਰਾਤ ਨੂੰ ਉੜੀਸਾ ਦੇ ਕੋਰਾਪੁਟ ਵਿਚ ਵਾਪਰੀ ਜਦੋਂ ਸੱਤ ਅਹਿਮ ਸੁਰੱਖਿਆ ਟਿਕਾਣਿਆਂ 'ਤੇ ਇਕੋ ਸਮੇਂ ਹਮਲੇ ਕਰਕੇ ਵੱਖ-ਵੱਖ ਬੋਰਾਂ ਦੇ 5 ਸੌ ਹਥਿਆਰ ਅਤੇ ਬੇਹਿਸਾਬਾ ਗੋਲਾ ਬਾਰੂਦ ਲੁੱਟ ਲਿਆ ਗਿਆ। ਦੂਜੀ ਘਟਨਾ 13 ਨਵੰਬਰ 2005 ਨੂੰ ਝਾਰਖੰਡ ਦੇ ਜਹਾਨਾਬਾਦ ਜ਼ਿਲ੍ਹਾ ਹੈਡਕਵਾਟਰ ਵਿਖੇ ਵਾਪਰੀ। ਇਸ ਘਟਨਾ 'ਚ ਵੀ ਕੋਰਾਪੁਟ ਵਾਲੀ ਜੁਗਤ ਵਰਤੀ ਗਈ। ਪੂਰੇ ਸ਼ਹਿਰ ਦੀ ਘੇਰਾਬੰਦੀ ਕਰਕੇ ਜਹਾਨਾਬਾਦ ਦੀ ਜੇਲ੍ਹ ਵਿਚੋਂ ਆਪਣੇ ਸਾਥੀਆਂ ਨੂੰ ਛੁਡਾ ਲਿਆ ਗਿਆ। ਜੇਲ੍ਹ ਗਾਰਦ ਅਤੇ ਨਾਲ ਲੱਗਦੇ ਥਾਣਿਆਂ ਦੇ ਸਿਪਾਹੀਆਂ ਕੋਲੋਂ ਹਥਿਆਰਾਂ ਦੀ ਲੁੱਟਮਾਰ ਉਨ੍ਹਾਂ ਵਾਸਤੇ ਵਾਧੂ ਦੀ ਪ੍ਰਾਪਤੀ ਸੀ।

17 ਜੁਲਾਈ 2006 ਨੂੰ ਤੀਜੀ ਘਟਨਾ ਵਿਚ ਛੱਤੀਸਗੜ੍ਹ ਵਿਚ ਈਰਾਬੋਰਾ ਸਥਿਤ ਸਲਾਵਾਜੁਡਮ ਦੇ 4 ਹਜ਼ਾਰ ਅਵਾਰਾਗਰਦਾਂ ਨੇ ਕੈਂਪ 'ਤੇ ਹਮਲਾ ਕਰਕੇ ਇਸਨੂੰ ਖਦੇੜ ਦਿੱਤਾ ਅਤੇ ਉਥੇ ਬੰਨ੍ਹ ਕੇ ਬਿਠਾਏ ਲੋਕਾਂ ਨੂੰ ਆਜ਼ਾਦ ਕਰਵਾਇਆ। ਚੌਥੀ ਅਤੇ 5ਵੀਂ ਘਟਨਾ ਕ੍ਰਮਵਾਰ 16 ਦਸੰਬਰ 2007 ਅਤੇ 15 ਫਰਵਰੀ 2009 ਦੀ ਰਾਤ ਨੂੰ ਦਾਂਤੇਵਾੜਾ ਅਤੇ ਨਿਆਏਗੜ੍ਹ ਵਿਚ ਵਾਪਰੀ, ਜਿੱਥੇ ਜੇਲ੍ਹਾਂ ਅਤੇ ਥਾਣਿਆਂ 'ਤੇ ਹਮਲੇ ਕਰਕੇ 300 ਤੋਂ ਵਧ ਕੈਦੀਆਂ ਨੂੰ ਛੁਡਵਾਇਆ ਗਿਆ ਅਤੇ ਆਧੁਨਿਕ ਹਥਿਆਰ ਲੁੱਟੇ ਗਏ। ਰਾਜਧਾਨੀ ਐਕਸਪ੍ਰੈਸ ਦੀ ਘਟਨਾ ਵੀ ਇਸੇ ਲੜੀ ਦਾ ਮਣਕਾ ਹੈ। ਸਪਸ਼ਟ ਹੈ ਕਿ ਜਨਤਾ ਵਿਚਕਾਰ ਵਿਸ਼ਾਲ ਅਧਾਰ ਸਦਕਾ ਹੀ ਮਾਓਵਾਦੀ ਇੰਨੀਆਂ ਵੱਡੀਆਂ ਕਾਰਵਾਈਆਂ ਕਰਨ 'ਚ ਕਾਮਯਾਬ ਹੋਏ ਹਨ।

ਸਰਕਾਰੀ ਤੰਤਰ ਵਲੋਂ ਮਾਓਵਾਦੀਆਂ ਕੋਲ ਆਧੁਨਿਕ ਹਥਿਆਰ ਹੋਣ ਦਾ ਪ੍ਰਚਾਰ ਕੀਤਾ ਜਾਂਦਾ ਹੈ। ਸਿਰਫ਼ ਹਥਿਆਰਾਂ ਦੀ ਮਦਦ ਨਾਲ ਅਤੇ ਲੋਕ ਸ਼ਕਤੀ ਬਗੈਰ ਅੱਜ ਤੱਕ ਕੋਈ ਜੰਗ ਨਹੀਂ ਜਿੱਤੀ ਜਾ ਸਕੀ। ਜੇਕਰ ਉਨ੍ਹਾਂ ਨੇ ਵੀ 1970ਵਿਆਂ ਵਾਂਗ ਲੋਕਾਂ 'ਤੇ ਵਿਸ਼ਵਾਸ ਨਾ ਕੀਤਾ ਅਤੇ ਕੁਝ ਮੁੱਠੀ ਭਰ ਸਿਰਲੱਥਾਂ ਦੇ ਸਹਾਰੇ ਲੜਨ ਲੱਗ ਪਏ ਤਦ ਉਹ ਵੀ ਹਾਰ ਜਾਣ ਲਈ ਸਰਾਪੇ ਜਾਣਗੇ। ਉਂਜ ਲੱਗਦਾ ਹੈ ਕਿ ਮਾਓਵਾਦੀ ਲਹਿਰ ਦੀ ਲੀਡਰਸ਼ਿਪ ਅਨੇਕਾਂ ਸੱਟਾਂ ਨੂੰ ਸਹਾਰਦੀ ਹੋਈ ਕਾਫੀ ਪ੍ਰੋੜ੍ਹ ਹੋ ਚੁੱਕੀ ਹੈ। ਦੂਜੇ ਪਾਸੇ 62 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ 85 ਕਰੋੜ ਲੋਕ 20 ਰੁਪਏ ਪ੍ਰਤੀ ਦਿਨ ਅਤੇ ਇਨ੍ਹਾਂ ਵਿਚੋਂ ਅੱਧੇ ਸਿਰਫ 10 ਰੁਪਏ ਪ੍ਰਤੀ ਦਿਨ 'ਤੇ ਗੁਜ਼ਾਰਾ ਕਰ ਰਹੇ ਹਨ। ਸਰਕਾਰੀ ਤੰਤਰ ਕੋਲ ਵੀ ਆਮ ਲੋਕਾਈ ਨੂੰ ਭੁੱਖਨੰਗ, ਗਰੀਬੀ, ਬੇਕਾਰੀ, ਅਣਮਨੁੱਖੀ ਬਸੇਬਾ ਅਤੇ ਅੱਗੇ ਤੋਂ ਲਾਠੀਆਂ ਤੇ ਗੋਲੀਆਂ ਦੇਣ ਤੋਂ ਸਿਵਾਏ ਕੁਝ ਨਹੀਂ ਬਚਿਆ। ਇਸ ਹਾਲਾਤ 'ਚ ਵੀ ਮਾਓਵਾਦੀ ਲਹਿਰ ਦੀ ਤਾਕਤ ਲੁਕੀ ਹੋਈ ਹੈ।

# ਵੱਖਰੇ ਸੂਬੇ ਬਣਾਉਣ ਦੀ ਬਜਾਏ ਉਪ-ਸੂਬੇ ਬਣਾਏ ਜਾਣ ਦੀ ਲੋੜ

**ਬਲਰਾਜ ਪੁਰੀ**

ਆਂਧਰਾ ਪ੍ਰਦੇਸ਼ 'ਚ ਗਰਮੀ ਆਈ ਤੇ ਕੇਂਦਰੀ ਗ੍ਰਹਿ ਮੰਤਰੀ ਨੇ ਅੱਧੀ ਰਾਤ ਨੂੰ ਵੱਖਰਾ ਤਿਲੰਗਾਨਾ ਸੂਬਾ ਬਣਾਉਣ ਦਾ ਐਲਾਨ ਕਰ ਦਿੱਤਾ ਜਿਸਦੀ ਬਿਲਕੁਲ ਆਸ ਨਹੀਂ ਸੀ। ਰਾਇਲ ਸੀਮਾ ਅਤੇ ਤੱਟਵਰਤੀ ਆਂਧਰਾ ਪੂਰੀ ਤਰ੍ਹਾਂ ਬੰਦ ਰਹੇ ਤੇ ਕੁੱਲ ਵਿਧਾਇਕਾਂ 'ਚੋਂ ਅੱਧਿਆਂ ਨੇ ਅਸਤੀਫਾ ਦੇ ਦਿੱਤਾ। ਵੱਖਰੇ ਸੂਬਿਆਂ ਦੀ ਮੰਗ ਦੇਸ਼ ਦੇ ਬਾਕੀ ਹਿੱਸਿਆਂ 'ਚ ਉਠ ਰਹੀ ਹੈ। 2004 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੇ ਵੱਖਰੇ ਤਿਲੰਗਾਨਾ ਦੀ ਮੰਗ ਦਾ ਸਮਰਥਨ ਕੀਤਾ ਸੀ। 2009 ਦੀਆਂ ਚੋਣਾਂ 'ਚ ਜਦੋਂ ਕਾਂਗਰਸ, ਤੇਲਗੂਦੇਸ਼ਮ ਪਾਰਟੀ ਤੇ ਭਾਜਪਾ ਸਮੇਤ ਸਾਰੀਆਂ ਪ੍ਰਮੁੱਖ ਪਾਰਟੀਆਂ ਨੇ ਉਸੇ ਮੰਗ ਦਾ ਸਮਰਥਨ ਕੀਤਾ ਤਾਂ ਟੀ.ਆਰ.ਐਸ. ਅਢੁੱਕਵੀਂ ਹੋ ਗਈ ਅਤੇ ਇਸ ਕਾਰਨ ਉਹ ਹਾਸ਼ੀਏ 'ਤੇ ਜਾ ਪਈ। ਕਾਂਗਰਸ ਨੇ ਇਸ ਸਥਿਤੀ ਦੀ ਵਿਆਖਿਆ ਇਸ ਰੂਪ 'ਚ ਕੀਤੀ ਕਿ ਵੱਖਰੇ ਸੂਬੇ ਦੀ ਮੰਗ ਨੂੰ ਹੁਣ ਲੋਕਾਂ ਦਾ ਸਮਰਥਨ ਹਾਸਲ ਨਹੀਂ ਅਤੇ ਉਸਨੇ ਵੱਖਰੇ ਸੂਬੇ ਦੀ ਮੰਗ ਨਾਲੋਂ ਮੂੰਹ ਮੋੜ ਲਿਆ।

ਤਿਲੰਗਾਨਾ ਸੂਬੇ ਦੀ ਮੰਗ ਵੀ ਵਿਸ਼ਾਲ ਆਂਧਰਾ ਜਿੰਨੀ ਹੀ ਪੁਰਾਣੀ ਹੈ। ਵਿਸ਼ਾਲ ਆਂਧਰਾ ਦੀ ਮੰਗ ਉਦੋਂ ਮੰਨ ਲਈ ਗਈ ਜਦੋਂ ਉਸ ਦੇ ਨੇਤਾ ਸ੍ਰੀ ਰਾਹੁਲ ਦੀ 1953 'ਚ ਮਰਨ ਵਰਤ ਤੋਂ ਬਾਅਦ ਮੌਤ ਹੋ ਗਈ ਸੀ। ਅਜਿਹੇ ਹੀ ਤਜ਼ਰਬੇ ਨੂੰ ਟਾਲਣ ਲਈ ਚੰਦਰਸ਼ੇਖਰ ਰਾਓ ਦੀ ਮੰਗ ਉਦੋਂ ਮੰਨ ਲਈ ਗਈ ਜਦੋਂ ਉਨ੍ਹਾਂ ਨੇ ਮਰਨ ਵਰਤ ਰੱਖਿਆ ਤੇ ਉਨ੍ਹਾਂ ਦੀ ਹਾਲਤ ਵਿਗੜ ਗਈ।

ਦੋਵੇਂ ਵਾਰ ਹੀ ਕੇਂਦਰੀ ਸਰਕਾਰ ਨੇ ਸਾਰੀਆਂ ਸੰਬੰਧਤ ਧਿਰਾਂ ਦਰਮਿਆਨ ਆਮ ਸਹਿਮਤੀ ਦੀ ਪ੍ਰਕਿਰਿਆ ਨਾਲ ਹੱਲ ਲੱਭਣ ਦੇ ਮੌਕੇ ਗੁਆ ਦਿੱਤੇ ਅਤੇ ਦਬਾਅ 'ਚ ਆ ਕੇ ਕੰਮ ਕਰਨ ਦਾ ਗਲਤ ਰਾਹ ਅਪਨਾਇਆ। 1953 'ਚ ਰਾਜ ਪੁਨਰਗਠਨ ਕਮਿਸ਼ਨ ਨੇ ਜਿਥੇ ਵਿਸ਼ਾਲ ਆਂਧਰਾ ਦੀ ਮੰਗ ਮੰਨ ਲਈ ਸੀ, ਉਥੇ ਹੀ ਵੱਖਰੇ ਤਿਲੰਗਾਨਾ ਦੀ ਸਿਫਾਰਿਸ਼ ਵੀ ਕੀਤੀ ਸੀ ਤੇ ਉਨ੍ਹਾਂ ਨੂੰ 10 ਸਾਲਾਂ ਤਕ ਵੱਖ-ਵੱਖ ਪਛਾਣ ਦਾ ਤਜਰਬਾ ਕਰਨ ਦੀ ਇਜਾਜ਼ਤ ਦੇਣ ਦੀ ਸਿਫਾਰਿਸ਼ ਕੀਤੀ ਸੀ। ਉਸਤੋਂ ਬਾਅਦ ਦੋਹਾਂ ਸੂਬਿਆਂ ਦੀਆਂ ਵੱਖ-ਵੱਖ ਵਿਧਾਨ ਸਭਾਵਾਂ ਦੇ ਦੋ ਤਿਹਾਈ ਵਿਧਾਇਕ ਮੁੜ ਇਕਜੁੱਟ ਹੋ ਸਕਦੇ ਹਨ। ਕੇਂਦਰ 'ਚ ਸੱਤਾਧਾਰੀ ਕਾਂਗਰਸ ਨੇ ਤਿਲੰਗਾਨਾ ਸੰਬੰਧੀ ਸੁਝਾਅ ਨੂੰ ਉਦੋਂ ਖਾਰਜ ਕਰ ਦਿੱਤਾ ਤੇ ਬਾਅਦ 'ਚ ਵੱਖ-ਵੱਖ ਬਦਲਾਂ ਦਾ ਪ੍ਰੀਖਣ ਕਰਦੀ ਰਹੀ ਹੈ। 1956 'ਚ ਦੋਹਾਂ ਖੇਤਰਾਂ ਦੇ ਕਾਂਗਰਸੀ ਨੇਤਾਵਾਂ ਦਰਮਿਆਨ ਇਕ ਫਾਰਮੂਲਾ ਤਿਲੰਗਾਨਾ ਦੇ ਹਿੱਤਾਂ ਦੀ ਸੁਰੱਖਿਆ ਤੇ ਵਿਕਾਸ ਦਾ ਰਾਹ ਪੱਧਰਾ ਕਰਨ ਲਈ ਇਹ ਦਿੱਤਾ ਗਿਆ ਕਿ ਖੇਤਰ ਦੇ ਵਿਕਾਸ ਦੀ ਨਿਗਰਾਨੀ ਖੇਤਰੀ ਨਿਯੋਜਨ ਤੇ ਵਿਕਾਸ ਕਮੇਟੀਆਂ ਕਰਨਗੀਆਂ ਜੋ ਵਿਧਾਨ ਮੰਡਲ ਦੇ ਮੈਂਬਰਾਂ ਪ੍ਰਤੀ ਜਵਾਬਦੇਹ ਹੋਣਗੀਆਂ। ਇਸਦੇ ਮੁਤਾਬਿਕ ਇਕ ਉਪ ਮੁੱਖ ਮੰਤਰੀ ਤਿਲੰਗਾਨਾ ਖੇਤਰ ਤੋਂ ਹੋਣਾ ਸੀ ਤੇ ਸਰਕਾਰੀ ਨੌਕਰੀਆਂ 'ਚ ਖੇਤਰ ਲਈ ਕੁਝ ਕੋਟਾ ਤੈਅ ਹੋਣਾ ਸੀ ਪਰ ਇਹ ਵਿਵਸਥਾਵਾਂ ਅਸਲ 'ਚ ਲਾਗੂ ਨਹੀਂ ਕੀਤੀਆਂ ਗਈਆਂ। ਇਹ ਖੇਤਰੀ ਕਮੇਟੀਆਂ ਵਿਧਾਨ ਮੰਡਲਾਂ ਪ੍ਰਤੀ ਜਵਾਬਦੇਹ ਨਹੀਂ ਬਣਾਈਆਂ ਗਈਆਂ।

ਕਾਂਗਰਸ ਨੇ ਤਿਲੰਗਾਨਾ ਦੇ ਨੇਤਾਵਾਂ ਨੂੰ ਖੁਸ਼ ਕਰਨ ਅਤੇ ਜਾਤੀ ਸਿਆਸਤ ਦੇ ਹੱਥਕੰਡੇ ਵੀ ਅਪਨਾਏ। 1978 'ਚ ਤਿਲੰਗਾਨਾ ਪਰਜਾ ਸਮਿਤੀ ਦਾ ਉਸ ਦੇ ਮੁੱਖ ਰਾਹ ਦਸੇਰੇ ਚੇਨਾ ਰੈਡੀ ਨੂੰ ਆਂਧਰਾ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਏ ਜਾਣ 'ਤੇ ਕਾਂਗਰਸ 'ਚ ਰਲੇਵਾਂ ਹੋ ਗਿਆ। ਇਸੇ ਦੌਰਾਨ ਤੇਲਗੂਦੇਸ਼ਮ ਪਾਰਟੀ ਨੇ ਨਾਇਡੂ ਅਤੇ ਕਾਪੂ ਜਾਤਾਂ ਦਾ ਇਕ ਗਠਜੋੜ ਰੈਡੀ ਲੀਡਰਸ਼ਿਪ ਦੇ ਵਿਰੁਧ ਵੱਖਰੇ ਤਿਲੰਗਾਨਾ ਦੀ ਮੰਗ ਨੂੰ ਲੈ ਕੇ ਬਣਾਇਆ। ਉਸ ਨਾਲ ਟੱਕਰ ਲੈਣ ਲਈ ਚੰਦਰਸ਼ੇਖਰ ਰਾਓ ਨੇ ਜੋ ਵਾਲਾਮਾ ਜਾਤ ਦੇ ਹਨ, ਆਂਧਰਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਦਲਿਤਾਂ ਅਤੇ ਹੋਰਨਾਂ ਪਛੜੇ ਵਰਗਾਂ ਦਾ ਇਕ ਗਠਜੋੜ 2003 'ਚ ਤਿਲੰਗਾਨਾ ਰਾਸ਼ਟਰੀ ਸੰਮਤੀ (ਟੀ.ਆਰ.ਐਸ.) ਦੇ ਨਾਂ ਨਾਲ ਬਣਾਇਆ। ਕਿਉਂਕਿ ਤਿਲੰਗਾਨਾ ਦੀ 70 ਫੀਸਦੀ ਤੋਂ ਜ਼ਿਆਦਾ ਆਬਾਦੀ ਅਨੁਸੂਚਿਤ ਜਾਤਾਂ, ਜਨ ਜਾਤਾਂ ਅਤੇ ਹੋਰਨਾਂ ਪਛੜੇ ਵਰਗਾਂ ਦੀ ਹੈ, ਇਸ ਲਈ ਇਹ ਮਜ਼ਬੂਤ ਗਠਜੋੜ ਬਣਿਆ। ਨਾਲ ਹੀ ਉਸ ਦੇ ਨੇਤਾਵਾਂ ਵਲੋਂ ਇਹ ਦਲੀਲ ਵੀ ਦਿੱਤੀ ਗਈ ਕਿ ਆਂਧਰਾ ਨੂੰ ਤਿਲੰਗਾਨਾ ਦੀ ਆਬਾਦੀ ਦੇ ਸਰੂਪ ਕਾਰਨ ਕੇਂਦਰੀ ਖਜ਼ਾਨੇ 'ਚੋਂ ਕਾਫੀ ਧਨ ਅਲਾਟ ਹੁੰਦਾ ਹੈ। ਵਿੱਤ ਕਮਿਸ਼ਨ ਵਲੋਂ ਫੰਡਾਂ ਦੀ ਹਵਾਲਗੀ ਦਾ ਫਾਰਮੂਲਾ 25 ਫੀਸਦੀ ਆਬਾਦੀ ਅਤੇ 75 ਫੀਸਦੀ ਪਛੜੇਪਣ ਲਈ ਨਿਰਧਾਰਿਤ ਹੈ। ਇਸ ਤਰ੍ਹਾਂ ਜੇ ਤੇਲੰਗਾਨਾ ਵੱਖਰਾ ਸੂਬਾ ਬਣਦਾ ਹੈ ਤਾਂ ਉਹ ਵਿੱਤੀ ਲਿਹਾਜ਼ ਨਾਲ ਸਮਰੱਥ ਅਤੇ ਵਿਵਹਾਰਕ ਹੋਵੇਗਾ।


1998 'ਚ ਮੈਨੂੰ ਤਿਲੰਗਾਨਾ ਜਾਣ ਤੇ ਉਸਦੇ ਨੇਤਾਵਾਂ, ਵਰਕਰਾਂ ਅਤੇ ਆਮ ਜਨਤਾ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਮੈਂ ਵੱਖ-ਵੱਖ ਸੁਝਾਵਾਂ 'ਤੇ ਅਖੰਡ ਆਂਧਰਾ ਦੇ ਸਮਰਥਕਾਂ ਨਾਲ ਵੀ ਗੱਲਬਾਤ ਕੀਤੀ ਸੀ। ਮੈਂ ਦੋਹਾਂ ਵਰਗਾਂ ਦੇ ਨੇਤਾਵਾਂ ਦਾ ਆਪਸੀ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਵੀ ਕੀਤੀ ਅਤੇ ਇਹ ਕੋਸ਼ਿਸ਼ ਵੀ ਕੀਤੀ ਕਿ ਸਾਰੇ ਗੁੰਝਲਦਾਰ ਮੁੱਦਿਆਂ 'ਤੇ, ਜਿਨ੍ਹਾਂ 'ਚ ਵਿਕਾਸ ਦਾ ਸਾਪੇਖ ਪੱਧਰ, ਸਰਕਾਰੀ ਸੇਵਾਵਾਂ 'ਚ ਹਿੱਸਾ ਤੇ ਫੰਡਾਂ ਦੀ ਅਲਾਟਮੈਂਟ ਦਾ ਆਧਾਰ ਤੇ ਹੈਦਰਾਬਾਦ ਦਾ ਭਵਿੱਖ, ਜਿਸ ਦੀ ਅਨੋਖੀ ਸੱਭਿਆਚਾਰਕ ਪਛਾਣ ਹੈ ਅਤੇ ਜੋ ਆਧੁਨਿਕ ਤਕਨਾਲੋਜੀ ਦਾ ਇਕ ਕੇਂਦਰ ਹੈ, 'ਚ ਕੋਈ ਸਹਿਮਤੀ ਬਣੇ।

ਮੈਂ ਤਿਲੰਗਾਨਾ ਲਈ ਇਕ ਉਪ ਸੂਬੇ ਦੇ ਵਿਚਾਰ ਨੂੰ ਅੱਗੇ ਵਧਾਇਆ ਜਿਸਦਾ ਸੁਝਾਅ ਪਹਿਲੀ ਵਾਰ ਡਾ. ਗਾਡਗਿਲ ਨੇ ਦਿੱਤਾ ਸੀ ਜੋ ਯੋਜਨਾ ਕਮਿਸ਼ਨਰ ਦੇ ਪਹਿਲੇ ਡਿਪਟੀ ਕਮਿਸ਼ਨਰ ਸਨ। ਇਸ ਤਹਿਤ ਹਰੇਕ ਸੂਬੇ 'ਚ ਹਰੇਕ ਇਲਾਕੇ 'ਚ ਇਕ ਉਪ ਵਿਧਾਨ ਪਾਲਿਕਾ ਹੋਵੇ ਜਿਸਨੂੰ ਉਨ੍ਹਾਂ ਵਿਸ਼ਿਆਂ 'ਤੇ ਕਾਨੂੰਨ ਬਣਾਉਣ ਦਾ ਸਿਆਸੀ ਅਧਿਕਾਰ ਹੋਵੇ ਜੋ ਉਸ ਖੇਤਰ ਨੂੰ ਸੌਂਪੇ ਗਏ ਹੋਣ ਅਤੇ ਉਨ੍ਹਾਂ ਵਿਸ਼ਿਆਂ ਨਾਲ ਸੰਬੰਧਤ ਵਿਭਾਗਾਂ ਦਾ ਕੰਮਕਾਜ ਵੀ ਉਹੀ ਸੰਭਾਲੇ। ਇਨ੍ਹਾਂ ਵਿਸ਼ਿਆਂ 'ਚ ਇਨ੍ਹਾਂ ਵਿਭਾਗਾਂ ਲਈ ਭਰਤੀ ਵੀ ਸ਼ਾਮਲ ਹੋਵੇ। ਇਸ ਤਰ੍ਹਾਂ ਹਰ ਖੇਤਰ ਦੀ ਆਰਥਿਕ, ਸੱਭਿਆਚਾਰਕ ਅਤੇ ਸਿਆਸੀ ਇੱਛਾ ਦੀ ਸੰਤੁਸ਼ਟੀ ਹੋ ਜਾਏਗੀ। ਸ੍ਰੀ ਕ੍ਰਿਸ਼ਨਕਾਂਤ, ਜੋ ਉਨ੍ਹੀਂ ਦਿਨੀਂ ਆਂਧਰਾ ਪ੍ਰਦੇਸ਼ ਦੇ ਰਾਜਪਾਲ ਸਨ, ਨੇ ਮੈਨੂੰ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਇਹ ਸੁਝਾਅ ਦੇਣਗੇ ਕਿ ਉਹ ਮੈਨੂੰ ਕੁਝ ਅਧਿਕਾਰ ਦੇ ਕੇ ਮੇਰੀ ਨਿਯੁਕਤੀ ਕਰਨ ਤਾਂ ਕਿ ਮੈਂ ਆਪਣੇ ਵਿਚਾਰਾਂ ਨੂੰ ਲਾਗੂ ਕਰ ਸਕਾਂ। ਸ੍ਰੀ ਕ੍ਰਿਸ਼ਨਕਾਂਤ ਬਾਅਦ 'ਚ ਉਪ ਰਾਸ਼ਟਰਪਤੀ ਬਣ ਕੇ ਕੇਂਦਰ 'ਚ ਆ ਗਏ, ਇਸ ਲਈ ਉਹ ਉਸ ਸੁਝਾਅ ਨੂੰ ਅੱਗੇ ਨਹੀਂ ਵਧਾ ਸਕੇ। ਅਜਿਹਾ ਹੀ ਤਜ਼ਰਬਾ ਮੈਂ ਗੋਰਖਾਲੈਂਡ 'ਚ ਕੀਤਾ ਸੀ ਜਿਥੇ ਮੈਂ ਉਦੋਂ ਉਥੋਂ ਦੇ ਨੇਤਾ ਸੁਭਾਸ਼ ਘੀਸਿੰਗ ਨਾਲ ਲੰਮਾ ਵਿਚਾਰ ਵਟਾਂਦਰਾ ਕੀਤਾ ਸੀ। ਇਸ ਨਾਲ ਇਕ ਫਾਰਮੂਲਾ ਤਿਆਰ ਹੋਇਆ ਜੋ ਮੈਂ ਪੱਛਮੀ ਬੰਗਾਲ ਦੇ ਵੇਲੇ ਦੇ ਮੁੱਖ ਮੰਤਰੀ ਨੂੰ ਪੇਸ਼ ਕੀਤਾ। ਉਦੋਂ ਮੈਂ ਗੋਰਖਾਲੈਂਡ ਦੀ ਸਮੱਸਿਆ ਦਾ ਹੱਲ ਲੱਭਣ ਦੇ ਕੰਮ ਵਿਚ ਆਪਣਾ ਬਣਦਾ ਯੋਗਦਾਨ ਵੀ ਪਾਇਆ ਸੀ। ਬਦਕਿਸਮਤੀ ਨਾਲ ਗੋਰਖਾਲੈਂਡ ਨੂੰ ਸੱਤਾ ਸੌਂਪਣ ਦਾ ਮੇਰਾ ਫਾਰਮੂਲਾ ਸ਼ਬਦਾਂ ਅਤੇ ਭਾਵਨਾ ਸਮੇਤ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਤਿਲੰਗਾਨਾ ਅਤੇ ਬਾਕੀ ਆਂਧਰਾ ਵਿਚ ਬਣੀ ਸਥਿਤੀ ਨੇ ਕੁਝ ਢੁੱਕਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਮਿਸਾਲ ਵਜੋਂ (1) ਕੀ ਆਂਧਰਾ ਵਿਧਾਨ ਸਭਾ ਇਕ ਮਤਾ ਪਾਸ ਕਰੇਗੀ ਜਿਸ ਜ਼ਰੀਏ ਕੇਂਦਰ ਦੇ ਫੈਸਲੇ ਅਤੇ ਸੰਬੰਧਤ ਸਵਾਲ ਦੀ ਪੁਸ਼ਟੀ ਹੋ ਸਕੇ? ਸੰਬੰਧਤ ਸਵਾਲ ਇਹ ਹੈ ਕਿ ਕੀ ਕਾਂਗਰਸ ਵਿਧਾਨ ਸਭਾ 'ਚ ਬਹੁਮਤ ਬਣਾਈ ਰੱਖਣ 'ਚ ਕਾਮਯਾਬ ਹੋਵੇਗੀ ਅਤੇ ਕੀ ਉਸ ਦੀ ਸਰਕਾਰ ਬਚੀ ਰਹੇਗੀ?

(2) ਕੀ ਕੇਂਦਰ ਸਰਕਾਰ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਉਠੀ ਵੱਖਰੇ ਰਾਜਾਂ ਦੀ ਮੰਗ ਦਾ ਵਿਰੋਧ ਕਰ ਸਕੇਗੀ, ਜੇ ਉਨ੍ਹਾਂ ਦਾ ਨੇਤਾ ਮਰਨ ਵਰਤ 'ਤੇ ਬੈਠ ਜਾਵੇ ਤੇ ਉਸਦੀ ਹਾਲਤ ਵੀ ਚੰਦਰਸ਼ੇਖਰ ਰਾਓ ਵਰਗੀ ਚਿੰਤਾਜਨਕ ਹੋ ਜਾਵੇਗੀ? (3) ਨਵੇਂ ਸੂਬਿਆਂ ਦੇ ਗਠਨ ਲਈ ਪੈਮਾਨਾ ਕੀ ਹੋਵੇਗਾ? (4) ਕੀ ਅਜਿਹੀਆਂ ਮੰਗਾਂ ਨਾਲ ਨਜਿੱਠਣ ਲਈ ਇਕ ਹੋਰ ਰਾਜ ਪੁਨਰਗਠਨ ਕਮਿਸ਼ਨ ਕਾਇਮ ਕੀਤਾ ਜਾਵੇਗਾ? ਉਸ ਦੀਆਂ ਕੰਮ ਦੀਆਂ ਸ਼ਰਤਾਂ ਵਗੈਰਾ ਕੀ ਹੋਣਗੀਆਂ? ਤਿਲੰਗਾਨਾ ਦੇ ਮੁੱਦੇ ਤੋਂ ਸਭ ਤੋਂ ਵੱਡੀ ਸਿੱਖਿਆ ਇਹ ਮਿਲਦੀ ਹੈ ਕਿ ਖੇਤਰੀ ਅਤੇ ਉਪ ਖੇਤਰੀ ਭਾਵਨਾਵਾਂ ਨੂੰ ਜੇ ਸਮੇਂ ਸਿਰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸਮੱਸਿਆ ਦਾ ਤਸੱਲੀਬਖਸ਼ ਹੱਲ ਲੱਭਿਆ ਜਾ ਸਕਦਾ ਹੈ। ਇਹ ਸੋਚਣਾ ਸਹੀ ਨਹੀਂ ਹੈ ਕਿ ਮੰਗਾਂ ਮੰਨ ਲੈਣ ਨਾਲ ਹੀ ਕੌਮੀ ਏਕਤਾ ਕਮਜ਼ੋਰ ਹੋ ਜਾਵੇਗੀ। ਅਜਿਹੇ ਖਦਸ਼ੇ ਉਦੋਂ ਵੀ ਪ੍ਰਗਟਾਏ ਗਏ ਸਨ ਜਦੋਂ ਭਾਸ਼ਾਈ ਸੂਬੇ ਬਣੇ ਸਨ। ਉਨ੍ਹਾਂ ਦੇ ਗਠਨ ਨਾਲ ਤਾਂ ਕੌਮੀ ਏਕਤਾ ਮਜ਼ਬੂਤ ਹੀ ਹੋਈ ਹੈ। ਪੰਜਾਬੀ ਸੂਬੇ ਦਾ ਗਠਨ 10 ਸਾਲ ਲਟਕਦਾ ਰਿਹਾ, ਜਦਕਿ ਸਮੁੱਚੇ ਦੇਸ਼ ਦਾ ਭਾਸ਼ਾ ਦੇ ਆਧਾਰ 'ਤੇ ਪੁਨਰਗਠਨ ਹੋ ਚੁੱਕਾ ਸੀ। ਹੁਣ ਦੇਸ਼ ਦੇ ਬਾਕੀਆਂ ਹਿੱਸਿਆਂ ਤੋਂ ਵੱਖਰੇ ਸੂਬਿਆਂ ਦੀ ਉਠੀ ਮੰਗ ਨੂੰ ਹੱਲ ਕੀਤਾ ਜਾਣਾ ਜ਼ਰੂਰੀ ਹੈ, ਉਨ੍ਹਾਂ ਨੂੰ ਵੱਖਰੇ ਰਾਜਾਂ ਜਾਂ ਉਪ ਰਾਜਾਂ ਦਾ ਦਰਜਾ ਦੇ ਕੇ ਸੰਤੁਸ਼ਟ ਕੀਤਾ ਜਾ ਸਕਦਾ ਹੈ। ਜੰਮੂ-ਕਸ਼ਮੀਰ ਦੇਸ਼ ਦਾ ਸਭ ਤੋਂ ਵੱਧ ਅਸੰਤੁਲਿਤ ਸੂਬਾ ਹੈ। ਕੁਝ ਕਾਰਨਾਂ ਕਰਕੇ ਇਸਨੂੰ ਵੰਡਿਆ ਨਹੀਂ ਜਾਣਾ ਚਾਹੀਦਾ। ਇਸ ਦੀ ਬਜਾਏ ਇਸ ਦੇ ਜੋ ਤਿੰਨ ਖਾਸ ਖੇਤਰ ਹਨ ਉਨ੍ਹਾਂ ਨੂੰ ਖੇਤਰੀ ਖੁਦਮੁਖਤਿਆਰੀ ਦੇਣੀ ਜ਼ਰੂਰੀ ਹੈ, ਜਿਸ ਨਾਲ ਇਸ ਦੀ ਭਾਵਨਾਤਮਕ ਅਤੇ ਸਿਆਸੀ ਏਕਤਾ ਯਕੀਨੀ ਹੋ ਸਕੇਗੀ।

# ਝੰਡੇ ਗੱਡਣ ਵਾਲਿਓ! ਨਿੱਤਰੋ ਮੈਦਾਨ ਵਿਚ!!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਮ ਲੋਕਾਂ ਦੇ ਮੂੰਹੋਂ ਤੁਸੀਂ ਵੀ ਇਹ ਗੱਲ ਕਦੇ ਨਾ ਕਦੇ ਜ਼ਰੂਰ ਸੁਣੀ ਹੋਵੇਗੀ ਕਿ ਸਟੇਜ 'ਤੇ ਗਾਉਣ ਵਾਲੇ ਰਾਗੀਆਂ ਜਾਂ ਕਲਾਕਾਰਾਂ ਨੂੰ, ਮੋਹਰੇ ਬੈਠੇ ਇਕੱਠ ਵਿਚੋਂ ਜੇ ਕੋਈ ਇਨਾਮ ਵਜੋਂ ਰੁਪਈਆ/ਡਾਲਰ ਦੇਣ ਲਈ ਨਾ ਉਠੇ, ਤਾਂ ਫਿਰ ਉਹ ਕਿਸੇ ਜਾਣ-ਪਛਾਣ ਵਾਲੇ ਨੂੰ ਗੁੱਝੇ ਢੰਗ ਨਾਲ ਇਸ਼ਾਰਾ ਕਰ ਦਿੰਦੇ ਹਨ। ਅਜਿਹਾ ਕੋਈ ਜਾਣੂ ਵਿਅਕਤੀ ਖੜ੍ਹਾ ਹੋ ਕੇ ਆਪਣੇ ਬਟੂਏ ਵਿਚੋਂ ਇਸ ਅੰਦਾਜ਼ ਨਾਲ ਨੋਟ ਕੱਢ ਕੇ ਸਟੇਜ ਵਲ ਨੂੰ ਤੁਰਦਾ ਹੈ ਕਿ ਉਸ ਨੂੰ ਸਾਰੇ ਸਰੋਤੇ ਦੇਖ ਲੈਣ। ਉਹਦੇ ਵਲੋਂ ਹੌਸਲਾ-ਅਫਜ਼ਾਈ ਦੀ ਛੇੜ ਪੈਣ ਦੇ ਤੁਰੰਤ ਮਗਰੋਂ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ 'ਕੱਲੀ?' ਵਾਲੀ ਕਹਾਵਤ ਦੀ ਲਪੇਟ ਵਿਚ ਸਾਰੇ ਸਰੋਤੇ ਖ਼ੁਦ-ਬ-ਖ਼ੁਦ' ਆ ਜਾਂਦੇ ਹਨ। ਜਦ ਵਾਜੇ ਉਪਰ ਨੋਟਾਂ ਦੀ ਢੇਰੀ ਲੱਗਣੀ ਸ਼ੁਰੂ ਹੋ ਜਾਂਦੀ ਹੈ ਤਾਂ ਕਈ 'ਸੰਗ ਦੇ ਕੁੱਜੇ' ਬਣੇ ਹੋਏ ਜਾਂ ਫਿਰ ਜਾਮ ਹੋ ਚੁੱਕੇ ਗੋਡਿਆਂ ਵਾਲੇ ਭਰਾ ਵੀ ਬੈਠੇ ਬੈਠੇ ਆਪਣੇ ਨਾਲ ਵਾਲੇ ਨੂੰ ਨੋਟ ਫੜਾ ਕੇ ਆਖਦੇ ਹਨ- "ਲੈ ਯਾਰ, ਆਹ ਵੀ ਫੜਾ ਦਈਂ ਰਾਗੀ ਨੂੰ!"

ਇਹ ਗੱਲ ਸੱਚੀ ਐ ਕਿ ਝੂਠੀ, ਰੱਬ ਈ ਜਾਣੇ! ਲੇਕਿਨ ਇਹ 'ਛੇੜ ਪਾਉਣ' ਵਾਲਾ ਲਾਹੇਵੰਦਾ ਕੰਮ ਐਤਕੀਂ ਮੈਂ ਕਰਨ ਜਾ ਰਿਹਾ ਹਾਂ। ਸਟੇਜ 'ਤੇ ਨੋਟ ਪਹੁੰਚਾਉਣ ਦੀ ਛੇੜ ਪੈਣ ਨਾਲ ਰਾਗੀਆਂ ਕਲਾਕਾਰਾਂ ਨੂੰ ਮਾਇਕ ਫਾਇਦਾ ਹੁੰਦਾ ਹੈ। ਸਰੋਤਿਆਂ ਦੀ ਜੇਬ ਹਲਕੀ ਹੁੰਦੀ ਹੈ। ਪਰ ਜਿਹੜੀ ਛੇੜ ਮੈਂ ਪਾਉਣ ਜਾ ਰਿਹਾਂ ਉਹਦੇ ਨਾਲ, ਬਗੈਰ ਕੋਈ ਟਕਾ ਧੇਲਾ ਖਰਚ ਕੀਤਿਆਂ, ਲੱਖਾਂ ਲੋਕਾਂ ਨੂੰ ਹੌਸਲਾ ਅਤੇ ਨਵੀਂ ਪ੍ਰੇਰਨਾ ਮਿਲ ਸਕਦੀ ਹੈ। ਯਾਨਿ ਬਿਨਾ ਕੋਈ ਪੈਨੀ ਖਰਚਿਆਂ ਹਜ਼ਾਰਾਂ ਲੋਕਾਂ ਦੀ ਤਕਦੀਰ ਸੁਧਰ ਸਕਦੀ ਹੈ। 'ਨਾਲੇ ਪੁੰਨ ਨਾਲੇ ਫਲੀਆਂ' ਅਨੁਸਾਰ ਮੇਰੀ ਪਾਈ ਰੀਸ 'ਤੇ ਅਮਲ ਕਰਨ ਵਾਲਿਆਂ ਨੂੰ ਮਾਨਸਿਕ ਤਸੱਲੀ ਦੇ ਨਾਲ ਨਾਲ ਪ੍ਰਸਿੱਧੀ ਮੁਫ਼ਤ ਵਿਚ ਹੀ ਮਿਲੇਗੀ।

ਪੱਕੀ ਗੱਲ ਹੈ ਕਿ ਤੁਸੀਂ ਇਹ ਜਾਣਨ ਲਈ ਕਾਹਲੇ ਪੈ ਰਹੇ ਹੋਵੋਗੇ ਕਿ ਆਖਰ ਮੈਂ ਕਹਿਣ ਕੀ ਜਾ ਰਿਹਾ ਹਾਂ? ਲਓ ਜੀ ਆਪਣਾ ਧਿਆਨ ਜ਼ਰਾ ਇਕ ਹਫਤਾ ਪਿਛਾਂਹ ਨੂੰ ਮੋੜਿਓ। 'ਪੰਜਾਬ ਟਾਈਮਜ਼' ਦੇ ਹਥਲੇ ਅੰਕ ਤੋਂ ਹਫਤਾ ਪਹਿਲਾਂ ਵਾਲੇ ਅੰਕ ਦੇ ਸਫਾ ਨੰਬਰ ਤਿੰਨ ਉਪਰ ਛਪੇ 'ਪ੍ਰਕਾਸ਼ਨ ਦੇ ਦਸ ਸਾਲ' ਵਿਸ਼ੇਸ਼ ਸੰਪਾਦਕੀ-ਨੋਟ ਦੇ ਖੱਬੇ ਪਾਸੇ, ਨਿੱਕੀ ਡੱਬੀ ਵਿਚ 'ਕਾਮਯਾਬੀ ਦੇ ਝੰਡੇ' ਸਿਰਲੇਖ ਥੱਲੇ ਸੰਪਾਦਕ ਦੀ ਅਪੀਲ ਛਾਪੀ ਗਈ ਹੈ ਜਿਸ ਵਿਚ ਅਮਰੀਕਾ ਵੱਸਦੇ ਉਨ੍ਹਾਂ ਪੰਜਾਬੀਆਂ ਨੂੰ ਆਪਣੀ ਤਰੱਕੀ ਦੇ ਤਜਰਬੇ ਪਾਠਕਾਂ ਨਾਲ ਸਾਂਝੇ ਕਰਨ ਦਾ ਮੋਹ ਭਰਿਆ ਲਿੱਖਾ ਸੱਦਾ ਦਿੱਤਾ ਗਿਆ ਹੈ ਜਿਨ੍ਹਾਂ ਨੇ ਬਿਜ਼ਨਸ ਜਾਂ ਜ਼ਿੰਦਗੀ ਦੇ ਹੋਰ ਵੱਖ-ਵੱਖ ਖੇਤਰਾਂ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। ਸੰਪਾਦਕ ਨੇ ਇਹ ਵੀ ਦੱਸਿਆ ਹੈ ਕਿ ਆਉਣ ਵਾਲੇ ਅੰਕਾਂ ਵਿਚ ਅਜਿਹੇ ਉਦਮੀਆਂ ਬਾਰੇ ਫੀਚਰ ਛਾਪੇ ਜਾਣਗੇ।

ਹੱਡ ਭੰਨਵੀਂ ਮਿਹਨਤ ਮੁਸ਼ੱਕਤ ਨਾਲ ਮਾਰੀਆਂ ਮੰਜ਼ਲਾਂ ਅਤੇ ਪ੍ਰਾਪਤ ਕੀਤੀਆਂ ਮਾਣਯੋਗ ਖੱਟੀਆਂ ਦੇ ਕਿੱਸੇ ਪੜ੍ਹ ਕੇ ਕੀ ਹੋਵੇਗਾ? ਇਸ ਸਵਾਲ ਦੇ ਜਵਾਬ ਵਿਚ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ ਦੀ ਜ਼ਿੰਦਗੀ ਦੇ ਉਸ ਕਾਂਡ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਸ ਵਿਚ ਜ਼ਿਕਰ ਆਉਂਦਾ ਹੈ ਕਿ ਕਿਵੇਂ ਉਸ ਨੇ ਗਰੀਬੀ ਦੇ ਦਿਨਾਂ ਵਿਚ, ਜਾਰਜ ਵਾਸ਼ਿੰਗਟਨ ਦੀ ਜੀਵਨੀ ਵਾਲੀ ਬਿਗਾਨੀ ਕਿਤਾਬ ਨੂੰ 'ਆਪਣੀ' ਬਣਾਉਣ ਵਾਸਤੇ, ਉਸ ਕਿਤਾਬ ਦੇ ਮਾਲਕ ਦੇ ਖੇਤਾਂ ਵਿਚ ਮਜ਼ਦੂਰੀ ਕੀਤੀ ਸੀ। ਇਸ ਜੀਵਨੀ ਤੋਂ ਲਏ ਮਾਰਗ ਦਰਸ਼ਨ 'ਤੇ ਚਲਦਿਆਂ ਉਹ ਅਮਰੀਕਾ ਦੇ ਰਾਸ਼ਟਰਪਤੀ ਦੀ ਸਿਰਮੌਰ ਪਦਵੀ 'ਤੇ ਜਾ ਪਹੁੰਚਿਆ ਸੀ। ਮਹਾਨਤਾ ਦੀ ਟੀਸੀ 'ਤੇ ਪਹੁੰਚਣ ਵਾਲੇ ਸਿਦਕੀਆਂ ਦੀਆਂ ਲਿਖਤਾਂ, ਪੜ੍ਹਨ-ਸੁਣਨ ਵਾਲਿਆਂ ਲਈ ਚਾਨਣ-ਮੁਨਾਰਾ ਬਣਦੀਆਂ ਹਨ ਜਿਨ੍ਹਾਂ ਤੋਂ ਸੇਧ ਲੈ ਕੇ ਕਈ ਭੁੱਲੇ-ਭਟਕੇ ਆਪਣੇ ਰਾਹਾਂ ਵਿਚ ਰੌਸ਼ਨੀਆਂ ਬਿਖੇਰ ਸਕਦੇ ਹਨ।

***ਹੱਡ ਭੰਨਵੀਂ ਮਿਹਨਤ ਮੁਸ਼ੱਕਤ ਨਾਲ ਮਾਰੀਆਂ ਮੰਜ਼ਲਾਂ ਅਤੇ ਪ੍ਰਾਪਤ ਕੀਤੀਆਂ ਮਾਣਯੋਗ ਖੱਟੀਆਂ ਦੇ ਕਿੱਸੇ ਪੜ੍ਹ ਕੇ ਕੀ ਹੋਵੇਗਾ? ਇਸ ਸਵਾਲ ਦੇ ਜਵਾਬ ਵਿਚ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ ਦੀ ਜ਼ਿੰਦਗੀ ਦੇ ਉਸ ਕਾਂਡ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਸ ਵਿਚ ਜ਼ਿਕਰ ਆਉਂਦਾ ਹੈ ਕਿ ਕਿਵੇਂ ਉਸ ਨੇ ਗਰੀਬੀ ਦੇ ਦਿਨਾਂ ਵਿਚ, ਜਾਰਜ ਵਾਸ਼ਿੰਗਟਨ ਦੀ ਜੀਵਨੀ ਵਾਲੀ ਬਿਗਾਨੀ ਕਿਤਾਬ ਨੂੰ 'ਆਪਣੀ' ਬਣਾਉਣ ਵਾਸਤੇ, ਉਸ ਕਿਤਾਬ ਦੇ ਮਾਲਕ ਦੇ ਖੇਤਾਂ ਵਿਚ ਮਜ਼ਦੂਰੀ ਕੀਤੀ ਸੀ।***

ਇਸੇ ਮਕਸਦ ਨੂੰ ਸਾਹਮਣੇ ਰੱਖ ਕੇ ਸੰਪਾਦਕ ਵਲੋਂ ਕੀਤੀ ਗਈ ਉਕਤ ਸ਼ਲਾਘਾਯੋਗ ਅਪੀਲ ਪੜ੍ਹ ਕੇ ਮੇਰੇ ਮਨ ਵਿਚ ਇੱਕੋ ਵਾਰ ਕਈ ਤਰ੍ਹਾਂ ਦੇ ਵਿਚਾਰਾਂ ਦੀ ਚਕਰੀ ਘੁੰਮ ਗਈ। ਪਰਵਾਸੀ ਪੰਜਾਬੀਆਂ ਵਲੋਂ ਕਾਮਯਾਬੀ ਦੇ ਝੰਡੇ ਗੱਡਣ ਦੀ ਤਾਂ ਅਕੱਥ-ਕਥਾ ਹੈ। ਸੁੱਖ-ਅਰਾਮ, ਨੀਂਦ, ਭੁੱਖ ਤਿਆਗ ਕੇ ਮਸ਼ੀਨਾਂ ਵਾਂਗ ਲਗਾਤਾਰ ਕੰਮ ਕਰਦਿਆਂ ਅੱਗਾ-ਪਿੱਛਾ ਸੰਵਾਰਨ ਦੇ ਦਿਲ ਟੁੰਬਵੇਂ ਕਿੱਸੇ...ਰੌਂਗਟੇ ਖੜ੍ਹੇ ਕਰ ਦੇਣ ਵਾਲੀ ਬੇਅੰਤ ਸਮੱਗਰੀ ਪਰਵਾਸੀ ਪੰਜਾਬੀਆਂ ਦੇ ਦਿਲਾਂ ਵਿਚ ਦਫਨ ਹੋਈ ਪਈ ਹੈ। ਜੇ ਇਹ ਸਾਰਾ ਮੈਟਰ ਲਿਖਤਾਂ ਵਿਚ ਲਿਆਂਦਾ ਜਾਏ ਤਾਂ ਜਿੰਨੇ ਪਰਵਾਸੀ, ਉਤਨੇ ਹੀ ਨਾਵਲ ਬਣ ਸਕਦੇ ਹਨ। ਪੋਟਿਆਂ 'ਤੇ ਹੀ ਗਿਣੇ ਜਾ ਸਕਣ ਵਾਲੇ ਕਿਸੇ ਦੀ ਸਮਰੱਥਾ ਰੱਖਦੇ ਕੁਝ ਕੁ ਕਲਮਾਂ ਵਾਲਿਆਂ ਨੂੰ ਛੱਡ ਕੇ, ਉਨ੍ਹਾਂ ਪੰਜਾਬੀਆਂ ਦੇ ਜ਼ਿਹਨ ਵਿਚ ਦੱਬੇ ਪਏ ਖਜ਼ਾਨੇ ਕਿਵੇਂ ਲੇਖਣੀ 'ਚ ਤਬਦੀਲ ਕੀਤੇ ਜਾਣ? ਕੀ ਪਰਵਾਸੀ ਭੈਣ-ਭਰਾ ਮਿਹਨਤ-ਮੁਸ਼ੱਕਤਾਂ ਦੇ ਸਿਰ 'ਤੇ ਖੜੀਆਂ ਕੀਤੀਆਂ ਗਈਆਂ ਵੱਡੀਆਂ ਕਾਮਯਾਬੀਆਂ ਨੂੰ ਸ਼ਬਦੀ ਜਾਮਾ ਪਹਿਨਾ ਕੇ, 'ਪੰਜਾਬ ਟਾਈਮਜ਼' ਦੇ ਸੰਪਾਦਕ ਦੇ ਹੁੰਗਾਰੇ 'ਤੇ ਫੁੱਲ ਚੜ੍ਹਾਉਣਗੇ?

ਹੋ ਸਕਦਾ ਹੈ ਕਿ ਕੋਈ ਭਾਗਾਂ ਵਾਲਾ ਨਿੱਤਰ ਵੀ ਪਏ ਮੈਦਾਨ ਵਿਚ। ਲੇਕਿਨ ਮੈਨੂੰ ਬਹੁਤੀ ਆਸ ਨਹੀਂ! ਕਿਉਂਕਿ ਪੰਜਾਬੀ ਪਾਠਕਾਂ ਦੀ ਆਦਤ ਹੈ ਕਿ ਉਹ ਚੰਗੀ ਨਾ ਲੱਗਣ ਵਾਲੀ ਕਿਸੇ ਲਿਖਤ ਦੇ ਲਿਖਾਰੀ ਨਾਲ ਫੋਨ 'ਤੇ ਤਾਂ ਝਈਆਂ ਲੈ ਲੈ ਕੇ ਤਲਖ਼-ਕਲਾਮੀ ਕਰ ਸਕਦੇ ਹਨ ਜਾਂ ਫਿਰ ਕਿਸੇ ਲੇਖਕ ਦੀ ਉਸਤਤਿ ਕਰਦਿਆਂ 'ਵਾਹ ਭਈ ਵਾਹ! ਕਮਾਲ ਕਰਤੀ'-'ਬਹਿ ਜਾ ਬਹਿ ਜਾ ਕਰਾ 'ਤੀ 'ਕੇਰਾਂ ਬਾਈ ਸਿਆਂ!!' ਵਰਗੇ ਮੱਖਣ ਦੇ ਪੇੜਿਆਂ ਜੈਸੇ ਫਿਕਰੇ ਜ਼ੁਬਾਨੀ-ਕਲਾਮੀ ਬਖ਼ਸ਼ ਦੇਣਗੇ ਪਰ ਜੇ ਮੋਹਰਿਉਂ ਲੇਖਕ ਅਰਜ਼ ਕਰ ਦਏ ਕਿ ਕੁਝ ਸ਼ਬਦ ਲਿਖ ਕੇ ਅਖ਼ਬਾਰ ਦੇ ਸੰਪਾਦਕ ਨੂੰ ਵੀ 'ਮੇਲ' ਕਰ ਦਿਉ ਜੀ! ਤਾਂ ਫਿਰ ਪਾਠਕ-ਜਨ ਅੱਗਿਉਂ ਅਹਾਂ-ਤਹਾਂ ਕਰਨ ਲੱਗ ਪੈਂਦੇ ਹਨ। ਇਸ ਸਦਾ-ਬਹਾਰ ਆਦਤ ਦੇ ਚਲਦਿਆਂ ਕਿਹੜਾ ਮਾਈ ਦਾ ਲਾਲ ਆਪਣੀਆਂ ਯਾਦਾਂ ਦੀਆਂ ਪੂਣੀਆਂ ਕੱਤਣ ਲਈ ਪੈਨ ਕਾਗਜ਼ ਦਾ ਚਰਖਾ ਡਾਹੁਣ ਦੀ ਖੇਚਲ ਕਰੇਗਾ?

ਅਜਿਹੀ ਹਾਲਤ ਵਿਚ ਸੰਪਾਦਕ ਸਾਹਿਬ ਫਿਰ ਹਮਾਤੜਾਂ ਨੂੰ ਹੁਕਮ ਚਾੜ੍ਹਨਗੇ ਕਿ ਫਲਾਣੇ ਸਿਹੁੰ ਜਾਂ ਢਿਮਕੇ ਸਿਹੁੰ ਦਾ ਫੋਨ ਆਇਆ ਸੀ, ਉਹ ਕਹਿੰਦਾ ਹੈ ਕਿ ਮੈਂ 'ਲਿਖਾਉਣਾ' ਚਾਹੁੰਦਾ ਹਾਂ ਆਪਣੀਆਂ ਪ੍ਰਾਪਤੀਆਂ ਬਾਰੇ। ਤੁਸੀਂ ਸੰਪਰਕ ਕਰੋ। ਸਾਡੇ ਵਰਗਿਆਂ ਕੋਲੋਂ ਜੇ ਕਿਤੇ ਮਿੱਠਾ ਘੱਟ ਪਾਇਆ ਗਿਆ ਜਾਂ ਕਿਤੇ ਲੂਣ ਮਸਾਲਾ ਵਧ ਭੁੱਕਿਆ ਗਿਆ ਤਾਂ ਉਨ੍ਹਾਂ ਬੇਸੁਆਦੀ ਹੋਣ ਦਾ ਖਤਰਾ ਰਹੇਗਾ। ਕੋਈ ਆਖੇਗਾ ਕਿ ਫਲਾਣੀ ਗੱਲ ਤਾਂ ਮੈਂ ਕਹੀ ਹੀ ਨਹੀਂ ਸੀ। ਕੋਈ ਉਲਾਂਭਾ ਦੇਵੇਗਾ ਕਿ ਅਮਕੀ ਗੱਲ ਤਾਂ ਇੰਜ ਲਿਖਾਈ ਸੀ ਮੈਂ। ਇਸ ਸੰਭਾਵੀ ਇਲਜ਼ਾਮ-ਤਰਾਸ਼ੀ ਤੋਂ ਬਚਾਅ ਹਿਤ ਮੈਂ ਇਹ ਤਰਕੀਬ ਬਣਾਈ, ਕਿ ਕਿਉਂ ਨਾ ਮੈਂ ਹੀ 'ਛੇੜ' ਛੇੜ ਦਿਆਂ ਕਿ ਆਉ ਭਾਈ ਪਰਵਾਸੀਓ? ਇੰਜ ਲਿਖੋ ਆਪਣੀਆਂ ਪ੍ਰੇਰਣਾ-ਮਈ ਕਹਾਣੀਆਂ! ਫੇਰ ਤਾਂ ਮੇਰੀ ਰੀਸੇ ਬਹੁਤ ਸਾਰੇ ਭਰਾ-ਭੈਣ ਧੜਾ-ਧੜ ਆਪਣੇ ਦਿਲਾਂ ਦੀਆਂ ਘੁੰਡੀਆਂ ਖੋਲ੍ਹਣ ਲੱਗ ਹੀ ਪੈਣਗੇ?

ਗੱਲ ਇੱਥੇ ਪਹੁੰਚੀ ਤਾਂ ਮੇਰੇ ਅੱਗੇ ਬਹੁਤ ਵੱਡੀ ਸਮੱਸਿਆ ਇਹ ਆ ਖੜ੍ਹੀ ਕਿ ਮੈਂ ਲਿਖਾਂ ਤਾਂ ਕੀ ਲਿਖਾਂ? ਅਖੇ, ਉਹੀ ਬੀਬੀ ਦੇ ਕਪੜੇ ਸੁੱਥਣ ਨਾਲ ਹੱਥ! ਕਿਸੇ ਕਾਮਯਾਬੀ ਦੇ ਝੰਡੇ ਗੱਡਣੇ ਤਾਂ ਦੂਰ ਰਹੇ, ਮੈਂ ਤਾਂ ਝੰਡੀਆਂ ਵੀ ਨਹੀਂ ਗੱਡੀਆਂ! ਨਾ ਹੀ ਮੈਂ ਕੋਈ ਮੱਲਾਂ ਮਾਰੀਆਂ!! ਬੱਸ, ਮਾਵਾਂ ਵਰਗੀ ਵੱਡੀ ਭੈਣ ਦੇ ਉਦਮ ਨਾਲ ਅਮਰੀਕਾ ਵਿਚ ਜ਼ਰੂਰ ਪਹੁੰਚਿਆ ਹੋਇਆ ਹਾਂ। ਚਲੋ, ਹੋਰਾਂ ਨੂੰ 'ਰੀਸ ਪਾਉਣ' ਦੇ ਮਿਸ਼ਨ ਨੂੰ ਮੁੱਖ ਰੱਖ ਕੇ ਇੰਨੀ ਕੁ ਗੱਲ ਦੱਸ ਦਿਆਂ ਕਿ ਕਿਵੇਂ ਰੱਬ ਦੀਆਂ ਦਿੱਤੀਆਂ ਖਾਣ ਵਾਲਾ ਮੇਰੇ ਵਰਗਾ ਬੰਦਾ ਅਮਰੀਕਾ ਵਿਚ ਪਹੁੰਚ ਕੇ ਰੋਟੀ-ਪਾਣੀ ਦਾ ਜੁਗਾੜ ਬਣਾਉਣ ਵਿਚ ਸਫਲ ਹੋਇਆ।

ਮਾਈਕ ਅੱਗੇ ਲੈਕਚਰਬਾਜ਼ੀ ਕਰਨ ਤੋਂ ਇਲਾਵਾ ਕਿਸੇ ਤਰ੍ਹਾਂ ਦੀ ਵੀ ਦਸਤਕਾਰੀ ਦੇ ਗਿਆਨ ਤੋਂ ਬਿਲਕੁਲ ਹੀਣਾ, ਮੈਂ ਜਦੋਂ ਇਥੇ ਆਇਆ ਤਾਂ ਬੜਾ ਉਦਾਸ ਰਹਿਣ ਲੱਗਾ। ਦੋ ਤਿੰਨ ਹਫਤੇ ਜਮ੍ਹਾਂ ਈ ਵਿਹਲੀਆਂ ਛਕੀਆਂ। ਸੈਕਰਾਮੈਂਟੋ ਰਹਿੰਦੇ ਪਹਿਲਾਂ ਤੋਂ ਜਾਣੂ ਇਕ ਸੱਜਣ ਨੇ, ਮੇਰੀ ਵਿਹਲ ਦਾ ਲਾਹਾ ਲੈਣ ਲਈ ਆਪਣੇ ਘਰੇ ਸਹਿਜ ਪਾਠ ਅਰੰਭ ਕਰਵਾ ਲਿਆ। ਆਪਣੇ ਪਿੰਡ ਦੇ ਗਵਾਂਢ 'ਚ ਰਹਿਣ ਵਾਲੇ ਇਸ ਮਿੱਤਰ ਦੇ ਘਰੇ, ਖਾੜਕੂਵਾਦ ਦੇ ਭੀਹਾਵਲੇ ਦਿਨਾਂ ਵਿਚ ਮੈਂ ਡੇਢ ਮਹੀਨੇ ਵਿਚ ਇਕ ਯਾਦਗਾਰੀ ਸਹਿਜ ਪਾਠ ਕੀਤਾ ਸੀ। ਇਸ ਪਾਠ ਨੂੰ ਮੈਂ 'ਯਾਦਗਾਰੀ' ਕਿਉਂ ਲਿਖਿਆ ਹੈ? ਇਹ ਦਿਲਚਸਪ ਵਿਥਿਆ ਕਿਤੇ ਫਿਰ ਸਹੀ, ਹਾਲੇ ਅਮਰੀਕਾ ਪਧਾਰਨ ਦੇ ਮੁਢਲੇ ਦਿਨਾਂ ਦੀ ਕਥਾ ਸੁਣੋ। ਸੈਕਰਾਮੈਂਟੋ ਦੇ ਗੁਰੂ-ਘਰ ਦੇ ਇੱਕ ਭਾਈ ਸਾਹਿਬ ਨੇ, ਸਟੇਸ਼ਨ 'ਤੇ ਆਈ ਮਾਲ ਗੱਡੀ ਨਾਲ ਇੱਕ ਹੋਰ 'ਬੋਗੀ' ਜੋੜਨ ਵਾਂਗ, ਮੈਨੂੰ ਕੁਇੰਸੀ ਸ਼ਹਿਰ ਵਿਚ ਅਖੰਡ ਪਾਠ ਕਰਨ ਜਾ ਰਹੇ ਪਾਠੀ ਸਿੰਘਾਂ ਦੇ ਜਥੇ ਨਾਲ 'ਅਟੈਚ' ਕਰ ਦਿੱਤਾ। ਇਥੇ ਰਜਿੰਦਰ ਸਿੰਘ ਉਰਫ ਰਾਜਨ ਨਾਮ ਦੇ ਅੰਮ੍ਰਿਤਸਰੀਏ ਭਾਊ ਦੇ ਘਰੇ ਪਾਠ ਦਾ ਪ੍ਰੋਗਰਾਮ ਸੀ। ਰੌਲ ਲਾਉਣ ਤੋਂ ਬਾਅਦ, ਉਦਾਸੀ ਦੇ ਆਲਮ ਵਿਚ ਮੈਨੂੰ ਮੂੰਹ ਲਟਕਾਈ ਬੈਠਾ ਦੇਖ ਕੇ ਰਾਜਨ ਨੇ ਮੇਰੇ ਨਾਲ ਗੱਲਬਾਤ ਅਰੰਭੀ।

ਸਿਰੇ ਦਾ ਮਖੌਲੀਆ ਰਜਿੰਦਰ ਮੇਰੇ ਨਾਲ ਇਉਂ ਘੁਲਮਿਲ ਗਿਆ ਜਿਵੇਂ ਕਿਤੇ ਉਹ ਮੈਨੂੰ ਸਦੀਆਂ ਤੋਂ ਜਾਣਦਾ ਹੁੰਦਾ ਹੈ। ਆਪਣੇ ਨਾਲ ਗੱਡੀ 'ਚ ਬਿਠਾ ਕੇ ਉਹ ਮੈਨੂੰ ਦੂਰ ਇਕ ਸਟੋਰ ਵਿਚ ਵੀ ਘੁਮਾ-ਫਿਰਾ ਲਿਆਇਆ। ਘਿਉ-ਖਿਚੜੀ ਹੁੰਦਿਆਂ ਮੈਂ ਵੀ ਉਸ ਨੂੰ ਆਪਣਾ ਸਾਰਾ ਅੱਗਾ-ਪਿੱਛਾ ਸੁਣਾਇਆ। ਉਸਨੇ ਅੰਦਾਜ਼ਾ ਲਾ ਲਿਆ ਕਿ ਇਹ ਬੰਦਾ ਸੁੱਕ-ਪਕਾ 'ਜਥੇਦਾਰ' ਹੀ ਹੈ, ਇਸਨੂੰ ਐਸ ਵੇਲੇ 'ਹਮਦਰਦੀ ਭਰੇ ਉਪਦੇਸ਼' ਦੀ ਸਖਤ ਲੋੜ ਹੈ। ਤੇਜ਼ ਤਰਾਰ ਅਮਰੀਕਨ ਕਲਚਰ ਵਿਚ 'ਪੈਰ ਜਮਾਉਣ' ਦੀਆਂ ਬੜੀਆਂ ਜੁਗਤਾਂ ਦੱਸੀਆਂ ਉਸ ਨੇ। ਮੇਰੇ 'ਦੇਹ-ਰੱਖ' ਸੁਭਾਅ ਅਤੇ 'ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ' ਦਾ ਧਾਰਨੀ ਹੋਣ ਤੋਂ ਅਨੁਮਾਨ ਲਾ ਕੇ, ਉਸਨੇ ਮੇਰੇ ਡਿੱਗੂੰ ਡਿੱਗੂੰ ਕਰਦੇ ਦਿਲ ਨੂੰ ਥੰਮ੍ਹੀ ਦੇਣ ਵਾਲੀ ਇਕ ਬੜੀ ਪਤੇ ਦੀ ਨਸੀਹਤ ਦਿੱਤੀ, ਜਿਸ ਤੋਂ ਮੈਨੂੰ ਅਤਿਅੰਤ ਹਿੰਮਤ ਅਤੇ ਪ੍ਰੇਰਨਾ ਮਿਲੀ।

ਰਜਿੰਦਰ ਸਿੰਘ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿਣ ਲੱਗਾ-"ਦੇਖ ਭਾਊ, ਇਹ ਅਮਰੀਕਾ ਦੀ ਧਰਤੀ ਜੇ। ਪੰਜਾਬ ਤੋਂ ਲਿਆਂਦੀ ਹੋਈ ਸੁੱਕੀ ਤੂੜੀ ਵੀ ਜੇ ਇੱਥੇ ਲਿਆ ਕੇ ਸੁੱਟ ਦਿੱਤੀ ਜਾਵੇ ਤਾਂ ਉਹਦੇ ਵਿਚੋਂ ਵੀ ਇਕ ਨਾ ਇਕ ਦਿਨ ਕਣਕ ਦੇ ਸਿੱਟੇ ਨਿਕਲ ਪੈਣਗੇ! ਤੂੰ ਤਾਂ ਯਾਰ ਫਿਰ ਵੀ ਬੰਦਾ ਏਂ! ਘਬਰਾਉਂਦਾ ਕਿਉਂ ਜੇ?"

ਤੂੜੀ ਵਾਲੀ ਇਸ ਮਿਸਾਲ ਨੇ ਮੇਰਾ ਸਵੈ-ਵਿਸ਼ਵਾਸ ਜਗਾ ਦਿੱਤਾ। ਪ੍ਰਸ਼ਾਦੇ-ਪਾਣੀ ਜੋਗੀ ਜੌਬ ਮਿਲ ਗਈ। ਪਰਿਵਾਰਕ ਜੀਆਂ ਨਾਲ ਰਲ ਮਿਲ ਕੇ ਗੁਜ਼ਾਰਾ ਰਿੜ੍ਹ ਪਿਆ। ਸੁਖ ਨਾਲ ਪੰਜਾਂ ਛੇਆਂ ਸਾਲਾਂ ਵਿਚ ਆਸ ਤੋਂ ਵਧ ਤਰੱਕੀ ਦੀ ਰਫਤਾਰ ਨਾਲ ਕਦਮ ਮਿਲਾਉਣ ਦੀ ਕੋਸ਼ਿਸ਼ ਵਿਚ ਪਰਿਵਾਰ ਸਮੇਤ ਜੁੱਟਿਆ ਹੋਇਆ ਹਾਂ। ਇਸ ਤੋਂ ਇਲਾਵਾ ਕਲਮ-ਘਸਾਈ ਦੇ ਸ਼ੌਕ ਦੀ ਬਦੌਲਤ ਦੁਨੀਆਂ ਦਾ ਕੋਈ ਐਸਾ ਦੇਸ਼ ਨਹੀਂ ਜਿੱਥੇ 'ਦੁਪਾਲਪੁਰ' ਦਾ ਨਾਮ ਨਹੀਂ ਪਹੁੰਚਿਆ ਹੋਇਆ। ਇਕ ਜ਼ਮਾਨੇ ਵਿਚ ਸਾਡੇ ਪਿੰਡ ਦੁਪਾਲਪੁਰੋਂ ਪੱਚੀ ਤੀਹ ਮੀਲ ਦੇ ਦਾਇਰੇ ਤੋਂ ਬਾਹਰ ਗਿਆਂ ਹੋਇਆਂ ਨੂੰ ਲੋਕੀਂ ਪੁੱਛਦੇ ਹੁੰਦੇ ਸਨ- 'ਕਿਹੜਾ ਦੁਪਾਲਪੁਰ? ਇਹ ਕਿੱਥੇ ਕੁ ਹੋਇਆ ਭਲਾ?' ਕਈ ਜਣੇ 'ਗੋਪਾਲਪੁਰ' ਹੀ ਕਹਿੰਦੇ ਰਹਿੰਦੇ ਸਨ।

ਰੱਬ ਆਸਰੇ ਦਿਨ ਕਟੀ ਕਰਨ ਵਾਲਾ ਇਨ੍ਹਾਂ ਸਤਰਾਂ ਦਾ ਲੇਖਕ, ਉਨ੍ਹਾਂ ਤਮਾਮ ਪਰਵਾਸੀ ਪੰਜਾਬੀਆਂ ਨੂੰ ਸਨਿਮਰ 'ਛੇੜ ਪਾਉਂਦਾ' ਹੈ, ਜਿਨ੍ਹਾਂ ਨੇ ਇੱਥੇ ਵੱਡੇ ਵੱਡੇ ਬਿਜ਼ਨੈਸ ਚਲਾਏ ਹੋਏ ਨੇ...ਨਾਂ ਉੱਚਾ ਕਰਨ ਜੋਗੀਆਂ ਜ਼ਮੀਨਾਂ-ਜਾਇਦਾਦਾਂ ਬਣਾਈਆਂ ਹੋਈਆਂ ਨੇ...ਉੱਚ ਅਹੁਦਿਆਂ 'ਤੇ ਪਹੁੰਚ ਕੇ ਪੰਜਾਬ ਦਾ ਮਾਣ ਵਧਾ ਰਹੇ ਨੇ, ਉਹ ਸਾਰੇ ਆਪਣੀਆਂ ਮਾਰੀਆਂ ਹੋਈਆਂ ਮੱਲਾਂ ਦੀ ਗਾਥਾ 'ਪੰਜਾਬ ਟਾਈਮਜ਼' ਨਾਲ ਸਾਂਝੀ ਕਰਨ ਲਈ ਅੱਗੇ ਆਉਣ। ਉਨ੍ਹਾਂ ਦੀਆਂ ਹੱਡ-ਬੀਤੀਆਂ ਪੜ੍ਹਨ ਸੁਣਨ ਵਾਲਿਆਂ ਲਈ ਅਮੋਲਕ-ਨਸੀਹਤਾਂ ਸਾਬਤ ਹੋ ਸਕਦੀਆਂ ਹਨ। ਢੰਗ ਮੈਂ ਉਪਰ ਦੱਸ ਹੀ ਚੁੱਕਿਆ ਹਾਂ। ਸੋ ਵਿਦੇਸ਼ ਵਿਚ ਮਹਾਨ ਕਾਮਯਾਬੀਆਂ ਦੇ ਝੰਡੇ ਗੱਡਣ ਵਾਲਿਓ, ਨਿੱਤਰੋ ਭਾਈ ਮੈਦਾਨ ਵਿਚ!

# ਉਚਾ ਬੋਲ ਨਾ ਬੋਲੀਐ ਕਰਤਾਰੋਂ ਡਰੀਐ

**ਮੇਜਰ ਕੁਲਾਰ ਬੋਪਾਰਾਏ ਕਲਾਂ**

ਜੇ ਤੁਸੀਂ ਕਿਸੇ ਨੂੰ ਮੌਤ ਦਾ ਦਰਦ ਪੁੱਛਣਾ ਚਾਹੁੰਦੇ ਹੋ ਤਾਂ ਪੁੱਛੋ ਉਸ ਬਾਪ ਨੂੰ ਜਿਸ ਨੇ ਆਪਣੇ ਮੋਢਿਆਂ 'ਤੇ ਪੁੱਤ ਦੀ ਅਰਥੀ ਨੂੰ ਚੁੱਕਿਆ ਹੋਵੇ ਜਾਂ ਫਿਰ ਪੁੱਛੋ ਉਸਨੂੰ ਜਿਸ ਦੀ ਸ਼ਗਨਾਂ ਦੀ ਮਹਿੰਦੀ ਵੀ ਨਾ ਲੱਥੀ ਹੋਵੇ ਤੇ ਰੰਡੇਪੇ ਦਾ ਜੰਜਾਲ ਗਲ ਪਿਆ ਹੋਵੇ, ਜਾਂ ਪੁੱਛੋ ਉਸ ਮਾਂ ਨੂੰ ਜਿਸ ਦੀਆਂ ਅੱਖਾਂ ਦੇ ਸਾਹਮਣੇ ਉਸ ਦੀਆਂ ਆਂਦਰਾਂ ਦਾ ਰੁੱਗ ਭਰ ਲਿਆ ਗਿਆ ਹੋਵੇ, ਫਿਰ ਤੁਹਾਨੂੰ ਤੁਹਾਡੇ ਦੁੱਖ ਨਾਮਾਤਰ ਲੱਗਣ ਲੱਗ ਪੈਣਗੇ। ਸਿਆਣੇ ਲੋਕ ਕਹਿੰਦੇ ਨੇ ਕਿ ਤਲਵਾਰਾਂ ਦੇ ਫੱਟ ਮਿਟ ਜਾਂਦੇ ਹਨ ਪਰ ਕਿਸੇ ਗਰੀਬ ਦੀ ਮਿਹਣਿਆਂ ਰੂਪੀ ਦਾਗੀ ਹੋਈ ਗੋਲੀ ਸਾਰੀ ਉਮਰ ਚੁੱਭਦੀ ਰਹਿੰਦੀ ਹੈ। ਵਿਦਵਾਨਾਂ ਨੇ ਬਹੁਤ ਲਿਖਿਆ ਹੈ। ਅਸੀਂ ਬਹੁਤ ਪੜ੍ਹਦੇ ਹਾਂ ਕਿ ਦੁੱਖਦੀ ਰਗ 'ਤੇ ਜੇ ਹੱਥ ਰੱਖੀਏ ਤਾਂ ਸੱਪ ਦੇ ਡੰਗ ਵਾਂਗ ਲੜਦੀ ਹੈ। ਜੇਕਰ ਪਿਆਰ ਦਾ ਇਕ ਸ਼ਬਦ ਬੋਲੀਏ ਤਾਂ ਇਹ ਸਾਰੇ ਵਾਤਾਵਰਨ ਵਿਚ ਮਿਸ਼ਰੀ ਘੋਲ ਦਿੰਦਾ ਹੈ। ਅਸੀਂ ਸਾਰਾ ਦਿਨ ਆਪਣੀ ਜ਼ੁਬਾਨ ਦੀ ਵਰਤੋਂ ਕਰਦੇ ਹੋਏ ਭੋਰਾ ਵੀ ਗੁਰੇਜ਼ ਨਹੀਂ ਕਰਦੇ। ਕਈ ਵਾਰ ਕੌੜੇ ਤੇ ਕੁਸੈਲੇ ਸ਼ਬਦਾਂ ਨਾਲ ਮਨ ਦੀ ਮੈਲ ਇਕੱਠੀ ਕਰ ਲੈਂਦੇ ਹਾਂ। ਅਸੀਂ ਕਦੇ ਨਹੀਂ ਸੋਚਿਆ ਕਿ ਜੇ ਸਾਰੇ ਦਿਨ ਦੇ ਸ਼ਬਦਾਂ ਦਾ ਲੇਖਾ-ਜੋਖਾ ਕਰੀਏ ਤਾਂ ਸਾਨੂੰ ਪਤਾ ਲੱਗ ਜਾਵੇ ਕਿ ਅਸੀਂ ਕਿੰਨੇ ਕੁ ਚੰਗੇ ਸ਼ਬਦ ਕਿਸੇ ਲਈ ਵਰਤੇ ਹਨ। ਬੋਲਣ ਤੋਂ ਪਹਿਲਾਂ ਉਸ ਅਕਾਲ ਪੁਰਖ ਦੇ ਭੈ ਵਿਚ ਰਹੀਏ ਜਿਸ ਨੇ ਸਾਨੂੰ ਮਨੁੱਖੀ ਜਾਮੇ ਵਿਚ ਭੇਜਿਆ ਹੈ ਤੇ ਮੁਰਦਾ ਰੂਪ ਵਿਚ ਸਾਨੂੰ ਸਵੀਕਾਰ ਕਰਨਾ ਹੈ। ਕੌਣ ਕਹਿੰਦਾ ਏ ਕਿ ਮੇਰਾ ਪੁੱਤ ਘਰੋਂ ਬਾਹਰ ਜਾ ਕੇ ਮਾੜੇ ਕੰਮਾਂ ਦੀ ਖੱਟੀ ਖੱਟ ਕੇ ਲਿਆਵੇ, ਹਰ ਇਕ ਬਾਪ ਨੂੰ ਪੁੱਤ ਦੀ ਚੰਗੀ ਸੋਭਾ ਦੀ ਉਡੀਕ ਹੁੰਦੀ ਹੈ। ਇਸ ਤਰ੍ਹਾਂ ਅਸੀਂ ਵੀ ਅਕਾਲ ਪੁਰਖ ਵਲੋਂ ਭੇਜੇ ਹੋਏ ਪੁੱਤਰ ਹਾਂ ਅਸੀਂ ਵਾਪਿਸ ਜਾਣ ਲੱਗਿਆਂ ਚੰਗੇ ਕੰਮਾਂ ਨੂੰ ਲਿਜਾਣਾ ਹੈ ਨਾ ਕਿ ਮਾੜਿਆਂ ਨੂੰ। ਜ਼ੁਬਾਨ ਦਾ ਰਸ ਫਾਂਸੀ ਦੇ ਫੱਟੇ ਤੋਂ ਆਜ਼ਾਦ ਕਰਵਾ ਸਕਦਾ ਹੈ। ਇਕ ਮਾੜਾ ਸ਼ਬਦ ਫਾਂਸੀ ਦੇ ਫੱਟੇ 'ਤੇ ਖੜ੍ਹਾ ਕਰ ਦਿੰਦਾ ਹੈ। ਕਈ ਵਾਰ ਕਿਸੇ ਲਈ ਪੱਟਿਆ ਟੋਆ ਆਪਣੀ ਹੀ ਕਬਰ ਬਣ ਜਾਂਦਾ ਹੈ।

ਨਿਹਾਲ ਸਿਉਂ ਨੇ ਆਪਣੀ ਭੈਣ ਦੀ ਗਰੀਬੀ ਦੂਰ ਕਰਨ ਲਈ ਅਮਰੀਕਾ ਵਿਚੋਂ ਆਪਣੇ ਭਾਣਜੇ ਲਈ ਇਕ ਰਿਸ਼ਤਾ ਲੱਭ ਲਿਆ। ਪਿੰਡ ਜਾ ਕੇ ਉਹ ਆਪਣੇ ਭਾਣਜੇ ਦਾ ਵਿਆਹ ਅਮਰੀਕਨ ਪੰਜਾਬਣ ਨਾਲ ਕਰ ਆਇਆ। ਭਾਣਜਾ ਯਾਨਿ ਰਛਦੀਪ ਸਿੰਘ ਘਰ ਦੀ ਗਰੀਬੀ ਦੇ ਬਾਵਜੂਦ ਪੜ੍ਹਾਈ ਤੇ ਖੇਡਾਂ ਵਿਚ ਸਭ ਤੋਂ ਅੱਗੇ ਸੀ। ਸੁਨੱਖਾ ਤੇ ਸਾਊ ਪੁੱਤ ਹੋਣ ਕਾਰਨ ਅਮਰੀਕਾ ਵਾਲਿਆਂ ਰਿਸ਼ਤਾ ਕਰ ਦਿੱਤਾ। ਵਿਆਹ ਤੋਂ ਇਕ ਸਾਲ ਬਾਅਦ ਰਛਦੀਪ ਅਮਰੀਕਾ ਪਹੁੰਚ ਗਿਆ। ਸਮਾਂ ਬੀਤਣ ਲੱਗਾ। ਜ਼ਿੰਦਗੀ ਦੇ ਦਿਨ ਵਧੀਆ ਲੰਘਣ ਲੱਗੇ। ਰਛਦੀਪ ਨੇ ਚੰਗੀ ਮਿਹਨਤ ਨਾਲ ਪਿਛੋ ਆਪਣੀ ਗਰੀਬੀ ਦੂਰ ਕਰ ਦਿੱਤੀ। ਆਪਣੇ ਛੋਟੇ ਭਰਾ ਮਨਜੋਸ਼ ਨੂੰ ਅਮਰੀਕਾ ਬੁਲਾ ਲਿਆ, ਦੋਵਾਂ ਭਰਾਵਾਂ ਬੜੀ ਤਰੱਕੀ ਕੀਤੀ। ਟਰੱਕਿੰਗ ਦਾ ਬਿਜ਼ਨਸ ਪੂਰੇ ਟਾਪ 'ਤੇ ਲੈ ਆਏ। ਮਨਜੋਸ਼ ਆਪਣਾ ਵਿਆਹ ਇੰਡੀਆ ਜਾ ਕੇ ਕਰਵਾਉਣਾ ਚਾਹੁੰਦਾ ਸੀ ਤੇ ਸਾਰੇ ਜਣੇ ਪੰਜਾਬ ਗਏ ਤੇ ਮਨਜੋਸ਼ ਦਾ ਵਿਆਹ ਕਿਸੇ ਗਰੀਬ ਦੇ ਘਰ ਕਰ ਆਏ। ਮਨਜੋਸ਼ ਸਿਟੀਜ਼ਨ ਹੋਣ ਕਰਕੇ ਆਪਣੀ ਘਰਵਾਲੀ ਨੂੰ ਛੇ ਮਹੀਨਿਆਂ ਵਿਚ ਹੀ ਅਮਰੀਕਾ ਲੈ ਆਇਆ। ਦੋਵਾਂ ਭਰਾਵਾਂ ਨੇ ਇਥੇ ਵੀ ਇੱਕ ਵੱਡੇ ਹਾਲ ਵਿਚ ਯਾਰਾਂ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਵਿਆਹ ਦੀ ਪਾਰਟੀ ਦਿੱਤੀ, ਸਮੇਂ ਦੀ ਸੂਈ ਚੱਲਦੀ ਗਈ। ਹੁਣ ਰਛਦੀਪ ਦੇ ਮਾਤਾ ਪਿਤਾ ਵੀ ਆ ਗਏ ਸਨ। ਪੰਜ ਬੈਡਰੂਮ ਦਾ ਘਰ ਹੁਣ ਛੋਟਾ ਲੱਗਣ ਲੱਗਿਆ ਸੀ। ਦੋਵਾਂ ਦਰਾਣੀ-ਜਠਾਣੀ ਦੀ ਆਪਸ ਵਿਚ ਬਣਦੀ ਨਾ ਵੇਖ ਦੋਵਾਂ ਭਰਾਵਾਂ ਬੈਠ ਕੇ ਇਕ ਘਰ ਹੋਰ ਲੈ ਕੇ ਰੋਟੀ ਅੱਡ ਕਰਨ ਲਈ ਸਹਿਮਤੀ ਕਰ ਲਈ।

ਹੁਣ ਇਕ ਘਰ ਵਿਚ ਰਛਦੀਪ ਉਸਦੀ ਪਤਨੀ ਤੇ ਬੱਚੇ ਤੇ ਦੂਜੇ ਘਰ ਵਿਚ ਮਨਜੋਸ਼ ਉਸਦੀ ਪਤਨੀ ਤੇ ਮਾਤਾ-ਪਿਤਾ ਸਨ। ਮਨਜੋਸ਼ ਦੀ ਪਤਨੀ ਜੱਸੀ ਆਪਣੇ ਸੱਸ ਸਹੁਰੇ ਦਾ ਜੱਸ ਨਾ ਵਧਾ ਸਕੀ, ਟੀ.ਵੀ. ਸੀਰੀਅਲ ਵੇਖ-ਵੇਖ ਕੇ ਸੱਸ ਦੀ ਦੁਸ਼ਮਣ ਬਣ ਬੈਠੀ। ਮਨਜੋਸ਼ ਤੋਂ ਪੇਪਰ ਭਰਾ ਕੇ ਆਪਣੇ ਮਾਤਾ-ਪਿਤਾ ਵੀ ਬੁਲਾ ਲਏ। ਬਜ਼ੁਰਗਾਂ ਨੇ ਤਾਂ ਆਪਸ ਵਿਚ ਆਪਣੇ ਦੁੱਖ-ਸੁੱਖ ਸਾਂਝੇ ਕਰ ਲਏ ਪਰ ਜੱਸੀ ਤੋਂ ਇਹ ਇਕੱਠਾ ਹੋਇਆ ਪਰਿਵਾਰ ਜ਼ਰ ਨਾ ਹੋਇਆ। ਨਿੱਤ ਆਪਣੀ ਸੱਸ ਨਾਲ ਲੜਾਈ, ਸਾਰਾ ਘਰ ਦਾ ਕੰਮ ਉਸ ਤੋਂ ਕਰਵਾਉਣਾ, ਆਪਣੀ ਮਾਤਾ ਨੂੰ ਗਿਰੀਆਂ ਬਦਾਮਾਂ ਵਾਲਾ ਦੁੱਧ ਦੇਣਾ ਤੇ ਜੂਸ 'ਤੇ ਜੂਸ ਪਲਾਈ ਜਾਣਾ। ਜਦੋਂ ਵੀ ਆਪਣੀ ਸੱਸ ਨਾਲ ਲੜਨਾ ਤੇ ਆਖਣਾ ਸੱਸੇ ਕੁਪੱਤੀਏ ਤੈਨੂੰ ਮਰੀ ਹੋਈ ਨੂੰ ਸੰਦੂਕ ਵਿਚ ਬੰਦ ਕਰਕੇ ਪੰਜਾਬ ਭੇਜੂੰਗੀ। ਮੈਂ ਤੇਰਾ ਸੰਦੂਕ ਬਨਣਾ ਦੇ ਦਿੱਤਾ ਹੈ। ਮਨਜੋਸ਼ ਨੇ ਬਹੁਤ ਵਾਰ ਸਮਝਾਇਆ ਕਿ ਤੇਰੇ ਮੇਰੇ ਮਾਪਿਆਂ ਵਿਚ ਕੋਈ ਫਰਕ ਨਹੀਂ ਹੈ ਜਿਸ ਤਰ੍ਹਾਂ ਤੂੰ ਆਪਣੀ ਮਾਤਾ ਦੀ ਸੇਵਾ ਕਰਦੀ ਹੈਂ ਇਸੇ ਤਰ੍ਹਾਂ ਮੇਰੀ ਮਾਤਾ ਦੀ ਸੇਵਾ ਕਰ। ਇਹ ਸੁਣ ਜੱਸੀ ਉਸ ਦੇ ਗਲ ਪੈ ਜਾਂਦੀ ਕਿ ਤੂੰ ਆਪਣੇ ਭਰਾ ਨਾਲੋਂ ਬਿਜ਼ਨਸ ਅੱਡ ਕਿਉਂ ਨਹੀਂ ਕਰਦਾ ਤੇ ਤੇਰਾ ਭਰਾ ਤੇਰੇ ਮਾਪਿਆਂ ਨੂੰ ਕਿਉਂ ਨਹੀਂ ਸੰਭਾਲਦਾ। ਮਨਜੋਸ਼ ਸਬਰ ਦਾ ਘੁੱਟ ਭਰ ਜਾਂਦਾ। ਮਨਜੋਸ਼ ਦੀ ਮਾਤਾ ਨੇ ਸਬਰ ਦਾ ਘੁੱਟ ਪੀਤਾ ਤੇ ਆਪਣੇ ਦੁੱਖ-ਸੁੱਖ ਦੇ ਸਾਥੀ ਨਾਲ ਸਲਾਹ ਕਰ ਦੋਵੇਂ ਵਾਪਸ ਪੰਜਾਬ ਨੂੰ ਰਵਾਨਾ ਹੋਣ ਲੱਗੇ। ਮਾਤਾ ਨੇ ਆਪਣੀ ਨੂੰਹ ਦੀ ਅਸੀਸਾਂ ਨਾਲ ਝੋਲੀ ਭਰ ਦਿੱਤੀ ਤੇ ਪੰਜਾਬ ਨੂੰ ਤੁਰ ਪਈ।

ਜਿਸ ਦਿਨ ਦੇ ਮਨਜੋਸ਼ ਦੇ ਮਾਤਾ-ਪਿਤਾ ਗਏ ਸਨ ਉਸ ਦਿਨ ਤੋਂ ਜੱਸੀ ਨੂੰ ਸ਼ਾਂਤੀ ਮਿਲ ਗਈ ਸੀ ਪਰ ਜੱਸੀ ਦੀ ਮਾਂ ਨੂੰ ਲੋੜੋਂ ਵੱਧ ਪਿਆਏ ਹੋਏ ਜੂਸ ਸ਼ੂਗਰ ਦੇ ਘਰ ਲੈ ਗਏ, ਦਿਨ-ਬ-ਦਿਨ ਉਸਦੀ ਹਾਲਤ ਖਰਾਬ ਹੋਣ ਲੱਗੀ, ਜੱਸੀ ਹੁਣ ਬੱਚੇ ਸਾਂਭੇ, ਘਰ ਦਾ ਕੰਮ ਕਰੇ ਜਾਂ ਆਪਣੀ ਮਾਤਾ ਨੂੰ ਸਾਂਭੇ। ਘਰ ਵਿਚ ਹਰ ਪਲ ਵਾਵਰੋਲਾ ਜਿਹਾ ਆਇਆ ਲੱਗਦਾ। ਮੈਡੀਕਲ ਇੰਸ਼ੋਰੈਂਸ ਨਾ ਹੋਣ ਕਾਰਨ ਡਾਕਟਰਾਂ ਦੇ ਬਿਲ, ਮੇਲ ਬਾਕਸ ਵਿਚ ਆ ਬੈਠਣ ਲੱਗੇ। ਜੱਸੀ ਤਾਂ ਲੱਗੀ ਰੱਬ ਨੂੰ ਧਿਆਉਣ, ਘਰੋਂ ਰੱਬ ਵਰਗੇ ਮਾਪੇ ਕੱਢ ਕੇ ਮੱਥੇ ਰਗੜਨ ਦਾ ਕੀ ਫਾਇਦਾ?

ਫਿਰ ਇਕ ਦਿਨ ਜੱਸੀ ਦੀ ਮਾਤਾ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਈ। ਜੱਸੀ ਦੇ ਦੰਦਲਾਂ ਪੈਣ ਲੱਗੀਆਂ। ਪੰਜਾਬ ਤੋਂ ਰਿਸ਼ਤੇਦਾਰਾਂ ਦਾ ਜ਼ੋਰ ਚੜ੍ਹਨ ਤੇ ਮਾਤਾ ਜੀ ਦੀ ਦੇਹ ਨੂੰ ਪੰਜਾਬ ਭੇਜਣ ਦਾ ਪ੍ਰਬੰਧ ਹੋਣ ਲੱਗਿਆ। ਮਨਜੋਸ਼ ਨੇ ਜੱਸੀ ਨੂੰ ਆਖਿਆ ਕਿ ਜੱਸੀ ਮੇਰੀ ਮਾਤਾ ਜੀ ਵਾਸਤੇ ਜੋ ਤੁਸੀਂ ਸੰਦੂਕ ਤਿਆਰ ਕਰਵਾਇਆ ਸੀ, ਉਹੀ ਸੰਦੂਕ ਆਪਣੀ ਇਸ ਮਾਤਾ ਜੀ ਵਾਸਤੇ ਵਰਤ ਲਈਏ, ਇਹ ਸੁਣ ਜੱਸੀ ਦੇ ਸੌ ਘੜਾ ਪਾਣੀ ਦਾ ਸਿਰ ਪੈ ਗਿਆ, ਇਹ ਕੀ ਹੋ ਗਿਆ ਰੱਬਾ, ਮੇਰੀਆਂ ਕੀਤੀਆਂ ਹੋਈਆਂ ਮੇਰੇ ਅੱਗੇ ਆ ਗਈਆਂ। ਮਨਜੋਸ਼, ਪਲੀਜ਼ ਮੈਨੂੰ ਮੁਆਫ ਕਰ ਦੇਵੋ, ਮੈਂ ਆਪਣੀ ਸੱਸ ਨਾਲ ਬਹੁਤ ਧੱਕਾ ਕੀਤਾ। ਪਲੀਜ਼ ਉਹਨੂੰ ਦੁਬਾਰਾ ਇੱਥੇ ਬੁਲਾ ਲਵੋ, ਮੈਂ ਉਨ੍ਹਾਂ ਤੋਂ ਮੁਆਫੀ ਮੰਗਣੀ ਹੈ ਤੇ ਉਨ੍ਹਾਂ ਦੀ ਬਹੁਤ ਸੇਵਾ ਕਰਨੀ ਹੈ। ਅਸਲੀ ਮਾਪੇ ਤਾਂ ਸੱਸ-ਸਹੁਰਾ ਹੀ ਹੁੰਦੇ ਨੇ।

ਮਨਜੋਸ਼ ਨੇ ਜੱਸੀ ਨੂੰ ਫੜ ਕੇ ਆਪਣੇ ਗਲ ਨਾਲ ਲਾ ਲਿਆ, ਹੁਣ ਸਾਨੂੰ ਵੀ ਇਕ ਇਹੋ ਜਿਹੀ ਸੋਚ ਅਪਨਾਉਣੀ ਚਾਹੀਦੀ ਹੈ ਜਿਸ ਨਾਲ ਤੁਹਾਡੀ ਕੀਤੀ ਤੇ ਤੁਹਾਨੂੰ ਪਛਤਾਵਾ ਨਾ ਹੋਵੇ, ਬੋਲਣ ਲੱਗੇ ਬੋਲਾਂ ਨੂੰ ਤੋਲ ਲਈਏ-ਰੱਬ ਰਾਖਾ।

# ਪਾਕਿ ਦੇ ਨਵੇਂ ਸਾਲ ਦੀ ਸ਼ੁਰੂਆਤ ਹਮਲਿਆਂ ਨਾਲ, ਸੈਂਕੜੇ ਮੌਤਾਂ

**ਇਸਲਾਮਾਬਾਦ :** ਪਾਕਿਸਤਾਨ ਵਿਚ ਨਵੇਂ ਸਾਲ ਦੀ ਸ਼ੁਰੂਆਤ ਆਤਮਘਾਤੀ ਹਮਲਿਆਂ ਨਾਲ ਹੋਈ। ਇਕ ਆਤਮਘਾਤੀ ਹਮਲਾਵਰ ਨੇ ਬੀਤੇ ਦਿਨੀਂ ਧਮਾਕਖੇਜ਼ ਸਮੱਗਰੀ ਨਾਲ ਲੱਦਿਆ ਇਕ ਵਾਹਨ ਖੇਡ ਦੇ ਮੈਦਾਨ ਦੀ ਦੀਵਾਰ ਨਾਲ ਜਾ ਟਕਰਾਇਆ ਜਿਸ ਕਾਰਨ 47 ਵਿਅਕਤੀ ਮਾਰੇ ਗਏ ਅਤੇ 40 ਹੋਰ ਜ਼ਖ਼ਮੀ ਹੋ ਗਏ। ਇਕ ਹੋਰ ਹਮਲੇ ਵਿਚ ਤਾਲਿਬਾਨ ਵਿਰੋਧੀ ਮਲੀਸ਼ੀਆ ਦੇ ਬਜ਼ੁਰਗ ਆਗੂ ਮਲਿਕ ਗੁਲ ਸ਼ਾਹ ਅਲੀ ਖ਼ਾਨ ਸਣੇ ਪੰਜ ਵਿਅਕਤੀ ਮਾਰੇ ਗਏ। ਇਹ ਹਮਲਾ ਗੜਬੜੀ ਵਾਲੇ ਬਜੌੜ ਖੇਤਰ ਵਿਚ ਕੀਤਾ ਗਿਆ ਸੀ। ਪਾਕਿਸਤਾਨ ਦੇ ਉਤਰ-ਪਛਮੀ ਸੂਬੇ ਵਿਚ ਲੱਕੀ ਮਰਵਤ ਵਿਖੇ 50 ਵਿਅਕਤੀ ਵਾਲੀਬਾਲ ਦਾ ਮੈਚ ਵੇਖ ਰਹੇ ਸਨ ਕਿ ਇਕ ਹਮਲਾਵਰ ਨੇ ਅਪਣਾ ਵਾਹਨ ਮੈਦਾਨ ਦੀ ਕੰਧ ਨਾਲ ਜਾ ਟਕਰਾਇਆ। ਇਕ ਚੈਨਲ ਨੇ ਦਸਿਆ ਕਿ 32 ਲਾਸ਼ਾਂ ਧਮਾਕੇ ਵਾਲੀ ਥਾਂ 'ਤੇ ਪਈਆਂ ਸਨ ਅਤੇ 15 ਲਾਸ਼ਾਂ ਹਸਪਤਾਲ ਲਿਜਾਈਆਂ ਗਈਆਂ। ਸਰਕਾਰੀ ਟੀ.ਵੀ. ਚੈਨਲ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ 27 ਦਸੀ ਗਈ। ਧਮਾਕੇ ਕਾਰਨ ਨੇੜੇ ਸਥਿਤ ਕਈ ਘਰ ਤਬਾਹ ਹੋ ਗਏ।**ਇਸੇ ਦੌਰਾਨ** ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਸੁਰੱਖਿਆ ਵਿਵਸਥਾ ਨੂੰ ਨਿਕੰਮੀ ਦੱਸਦੇ ਹੋਏ ਇਕ ਆਤਮਘਾਤੀ ਹਮਲਾਵਰ ਨੇ ਮੁਹੱਰਮ ਦੇ ਮੌਕੇ 'ਤੇ ਨਿਕਲਦੇ ਹੋਏ ਮੁਸਲਿਮ ਸ਼ੀਆ ਫਿਰਕੇ ਦੇ ਅਸ਼ੂਰਾ ਜਲੂਸ ਨੂੰ ਨਿਸ਼ਾਨਾ ਬਣਾ ਕੇ ਧਮਾਕਾ ਕਰ ਦਿਤਾ ਜਿਸ ਵਿਚ ਘੱਟੋ ਘੱਟ 32 ਲੋਕਾਂ ਦੀ ਮੌਤ ਹੋ ਗਈ ਅਤੇ 80 ਤੋਂ ਵੱਧ ਜ਼ਖਮੀ ਹੋ ਗਏ।

ਇਸ ਹਮਲੇ ਦੇ ਬਾਅਦ ਕਰਾਚੀ ਵਿਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਇਹ ਸ਼ਹਿਰ ਅਕਸਰ ਫਿਰਕੇ ਵਿਸ਼ੇਸ਼ ਦੇ ਵਿਰੁਧ ਸਿਆਸੀ ਹਿੰਸਾ ਦਾ ਸ਼ਿਕਾਰ ਹੁੰਦਾ ਰਿਹਾ ਹੈ। ਗੁੱਸੇ ਵਿਚ ਆਈ ਭੀੜ ਨੇ ਕਈ ਇਮਾਰਤਾਂ, 200 ਦੁਕਾਨਾਂ, 50 ਗੱਡੀਆਂ ਅਤੇ ਦੋ ਪੁਲਸ ਥਾਣਿਆਂ ਤੇ ਬੈਂਕਾਂ ਵਿਚ ਅੱਗ ਲਗਾ ਦਿਤੀ। ਟੀ.ਵੀ. ਫੁਟੇਜ ਵਿਚ ਦਿਖਾਇਆ ਗਿਆ ਹੈ ਕਿ ਜਦੋਂ ਸ਼ਕਤੀਸ਼ਾਲੀ ਧਮਾਕਾ ਹੋਇਆ ਉਦੋਂ ਸੈਂਕੜੇ ਲੋਕ ਮੁਹੱਰਮ ਦੇ ਪਾਕਿ ਮਹੀਨੇ ਦੇ ਦਸਵੇਂ ਦਿਨ ਨਿਕਲ ਰਹੇ ਅਸ਼ੂਰਾ ਜਲੂਸ ਵਿਚ ਸ਼ਿਰਕਤ ਕਰ ਰਹੇ ਹਨ।

ਇਹ ਕਰਾਚੀ ਸ਼ਹਿਰ ਵਿਚ ਹਾਲ ਹੀ ਦੇ ਦਿਨਾਂ ਵਿਚ ਘੱਟ ਗਿਣਤੀ ਫਿਰਕੇ 'ਤੇ ਹੋਇਆ ਤੀਸਰਾ ਵੱਡਾ ਹਮਲਾ ਹੈ। ਰਸਮੀ ਜਲੂਸ ਲਈ ਪੁਲਸ ਅਤੇ ਸੁਰੱਖਿਆ ਏਜੰਸੀਆਂ ਦੇ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਅਦ ਵੀ ਇਹ ਹਮਲਾ ਹੋਇਆ। ਸਿੰਧ ਪ੍ਰਾਂਤ ਵਿਚ ਮੁੱਖ ਮੰਤਰੀ ਦੀ ਸਲਾਹਕਾਰ ਸ਼ਰਮੀਲਾ ਫਾਰੂਕ ਨੇ 32 ਲੋਕਾਂ ਦੇ ਮਾਰੇ ਜਾਣ ਅਤੇ 80 ਤੋਂ ਵਧ ਦੇ ਜ਼ਖਮੀ ਹੋਣ ਦੀ ਪੁਸ਼ਟੀ ਕੀਤੀ ਹੈ।

ਅਧਿਕਾਰੀਆਂ ਨੇ ਕਿਹਾ ਕਿ ਸਾਰੇ ਹਸਪਤਾਲਾਂ ਵਿਚ ਹੰਗਾਮੀ ਸਥਿਤੀ ਦਾ ਐਲਾਨ ਕਰਕੇ ਛੁੱਟੀ ਮਨਾਉਣ ਗਏ ਡਾਕਟਰਾਂ ਨੂੰ ਵਾਪਸ ਬੁਲਾ ਲਿਆ ਗਿਆ ਹੈ। ਹਸਪਤਾਲਾਂ ਨੇ ਲੋਕਾਂ ਨੂੰ ਜ਼ਖਮੀਆਂ ਲਈ ਖੂਨ ਦਾਨ ਕਰਨ ਦੀ ਅਪੀਲ ਕੀਤੀ ਹੈ।

ਕਰਾਚੀ ਦੇ ਪੁਲਸ ਮੁਖੀ ਵਸੀਮ ਅਹਿਮਦ ਨੇ ਕਿਹਾ ਕਿ ਧਮਾਕੇ ਨੂੰ ਇਕ ਆਤਮਘਾਤੀ ਬੰਬ ਹਮਲਾਵਰ ਨੇ ਅੰਜਾਮ ਦਿਤਾ।

## ਵਾਹਗਾ ਬਾਰਡਰ 'ਤੇ ਝੰਡਾ ਉਤਾਰਨ ਮੌਕੇ ਹਮਲੇ ਦੀ ਸਾਜ਼ਿਸ਼ ਬੇਨਕਾਬ

ਇਸ ਤੋਂ ਇਲਾਵਾ ਮੁਜ਼ੱਫਰਾਬਾਦ ਵਿਖੇ ਬੀਤੇ ਐਤਵਾਰ ਰਾਤ ਹੋਏ ਇਕ ਧਮਾਕੇ ਵਿਚ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਵਧ ਕੇ 15 ਹੋ ਗਈ ਹੈ। ਇਥੇ ਜ਼ਖਮੀ ਵਿਅਕਤੀਆਂ ਦੀ ਗਿਣਤੀ ਵੀ 55 ਦੱਸੀ ਜਾਂਦੀ ਹੈ।

ਇਸੇ ਦੌਰਾਨ ਅਫਗਾਨਿਸਤਾਨ ਨਾਲ ਲਗਦੇ ਪਾਕਿਸਤਾਨ ਦੇ ਅਸ਼ਾਂਤ ਕਬਾਇਲੀ ਇਲਾਕਿਆਂ ਵਿਚ 22 ਖਾੜਕੂਆਂ ਸਮੇਤ 33 ਵਿਅਕਤੀ ਮਾਰੇ ਗਏ। ਇਥੇ 3 ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਤਾਲਿਬਾਨ ਵਿਰੋਧੀ ਮਿਲੀਸ਼ੀਆ ਦੇ 9 ਮੈਂਬਰਾਂ ਅਤੇ 6 ਅੱਤਵਾਦੀਆਂ ਦੀ ਇਕ ਮੁਕਾਬਲੇ ਦੌਰਾਨ ਮੌਤ ਹੋ ਗਈ।

ਯਾਦ ਰਹੇ ਭਾਰਤ ਨਾਲ ਲੱਗਦੀ ਵਾਹਗਾ ਸਰਹੱਦ ਉਪਰ ਝੰਡਾ ਉਤਾਰਨ ਦੀ ਰਸਮ ਮੌਕੇ ਆਤਮਘਾਤੀ ਹਮਲਾ ਕਰਨ ਦੀ ਸਾਜਿਸ਼ ਰਚ ਰਹੇ ਤਾਲਿਬਾਨ ਦੇ ਦੱਖਣੀ ਪੰਜਾਬ ਸੂਬੇ ਦੇ ਕਮਾਂਡਰ ਨੂੰ ਉਸ ਦੇ 9 ਸਾਥੀਆਂ ਸਣੇ ਬੀਤੇ ਦਿਨੀਂ ਗ੍ਰਿਫਤਾਰ ਕਰ ਲਿਆ ਗਿਆ ਸੀ । ਖੁਫੀਆ ਏਜੰਸੀਆਂ ਵਲੋਂ ਫੜੇ ਗਏ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਦੱਖਣੀ ਪੰਜਾਬ ਦੇ ਕਮਾਂਡਰ ਖਲੀਲਉਲ੍ਹਾ ਦੀ ਟੀਮ 'ਚ 600 ਫਿਦਾਇਨ ਹਮਲਾਵਰ ਹਨ। ਉਸ ਨਾਲ ਫੜੇ ਗਏ 17 ਸਾਲਾ ਨੌਜਵਾਨ ਨੇ ਵੀ ਹਫਤਾ ਪਹਿਲਾ ਲਾਹੌਰ ਵਿਖੇ ਆਤਮਘਾਤੀ ਹਮਲਾਵਰ ਬਣਨਾ ਸੀ। ਏਜੰਸੀਆਂ ਨੇ ਇਸ ਛਾਪੇਮਾਰੀ ਦੌਰਾਨ 8 ਹੋਰ ਅਤਿਵਾਦੀ ਕਾਬੂ ਕੀਤੇ ਹਨ। ਗ੍ਰਿਫਤਾਰ ਅਤਿਵਾਦੀਆਂ ਤੋਂ ਧਮਾਕਾਖੇਜ਼ ਸਮੱਗਰੀ ਤੇ ਦਸਤਾਵੇਜ਼ ਬਰਾਮਦ ਹੋਏ ਹਨ। ਖਲੀਲਉਲ੍ਹਾ ਪਾਕਿਸਤਾਨੀ ਤਾਲਿਬਾਨ ਮੁਖੀ ਮਰਹੂਮ ਬੈਤੁੱਲਾ ਮਹਿਸੂਦ ਦੇ ਨੇੜੇ ਰਿਹਾ ਹੈ ਤੇ ਅਮਰੀਕਾ ਨੂੰ ਵੀ ਉਹ ਲੋੜੀਂਦਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫਤਾਰ ਅਤਿਵਾਦੀਆਂ ਨੇ ਪੁੱਛ-ਪੜਤਾਲ ਦੌਰਾਨ ਦੱਸਿਆ ਹੈ ਕਿ ਉਨ੍ਹਾਂ ਨੇ ਵਾਹਗਾ ਵਿਖੇ ਝੰਡਾ ਉਤਾਰਨ ਦੀ ਰਸਮ ਮੌਕੇ ਧਮਾਕਾ ਕਰਨਾ ਸੀ, ਕਿਉਂਕਿ ਉਸ ਵੇਲੇ ਉੱਥੇ ਵੱਡੀ ਗਿਣਤੀ 'ਚ ਲੋਕ ਜਮ੍ਹਾਂ ਹੁੰਦੇ ਹਨ।

ਲਾਹੌਰ ਪੁਲੀਸ ਦੇ ਮੁਖੀ ਪਰਵੇਜ਼ ਰਾਠੌਰ ਨੇ ਦੱਸਿਆ ਕਿ ਖਲੀਲਉਲ੍ਹਾ ਨੇ ਉਸਦੇ ਆਦਮੀ ਪੰਜਾਬ ਵਿਚ ਹਾਲ ਹੀ ਦੌਰਾਨ ਹੋਏ ਹਮਲਿਆਂ 'ਚ ਸ਼ਾਮਲ ਸਨ। ਉਸ ਨੇ ਹੀ 7 ਦਸੰਬਰ ਨੂੰ ਮੂਨ ਮਾਰਕਿਟ ਵਿਚ ਆਤਮਘਾਤੀ ਹਮਲਾ ਕਰਵਾਇਆ। ਹਮਲੇ 'ਚ 60 ਵਿਅਕਤੀ ਮਾਰੇ ਗਏ ਸਨ। ਜਨਾਬ ਰਾਠੌਰ ਮੁਤਾਬਕ ''ਖਲੀਲਉਲ੍ਹਾ ਅਮਰੀਕਾ ਦੀ ਸੂਚੀ ਵਿਚ ਸ਼ਾਮਲ ਹੈ ਤੇ ਉਸਦੇ ਸਿਰ 'ਤੇ ਲੱਖਾਂ ਡਾਲਰ ਦਾ ਇਨਾਮ ਹੈ। ਪੁਲੀਸ ਮੁਖੀ ਮੁਤਾਬਕ ਖ਼ਲੀਲਉਲ੍ਹਾ ਕੋਲ ਪੰਜਾਬ ਵਿਚ 600 ਫਿਦਾਇਨ ਹਨ। ਉਹ ਹਮਲਾਵਰਾਂ ਨੂੰ ਕਾਰਵਾਈ ਕਰਨ ਲਈ ਖੁਰਾਕ, ਰਿਹਾਇਸ਼, ਹਥਿਆਰ ਤੇ ਵਾਹਨ ਸਪਲਾਈ ਕਰਦਾ ਸੀ। ਖ਼ਲੀਲਉਲ੍ਹਾ ਦੇ ਦੱਖਣੀ ਪੰਜਾਬ ਵਿਚ ਵਧ ਰਹੇ ਪ੍ਰਭਾਵ ਪ੍ਰਤੀ ਅਮਰੀਕਾ ਤੇ ਯੂਰਪੀ ਮੁਲਕਾਂ ਨੇ ਚਿੰਤਾ ਪ੍ਰਗਟਾਈ ਸੀ। ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਤਾਲਿਬਾਨ ਦਾ ਨਵਾਂ ਗੜ੍ਹ ਬਣਦਾ ਜਾ ਰਿਹਾ ਹੈ। ਇਸ ਆਗੂ ਦੇ ਖਿੱਤੇ ਵਿਚ ਸਰਗਰਮ ਜੈਸ਼-ਏ-ਮੁਹੰਮਦ, ਲਸ਼ਕਰ-ਏ-ਝਾਂਗਵੀ ਤੇ ਸਿਪਾਹ-ਏ-ਸਾਹਬਾ ਸਣੇ ਕਈ ਅਤਿਵਾਦੀ ਜਥੇਬੰਦੀਆਂ ਨਾਲ ਸਬੰਧ ਰਹੇ ਹਨ।

## ਭਾਰਤ ਆਏ ਅਮਰੀਕੀ ਨਾਗਰਿਕਾਂ ਲਈ ਚੌਕਸੀ

**ਵਾਸ਼ਿੰਗਟਨ :** ਲੰਘੀ 30 ਦਸੰਬਰ ਨੂੰ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਮੁੰਬਈ ਜਿਹੇ ਦਹਿਸ਼ਤਗਰਦੀ ਹਮਲੇ ਹੋਣ ਦੇ ਖਦਸ਼ਿਆਂ ਦੇ ਮੱਦੇਨਜ਼ਰ ਅਮਰੀਕਾ ਨੇ ਭਾਰਤ ਆਏ ਆਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਵੱਖਰੇ ਤੇਲੰਗਾਨਾ ਸੂਬੇ ਦੀ ਮੰਗ ਕਾਰਨ ਆਂਧਰਾ ਪ੍ਰਦੇਸ਼ ਦੀ ਯਾਤਰਾ ਰੋਕਣ ਦੀ ਸਲਾਹ ਦਿੱਤੀ ਹੈ।

ਅਮਰੀਕਾ ਨੇ ਹਾਲ ਹੀ ਵਿਚ ਇਹ ਤੀਜਾ ਮਸ਼ਵਰਾ ਜਾਰੀ ਕੀਤਾ ਹੈ। ਚੌਕਸੀ ਮਸ਼ਵਰੇ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਸਰਕਾਰ ਨੂੰ ਦਹਿਸ਼ਤਗਰਦੀ ਸੰਗਠਨਾਂ ਵਲੋਂ ਭਾਰਤ 'ਚ ਹਮਲੇ ਕਰਨ ਦੀ ਯੋਜਨਾ ਬਣਾਉਣ ਦੀਆਂ ਸੰਭਾਵਨਾਵਾਂ ਦੀਆਂ ਖ਼ਬਰਾਂ ਲਗਾਤਾਰ ਮਿਲ ਰਹੀਆਂ ਸਨ। ਦਹਿਸ਼ਤਗਰਦ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੇ ਸੈਲਾਨੀਆਂ ਦੇ ਇਕੱਤਰ ਹੋਣ ਜਾਂ ਯਾਤਰਾ ਕਰਨ ਵਾਲੀਆਂ ਥਾਵਾਂ 'ਤੇ ਹਮਲੇ ਕਰਨ ਦੀ ਇੱਛਾ ਦਿਖਾਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਨਾਲ ਹੀ ਭਾਰਤ ਦੇ ਆਂਧਰਾ ਪ੍ਰਦੇਸ਼ ਦੇ ਵੱਖਰੇ ਸੂਬੇ ਦੇ ਗਠਨ ਦੇ ਮੁੱਦੇ 'ਤੇ ਵੀ ਹਿੰਸਾ ਦੀ ਸੰਭਾਵਨਾ ਹੈ।

# ਲਾਲ ਕਿਲ੍ਹੇ 'ਤੇ ਹਮਲਾ ਕਰਨ ਵਾਲੇ 3 ਫ਼ਰਾਰ?

**ਨਵੀਂ ਦਿੱਲੀ:** ਸਾਲ 2000 ਵਿਚ ਲਾਲ ਕਿਲ੍ਹੇ ਨੇੜੇ ਧਮਾਕੇ ਕਰਨ ਵਾਲੇ ਤਿੰਨ ਪਾਕਿਸਤਾਨੀ ਅਤਿਵਾਦੀ ਹਸਪਤਾਲ ਲਿਜਾਂਦੇ ਸਮੇਂ ਫ਼ਰਾਰ ਹੋ ਗਏ। ਧਮਾਕੇ ਕਰਨ ਦੇ ਦੋਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਇਨ੍ਹਾਂ ਅਤਿਵਾਦੀਆਂ ਨੂੰ ਜੀ.ਬੀ. ਪੰਤ ਹਸਪਤਾਲ ਲਿਜਾਇਆ ਜਾ ਰਿਹਾ ਸੀ। ਸਰਕਾਰੀ ਸੂਤਰਾਂ ਨੇ ਦਸਿਆ ਕਿ ਇਹ ਹਾਦਸਾ ਬੀਤੀ 2 ਜਨਵਰੀ ਨੂੰ ਵਾਪਰਿਆ। ਫ਼ਰਾਰ ਹੋਣ ਵਾਲੇ ਅਤਿਵਾਦੀਆਂ ਦੇ ਨਾਂ ਅਬਦੁਲ ਰਜ਼ਾਕ, ਮੁਹੰਮਦ ਸਾਦਿਕ ਅਤੇ ਰਫ਼ਾਕਤ ਅਲੀ ਹਨ। ਅਤਿਵਾਦੀਆਂ ਨੂੰ ਹਸਪਤਾਲ ਲੈ ਕੇ ਜਾ ਰਹੇ ਮੇਘਾਲਿਆ ਪੁਲਿਸ ਦੇ ਕਰਮਚਾਰੀਆਂ ਤੋਂ ਸੁਰੱਖਿਆ ਏਜੰਸੀਆਂ ਪੁਛਗਿਛ ਕਰ ਰਹੀਆਂ ਹਨ। ਤਿੰਨੋਂ ਅਤਿਵਾਦੀ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੀ ਹਿਰਾਸਤ ਵਿਚ ਸਨ ਅਤੇ ਇਨ੍ਹਾਂ ਨੂੰ ਪਾਕਿਸਤਾਨ ਭੇਜੇ ਜਾਣ ਲਈ ਵਿਦੇਸ਼ੀਆਂ ਦੇ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ ਨੂੰ ਸੌਂਪਿਆ ਜਾਣਾ ਸੀ। ਇਨ੍ਹਾਂ ਅਤਿਵਾਦੀਆਂ ਨੂੰ ਪੁਲਿਸ ਨੇ 17 ਕਿਲੋ ਆਰ.ਡੀ.ਐਕਸ ਅਤੇ 50 ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਸੀ। ਸੂਤਰਾਂ ਨੇ ਦਸਿਆ ਕਿ ਤਿੰਨ ਵਿਚੋਂ ਕਿਸੇ ਦੀ ਵੀ ਪੁਲਿਸ ਨੇ ਅਜੇ ਪੱਕੀ ਗ੍ਰਿਫ਼ਤਾਰੀ ਨਹੀਂ ਪਾਈ ਸੀ ਪਰ ਉਨ੍ਹਾਂ ਨੂੰ ਐਫ਼.ਆਰ.ਆਰ.ਓ. ਦੇ ਹੁਕਮਾਂ ਉਤੇ ਹਿਰਾਸਤ ਵਿਚ ਲਿਆ ਗਿਆ ਸੀ। ਸੰਯੁਕਤ ਕਮਿਸ਼ਨਰ ਕਰਨਲ ਸਿੰਘ ਨੇ ਦਸਿਆ ਕਿ ਪੁਲਿਸ ਨੇ ਮਾਮਲਾ ਦਰਜ ਕਰ ਕੇ ਤਿੰਨਾਂ ਦੀ ਭਾਲ ਸ਼ੁਰੂ ਕਰ ਦਿਤੀ ਹੈ। ਦੂਜੇ ਪਾਸੇ ਹਸਪਤਾਲ ਦੇ ਪ੍ਰਬੰਧਕਾਂ ਨੇ ਅਜਿਹੀ ਕਿਸੇ ਵੀ ਘਟਨਾ ਤੋਂ ਅਣਜਾਣਤਾ ਪ੍ਰਗਟ ਕੀਤੀ। ਹਸਪਤਾਲ ਦੇ ਵਧੀਕ ਮੈਡੀਕਲ ਸੁਪਰਡੈਂਟ ਸੁਸ਼ੀ ਗੁਰੂ ਰਾਜਾ ਨੇ ਦਸਿਆ ਕਿ ਉਨ੍ਹਾਂ ਨੂੰ ਕਿਸੇ ਅਜਿਹੀ ਘਟਨਾ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਨੇ ਦਸਿਆ ਕਿ ਤਿੰਨਾਂ ਪਾਕਿਸਤਾਨੀਆਂ ਨੂੰ ਸਾਲ 2000 ਵਿਚ ਦਿੱਲੀ ਦੇ ਹਵਾਈ ਅੱਡੇ ਨੇੜੇ ਬੰਬ ਰੱਖਣ ਦੀ ਸਾਜ਼ਸ਼ ਰਚਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਕੋਲੋਂ ਵੱਡੀ ਪੱਧਰ ਉਤੇ ਆਰ.ਡੀ.ਐਕਸ ਵੀ ਫੜੀ ਗਈ ਸੀ।

# ਚੀਨ ਨੂੰ ਅਧਿਕਾਰੀਆਂ ਵਲੋਂ 1,75,000 ਕਰੋੜ ਦਾ ਚੂਨਾ

**ਸ਼ੰਘਾਈ :** ਬੀਤੀ 29 ਦਸੰਬਰ ਨੂੰ ਚੀਨ ਦੇ ਅਧਿਕਾਰੀਆਂ ਨੇ ਇਸ ਸਾਲ ਦੇ ਸਿਰਫ 11 ਮਹੀਨਿਆਂ ਵਿਚ ਸਰਕਾਰ ਨੂੰ 1,75000 ਕਰੋੜ ਦਾ ਚੂਨਾ ਲਾਇਆ ਹੈ। ਇਹ ਇੰਕਸ਼ਾਫ ਇਸ ਹਫਤੇ ਚੀਨ ਦੇ ਰਾਸ਼ਟਰੀ ਆਡਿਟ ਦੀ ਰਿਪੋਰਟ ਤੋਂ ਹੋਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਚੀਨ ਵਿਚ ਕਿੰਨੇ ਵਿਸ਼ਾਲ ਪੱਧਰ 'ਤੇ ਭ੍ਰਿਸ਼ਟਾਚਾਰ ਫੈਲ ਚੁੱਕਾ ਹੈ ਅਤੇ ਇਸਦਾ ਖ਼ਾਤਮਾ ਵੀ ਕਿੰਨਾ ਔਖਾ ਹੈ।

ਚੀਨ ਦੇ ਰਾਸ਼ਟਰੀ ਆਡਿਟ ਦਫਤਰ ਨੇ ਇਸ ਸਾਲ ਬਜਟਾਂ ਦੇ ਆਕਾਰ ਨੂੰ ਜ਼ਾਹਿਰ ਨਹੀਂ ਕੀਤਾ ਪਰ ਬੀਜਿੰਗ ਸਥਿਤ ਇਕ ਏਜੰਸੀ ਨੇ ਲਗਭਗ ਇਕ ਲੱਖ ਸਰਕਾਰੀ ਵਿਭਾਗਾਂ ਅਤੇ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਦਾ ਸਰਵੇਖਣ ਕੀਤਾ। ਏਜੰਸੀ ਅਨੁਸਾਰ 1000 ਤੋਂ ਵੱਧ ਅਧਿਕਾਰੀ ਕਾਨੂੰਨੀ ਕਾਰਵਾਈ ਜਾਂ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ।

ਆਡਿਟ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਅਧਿਕਾਰੀ ਕਾਲੇ ਧਨ ਨੂੰ ਚਿੱਟਾ ਕਰਨ, ਫਰਾਡ ਵਾਲੇ ਕਰਜ਼ੇ ਜਾਰੀ ਕਰਨ, ਸਰਕਾਰੀ ਜ਼ਮੀਨ ਜਾਂ ਖਾਣਾਂ ਦੇ ਅਧਿਕਾਰਾਂ ਦੀ ਵਿਕਰੀ ਅਤੇ ਖਰੀਦ ਵਿਚ ਸਰਕਾਰ ਨੂੰ ਵੱਡੇ ਪੱਧਰ 'ਤੇ ਚੂਨਾ ਲਾਉਂਦੇ ਹਨ। ਆਡਿਟ ਦਫਤਰ ਦੇ ਮੁਖੀ ਲਿਊ ਜਿਆਈ ਨੇ ਸਰਕਾਰੀ ਖ਼ਬਰ ਮੀਡੀਆ ਰਾਹੀਂ ਕਿਹਾ, ''ਅਪਰਾਧ ਕਰਨ ਵਾਲੇ ਹੁਣ ਵਧੇਰੇ ਚਲਾਕ ਹੋ ਗਏ ਹਨ ਅਤੇ ਪਰਦੇਦਾਰੀ ਵਿਚ ਮਾਹਿਰ ਹੋ ਗਏ ਹਨ।'' ਪ੍ਰਧਾਨ ਮੰਤਰੀ ਵੇਨ ਜਿਆਬਾਓ ਨੇ ਆਡਿਟਰਾਂ ਦੇ ਕੰਮ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸਰਕਾਰੀ ਪ੍ਰਾਜੈਕਟਾਂ 'ਤੇ ਨਜ਼ਰ ਰੱਖਣ ਅਤੇ ਨੁਕਸਾਨ ਰੋਕਣ ਲਈ ਕਿਹਾ। ਦੂਜੇ ਪਾਸੇ ਵਿਸ਼ਲੇਸ਼ਣ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਕਮਿਊਨਿਸਟ ਪਾਰਟੀ ਨੂੰ ਭ੍ਰਿਸ਼ਟਾਚਾਰ ਦੇ ਖ਼ਾਤਮੇ ਦੇ ਯਤਨਾਂ ਵਿਚ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚੀਨ ਸਰਕਾਰ ਹਰ ਸਾਲ ਭ੍ਰਿਸ਼ਟਾਚਾਰ ਵਿਰੋਧੀ ਨਵੀਆਂ ਮੁਹਿੰਮਾਂ, ਨਵੇਂ ਕਾਨੂੰਨ ਅਤੇ ਨਵੀਆਂ ਨੀਤੀਆਂ ਬਣਾਉਂਦੀ ਹੈ। ਇਸ ਸਭ ਦੇ ਬਾਵਜੂਦ ਹਰ ਸਾਲ ਭ੍ਰਿਸ਼ਟਾਚਾਰ ਬਹੁਤ ਵਿਸ਼ਾਲ ਪੱਧਰ 'ਤੇ ਫੈਲਦਾ ਨਜ਼ਰ ਆਉਂਦਾ ਹੈ।

ਇਹ ਚਿੰਤਾਜਨਕ ਹੈ ਕਿਉਂਕਿ ਚੀਨ ਵਿਚ ਔਸਤ ਪ੍ਰਤੀ ਵਿਅਕਤੀ ਆਮਦਨ 50 ਡਾਲਰ ਪ੍ਰਤੀ ਹਫਤਾ ਹੈ। ਇਸਤੋਂ ਪਹਿਲਾਂ ਸੰਨ 2005 ਵਿਚ ਹੀ ਰਾਸ਼ਟਰੀ ਆਡਿਟ ਦਫਤਰ ਨੇ ਭ੍ਰਿਸ਼ਟਾਚਾਰ ਦੇ ਅੰਕੜੇ ਜਾਰੀ ਕੀਤੇ ਸਨ ਅਤੇ ਉਦੋਂ ਵੀ ਇਹ ਲਗਭਗ 1,75,000 ਕਰੋੜ ਰੁਪਏ ਹੀ ਸੀ। ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਵਿਚ ਕਈ ਅਜਿਹੇ ਅਨਸਰ ਹਨ ਜਿਹੜੇ ਸਰਕਾਰੀ ਧਨ ਨੂੰ ਚੋਰੀ ਕਰਨ ਦੇ ਤਰੀਕੇ ਲੱਭਦੇ ਰਹਿੰਦੇ ਹਨ। ਹੁਣ ਤਾਂ ਹਾਲਤ ਇਹ ਹੈ ਕਿ ਚੀਨ ਸਰਕਾਰ ਰਾਸ਼ਟਰੀ ਆਡਿਟ ਦਫਤਰ 'ਤੇ ਵੀ ਨਿਗਰਾਨੀ ਰੱਖਣ ਦੀ ਤਿਆਰੀ ਵਿਚ ਹੈ। ਇਸ ਦਫਤਰ ਨੇ ਫੈਸਲਾ ਕਰਨਾ ਹੁੰਦਾ ਹੈ ਕਿ ਅੰਕੜੇ ਜ਼ਾਹਿਰ ਕਰਨੇ ਹਨ ਜਾਂ ਨਹੀਂ ਤੇ ਇਸ ਨੇ ਪਿਛਲੇ ਕਈ ਸਾਲ ਅੰਕੜੇ ਹੀ ਨਹੀਂ ਜਾਰੀ ਕੀਤੇ।

# ਫਿਦਾਈਨ ਹਮਲੇ 'ਚ ਸੀ.ਆਈ.ਏ. ਦੇ 8 ਮਰੇ

**ਵਾਸ਼ਿੰਗਟਨ :**ਪੂਰਬੀ ਅਫਗਾਨਿਸਤਾਨ ਵਿਚ ਬੀਤੇ ਦਿਨੀਂ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਦੇ ਅੱਡੇ 'ਤੇ ਹੋਏ ਆਤਮਘਾਤੀ ਹਮਲੇ ਵਿਚ ਇਸ ਏਜੰਸੀ ਦੇ ਅੱਠ ਅਧਿਕਾਰੀ ਮਾਰੇ ਗਏ। ਇਹ ਅੱਡਾ ਹਾਲ ਹੀ ਦੌਰਾਨ ਤਾਲਿਬਾਨ ਉਪਰ ਡਰੋਨ ਹਮਲਾ ਕਰਨ ਲਈ ਬਣਾਇਆ ਗਿਆ ਸੀ। ਪਰ ਅਤਿਵਾਦੀਆਂ ਨੇ ਇਸਨੂੰ ਹੀ ਆਪਣਾ ਨਿਸ਼ਾਨਾ ਬਣਾ ਦਿਤਾ। ਦੇਸ਼ ਵਿਚ ਸੀ.ਆਈ.ਏ. 'ਤੇ ਹੋਇਆ ਇਹ ਹੁਣ ਤਕ ਦਾ ਸਭ ਤੋਂ ਵੱਡਾ ਪਹਿਲਾ ਹਮਲਾ ਹੈ। ਉਧਰ ਅਫਗਾਨਿਸਤਾਨ ਵਿਚਲੇ ਤਾਲਿਬਾਨ ਬੁਲਾਰੇ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ ਤੇ ਦਾਅਵਾ ਕੀਤਾ ਹੈ ਕਿ ਹਮਲੇ 'ਚ 16 ਅਮਰੀਕੀ ਮਾਰੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪੋਸਤ ਸੂਬੇ ਦਾ ਚੈਪਮੈਨ ਅੱਡਾ, ਜੋ ਅਫਗਾਨਿਸਤਾਨ-ਪਾਕਿਸਤਾਨ ਸਰਹੱਦ ਦੇ ਨਾਲ ਲੱਗਦਾ ਹੈ 'ਤੇ ਆਤਮਘਾਤੀ ਹਮਲਾ ਹੋਇਆ। ਇਹ ਇਲਾਕਾ ਤਾਲਿਬਾਨ ਆਗੂ ਜਲਾਲੁਦੀਨ ਹੱਕਾਨੀ ਦਾ ਗੜ੍ਹ ਹੈ। ਉਸ ਦੇ ਲੜਕੇ ਅਫ਼ਗਾਨ ਤੇ ਪਾਕਿ ਸਰਹੱਦ ਵਿਚ ਅਮਰੀਕੀ ਫੌਜਾਂ ਖਿਲਾਫ ਲੜ ਰਹੇ ਹਨ। ਹੱਕਾਨੀ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਹੀ ਇਥੇ ਸੀ.ਆਈ.ਏ. ਨੇ ਅੱਡਾ ਕਾਇਮ ਕੀਤਾ ਸੀ ਤਾਂ ਜੋ ਉਸ ਉਪਰ ਡਰੋਨ ਹਮਲੇ ਕੀਤੇ ਜਾ ਸਕਣ। ਮੀਡੀਆ ਰਿਪੋਰਟਾਂ ਮੁਤਾਬਕ ਹਮਲੇ ਵਿਚ ਇਕ ਅਫਗਾਨੀ ਨਾਗਰਿਕ ਮਾਰਿਆ ਗਿਆ ਤੇ 6 ਅਮਰੀਕੀ ਫੱਟੜ ਹੋਏ ਹਨ। ਸੀ.ਆਈ.ਏ. ਨੇ ਇਸ ਹਮਲੇ ਦੀ ਨਾ ਪੁਸ਼ਟੀ ਕੀਤੀ ਹੈ ਤੇ ਨਾ ਹੀ ਇਨਕਾਰ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਆਦਿਹ, ਕੈਲੀ ਨੇ 8 ਅਮਰੀਕੀਆਂ ਦੇ ਮਰਨ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਮੁਤਾਬਕ ਮਰਨ ਵਾਲੇ ਸਾਰੇ ਸੀ.ਆਈ.ਏ. ਨਾਲ ਜੁੜੇ ਹੋਏ ਸਨ। ਸ੍ਰੀ ਕੈਲੀ ਨੇ ਕਿਹਾ, ''ਹਮਲੇ ਵਿਚ 8 ਅਮਰੀਕੀ ਮਾਰੇ ਗਏ ਹਨ ਤੇ ਅਸੀਂ ਇਸ ਘਟਨਾ ਤੋਂ ਦੁਖੀ ਹਾਂ।'' ਸੀ.ਆਈ.ਏ. ਦੇ ਸਾਬਕਾ ਡਿਪਟੀ ਡਾਇਰੈਕਟਰ ਜੌਹਲ ਈ.ਮੈਕਲਾਫਲਿਕ ਨੇ ਦੱਸਿਆ, ''ਸਾਡੇ ਬੰਦੇ ਆਮ ਤੌਰ 'ਤੇ ਮੂਹਰਲੀ ਕਤਾਰ ਵਿਚ ਰਹਿ ਕੇ ਲੜ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਕੋਲ ਢੁੱਕਵੀਂ ਸੁਰੱਖਿਆ ਨਹੀਂ ਹੈ।

ਜੌਹਨ ਇਸ ਵੇਲੇ ਸੀ.ਆਈ.ਏ. ਦੇ ਮਾਰੇ ਗਏ ਅਧਿਕਾਰੀਆਂ ਦੇ ਬੱਚਿਆਂ ਦੀ ਭਲਾਈ ਲਈ ਕੰਮ ਕਰ ਰਹੇ ਹਨ। ਏ.ਬੀ.ਸੀ. ਨਿਊਜ਼ ਨੇ ਕਿਹਾ, ''ਪਿਛਲੇ ਅੱਠ ਸਾਲਾਂ ਤੋਂ ਸੀ.ਆਈ.ਏ. ਅਫਗਾਨਿਸਤਾਨ ਵਿਚਲੀ ਲੜਾਈ 'ਚ ਸਰਗਰਮ ਹੈ ਪਰ ਉਸ ਨੂੰ ਉੱਥੇ ਇੰਨਾ ਵੱਡਾ ਨੁਕਸਾਨ ਕਦੇ ਨਹੀਂ ਹੋਇਆ।

ਹਾਲੇ ਤਕ ਇਹ ਪਤਾ ਨਹੀਂ ਲੱਗਿਆ ਕਿ ਫਿਦਾਇਨ ਹਮਲਾਵਰ ਨੇ ਆਪਣੇ ਆਪ ਨੂੰ ਅੱਡੇ 'ਚ ਉਡਾਇਆ ਜਾਂ ਫੇਰ ਕਿਤੇ ਹੋਰ। ਕੁਝ ਅਮਰੀਕੀ ਅਧਿਕਾਰੀ ਕਹਿ ਰਹੇ ਹਨ ਕਿ ਮਰਨ ਵਾਲੇ ਸਾਰੇ ਨਾਗਰਿਕ ਸਨ, ਜਦਕਿ ਸੂਤਰਾਂ ਮੁਤਾਬਕ ਇੱਥੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਵਲੋਂ ਇਸ ਅੱਡੇ ਦੀ ਵਰਤੋਂ ਨਹੀਂ ਹੋ ਰਹੀ ਸੀ, ਇਸ ਕਰਕੇ ਮਰਨ ਵਾਲੇ ਸਾਰੇ ਖੁਫੀਆ ਏਜੰਸੀ ਨਾਲ ਸਬੰਧਤ ਸਨ।

# ਝਾਰਖੰਡ 'ਚ ਭਾਰਤੀ ਜਨਤਾ ਪਾਰਟੀ ਬੁਰੀ ਤਰ੍ਹਾਂ ਫਸੀ

**–ਹਰੀਸ਼ੰਕਰ ਵਿਆਸ**

ਸੰਨ 2009 ਦੇ ਅਖੀਰ 'ਚ ਭਾਜਪਾ ਨੇ ਬਹੁਤ ਵੱਡਾ ਜੂਆ ਖੇਡਿਆ। ਇਸ ਨਾਲ ਸੰਨ 2010 'ਚ ਭਾਜਪਾ ਨੂੰ ਲੈਣੇ ਦੇ ਦੇਣੇ ਪੈ ਸਕਦੇ ਹਨ। ਝਾਰਖੰਡ 'ਚ ਸ਼ਿਬੂ ਸੋਰੇਨ ਦੀ ਸਰਕਾਰ ਬਨਾਉਣ ਦਾ ਭਾਜਪਾ ਨੂੰ ਫਾਇਦਾ ਵੀ ਹੋਇਆ ਤੇ ਨੁਕਸਾਨ ਵੀ। ਜੇ ਸ਼ਿਬੂ ਸੋਰੇਨ ਨੇ ਪਹਿਲਾਂ ਵਾਂਗ ਬਦਨਾਮੀ ਕਰਵਾਈ ਤਾਂ 2010 'ਚ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਨੁਕਸਾਨ ਹੋਵੇਗਾ। ਭਾਜਪਾ ਨੇ ਸ਼ਿਬੂ ਸੋਰੇਨ ਦੀ ਸਰਕਾਰ ਇਸ ਲਈ ਬਣਾਈ ਤਾਂ ਕਿ ਕਾਂਗਰਸ ਨੂੰ ਮੌਕਾ ਨਾ ਮਿਲੇ। ਇਸ ਨਾਲ ਹਮੇਸ਼ਾ ਲਈ ਹੁਣ ਝਾਮੁਮੋ ਦੇ ਕਾਂਗਰਸ ਨਾਲ ਜੁੜਨ ਦੇ ਮੌਕੇ ਖਤਮ ਹੋ ਗਏ ਹਨ।

ਕਾਂਗਰਸ ਬਾਬੂ ਲਾਲ ਮਰਾਂਡੀ ਦਾ ਗੱਠਜੋੜ ਹੁਣ ਮਜਬੂਤ ਹੋਵੇਗਾ। ਉਂਝ ਵੀ ਸੋਨੀਆ ਗਾਂਧੀ ਤੇ ਮਨਮੋਹਨ ਸਿੰਘ ਨੇ ਦੋ ਟੁੱਕ ਅੰਦਾਜ਼ ਵਿਚ ਇਹ ਕਹਿ ਦਿੱਤਾ ਹੈ ਕਿ ਉਨਾਂ ਦੇ ਅਕਸ 'ਚ ਹੁਣ ਸ਼ਿਬੂ ਸੋਰੇਨ ਫਿੱਟ ਨਹੀਂ ਬੈਠਦੇ। ਸ਼ਿਬੂ ਸੋਰੇਨ ਦੀਆਂ ਸੰਥਾਲ ਵੋਟਾਂ ਦੀ ਵਿਰਾਸਤ ਭਾਜਪਾ ਨੂੰ ਮਿਲ ਸਕਦੀ ਹੈ ਪਰ ਇਹ ਤਾਂ ਹੀ ਸੰਭਵ ਹੈ, ਜੇ ਭਾਜਪਈ ਨੇਤਾ ਸ਼ਿਬੂ ਸੋਰੇਨ ਨੂੰ ਹੈਂਡਲ ਕਰ ਸਕਣ। ਸ਼ਿਬੂ ਸੋਰੇਨ ਤੋਂ ਗਵਰਨੈਂਸ ਅਸੰਭਵ ਜਿਹਾ ਕੰਮ ਲੱਗਦਾ ਹੈ। ਰਾਂਚੀ ਦੇ ਸਕੱਤਰੇਤਾਂ 'ਚ ਕੰਮਕਾਜ ਤਾਂ ਹੀ ਸੰਭਵ ਹੈ, ਜੇ ਭਾਜਪਾ ਪੂਰਾ ਕੰਟਰੋਲ ਕਰੇ ਤੇ ਇਸਦਾ ਪੂਰਾ ਦਾਰੋਮਦਾਰ ਭਾਜਪਾ ਦੇ ਉਪ ਮੁਖ ਮੰਤਰੀ ਬਣੇ ਰਘੂਵਰਦਾਸ ਤੇ ਹੋਵੇ। ਸੂਬੇ ਦੇ ਬਾਕੀ ਭਾਜਪਾਈਆਂ ਜਿਵੇਂ ਅਰਜਨ ਮੁੰਡਾ ਦਾ ਸਰਕਾਰ 'ਚ ਕੋਈ ਦਖਲ ਨਹੀਂ ਹੋਵੇਗਾ। ਭਾਜਪਾ ਹਾਈਕਮਾਨ ਵਲੋਂ ਇਹ ਰਾਜਨਾਥ ਸਿੰਘ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਰਘੁਵਰਦਾਸ ਨੂੰ ਟਾਈਟ ਰੱਖਣ। ਰਾਜਨਾਥ ਸਿੰਘ ਤੋਂ ਇਲਾਵਾ ਕੋਈ ਹੋਰ ਕੇਂਦਰੀ ਨੇਤਾ ਇਸਦੇ ਸਮਰੱਥ ਨਹੀਂ ਹੈ। ਭਾਜਪਾ ਲਈ ਮੁੱਢਲੇ ਸੰਕੇਤ ਸ਼ੁਭ ਨਹੀਂ ਹਨ। ਝਾਰਖੰਡ ਦੇ ਗੱਠਜੋੜ ਦੀ ਨੀਂਹ ਗਲਤ ਰੱਖੀ ਹੋਈ ਹੈ। ਸ਼ਿਬੂ ਸੋਰੇਨ ਤੇ ਉਨ੍ਹਾਂ ਦਾ ਬੇਟਾ ਹੇਮੰਤ ਸੋਰੇਨ ਜਿਹੋ ਜਿਹੇ ਸਨ, ਉਹੋ ਜਿਹੇ ਹੀ ਹਨ। ਸਰਕਾਰ ਨਵੇਂ ਦਲਾਲਾਂ ਅਤੇ ਠੁਠਬਈਏ ਕਾਰੋਬਾਰੀਆਂ ਦੇ ਅਸਰ 'ਚ ਫਸਦੀ ਲੱਗਦੀ ਹੈ। ਇਕੱਲੇ ਸੁਦੇਸ਼ ਮਹਿਤੋ ਦੀ ਪਾਰਟੀ ਇਸ ਤਰ੍ਹਾਂ ਦਬਾਅ ਬਣਾਉਂਦੀ ਲੱਗਦੀ ਹੈ ਕਿ ਮਧੂਕੋਡਾ ਦੇ ਵੇਲੇ ਦੇ ਆਜ਼ਾਦ ਮੰਤਰੀਆਂ ਨਾਲ ਜ਼ਿਆਦਾ ਮਨਮਰਜ਼ੀ ਅਤੇ ਲੁੱਟ ਵਾਲਾ ਮਾਹੌਲ ਬਣ ਸਕਦਾ ਹੈ।

**ਸ਼ਿਬੂ ਦੀ ਫਿੱਕੀ ਸਹੁੰ :** ਭਾਜਪਾ ਦੇ ਕਿਸੇ ਘਾਗ ਨੇਤਾ ਨੇ ਸ਼ਿਬੂ ਸੋਰੇਨ ਦੇ ਸਹੁੰ ਚੁੱਕ ਸਮਾਗਮ 'ਚ ਹਿੱਸਾ ਨਹੀਂ ਲਿਆ। ਇਸਦੀ ਵਜ੍ਹਾ ਭਾਜਪਾ ਸੰਸਦੀ ਬੋਰਡ ਦੇ ਆਹਲਾ ਨੇਤਾਵਾਂ ਨੂੰ ਇਹ ਸਮਝ 'ਚ ਆਉਣਾ ਹੈਕਿ ਸ਼ਿਬੂ ਸੋਰੇਨ ਦੀ ਸਿਆਸਤ ਅੱਗ ਨਾਲ ਖੇਡਣ ਵਾਲੀ ਗੱਲ ਹੈ। ਅਸਲ ਵਿਚ ਸ਼ਿਬੂ ਸੋਰੇਨ ਦੀ ਕਮਾਨ ਹੇਮੰਤ ਸੋਰੇਨ ਨੇ ਸੰਭਾਲੀ ਹੋਈ ਹੈ ਤੇ ਹੇਮੰਤ ਸੋਰੇਨ ਨੂੰ ਇਹ ਨਹੀਂ ਪਤਾ ਕਿ ਭਾਜਪਾ ਨੂੰ ਕਿਵੇਂ ਹੈਂਡਲ ਕੀਤਾ ਜਾਵੇ। ਹੇਮੰਤ ਸੋਰੇਨ ਨੇ ਭਾਜਪਾ ਦੇ ਇੰਚਾਰਜ ਕਰੁਣਾ ਸ਼ੁਕਲਾ ਜਾਂ ਸਰਕਾਰ ਬਨਵਾਉਣ ਲਈ ਅਧਿਕਾਰਤ ਰਾਜਨਾਥ ਸਿੰਘ ਨਾਲ ਸਿੱਧਾ ਸੰਪਰਕ ਨਹੀਂ ਬਣਾਇਆ, ਉਲਟਾ ਆਪਾ ਧਾਪੀ 'ਚ ਮੁੰਬਈ ਤੇ ਦਿੱਲੀ ਜਾ ਕੇ ਸ਼ਿਬੂ ਦੀਆਂ ਫੋਟੋਆਂ ਖਿਚਵਾਈਆਂ। ਦਿੱਲੀ ਮੁੰਬਈ ਫੇਰੀ ਦਾ ਮਕਸਦ ਸਹੁੰ ਚੁੱਕ ਸਮਾਰੋਹ ਲਈ ਨੇਤਾਵਾਂ ਨੂੰ ਸੱਦਾ ਦੇਣਾ ਸੀ ਪਰ ਇਸਦੇ ਲਈ ਜਿਵੇਂ ਦਲਾਲ ਦੀ ਮਦਦ ਲਈ ਗਈ, ਉਸਨੇ ਨਿਤਿਨ ਗਡਕਰੀ, ਸੰਘ ਦੇ ਅਹੁਦੇਦਾਰਾਂ ਤੇ ਦਿੱਲੀ ਦੇ ਉੱਚ ਭਾਜਪਾ ਨੇਤਾਵਾਂ ਨੂੰ ਹੈਰਾਨ ਕਰ ਦਿਤਾ।

ਇਹ ਵੀ ਧਿਆਨ ਰਹੇ ਕਿ ਮੁੰਬਈ ਦਿੱਲੀ ਜਾਣ ਦੇ ਪ੍ਰੋਗਰਾਮ ਲਈ ਨਾ ਸੂਬੇ ਦੇ ਅਰਜੁਨ ਮੁੰਡਾ ਧੜੇ ਨੂੰ ਭਿਣਕ ਲੱਗਣ ਦਿੱਤੀ ਤੇ ਨਾ ਦਿੱਲੀ 'ਚ ਰਾਜਨਾਥ ਸਿੰਘ ਜਾਂ ਹਾਈਕਮਾਨ ਦੇ ਨੇਤਾਵਾਂ ਤੋਂ ਕਲੀਅਰੈਂਸ ਲਈ ਗਈ। ਜੋ ਵੀ ਹੋਵੇ, ਸ਼ਿਬੂ ਸੋਰੇਨ ਮੁੰਬਈ ਪਹੁੰਚੇ ਅਤੇ ਨਿਤਿਨ ਗਡਕਰੀ ਨਾਲ ਉਨ੍ਹਾਂ ਦੀ ਫੋਟੋ ਖਿੱਚੀ ਗਈ।ਇਸ ਨਾਲ ਉਨ੍ਹਾਂ ਦੇ ਨੇੜਲਿਆਂ 'ਚ ਹੀ ਇਹ ਚਰਚਾ ਹੋਈ ਕਿ ਉਨ੍ਹਾਂ ਨੇ ਆਪਣੀ ਪ੍ਰਧਾਨਗੀ ਦੀ ਪਹਿਲੀ ਫੋਟੋ ਦਾਗੀ ਸ਼ਿਬੂ ਸੋਰੇਨ ਨਾਲ ਖਿਚਵਾਈ।

ੴ ਸਤਿਗੁਰ ਪ੍ਰਸਾਦਿ

ਓਹੁ ਗੁਰੂ ਗੋਬਿੰਦ ਹੁਇ ਪ੍ਰਗਟਿਆ, ਦਸਵੇ ਅਵਤਾਰਾ॥
ਜਿਨ ਅਲਖ ਅਕਾਲ ਨਿਰੰਜਨਾ, ਜਪਿਉ ਕਰਤਾਰਾ॥

# ਸਰਬ ਕਲਾ ਸਮਰਥ, ਸਾਹਿਬ ਏ ਕਮਾਲ, ਪਾਤਸ਼ਾਹਾਂ ਦੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਲੱਖ ਲੱਖ ਵਧਾਈ

*ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਰਬੰਸਦਾਨੀ ਦਸ਼ਮੇਸ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ, ਜੈਕਸਨ ਵਲੋਂ 17 ਜਨਵਰੀ, 2010 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪੰਥ ਪ੍ਰਸਿਧ ਕੀਰਤਨੀਏ ਭਾਈ ਅਮਰਜੀਤ ਸਿੰਘ ਤਾਨ ਇਸ ਮੌਕੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਆਪ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਸਰਵਣ ਕਰਕੇ ਜੀਵਨ ਸਫਲੇ ਕਰੋ।*

## ਪ੍ਰੋਗਰਾਮ

**15 ਜਨਵਰੀ, 2010**
ਅਰੰਭ ਸ੍ਰੀ ਅਖੰਡ ਪਾਠ:ਸਵੇਰੇ 6 ਵਜੇ

**17 ਜਨਵਰੀ, 2010**
ਭੋਗ ਸ੍ਰੀ ਅਖੰਡ ਪਾਠ:ਸਵੇਰੇ 9:30 ਵਜੇ
ਸ਼ਬਦ ਕੀਰਤਨ:ਸਵੇਰੇ 11 ਵਜੇ ਤੋਂ 2 ਵਜੇ ਤੱਕ
ਉਪਰੰਤ ਸਮਾਪਤੀ ਦੀਵਾਨ ਅਤੇ ਲੰਗਰ
ਬੀਬੀਆਂ ਦੇ ਜਥੇ ਅਤੇ ਭਾਈ ਮਹਿੰਦਰ ਸਿੰਘ ਭੱਲਾ ਦੇ ਜਥੇ ਦੇ ਕੀਰਤਨ ਉਪਰੰਤ ਭਾਈ ਅਮਰਜੀਤ ਸਿੰਘ ਤਾਨ ਕੀਰਤਨ ਕਰਨਗੇ।




*ਸੰਗਤਾਂ ਦੇ ਝਾੜੂਬਰਦਾਰ*

**ਸਮੂਹ ਪ੍ਰਬੰਧਕ ਗੁਰਦੁਆਰਾ ਪ੍ਰਬੰਧਕ ਕਮੇਟੀ**

**Guru Nanak Foundation of Jackson, Mississippi**

4324 Welota Drive, Jackson, MS 39209, Ph:601-922-8202

ਹੋਰ ਜਾਣਕਾਰੀ ਲਈ ਕਾਲ ਕਰੋ ਫੋਨ:601-209-1913

ੴ ਸਤਿਗੁਰ ਪ੍ਰਸਾਦਿ

ਸਭ ਜਗ ਤੇਰਾ ਖੇਲ ਹੈ ਤੂੰ ਗੁਣੀ ਗਹੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

# ਪਾਠਕਾਂ ਅਤੇ ਸਮੂਹ ਸਾਧ ਸੰਗਤ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਅਤੇ ਨਵੇਂ ਸਾਲ 2010 ਦੀ

# ਲੱਖ ਲੱਖ ਵਧਾਈ ਹੋਵੇ

ਵਲੋਂ

**ਅਵਤਰ ਸਿੰਘ, ਸਪਰਿੰਗਫੀਲਡ (ਓਹਇਓ)**
**ਅਤੇ ਸਮੂਹ ਪਰਿਵਾਰ**



ਅਵਤਾਰ ਸਿੰਘ, ਫੋਨ 937-206-4674

## ‘ਪੰਜਾਬ ਟਾਈਮਜ਼’ ਦੇ ਪਾਠਕਾਂ ਅਤੇ ਸਮੂਹ ਭਾਈਚਾਰੇ ਨੂੰ

## ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਲੱਖ ਲੱਖ ਵਧਾਈ

## ਨਵਾਂ ਸਾਲ 2010 ਮੁਬਾਰਕ



President and CEO: Nick Gakhal

**Allstates Transportation Company**
**(630) 668-3570**

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਭਾਈਚਾਰੇ ਨੂੰ ਲੱਖ ਲੱਖ ਵਧਾਈ ਹੋਵੇ ਜੀ

## ਨਵਾਂ ਸਾਲ 2010 ਬਹੁਤ ਬਹੁਤ ਮੁਬਾਰਕ!



Fillings, Dentures, Crowns, Bridge, Veneers, Extractions, Cleaning

### ਦੰਦਾਂ ਦਾ ਤਸੱਲੀਬਖ਼ਸ਼ ਇਲਾਜ
ਸਿੱਧੀ ਕਾਲ ਕਰੋ 630–479–0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20–40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖ਼ੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

*ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ*

## Dr. Harjinder Khaira DMD & Associates

Lakestreet Dental
490 W. Lake Street, Suite 107, Roselle, IL 60172
630-894-8008



Lakeland Dental
115 E. State Rd., Island Lake, IL 60042
847-526-1920

PAO
PUNJABI AMERICANS ORGANIZATION

## ਸ਼ਿਕਾਗੋ ਦੇ ਇਲਾਕੇ ਵਿਚ ਪਹਿਲੀ ਵਾਰ

# ਭੰਗੜਾ ਵਰਕਸ਼ਾਪ

### ਢੋਲ ਦੇ ਡਗੇ ਉਤੇ ਭੰਗੜਾ ਸਿੱਖੋ



8 ਜਨਵਰੀ ਤੋਂ 10 ਜਨਵਰੀ
ਸ਼ਾਮ 4 ਤੋਂ 7 ਵਜੇ ਤੱਕ

ਸਥਾਨ: 850 ਐਲਮਹਰਸਟ ਰੋਡ,
ਐਲਕ ਗਰੂਵ ਵਿਲੇਜ, ਇਲੀਨਾਏ-60007

ਉਮਰ 8 ਸਾਲ ਅਤੇ ਇਸ ਤੋਂ ਵੱਧ
ਨਵੇਂ ਸਿਖਾਂਦਰੂ ਆਪਣੀ ਕਲਾ ਨਿਖਾਰ ਸਕਦੇ ਹਨ
ਚੰਗੇ ਕਲਾਕਾਰਾਂ ਨੂੰ ਪੀ ਏ ਓ ਦੀ ਭੰਗੜਾ ਟੀਮ ਵਿਚ
ਸ਼ਾਮਲ ਹੋਣ ਦਾ ਮੌਕਾ ਮਿਲੇਗਾ

**Organized By:**
Punjabi Americans Organization
and All Board Of Directors
& Associates

For Information
& Registration
Inder Hunjan 708.774.0887
hunjan.inders@gmail.com
Jagmeet Mann 248.494.1395
jagmeetmann@hotmail.com

*No entry fee * PAO is a non-profit organization *Donations for upcoming events will be appreciated
*Upcoming event- APNA PUNJAB 2010 on 3rd April '10
* Visit us @ www.paochicago.org



## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਸਮੂਹ ਸਾਧ ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ

## ਸਾਲ 2010 ਮੁਬਾਰਕ!

ਵਲੋਂ

### ਸੁਰਜੀਤ ਸਿੰਘ ਮਾਵੀ, ਫੋਨ 513-616-4530

ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ), ਓਹਾਇਓ ਇਕਾਈ
ਐਨ ਆਰ ਆਈ ਵਿੰਗ ਅਮਰੀਕਾ

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

## ਨਵੇਂ ਸਾਲ 2010 ਲਈ ਦਿਲੀ ਸ਼ੁਭ ਕਾਮਨਾਵਾਂ

ਸ਼ਾਲਾ! ਆਉਣ ਵਾਲਾ ਵਰ੍ਹਾ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਹੋਰ ਵੱਧਣ-ਫੁਲਣ ਲਈ ਸੁਭਾਗਾ ਬਣ ਕੇ ਚੜ੍ਹੇ।
ਆਓ! ਸਾਰੇ ਇਸ ਖੇਡ ਨੂੰ ਹੋਰ ਵਧੇਰੇ ਪ੍ਰਫੁਲਿਤ ਕਰਨ ਲਈ ਰਲ-ਮਿਲ ਕੇ ਨਵੇਂ ਉਤਸ਼ਾਹ ਨਾਲ ਕੰਮ ਕਰੀਏ।



*ਅਮਰਦੇਵ ਸਿੰਘ ਬਦੇਸ਼ਾ*
*ਪ੍ਰਧਾਨ*



*ਜਿੰਦੀ ਖੰਘੂੜਾ*
*ਸਾਬਕਾ ਪ੍ਰਧਾਨ*




### ਸਲਾਹਕਾਰ ਕਮੇਟੀ

ਡਾ. ਮੁਖਤਿਆਰ ਸਿੰਘ ਨੰਦਰਾ (ਚੇਅਰਮੈਨ)
ਡਾ. ਅਮਰਦੀਪ ਸੰਘਾ
ਮੱਤ ਸਿੰਘ ਢਿੱਲੋਂ
ਹਰਕਿਸ਼ਨ ਸਿੰਘ ਭੱਟੀ
ਡਾ. ਰਸ਼ਪਾਲ ਬਾਜਵਾ
ਸ਼ਮਸ਼ੇਰ ਸਿੰਘ ਬੋਪਾਰਾਏ
ਰਾਜਿੰਦਰ ਸਿੰਘ ਬੈਂਸ
ਅੰਮ੍ਰਿਤਪਾਲ ਸਿੰਘ ਗਿੱਲ
ਜਸਵਿੰਦਰ ਸਿੰਘ ਗਿੱਲ
ਲਾਲੀ ਰਣਬੀਰ ਸਿੰਘ ਧਾਲੀਵਾਲ
ਕੁਲਵਿੰਦਰ ਸਿੰਘ ਗਿੱਲ
ਬੇਅੰਤ ਸਿੰਘ ਬੋਪਾਰਾਏ
ਪਰਮਿੰਦਰ ਸਿੰਘ ਗੋਲਡੀ
ਗੁਰਦੇਵ ਸਿੰਘ ਗਿੱਲ

**RSVP: Board Members:**

ਅਮਰਦੇਵ ਸਿੰਘ ਬਦੇਸ਼ਾ (ਪ੍ਰਧਾਨ)
ਫੋਨ:708-612-7963

ਜਿੰਦੀ ਖੰਘੂੜਾ 847-529-1464
ਪਰਮਿੰਦਰ ਸਿੰਘ ਵਾਲੀਆ 847-477-1613
ਬਲਬੀਰ ਸਿੰਘ ਬੈਦਵਾਨ 224-588-6025
ਦੀਪਾ ਬਦੇਸ਼ਾ 815-546-0525
ਸਤਨਾਮ ਸਿੰਘ ਮਿਨਹਾਸ 773-593-9898
ਜਸਵਿੰਦਰ ਸਿੰਘ ਜੱਸੀ 773-507-7557
ਜਿੰਦਰ ਸਿੰਘ ਬੈਣੀਪਾਲ 773-895-2041
ਹਰਦੀਪ ਸਿੰਘ ਗਿੱਲ 847-226-2515
ਸੁਖਵਿੰਦਰ ਸਿੰਘ ਮੁੰਦਰ 224-520-3140

ਗੁਰਬਚਨ ਸਿੰਘ ਪੱਪੂ (ਚੇਅਰਮੈਨ)

ਰਾਜਿੰਦਰ ਸਿੰਘ ਵਿਰਕ 847-409-9174
ਜੋਧ ਸਿੰਘ ਸਿੱਧੂ 630-669-7175
ਰਵਿੰਦਰ ਸਿੰਘ ਖਹਿਰਾ 708-259-4298
ਲਾਲੀ ਨਿੱਝਰ 815-405-8073
ਬੱਬੀ ਬਾਠ 847-366-3826,
ਰਛਪਾਲ ਸਿੰਘ ਖੰਘੂੜਾ 847-361-4908
ਪ੍ਰਿਤਪਾਲ ਸਿੰਘ 847-845-2343
ਤੀਰਥ ਸਿੰਘ-ਕੈਪਟਨ ਕਬੱਡੀ ਟੀਮ

sherepunjabchicago@yahoo.com

## Shere Punjab Sports & Cultural Club (Chicago)

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

ਸਭ ਜਗ ਤੇਰਾ ਖੇਲ ਹੈ ਤੂੰ ਗੁਣੀ ਗਹੇਲਾ।।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।।

## ਧਰਮ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਦੇ ਤਾਰੇ ਮਾਤਾ ਗੁਜਰੀ ਜੀ ਦੇ ਰਾਜ ਦੁਲਾਰੇ, ਨਿਥਾਵਿਆਂ, ਨਿਮਾਣਿਆਂ, ਨਿਤਾਣਿਆਂ ਨੂੰ ਸਰਦਾਰੀ ਬਖਸ਼ਣ ਵਾਲੇ ਸਰਬ ਕਲਾ ਸਮਰਥ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਮੂਹ ਸਿੱਖ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ



ਵਲੋਂ:

## ਬਹਾਦੁਰ ਸਿੰਘ ਅਤੇ ਪਰਿਵਾਰ

ਸੇਲਮ (ਓਰੇਗਾਨ)

ਫੋਨ: 503-559-8233

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਅਮੈਰਿਕਨ ਗੁਰਦੁਆਰਾ ਕੌਂਸਲ

# ਗੁਰਦੁਆਰਾ ਸਾਹਿਬ ਦਸ਼ਮੇਸ਼ ਅਕੈਡਮੀ

**Gurdwara Sahib Dashmesh Academy, 8300 East Roy Road, Indianapolis, IN 46219**

## ਗੁਰੂ ਪਿਆਰੀ ਸਾਧ ਸੰਗਤ ਜੀ ਆਪ ਨੂੰ ਸਰਬੰਸਦਾਨੀ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ

# ਲਖ ਲਖ ਵਧਾਈ

# ਮਹਾਨ ਕੀਰਤਨ ਸਮਾਗਮ

### ਪ੍ਰੋਗਰਾਮਾਂ ਦਾ ਵੇਰਵਾ

ਪਹਿਲੀ ਜਨਵਰੀ ਤੋਂ 13 ਜਨਵਰੀ ਤੱਕ
ਹਰ ਰੋਜ਼ ਸ਼ਾਮ ਨੂੰ 6 ਤੋਂ 8:30 ਵਜੇ ਤੱਕ

ਪਾਠ ਰਹਿਰਾਸ ਸਾਹਿਬ 6 ਤੋਂ 6:30 ਤੱਕ
ਬੱਚਿਆਂ ਦੇ ਜਥੇ ਦਾ ਕੀਰਤਨ ਸ਼ਾਮ 6:30 ਤੋਂ 7
ਬੀਬੀ ਬਲਜੀਤ ਕੌਰ ਖਾਲਸਾ 7 ਤੋਂ 8 ਵਜੇ ਤੱਕ
ਅਰਦਾਸ ਤੇ ਸਮਾਪਤੀ 8:30 ਵਜੇ



*ਐਤਵਾਰ ਦੇ ਦੀਵਾਨ ਸਵੇਰੇ 10 ਵਜੇ ਤੋਂ 1 ਵਜੇ ਤੱਕ ਹੋਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਲੰਗਰ ਦੀ ਸੇਵਾ ਵਿਚ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

ਸ੍ਰੀ ਦਸ਼ਮੇਸ਼ ਪਿਤਾ ਦੇ ਗੁਰਪੁਰਬ ਦੀ ਖੁਸ਼ੀ ਵਿਚ ਗੁਰਦੁਆਰਾ ਦਸ਼ਮੇਸ਼ ਅਕੈਡਮੀ ਵਿਖੇ ਪਹਿਲੀ ਜਨਵਰੀ ਤੋਂ ਅਰੰਭ ਹੋਏ ਮਹਾਨ ਕੀਰਤਨ ਸਮਾਗਮ 40 ਮੁਕਤਿਆਂ ਦੀ ਯਾਦ ਵਿਚ ਮਾਘੀ ਦੇ ਅਵਸਰ 13 ਜਨਵਰੀ ਤੱਕ ਚੱਲਣਗੇ ਜਿਸ ਵਿਚ ਉਚੇਚੇ ਤੌਰ 'ਤੇ ਪੰਥ ਪ੍ਰਸਿਧ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇਵਾਲਿਆਂ ਦਾ ਰਾਗੀ ਜਥਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਰ ਰੋਜ਼ ਸ਼ਾਮ ਦੇ ਦੀਵਾਨ ਵਿਚ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਅਨੰਦ ਮਾਣੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। ਆਓ ਸਭ ਸਿੱਖ ਸੰਗਤਾਂ ਰਲ ਮਿਲ ਕੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਈਏ ਜਿਨ੍ਹਾਂ ਨੇ ਖਾਲਸਾ ਪੰਥ ਲਈ ਆਪਣਾ ਸਾਰਾ ਸਰਬੰਸ ਵਾਰਿਆ।

### *ਹੋਰ ਜਾਣਕਾਰੀ ਲਈ ਫੋਨ ਕਰੋ*

ਭਾਈ ਬਲਬੀਰ ਸਿੰਘ ਟੁੱਟ 317-702-5051
ਭਾਈ ਕਾਬਲ ਸਿੰਘ 281-222-6951
ਭਾਈ ਕਰਮਜੀਤ ਸਿੰਘ 916-416-4384
ਭਾਈ ਮੁਖਤਿਆਰ ਸਿੰਘ 916-826-2528
ਭਾਈ ਜੋਗਿੰਦਰ ਸਿੰਘ 317-363-3351
ਭਾਈ ਮਨਜੀਤ ਸਿੰਘ 317-522-6222

# ਰਾਠੌਰ ਖ਼ਿਲਾਫ ਚੱਲੇਗਾ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਕੱਦਮਾ

## ਚਿਦੰਬਰਮ ਵਲੋਂ ਰੁਚਿਕਾ ਦੇ ਪਰਿਵਾਰ ਨਾਲ ਵਿਚਾਰਾਂ

**ਨਵੀਂ ਦਿੱਲੀ :** ਰੁਚਿਕਾ ਮਾਮਲੇ 'ਚ ਫਸੇ ਹਰਿਆਣਾ ਪੁਲਿਸ ਦੇ ਸਾਬਕਾ ਡੀ ਜੀ ਪੀ ਸ਼ੰਭੂ ਪ੍ਰਸ਼ਾਦ ਸਿੰਘ ਰਾਠੌਰ ਨੂੰ ਅੰਤਰਿਮ ਰਾਹਤ ਦਿੰਦਿਆਂ ਅਗਲੀ ਸੁਣਵਾਈ 7 ਜਨਵਰੀ ਤੱਕ ਟਾਲ ਦਿੱਤੀ ਗਈ ਹੈ। ਇਸ ਰਾਹਤ ਤੋਂ ਬਾਅਦ ਹੁਣ ਦੂਜੀ ਧਿਰ (ਰੁਚਿਕਾ ਪਰਿਵਾਰ) ਆਪਣੇ ਦਸਤਾਵੇਜ਼ ਜ਼ਿਲ੍ਹਾ ਅਦਾਲਤ ਦੇ ਸੈਸ਼ਨ ਜੱਜ ਐਸ ਪੀ ਸਿੰਘ ਨੂੰ 6 ਜਨਵਰੀ ਤੱਕ ਰਾਠੌਰ ਖਿਲਾਫ ਸਬੂਤ ਪੇਸ਼ ਕਰੇਗੀ। ਜ਼ਿਕਰਯੋਗ ਹੈ ਕਿ ਜੱਜ ਨੇ 6 ਜਨਵਰੀ ਤੱਕ ਰਾਜ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਦੱਸਣਯੋਗ ਹੈ ਕਿ ਬੀਤੀ 1 ਜਨਵਰੀ ਨੂੰ ਸਵੇਰੇ ਐਸ ਪੀ ਐਸ ਰਾਠੌਰ ਦੀ ਪਤਨੀ ਵਕੀਲ ਆਭਾ ਰਾਠੌਰ ਜ਼ਿਲ੍ਹਾ ਅਦਾਲਤ ਦੇ ਜੱਜ ਐਸ ਪੀ ਸਿੰਘ ਦੀ ਅਦਾਲਤ ਵਿਚ ਪੇਸ਼ ਹੋਈ ਅਤੇ ਆਪਣਾ ਪੱਖ ਰੱਖਿਆ। ਕਾਰਵਾਈ ਦੌਰਾਨ ਜੱਜ ਨੇ ਕਿਹਾ ਕਿ ਜੇਕਰ 7 ਜਨਵਰੀ ਤੱਕ ਪੁਲਿਸ ਰਾਠੌਰ ਨੂੰ ਗ੍ਰਿਫ਼ਤਾਰ ਕਰਦੀ ਹੈ ਤਾਂ ਉਸ ਨੂੰ ਦੋਵੇਂ ਸ਼ਿਕਾਇਤਾਂ ਲਈ 1-1 ਲੱਖ ਰੁਪਏ ਬਤੌਰ ਮੁਚਲਕਾ ਭਰਨੇ ਹੋਣਗੇ।ਇਸ ਮਾਮਲੇ ਦੀ ਪੈਰਵਾਈ ਕਰਦਿਆਂ ਰਾਠੌਰ ਦੀ ਪਤਨੀ ਆਭਾ ਰਾਠੌਰ ਨੇ ਜੱਜ ਸਾਹਮਣੇ ਪੇਸ਼ ਹੁੰਦਿਆਂ ਦੱਸਿਆ ਕਿ ਜਿਹੜੇ ਦੋਸ਼ ਉਸਦੇ ਪਤੀ ਖਿਲਾਫ ਲਗਾਏ ਗਏ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਜ਼ਮਾਨਤਯੋਗ ਹਨ ਅਤੇ ਜਿਹੜੇ ਦੋਸ਼ ਗੈਰ ਜ਼ਮਾਨਤੀ ਹਨ, ਉਨ੍ਹਾਂ ਬਾਰੇ ਕੋਈ ਠੋਸ ਸਬੂਤ ਨਹੀਂ ਹੈ। ਦੂਜੇ ਪਾਸੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੁਚਿਕਾ ਮਾਮਲੇ ਦੇ ਵਕੀਲ ਪੰਕਜ ਯਾਦਵ ਨੇ ਕਿਹਾ ਕਿ ਉਹ 7 ਜਨਵਰੀ ਨੂੰ ਅਦਾਲਤ ਕੋਲ ਪੂਰੇ ਦਸਤਾਵੇਜ਼ ਜਮ੍ਹਾਂ ਕਰਵਾ ਦੇਣਗੇ। ਉਨ੍ਹਾਂ ਕਿਹਾ ਕਿ ਰਾਠੌਰ ਝੂਠੇ ਕਾਗਜ਼ ਵਿਖਾ ਕੇ ਅਦਾਲਤ ਨੂੰ ਗੁਮਰਾਹ ਕਰਦਿਆਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦਾ ਪਰਦਾ ਉਹ ਪੂਰੀ ਤਰ੍ਹਾਂ ਫਾਸ਼ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪੁਲਿਸ ਨੇ ਆਪਣੀ ਰਿਪੋਰਟ ਵਿਚ ਇਹ ਦਰਸਾਇਆ ਹੈ ਕਿ ਰੁਚਿਕਾ ਦੀ ਖ਼ੁਦਕੁਸ਼ੀ ਵੇਲੇ ਉਸ ਦਾ ਭਰਾ ਆਸ਼ੂ ਗਹਿਲੋਤਰਾ ਬਾਹਰ ਸੀ, ਜਦੋਂ ਕਿ ਖ਼ੁਦਕੁਸ਼ੀ ਵੇਲੇ ਆਸ਼ੂ ਗਹਿਲੋਤਰਾ ਪੁਲਿਸ ਦੀ ਹਿਰਾਸਤ ਵਿਚ ਸੀ। ਇਸ ਕਾਰਵਾਈ ਸਬੰਧੀ ਰੁਚਿਕਾ ਦੇ ਪਿਤਾ ਸੁਭਾਸ਼ ਚੰਦ ਅਤੇ ਉਸਦੇ ਵਕੀਲਾਂ ਨੇ ਕਿਹਾ ਕਿ ਜ਼ਿਲ੍ਹਾ ਅਦਾਲਤ ਨੂੰ ਉਹ ਸਾਰੇ ਕਾਗਜ਼ ਵਿਖਾਏ ਜਾਣਗੇ, ਜਿਨ੍ਹਾਂ ਵਿਚ ਹਰਿਆਣਾ ਦੇ ਸਾਬਕਾ ਡੀਜੀਪੀ ਨੇ ਆਪਣੇ ਕਾਰਜਕਾਲ ਦੌਰਾਨ ਸਬੂਤਾਂ ਨਾਲ ਛੇੜਛਾੜ ਕੀਤੀ ਅਤੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਦਿਆਂ ਰੁਚਿਕਾ ਨੂੰ ਖ਼ੁਦਕੁਸ਼ੀ ਲਈ ਮਜਬੂਰ ਕੀਤਾ। ਇਹ ਵੀ ਪਤਾ ਲੱਗਾ ਹੈ ਕਿ ਰੁਚਿਕਾ ਮਾਮਲੇ ਨੂੰ ਲੈ ਕੇ ਪੁਲਿਸ ਮੁਲਾਜ਼ਮਾਂ ਨੇ ਸੈਕਟਰ-5 ਦੇ ਥਾਣੇ ਵਿਚ ਇਸ ਕੇਸ ਸਬੰਧੀ ਰਿਕਾਰਡ ਖੰਗਾਲਣਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਕਈ ਫਾਈਲਾਂ ਮਿਲ ਵੀ ਨਹੀਂ ਰਹੀਆਂ, ਜਦਕਿ ਕਈ ਫਾਈਲਾਂ ਤੋਂ ਗਰਦ ਝਾੜੀ ਜਾ ਰਹੀ ਹੈ। ਐਸਪੀ ਪੰਚਕੂਲਾ ਅਨੁਸਾਰ ਕਈ ਫਾਈਲਾਂ ਸੀਬੀਆਈ ਕੋਲ ਹਨ। ਪੁਲਿਸ ਨੇ ਸਾਬਕਾ ਡੀਜੀਪੀ ਰਾਠੌਰ ਦੇ ਵਿਦੇਸ਼ ਜਾਣ 'ਤੇ ਰੋਕ ਲਗਾਉਂਦਿਆਂ ਪਾਸਪੋਰਟ ਜਮ੍ਹਾਂ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਰੁਚਿਕਾ ਕੇਸ 'ਚ ਅਦਾਲਤ ਨੇ ਹਰਿਆਣਾ ਸਰਕਾਰ ਨੂੰ ਆਪਣਾ ਰੁਖ ਸਪਸ਼ਟ ਕਰਨ ਲਈ ਕਿਹਾ ਹੈ। ਉਧਰ ਰੁਚਿਕਾ ਦੀ ਸਹੇਲੀ



ਅਰਾਧਨਾ ਨੇ ਰਾਠੌਰ ਨੂੰ 7 ਜਨਵਰੀ ਤੱਕ ਮਿਲੀ ਰਾਹਤ ਦੀ ਨਿੰਦਾ ਕੀਤੀ। ਅਰਾਧਨਾ ਨੇ ਕਿਹਾ ਕਿ ਰਾਠੌਰ ਖਿਲਾਫ ਭਾਵੇਂ ਲੋਕਾਂ ਨੇ ਤਾਂ ਆਵਾਜ਼ ਉਠਾਈ ਹੈ ਪਰ ਸਿਸਟਮ ਸੁਸਤ ਹੈ। ਉਨ੍ਹਾਂ ਅਦਾਲਤ ਵਿਚ ਵਿਸ਼ਵਾਸ ਪ੍ਰਗਟਾਉਂਦਿਆਂ ਕਿਹਾ ਕਿ ਇਸ ਮਾਮਲੇ ਵਿਚ ਰੁਚਿਕਾ ਨੂੰ ਇਨਸਾਫ਼ ਜ਼ਰੂਰ ਮਿਲੇਗਾ।

**ਯਾਦ ਰਹੇ** ਰੁਚਿਕਾ ਮਾਮਲੇ ਵਿਚ ਦੋ ਨਵੀਆਂ ਐਫ਼ ਆਈ ਆਰ ਤੋਂ ਬਾਅਦ ਸੰਭਾਵੀ ਗ੍ਰਿਫ਼ਤਾਰੀ ਦਾ ਸਾਹਮਣਾ ਕਰ ਰਹੇ ਹਰਿਆਣਾ ਪੁਲਿਸ ਦੇ ਸਾਬਕਾ ਡਾਇਰੈਕਟਰ ਜਨਰਲ ਸ਼ੰਭੂ ਪ੍ਰਸਾਦ ਸਿੰਘ ਰਾਠੌਰ ਨੇ ਅਗਾਊਂ ਜ਼ਮਾਨਤ ਲਈ ਸੈਸ਼ਨ ਕੋਰਟ ਵਿਚ ਅਪੀਲ ਕੀਤੀ ਸੀ , ਪਰ ਅਦਾਲਤ ਨੇ ਉਨ੍ਹਾਂ ਨੂੰ ਤੁਰੰਤ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

ਸੈਸ਼ਨ ਜੱਜ ਸ੍ਰੀ ਐਸ ਪੀ ਸਿੰਘ ਵਲੋਂ ਹੁਕਮ ਦਿੱਤਾ ਗਿਆ ਕਿ ਉਹ ਪਹਿਲਾਂ ਆਪਣੇ ਵਿਰੁਧ ਪੰਚਕੂਲਾ ਪੁਲਿਸ ਵਲੋਂ ਦਰਜ ਕੀਤੀਆਂ ਗਈਆਂ ਦੋਵੇਂ ਐਫ਼ ਆਈ ਆਰ ਦੇ ਕਾਗਜ਼ਾਤ ਅਦਾਲਤ ਵਿਚ ਵਿਖਾਉਣ ਅਤੇ ਉਸ ਤੋਂ ਬਾਅਦ ਹੀ ਇਸ ਬਾਰੇ ਕੁਝ ਸੋਚਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਪੰਚਕੂਲਾ ਪੁਲਿਸ ਵਲੋਂ ਬੀਤੀ 29 ਦਸੰਬਰ ਨੂੰ ਸ੍ਰੀ ਰਾਠੌਰ ਖਿਲਾਫ਼ ਦੋ ਮਾਮਲੇ ਦਰਜ ਕੀਤੇ ਗਏ ਸਨ, ਜਿਹੜੇ ਕਿ ਰੁਚਿਕਾ ਦੇ ਭਰਾ ਆਸ਼ੂ ਗਹਿਲੋਤਰਾ ਅਤੇ ਉਸਦੇ ਪਿਤਾ ਐਸ ਸੀ ਗਹਿਲੋਤਰਾ ਵਲੋਂ ਦਰਜ ਕਰਵਾਏ ਗਏ ਸਨ। 30ਦਸੰਬਰ ਨੂੰ ਜ਼ਿਲ੍ਹਾ ਅਦਾਲਤ ਖੁੱਲ੍ਹਣ ਸਾਰ ਸ੍ਰੀ ਰਾਠੌਰ ਆਪਣੀ ਪਤਨੀ ਦੇ ਨਾਲ ਜ਼ਿਲ੍ਹਾ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਗਏ। ਉਨ੍ਹਾਂ ਜੱਜ ਨੂੰ ਕਿਹਾ ਕਿ ਉਨ੍ਹਾਂ ਨੂੰ ਮੀਡੀਆ ਤੋਂ ਪਤਾ ਲੱਗਿਆ ਹੈ ਕਿ ਉਨ੍ਹਾਂ ਵਿਰੁਧ ਪੁਲਿਸ ਨੇ ਦੋ ਮਾਮਲੇ ਦਰਜ ਕੀਤੇ ਹਨ। ਇਸ ਅਗਾਊਂ ਜ਼ਮਾਨਤ ਬਾਰੇ ਜੱਜ ਕੋਲ ਗੁਹਾਰ ਸ੍ਰੀ ਰਾਠੌਰ ਦੀ ਵਕੀਲ ਪਤਨੀ ਸ੍ਰੀਮਤੀ ਆਭਾ ਰਾਠੌਰ ਨੇ ਲਗਾਈ। ਉਨ੍ਹਾਂ ਪੁਰਾਣਾ ਕਿੱਸਾ ਛੇੜਦਿਆਂ ਇਸ ਨਵੇਂ ਮਾਮਲੇ ਨੂੰ ਮੀਡੀਆ ਵਲੋਂ ਚੁੱਕੇ ਜਾਣ ਬਾਰੇ ਕਿਹਾ। ਉਨ੍ਹਾਂ ਨਾਲ ਹੀ ਕਿਹਾ ਕਿ ਉਸ ਵੇਲੇ ਦੀਆਂ ਰਿਪੋਰਟਾਂ ਵਿਚ ਅਜਿਹੇ ਕੋਈ ਹਾਲਾਤ ਨਹੀਂ ਸਨ, ਜਿੱਥੇ ਰੁਚਿਕਾ ਦੇ ਪਰਿਵਾਰ ਅਤੇ ਉਸਦੇ ਭਰਾ 'ਤੇ ਕੋਈ ਦਬਾਅ ਹੋਵੇ। ਜਦੋਂ ਸ੍ਰੀ ਰਾਠੌਰ ਅਦਾਲਤ ਵਿਚ ਗਏ ਤਾਂ ਉਨ੍ਹਾਂ ਦੇ ਚਿਹਰੇ 'ਤੋਂ ਰੌਣਕ ਗਾਇਬ ਸੀ ਅਤੇ ਗੁੱਸਾ ਸਾਫ਼ ਝਲਕ ਰਿਹਾ ਸੀ। ਉਨ੍ਹਾਂ ਨਾਲ ਸਿਰਫ਼ ਉਨ੍ਹਾਂ ਦੀ ਵਕੀਲ ਪਤਨੀ ਹੀ ਸੀ। ਸ੍ਰੀ ਰਾਠੌਰ ਮੀਡੀਆ ਵਿਚ ਘਿਰੇ ਹੋਏ ਗੁੱਸੇ ਵਿਚ ਜ਼ਿਲ੍ਹਾ ਅਦਾਲਤ ਦੇ ਜੱਜ ਦੇ ਕਮਰੇ ਨੂੰ ਲੱਭਦੇ ਰਹੇ। ਮੀਡੀਆ ਤੋਂ ਤੰਗ, ਗੁੱਸੇ ਵਿਚ ਆ ਕੇ ਉਹ ਆਪਣੀ ਵਕੀਲ ਪਤਨੀ ਨੂੰ ਅੱਗੇ ਖਿੱਚ ਕੇ ਲਿਜਾਂਦੇ ਜੋ ਤੁਰਦੇ ਸਮੇਂ ਉਨ੍ਹਾਂ ਤੋਂ ਪਿੱਛੇ ਰਹਿ ਜਾਂਦੀ ਸੀ। ਅਦਾਲਤ ਵਿਚੋਂ ਬਾਹਰ ਮੀਡੀਆ ਤੋਂ ਮੂੰਹ ਮੋੜ

## ਰਾਠੌਰ ਵਿਰੁਧ ਕਾਰਵਾਈ ਹੋਵੇਗੀ – ਹੁੱਡਾ

ਕੇ ਉਹ ਸੈਕਟਰ-6 ਸਥਿਤ ਆਪਣੀ ਰਿਹਾਇਸ਼ 'ਤੇ ਆ ਗਏ। ਮੀਡੀਆ ਨੂੰ ਆਪਣੇ ਪਿੱਛੇ-ਪਿੱਛੇ ਘਰ ਤੱਕ ਆਉਂਦਾ ਦੇਖ ਕੇ ਉਨ੍ਹਾਂ ਕਿਹਾ ਕਿ ਮੀਡੀਆ ਆਪਣਾ ਕੰਮ ਕਰੇ, ਉਹ ਆਪਣਾ ਕੰਮ ਕਰ ਰਹੇ ਹਨ।

ਜ਼ਿਲ੍ਹਾ ਪੁਲਿਸ ਨੇ ਇਸ ਮਾਮਲੇ ਵਿਚ ਤਿੰਨ ਹੋਰ ਪੁਲਿਸ ਵਾਲਿਆਂ ਨੂੰ ਵੀ ਦੋਸ਼ੀ ਬਣਾਇਆ, ਜਿਨ੍ਹਾਂ ਵਿਚ ਏਐਸਆਈ ਸੇਵਾ ਸਿੰਘ, ਐਸਆਈ ਜੈ ਨਰਾਇਣ ਤੇ ਐਸਆਈ ਪ੍ਰੇਮ ਦੱਤ ਸ਼ਾਮਲ ਹਨ। ਪੰਚਕੂਲਾ ਪੁਲਿਸ ਵਲੋਂ ਰਾਠੌਰ ਦੇ ਖਿਲਾਫ਼ ਦੋ ਮਾਮਲੇ ਦਰਜ ਕੀਤੇ ਜਾਣ ਬਾਰੇ ਮਰਹੂਮ ਰੁਚਿਕਾ ਦੀ ਸਹੇਲੀ ਅਰਾਧਨਾ ਅਤੇ ਉਸ ਦੇ ਪਿਤਾ ਅਤੇ ਮਾਤਾ ਨੇ ਵੀ ਖ਼ੁਸ਼ੀ ਪ੍ਰਗਟ ਕੀਤੀ ਹੈ। ਅਜਿਹਾ ਹੀ ਪ੍ਰਤੀਕਰਮ ਮਰਹੂਮ ਰੁਚਿਕਾ ਦੇ ਪਿਤਾ ਐਸ ਸੀ ਗਹਿਲੋਤਰਾ ਨੇ ਵੀ ਦਿੱਤਾ ਹੈ। ਪੰਚਕੂਲਾ ਦੀ ਗਲੋਬਲ ਹਿਊਮਨ ਰਾਈਟਸ ਪ੍ਰੋਟੈਕਸ਼ਨ ਆਰਗੇਨਾਈਜ਼ੇਸ਼ਨ ਨੇ ਵੀ ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੂੰ ਰਾਠੌਰ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਦਾ ਮੰਗ ਪੱਤਰ ਦਿੱਤਾ ਹੈ ਅਤੇ ਹਰਿਆਣਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਦਾ ਕੇਸ 19 ਸਾਲਾਂ ਤੋਂ ਲੜ ਰਹੇ ਰੁਚਿਕਾ ਦੀ ਸਹੇਲੀ ਆਨੰਦ ਪ੍ਰਕਾਸ਼ ਅਤੇ ਰੁਚਿਕਾ ਦੇ ਪਿਤਾ ਐਸ ਸੀ ਗਹਿਲੋਤਰਾ ਅਤੇ ਰੁਚਿਕਾ ਦੇ ਭਰਾ ਆਸ਼ੂ ਗਹਿਲੋਤਰਾ ਨੂੰ ਇੱਕ-ਇੱਕ ਕਰੋੜ ਦਾ ਮੁਆਵਜ਼ਾ ਦੇਵੇ ਤਾਂ ਕਿ ਇਨ੍ਹਾਂ ਦੀ ਮਾਨਸਿਕ ਪੀੜਾ ਅਤੇ ਸਰੀਰਕ ਪੀੜਾ ਨੂੰ ਘੱਟ ਕੀਤਾ ਜਾ ਸਕੇ। ਇਸ ਬਾਰੇ ਆਰਗੇਨਾਈਜੇਸ਼ਨ ਦੇ ਪ੍ਰਧਾਨ ਐਡਵੋਕੇਟ ਰਣਧੀਰ ਸਿੰਘ ਬਧਰਾਨ ਵਿੰਗ ਕਮਾਂਡਰ (ਰਿਟਾ.) ਐਚ ਐਲ ਰੱਤਾ, ਜਸਪਾਲ ਸਿੰਘ ਰਾਣਾ ਅਤੇ ਕਈਆਂ ਨੇ ਪ੍ਰੈਸ ਕਾਨਫਰੰਸ ਵੀ ਰੈਡ ਬਿਸ਼ਪ ਕੰਪਲੈਕਸ ਵਿਚ ਕੀਤੀ।

**ਰੁਚਿਕਾ ਨੂੰ ਨਿਆਂ ਦਿਵਾਉਣ ਲਈ ਈਸਾਈ ਜਥੇਬੰਦੀਆਂ ਅੱਗੇ ਆਈਆਂ :** ਰੁਚਿਕਾ ਮਾਮਲੇ ਵਿਚ ਚੰਡੀਗੜ੍ਹ ਦੇ ਸੇਕਰਡ ਹਾਰਟ ਸਕੂਲ ਦੇ ਪ੍ਰਬੰਧਕਾਂ ਵਲੋਂ ਉਸ ਸਮੇਂ ਦੇ ਪ੍ਰਿੰਸੀਪਲ ਨੂੰ ਕਲੀਨ ਚਿਟ ਦੇਣ ਦਾ ਸਖ਼ਤ ਵਿਰੋਧ ਕਰਦੇ ਹੋਏ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਇਸਾਈ ਜਥੇਬੰਦੀਆਂ ਨੇ ਭਾਰਤ ਵਿਚ ਪੋਪ ਦੇ ਨੁਮਾਇੰਦੇ ਨੂੰ ਇਸ ਸਬੰਧੀ ਅੰਦਰੂਨੀ ਜਾਂਚ ਕਮੇਟੀ ਗਠਿਤ ਕਰਨ ਦੀ ਅਪੀਲ ਕੀਤੀ ਹੈ। ਇੰਡੀਅਨ ਕ੍ਰਿਸ਼ਚੀਅਨ ਰਾਈਟਸ ਐਕਸ਼ਨ ਫੋਰਮ ਅਤੇ ਪੂਅਰ ਕ੍ਰਿਸ਼ਚੀਅਨ ਲਿਬਰੇਸ਼ਨ ਮੂਵਮੈਂਟ ਵਲੋਂ ਸਕੂਲ ਦੇ ਪ੍ਰਿੰਸੀਪਲ ਨੂੰ ਕਲੀਨ ਚਿਟ ਦੇਣ ਦੇ ਮਾਮਲੇ 'ਤੇ ਸਵਾਲ ਉਠਾਇਆ ਹੈ। ਉਧਰ ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਕਿਹਾ ਕਿ ਰੁਚਿਕਾ ਗਿਰਹੋਤਰਾ ਨੂੰ ਸਕੂਲ ਵਿਚੋਂ ਕੱਢੇ ਜਾਣ ਦੇ ਮਾਮਲੇ ਦੀ ਰੀਪੋਰਟ ਇਕ ਦੋ ਦਿਨਾਂ ਵਿਚ ਆ ਜਾਵੇਗੀ। ਚੰਡੀਗੜ੍ਹ ਦੇ ਗ੍ਰਹਿ ਕਮ ਸਿਖਿਆ ਸਕੱਤਰ ਰਾਮ ਨਿਵਾਸ ਨੇ ਕਿਹਾ ਕਿ ਐਸ.ਡੀ.ਐਮ. ਪ੍ਰੇਰਨਾ ਪੁਰੀ ਨੇ ਅਜੇ ਮੇਰੇ ਕੋਲ ਰੀਪੋਰਟ ਦਾਖ਼ਲ ਨਹੀਂ ਕੀਤੀ ਹੈ।

ਉਹ ਦੋ-ਤਿੰਨ ਵਿਅਕਤੀਆਂ ਤੋਂ ਪੁੱਛਗਿੱਛ ਮਗਰੋਂ ਰੀਪੋਰਟ ਦਾਖ਼ਲ ਕਰਨਗੇ ਜਿਸ ਨੂੰ ਤੁਰਤ ਜਨਤਕ ਕਰ ਦਿਤਾ ਜਾਵੇਗਾ। ਦੱਸਣਯੋਗ ਹੈ ਕਿ ਪ੍ਰੇਰਨਾ ਪੁਰੀ ਨੇ ਕਲ ਸੇਕਰਡ ਹਾਰਟ ਸਕੂਲ ਦੀ ਪ੍ਰਿੰਸੀਪਲ ਸਿਸਟਰ ਸੈਬਸਟੀਅਨ ਤੋਂ ਪੁੱਛਗਿੱਛ ਕੀਤੀ ਸੀ।

## ਸਾਲਾਂ ਬਾਅਦ ਵੀ ਇਨਸਾਫ ਨਹੀਂ ਮਿਲਿਆ ਸਮੂਹਿਕ ਬਲਾਤਕਾਰ ਦੀ ਪੀੜਤਾ ਨੂੰ

**ਅਹਿਮਦਾਬਾਦ :** ਭਾਵੇਂ ਰੁਚਿਕਾ ਦੀ ਕਹਾਣੀ ਕੌਮੀ ਪੱਧਰ 'ਤੇ ਪ੍ਰਸਿੱਧ ਹੋ ਚੁੱਕੀ ਹੈ ਪਰ ਉਸ ਵਰਗੀਆਂ ਅਨੇਕਾਂ ਬਦਕਿਸਮਤ ਕੁੜੀਆਂ ਹਨ ਜਿਨ੍ਹਾਂ ਨੂੰ ਅਜੇ ਤਕ ਇਨਸਾਫ ਨਹੀਂ ਮਿਲਿਆ। ਗੁਜਰਾਤ ਦੇ ਵਡੋਦਰਾ ਜ਼ਿਲੇ ਦੇ ਇਕ ਪਿੰਡ ਵਿਚ ਕਰੀਬ 13 ਸਾਲ ਪਹਿਲਾਂ, ਹੋਲੀ ਤੋਂ ਇਕ ਦਿਨ ਬਾਅਦ ਇਕ ਵਿਧਾਇਕ ਦੇ ਰਿਸ਼ਤੇਦਾਰ ਅਤੇ ਉਸਦੇ ਇਕ ਮਿੱਤਰ ਨੇ ਧੂਲੇਟੀ ਉਤਸਵ ਦੀ ਰਾਤ ਇਕ 13 ਸਾਲਾ ਦਲਿਤ ਕੁੜੀ ਨਾਲ ਸਮੂਹਿਕ ਬਲਾਤਕਾਰ ਕੀਤਾ। ਇੰਨਾ ਅਰਸਾ ਬੀਤ ਜਾਣ ਤੋਂ ਬਾਅਦ ਵੀ ਇਹ ਮਾਮਲਾ ਅਜੇ ਗਵਾਹੀਆਂ ਵਿਚ ਹੀ ਫਸਿਆ ਹੋਇਆ ਹੈ। ਇਸ ਕੁੜੀ ਨੇ ਵਿਆਹ ਵੀ ਕਰਵਾ ਲਿਆ ਹੈ ਅਤੇ ਉਹ 2 ਜੁਆਕਾਂ ਦੀ ਮਾਂ ਬਣ ਚੁੱਕੀ ਹੈ ਪਰ ਉਸ ਨੂੰ ਅਜੇ ਇਨਸਾਫ ਨਹੀਂ ਮਿਲਿਆ। ਇਹ ਘਟਨਾ 13 ਮਾਰਚ 1998 ਦੀ ਰਾਤ ਨੂੰ ਉਦੋਂ ਵਾਪਰੀ ਸੀ ਜਦੋਂ ਮੋਕਸੀ ਪਿੰਡ ਤੋਂ ਉਕਤ ਕੁੜੀ ਨੂੰ ਉਸਦੇ ਘਰੋਂ ਰਮੇਸ਼ ਬਾਰੀਆ ਅਤੇ ਉਸਦੇ ਦੋਸਤ ਨੇ ਅਗਵਾ ਕਰ ਲਿਆ ਸੀ ਅਤੇ ਉਸ ਨਾਲ ਬਲਾਤਕਾਰ ਕੀਤਾ ਸੀ। ਅਗਲੀ ਸਵੇਰ ਉਹ ਪਿੰਡ ਦੇ ਛੱਪੜ ਨੇੜਿਓਂ ਖੂਨ ਨਾਲ ਲਥਪਥ ਮਿਲੀ ਸੀ। ਜਦੋਂ ਉਸ ਦੇ ਘਰਦਿਆਂ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਤਾਂ ਸਾਵਲੀ ਤੋਂ ਕਾਂਗਰਸ ਵਿਧਾਇਕ ਖੁਮਾਨ ਸਿੰਘ ਚੌਹਾਨ ਨੇ ਆਪਣੇ ਲੈਟਰਹੈਡ ਤੇ ਸਬ ਇੰਸਪੈਕਟਰ ਨੂੰ ਹੱਥ ਲਿਖਤ ਰੁੱਕਾ ਭੇਜਿਆ ਕਿ ਮਾਮਲਾ ਦਬਾ ਲਿਆ ਜਾਵੇ। ਪੁਲਸ ਨੇ ਦਬਾਅ ਹੇਠ ਕੇਸ ਦਰਜ ਨਾ ਕੀਤਾ ਅਤੇ ਕੁੜੀ ਨੂੰ ਡਾਕਟਰੀ ਜਾਂਚ ਲਈ ਹਸਪਤਾਲ ਭੇਜਿਆ। ਹਸਪਤਾਲ ਵਿਚ ਡਾਕਟਰਾਂ ਨੇ ਕੁੜੀ ਨੂੰ ਮਾਨਸਿਕ ਪੱਖੋਂ ਬੀਮਾਰ ਸਮਝ ਕੇ ਮੈਂਟਲ ਹਸਪਤਾਲ ਵਡੋਦਰਾ ਭੇਜ ਦਿੱਤਾ। ਉਥੇ ਡਾਕਟਰਾਂ ਨੇ ਮਹਿਸੂਸ ਕੀਤਾ ਕਿ ਉਸ ਨਾਲ ਬਲਾਤਕਾਰ ਹੋਇਆ ਹੈ। ਇਸ ਕਰਕੇ ਉਸ ਨੂੰ ਮੁੜ ਹਸਪਤਾਲ ਭੇਜ ਦਿਤਾ ਗਿਆ ਜਿਥੇ ਉਸ ਨਾਲ ਬਲਾਤਕਾਰ ਹੋਣ ਦੀ ਪੁਸ਼ਟੀ ਹੋਈ। ਇਸ 'ਤੇ ਵੀ ਪੁਲਸ ਸੰਜੀਦਾ ਨਾ ਹੋਈ ਅਤੇ ਟਾਲ ਮਟੋਲ ਜਾਰੀ ਰੱਖਿਆ। ਥੱਕ ਕੇ ਪੀੜਤ ਕੁੜੀ ਦੇ ਪਰਿਵਾਰ ਵਾਲਿਆਂ ਹਾਈ ਕੋਰਟ ਦੀ ਸ਼ਰਨ ਲਈ ਤਾਂ ਕਿਤੇ ਜਾ ਕੇ ਮਾਮਲਾ ਦਰਜ ਹੋ ਸਕਿਆ ਸੀ। ਪਰ ਇਸ ਮਾਮਲੇ ਦਾ ਅਜੇ ਫੈਸਲਾ ਆਉਣਾ ਬਾਕੀ ਹੈ।

ਓਧਰ ਵਿਧਾਇਕ ਚੌਹਾਨ ਨੇ ਕਿਹਾ ਕਿ ਉਸ ਦੇ ਲੈਟਰਹੈੱਡ ਦੀ ਕਿਸੇ ਨੇ ਦੁਰਵਰਤੋਂ ਕੀਤੀ ਹੈ ਅਤੇ ਮੈਂ ਬਾਰੀਆਂ ਨੂੰ ਨਹੀਂ ਜਾਣਦਾ।

## ਸਾਰੇ ਹੀ ਸਰੀਰਕ ਛੇੜਛਾੜ ਦੇ ਮਾਮਲਿਆਂ ਦਾ ਨਿਪਟਾਰਾ ਦੋ ਮਹੀਨੇ 'ਚ ਹੋਵੇਗਾ

**ਨਵੀਂ ਦਿੱਲੀ :** ਰੁਚਿਕਾ ਛੇੜਛਾੜ ਮਾਮਲੇ ਤੋਂ ਸਬਕ ਲੈਂਦਿਆਂ ਦੇਸ਼ ਦੇ ਗ੍ਰਹਿ ਮੰਤਰਾਲੇ ਨੇ ਫ਼ੌਜਦਾਰੀ ਕਾਨੂੰਨ (ਸੀ.ਆਰ.ਪੀ.ਸੀ.) ਵਿਚ ਸੋਧ ਕੀਤੀ ਹੈ ਕਿ ਹੁਣ ਕਿਸੇ ਵੀ ਤਰ੍ਹਾਂ ਦੀ ਸਰੀਰਕ ਛੇੜਛਾੜ (ਸਮੇਤ ਬਲਾਤਕਾਰ) ਦੇ ਕੇਸਾਂ ਦਾ ਫੈਸਲਾ ਲਗਪਗ ਦੋ ਮਹੀਨਿਆਂ ਵਿਚ ਹੋ ਸਕਿਆ ਕਰੇਗਾ। ਪੀੜਤ ਨੂੰ ਅਦਾਲਤ ਦੇ ਫੈਸਲੇ ਵਿਰੁਧ ਅਪੀਲ ਕਰਨ ਦਾ ਅਧਿਕਾਰ ਹੋਵੇਗਾ। ਇਹ ਸੋਧ ਹੁਣ ਤੋਂ ਹੀ ਲਾਗੂ ਹੋ ਗਈ ਹੈ। ਇਸ ਨਾਲ ਸਰੀਰਕ ਛੇੜਛਾੜ ਦੀ ਸ਼ਿਕਾਇਤ ਕਰਨ ਵਾਲਿਆਂ ਨੂੰ ਭਾਰੀ ਰਾਹਤ ਮਿਲੀ ਹੈ। ਹੁਣ ਤਕ ਸਿਰਫ ਰਾਜ ਸਰਕਾਰ ਨੂੰ ਅਜਿਹੇ ਫੈਸਲਿਆਂ ਵਿਰੁਧ ਅਪੀਲ ਕਰਨ ਦਾ ਅਧਿਕਾਰ ਸੀ। ਗ੍ਰਹਿ ਵਿਭਾਗ ਵਲੋਂ ਫ਼ੌਜਦਾਰੀ ਕਾਨੂੰਨ ਵਿਚ ਕੀਤੀ ਸੋਧ ਅਨੁਸਾਰ ਹੁਣ ਪੀੜਤ ਸਰਕਾਰੀ ਪੱਖ ਦੀ ਸਹਾਇਤਾ ਲਈ ਆਪਣਾ ਵਕੀਲ ਵੀ ਨਿਯੁਕਤ ਕਰ ਸਕਦਾ ਹੈ। ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਬਲਾਤਕਾਰ ਪੀੜਤ ਦਾ ਬਿਆਨ ਉਸਦੀ ਰਿਹਾਇਸ਼ 'ਤੇ ਜਾ ਕੇ, ਜੇ ਸੰਭਵ ਹੋਵੇ ਤਾਂ ਮਹਿਲਾ ਪੁਲੀਸ ਅਧਿਕਾਰੀ ਨੂੰ ਉਸ ਦੇ ਮਾਪਿਆਂ, ਸਰਪ੍ਰਸਤ ਜਾਂ ਸਮਾਜਿਕ ਕਾਰਕੁੰਨ ਦੀ ਹਾਜ਼ਰੀ ਵਿਚ ਦਰਜ ਕਰਨਾ ਹੋਵੇਗਾ। ਕਾਨੂੰਨ ਵਿਚ ਕੀਤੀ ਨਵੀਂ ਸੋਧ ਮੁਤਾਬਕ ਬਿਆਨ ਜਾਂ ਇਕਬਾਲੀਆ ਬਿਆਨ ਆਡੀਓ-ਵੀਡੀਓ ਰਾਹੀਂ ਰਿਕਾਰਡ ਕੀਤਾ ਜਾਵੇਗਾ।

ਭਾਰਤੀ ਫੌਜਦਾਰੀ ਕਾਨੂੰਨ ਦੀ ਧਾਰਾ 376 (ਬਲਾਤਕਾਰ) ਤੋਂ ਲੈ ਕੇ 376 ਡੀ ਤੱਕ (ਸਾਰੀਆਂ ਧਾਰਾਵਾਂ ਜੋ ਸਰੀਰਕ ਸ਼ੋਸ਼ਣ ਨਾਲ ਸਬੰਧਤ ਹਨ) ਬਾਰੇ ਕੇਸ ਜਿੰਨੀ ਛੇਤੀ ਸੰਭਵ ਹੋਵੇ, ਦੋ ਮਹੀਨਿਆਂ ਦੇ ਅੰਦਰ-ਅੰਦਰ ਨਿਪਟਾਇਆ ਜਾਵੇਗਾ। ਇਸ ਨਵੀਂ ਸੋਧ ਅਨੁਸਾਰ ਇੱਕ ਨਵੀਂ ਧਾਰਾ 357 ਏ ਕਾਨੂੰਨ ਵਿਚ ਸ਼ਾਮਲ ਕੀਤੀ ਗਈ ਹੈ, ਜਿਸ ਤਹਿਤ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਅਜਿਹੇ ਮਾਮਲਿਆਂ 'ਚ ਪੀੜਤਾਂ ਨੂੰ ਜਾਂ ਉਨ੍ਹਾਂ ਦੇ ਆਸ਼ਰਿਤਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਲਈ ਫੰਡ ਦੀ ਵਿਵਸਥਾ ਕਰਨੀ ਹੋਵੇਗੀ। ਭਾਵੇਂ ਫੌਜਦਾਰੀ ਕਾਨੂੰਨ ਵਿਚ 2006 ਵਿਚ ਸੋਧ ਕੀਤੀ ਗਈ ਸੀ ਪਰ ਇਸਨੂੰ ਅਜੇ ਤਕ ਲਾਗੂ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪੁਲੀਸ ਅਧਿਕਾਰੀ ਵਲੋਂ ਗ੍ਰਿਫਤਾਰੀ ਤੇ ਅਦਾਲਤ ਦੇ ਇਨਕਾਰ ਕਾਰਨ, ਕੇਸ ਨੂੰ ਅੱਗੇ ਪਾਉਣ ਦੀ ਸ਼ਕਤੀ ਸਬੰਧੀ ਸੋਧਾਂ 'ਤੇ ਵੀ ਅਮਲ ਨਹੀਂ ਹੋਇਆ ਸੀ। ਇਨ੍ਹਾਂ ਤਜਵੀਜ਼ਾਂ ਸਬੰਧੀ ਸੁਝਾਅ ਲਏ ਜਾਣਗੇ।

# ਪੰਜਾਬ ਵਿਚ ਵੀ ਖ਼ੁਦਕੁਸ਼ੀਆਂ ਦੇ ਕਈ ਮਾਮਲੇ ਚਰਚਾ ਵਿਚ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਡੀ.ਜੀ.ਪੀ. ਰਾਠੌਰ ਵਲੋਂ ਰੁਚਿਕਾ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਮਾਮਲੇ 'ਚ ਦੇਸ਼ ਭਰ 'ਚ ਉੱਠੀ ਲਹਿਰ ਤੇ ਇਸ ਸਬੰਧੀ ਕੇਂਦਰ ਸਰਕਾਰ ਵਲੋਂ ਵੀ ਅਪਨਾਏ ਗਏ ਸਖ਼ਤ ਰੁਖ਼ 'ਤੇ ਸ਼ਿਕਾਇਤ ਨੂੰ ਐੱਫ.ਆਈ.ਆਰ. ਮੰਨੇ ਜਾਣ ਸਬੰਧੀ ਕੀਤੇ ਫੈਸਲੇ ਤੋਂ ਬਾਅਦ ਪੰਜਾਬ 'ਚ ਵੀ ਪਿਛਲੇ ਸਮਿਆਂ 'ਚ ਇਨਸਾਫ ਨਾ ਮਿਲਣ ਕਾਰਨ ਖ਼ੁਦਕੁਸ਼ੀ ਦੇ ਕਈ ਮਾਮਲੇ ਚਰਚਾ 'ਚ ਆ ਗਏ ਹਨ। ਇਨ੍ਹਾਂ 'ਚ ਪਿਛਲੇ ਸਮੇਂ 'ਚ ਅੰਮ੍ਰਿਤਸਰ ਵਿਖੇ ਤਾਇਨਾਤ ਰਹੇ ਆਈ.ਪੀ.ਐੱਸ. ਅਧਿਕਾਰੀ 'ਤੇ ਵੀ ਉਂਗਲ ਉਠੀ ਹੈ। ਇਸਤੋਂ ਇਲਾਵਾ ਅਜਿਹੇ ਕਈ ਹੋਰ ਮਾਮਲੇ ਵੀ ਹਨ ਜਿਨ੍ਹਾਂ ਬਾਰੇ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਦੇਸ਼ ਦੀ ਰਾਸ਼ਟਰਪਤੀ ਤੋਂ ਇਲਾਵਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਕਾਨੂੰਨ ਮੰਤਰੀ ਨੂੰ ਪੱਤਰ ਭੇਜ ਕੇ ਜਾਣਕਾਰੀ ਦਿੰਦਿਆਂ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਹ ਪੱਤਰ ਭੇਜਣ ਵਾਲਿਆਂ 'ਚ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਪ੍ਰਤੀਨਿਧ ਜਸਟਿਸ ਅਜੀਤ ਸਿੰਘ ਬੈਂਸ, ਹਰਮਨਦੀਪ ਸਿੰਘ, ਪਰਮਜੀਤ ਕੌਰ ਖਾਲੜਾ, ਸਤਵਿੰਦਰ ਸਿੰਘ ਪਲਾਸੌਰ, ਸਰੂਪ ਸਿੰਘ ਮੱਲ੍ਹੀ ਸ਼ਾਮਲ ਹਨ। ਭੇਜੇ ਗਏ ਪੱਤਰ 'ਚ ਮੰਗ ਕੀਤੀ ਗਈ ਹੈ ਕਿ ਅਜਿਹੇ ਮਾਮਲਿਆਂ ਦੀ ਸੁਣਵਾਈ ਲਈ ਵਿਸ਼ੇਸ਼ ਕੋਰਟਾਂ ਬਣਾਈਆਂ ਜਾਣ ਤੇ ਦਾਗੀ ਪੁਲਿਸ ਅਧਿਕਾਰੀਆਂ ਦੇ ਮੈਡਲ ਵਾਪਸ ਲਏ ਜਾਣ। ਭੇਜੇ ਗਏ ਪੱਤਰ 'ਚ ਪਿਛਲੇ ਸਮੇਂ 'ਚ ਅੰਮ੍ਰਿਤਸਰ ਵਿਖੇ ਐੱਸ.ਐੱਸ.ਪੀ. ਵਜੋਂ ਤਾਇਨਾਤ ਰਹੇ ਇਕ ਆਈ.ਪੀ.ਐੱਸ.ਅਧਿਕਾਰੀ ਉੱਪਰ ਇਕੋ ਪਰਿਵਾਰ ਦੇ ਪੰਜ ਜੀਆਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰਨ ਦਾ ਦੋਸ਼ ਲਾਇਆ ਗਿਆ ਹੈ। ਕਿਹਾ ਗਿਆ ਕਿ ਪਰਿਵਾਰ ਦੀ ਔਰਤ ਨਾਲ ਗਲਤ ਹਰਕਤਾਂ ਕੀਤੀਆਂ ਗਈਆਂ ਤੇ ਲੱਖਾਂ ਰੁਪਏ ਰਿਸ਼ਵਤ ਲਈ ਗਈ। ਪੱਤਰ 'ਚ ਇਹ ਵੀ ਦਾਅਵਾ ਕੀਤਾ ਗਿਆ ਕਿ ਖ਼ੁਦਕੁਸ਼ੀ ਕਰਨ ਵਾਲੇ ਪਰਿਵਾਰ ਨੇ ਆਤਮਹੱਤਿਆ ਬਾਰੇ ਜੋ ਨੋਟ ਲਿਖਿਆ ਸੀ, ਉਸ ਉੱਪਰ ਵੀ ਸਬੰਧਤ ਅਧਿਕਾਰੀ ਦਾ ਨਾਂ ਲਿਖਿਆ ਗਿਆ ਸੀ। ਪੱਤਰ 'ਚ ਕਿਹਾ ਗਿਆ ਕਿ 15 ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਇਸ ਮਾਮਲੇ 'ਚ ਅੱਜ ਤਕ ਐਫ.ਆਈ.ਆਰ. ਦਰਜ ਨਹੀਂ ਕੀਤੀ ਗਈ। ਜ਼ਿਲਾ ਅੰਮ੍ਰਿਤਸਰ 'ਚ ਹੀ ਅਜਾਇਬ ਸਿੰਘ ਓਠੀਆਂ ਵਾਸੀ ਦੇ ਸਪੁੱਤਰ ਨੂੰ ਪਿਛਲੇ ਸਾਲਾਂ 'ਚ ਇਕ ਡੀ.ਐੱਸ.ਪੀ. ਵਲੋਂ ਕਥਿਤ ਤੌਰ 'ਤੇ ਝੂਠੇ ਪੁਲਸ ਮੁਕਾਬਲੇ 'ਚ ਮਾਰਨ ਦਾ ਜ਼ਿਕਰ ਕੀਤਾ ਗਿਆ ਹੈ ਤੇ ਦੱਸਿਆ ਗਿਆ ਕਿ ਇਸ ਮਾਮਲੇ 'ਚ ਵੀ ਕੋਈ ਕੇਸ ਰਜਿਸਟਰਡ ਨਾ ਹੋਣ ਕਾਰਨ ਪੀੜਤ ਵਲੋਂ ਨਿਆਂ ਨਾ ਮਿਲਣ ਕਰਕੇ ਦਰਬਾਰ ਸਾਹਿਬ ਖੇਤਰ 'ਚ ਖ਼ੁਦਕੁਸ਼ੀ ਕੀਤੀ ਗਈ। ਕਿਹਾ ਗਿਆ ਕਿ ਖ਼ੁਦਕੁਸ਼ੀ ਤੋਂ ਬਾਅਦ ਅਜਾਇਬ ਸਿੰਘ ਵਲੋਂ ਜੋ ਆਤਮ ਹੱਤਿਆ ਨੋਟ ਲਿਖਿਆ ਗਿਆ, ਉਸ 'ਚ ਸਾਫ ਤੌਰ 'ਤੇ ਇਸ ਦੇ ਕਾਰਨਾਂ ਬਾਰੇ ਲਿਖਿਆ ਗਿਆ ਸੀ ਪਰੰਤੂ ਇਸ ਮਾਮਲੇ 'ਚ ਕੇਸ ਦਰਜ ਹੋਣਾ ਤਾਂ ਦੂਰ ਦੀ ਗੱਲ ਕਿਸੇ ਅਧਿਕਾਰੀ ਵਲੋਂ ਪੜਤਾਲ ਤਕ ਵੀ ਨਹੀਂ ਕਰਵਾਈ ਗਈ। ਇਸੇ ਤਰ੍ਹਾਂ ਕਈ ਹੋਰ ਅਜਿਹੇ ਮਾਮਲਿਆਂ 'ਚ ਐਫ.ਆਈ.ਆਰ.ਦਰਜ ਹੋਣ ਦੇ ਬਾਵਜੂਦ ਕਈ ਕਈ ਸਾਲਾਂ ਦਾ ਸਮਾਂ ਬੀਤ ਜਾਣ 'ਤੇ ਵੀ ਕੋਈ ਕਾਰਵਾਈ ਨਾ ਹੋਣ ਦੇ ਵੇਰਵੇ ਵੀ ਪ੍ਰਧਾਨ ਮੰਤਰੀ ਤੇ ਹੋਰਨਾਂ ਸਬੰਧਤ ਮੰਤਰੀਆਂ ਨੂੰ ਭੇਜੇ ਗਏ ਪੱਤਰ 'ਚ ਦਿੱਤੇ ਗਏ ਹਨ। ਇਨ੍ਹਾਂ ਮਾਮਲਿਆਂ 'ਚ ਸੀ.ਬੀ.ਆਈ. ਦੀ ਭੂਮਿਕਾ ਉੱਪਰ ਵੀ ਸਵਾਲ ਉਠਾਉਂਦਿਆਂ ਸਾਰੇ ਮਾਮਲਿਆਂ ਦੀ ਮੁੜ ਜਾਂਚ ਕਰਵਾ ਕੇ ਇਨਸਾਫ ਦੀ ਮੰਗ ਕੀਤੀ ਗਈ ਹੈ।

## ਆਬੂਧਾਬੀ ਤੋਂ ਪਰਤਿਆ ਪੰਜਾਬੀ ਨੌਜਵਾਨ ਲਾਪਤਾ

**ਬੈਲਜੀਅਮ :** ਤਿੰਨ ਦਸੰਬਰ ਨੂੰ ਆਬੂਧਾਬੀ ਤੋਂ ਦਿੱਲੀ ਆਏ ਪੰਜਾਬੀ ਨੌਜਵਾਨ ਚਰਨਜੀਤ ਸਿੰਘ ਦਾ ਕੋਈ ਥਹੁ ਪਤਾ ਨਹੀਂ ਲੱਗਾ। ਜ਼ਿਕਰਯੋਗ ਹੈ ਕਿ ਬਰਨਾਲਾ ਜ਼ਿਲ੍ਹੇ ਦਾ 22 ਸਾਲਾ ਨੌਜਵਾਨ ਆਬੂਧਾਬੀ ਆਪਣੇ ਪਿਤਾ ਕੋਲ ਰੁਜ਼ਗਾਰ ਲਈ ਗਿਆ ਸੀ, ਪਰ ਬਗੈਰ ਕਿਸੇ ਨੂੰ ਦੱਸਿਆਂ ਵਾਪਸ ਪਰਤ ਆਇਆ। ਨੌਜਵਾਨ ਦੇ ਪਿਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਬੰਧੀ ਪੰਜਾਬ ਪੁਲਿਸ ਸ਼ਿਕਾਇਤ ਵੀ ਦਰਜ ਨਹੀਂ ਕਰ ਰਹੀ।

## ਕਾਮਰੇਡ ਜਯੋਤੀ ਬਾਸੂ ਹਸਪਤਾਲ 'ਚ ਦਾਖ਼ਲ



**ਕੋਲਕਾਤਾ :** ਮਰਹੂਮ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਬੇਹੱਦ ਨਜ਼ਦੀਕੀ ਤੇ ਪੱਛਮੀ ਬੰਗਾਲ ਦੇ ਲੰਮਾ ਸਮਾਂ ਮੁੱਖ ਮੰਤਰੀ ਰਹੇ ਕਾ. ਜਯੋਤੀ ਬਾਸੂ ਨੂੰ ਬੁਖ਼ਾਰ ਤੇ ਛਾਤੀ ਵਿਚ ਇਨਫੈਕਸ਼ਨ ਹੋਣ ਤੋਂ ਬਾਅਦ ਕੋਲਕਾਤਾ ਦੇ ਏ ਐਮ ਆਰ ਆਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ।ਜ਼ਿਕਰਯੋਗ ਹੈ ਕਿ ਸ਼ੁਰੂਆਤੀ ਜਾਂਚ ਤੋਂ ਬਾਅਦ ਡਾਕਟਰਾਂ ਨੇ ਕਾ. ਬਾਸੂ ਦਾ ਐਕਸਰਾ ਕੀਤਾ। ਇਸ ਉਪਰੰਤ ਡਾਕਟਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਠੰਢ ਲੱਗੀ ਹੋਈ ਹੈ। ਇਸੇ ਤਰ੍ਹਾਂ ਇਕ ਵਾਰ ਫ਼ਿਰ ਜਾਂਚ ਕਰਨ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਨ ਦਾ ਫੈਸਲਾ ਲੈ ਲਿਆ ਗਿਆ ਹੈ। ਜੁਲਾਈ 'ਚ ਵੀ ਕਾ. ਬਾਸੂ ਨੂੰ ਡ੍ਰਿੰਗਣ ਕਾਰਨ ਹਸਪਤਾਲ ਭਰਤੀ ਕਰਵਾਇਆ ਗਿਆ ਸੀ।

# ਦਸਮ ਗ੍ਰੰਥ ਬਾਰੇ ਵਾਦ ਵਿਵਾਦ

## ਪਾਠਕਾਂ ਦੀ ਰਾਏ

ਦਸਮ ਗ੍ਰੰਥ ਬਾਰੇ ਸਿੱਖ ਸੰਗਤਾਂ ਵਿਚ ਉਠਿਆ ਵਿਵਾਦ ਕਿਸੇ ਨਿਰਣੇ ਤੇ ਨਹੀਂ ਪਹੁੰਚਿਆ ਅਤੇ ਸੰਗਤਾਂ ਵਿਚ ਕਿੰਤੂ-ਪ੍ਰੰਤੂ ਸਿਖਰਾਂ 'ਤੇ ਹੈ। ਪੰਜਾਬ ਤੋਂ ਬਾਹਰ ਦੇ ਤਖਤਾਂ ਦੇ ਸਥਾਨਾਂ 'ਤੇ ਇਸ ਗ੍ਰੰਥ ਦੀ ਛਾਪ-ਛਪਾਈ ਤੇ ਵਿਕਰੀ ਇਸ਼ਤਿਹਾਰਾਂ ਰਾਹੀਂ ਕੀਤੀ ਜਾ ਰਹੀ ਹੈ। ਤਖਤ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਨਾਦੇੜ ਵਿਖੇ ਇਕੋ ਥਾਂ ਇਕੋ ਛੱਤ ਥੱਲੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਨਾਲ ਅਤੇ ਇਕੋ ਪੀੜੇ ਉਤੇ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਦਸਮ ਗ੍ਰੰਥ ਵਿਚੋਂ ਮੁਖ ਵਾਕ ਲਿਆ ਜਾਂਦਾ ਹੈ, ਤੀਜੇ ਪਹਿਰ ਕਥਾ ਕੀਤੀ ਜਾਂਦੀ ਹੈ ਤੇ ਸੰਗਤਾਂ ਵਿਚ ਪ੍ਰਭਾਵ ਇਹ ਦਿਤਾ ਜਾਂਦਾ ਹੈ ਕਿ ਇਹ ਰਚਨਾ ਦਸਮੇਸ ਪਾਤਸ਼ਾਹ ਦੀ ਕੀਤੀ ਹੋਈ ਹੈ। ਤਖਤ ਸਾਹਿਬ ਵਲੋਂ ਛਾਪੇ ਜਾਂਦੇ ਸੱਚਖੰਡ ਪੱਤਰ ਵਿਚ ਦਸਮ ਗ੍ਰੰਥ ਦੇ ਅਖੰਡਪਾਠ ਕਰਾਉਣ ਦਾ ਸੱਦਾ ਦਿਤਾ ਜਾਂਦਾ ਹੈ। ਪਾਠ ਦੀ ਭੇਟਾ ਵੀ ਦੁਗਣੀ ਚਾਰਜ ਕੀਤੀ ਜਾਂਦੀ ਹੈ। ਇਸ ਸਭ ਕੁਝ ਪਿਛੇ ਕੀ ਮਨੋਰਥ ਹੈ? ਦਸਮ ਗ੍ਰੰਥ ਦੀ ਵਿਕਰੀ ਵੀ ਸਸਤੇ ਦਾਮਾਂ ਉਤੇ ਲਾਈ ਹੋਈ ਹੈ ਕਿ ਛੇਤੀ ਘਰਾਂ ਵਿਚ ਲੈ ਜਾ ਕੇ ਪ੍ਰਕਾਸ਼ ਕਰੋ। ਦਸਮ ਗ੍ਰੰਥ ਦਾ ਅਖੰਡ ਪਾਠ ਕਰਨਾ ਵਡੀ ਭੁਲ ਹੈ। ਇਹ ਸਭ ਹੁੰਦਾ ਵੇਖ ਕੇ ਪ੍ਰਸ਼ਨ ਪੈਦਾ ਹੋਣੇ ਲਾਜ਼ਮੀ ਹਨ।

ਪਹਿਲਾ ਪ੍ਰਸ਼ਨ ਤਾਂ ਇਹ ਹੈ ਕਿ ਦਸਮ ਗ੍ਰੰਥ ਕਿਸ ਨੇ ਲਿਖਿਆ, ਕਿਸ ਨੇ ਲਿਖਵਾਇਆ, ਕਿਸ ਥਾਂ 'ਤੇ ਲਿਖਿਆ ਤੇ ਕਿਸ ਸਾਲ ਵਿਚ ਲਿਖਿਆ? ਦਸਮ ਗ੍ਰੰਥ ਵਿਚ ਦਰਜ ਸਾਮਗਰੀ ਵਿਸ਼ੇਸ਼ ਕਰਕੇ ਚਰਿਤ੍ਰੋਪਾਖਿਆਨ, ਚਰਿਤ੍ਰ ਚਾਰ ਸਉ ਪਾਂਚ ਕਿਥੋਂ ਆਏ? ਇਨ੍ਹਾਂ ਅਸ਼ਲੀਲ ਕਥਾਵਾਂ ਦਾ ਲੇਖਕ ਕੌਣ ਹੈ ਅਤੇ ਲਿਖਣ ਦਾ ਮਨੋਰਥ ਕੀ ਹੈ? ਅਖੰਡਪਾਠ ਕਿਸ ਲਈ? ਸ਼ਰਮ ਹਯਾ ਕਿਥੇ ਗਈ? ਕਿਸੇ ਨੂੰ ਕੋਈ ਸ਼ਰਮ ਹੈ ਤਾਂ ਚਰਿਤ੍ਰ 405 ਖੁਦ ਪੜ੍ਹ ਲਵੇ। ਅਸ਼ਲੀਲਤਾ ਦੀ ਹੱਦ ਹੈ।

ਦੂਜਾ ਪ੍ਰਸ਼ਨ ਇਹ ਹੈ ਕਿ ਕੀ ਦਸਮ ਗ੍ਰੰਥ ਵਿਚ ਸੱਚੀ ਬਾਣੀ ਹੈ ਅਤੇ ਗੁਰੂ ਦਾ ਦਰਜਾ ਰਖਦੀ ਹੈ? ਕੀ ਦਸਮ ਗ੍ਰੰਥ ਵਿਚ ਦਰਜ ਸੱਚੀ ਬਾਣੀ ਹੈ ਅਤੇ ਗੁਰੂ ਦਾ ਦਰਜਾ ਰਖਦੀ ਹੈ? ਕਿਉਂਕਿ ਕੱਚੀ ਬਾਣੀ ਤੋਂ ਸਿੱਖਾਂ ਨੂੰ ਵਰਜਿਆ ਗਿਆ ਹੈ। ਇਹ ਸਭ ਤੋਂ ਮਹੱਤਵਪੂਰਨ ਅਤੇ ਚਿੰਤਾ ਦਾ ਵਿਸ਼ਾ ਹੈ। ਸੱਚੀ ਬਾਣੀ ਅਤੇ ਕੱਚੀ ਬਾਣੀ, ਇਕੋ ਥਾਂ ਜਿਲਦਬੱਧ ਕਰਨਾ ਤਾਂ ਚਿੱਟੇ ਦਿਨ ਨੂੰ ਰਾਤ ਕਹਿਣ ਦੇ ਸਮਾਨ ਹੈ, ਜੋ ਵਿਵਾਦ ਦਾ ਘਿਣਾਉਣਾ ਮੁੱਖ ਕਾਰਨ ਹੈ। ਕਈ ਥਾਈਂ ਸੰਗਤਾਂ, ਦਸ਼ਮੇਸ਼ ਗੁਰੂ ਜੀ ਦਾ ਪੁਰਬ ਹੀ ਇਸ ਗ੍ਰੰਥ ਦੀ ਰਚਨਾ ਵਿਚੋਂ ਤੁਕਾਂ ਸੁਣਾ ਸੁਣਾ ਕੇ ਮਨਾਉਂਦੀਆਂ ਹਨ, ਉਸ ਦਾ ਕੀ ਲਾਭ ਹੈ?

ਹੇਮਕੁੰਟ ਵਾਲੇ ਦੁਸ਼ਟ ਦਮਨ ਦੀ ਮਨੋਕਲਪਿਤ ਦੇਵੀ ਰੱਖਿਆ ਅਤੇ ਤਪੱਸਿਆ ਤੋਂ ਸਿੱਖਾਂ ਨੂੰ ਕੀ ਸਿਖਿਆ ਮਿਲਦੀ ਹੈ? ਜਦੋਂ ਕਿ ਗੁਰੂ ਨਾਨਕ ਸਾਹਿਬ ਨੇ ਬਾਣੀ ਜਪੁ ਜੀ ਤੋਂ ਲੈ ਕੇ, ਸਾਰੀ ਹੀ ਬਾਣੀ ਵਿਚ ਤਪ ਆਦਿਕ ਕਰਨੇ, ਪੂਰਨ ਤੌਰ ਉਤੇ ਖੰਡਿਤ ਕੀਤੇ ਹੋਏ ਹਨ। ਗੁਰੂ ਬਾਬੇ ਦੇ ਕਥਨ ਦੇ ਸਨਮੁਖ, ਕਿਸੇ ਕਲਪਿਤ ਦੁਸ਼ਟ ਦਮਨ ਦੀ ਕੀਤੀ ਤਪੱਸਿਆ, ਕੀ ਅਰਥ ਰੱਖਦੀ ਹੈ? ਦੱਸਿਆ ਜਾਵੇ।

ਪੰਥਕ ਰਵਾਇਤ ਹੈ ਕਿ 'ਇਕ ਗ੍ਰੰਥ, ਇਕੋ ਪੰਥ', ਚਵਰ ਤਖ਼ਤ ਛਤਰ ਦੇ ਮਾਲਕ ਨਿਰੋਲ ਇਕੋ ਗੁਰੂ ਗ੍ਰੰਥ ਸਾਹਿਬ ਜੀ ਹਨ ਫਿਰ ਇਹ ਇਕ ਹੋਰ ਗ੍ਰੰਥ ਸਾਹਿਬ ਜਿਸ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਲਿਖਿਆ ਅਤੇ ਛਾਪਿਆ ਮੇਰੇ ਸਾਹਮਣੇ ਪਿਆ ਹੈ, ਤਾਂ ਪੁੱਛਣਾ ਪਏਗਾ ਕਿ ਇਹ ਸਾਹਿਬ ਦੇ ਖਿਤਾਬ ਵਾਲਾ ਗ੍ਰੰਥ, ਤਖਤਾਂ ਉਪਰ ਕਿਵੇਂ ਬਿਰਾਜਮਾਨ ਹੋਇਆ ਅਥਵਾ ਕੀਤਾ ਗਿਆ?

ਜੋ ਬੀਤੇ ਸਮੇਂ ਵਿਚ ਪੰਥਕ ਫੈਸਲੇ ਹੋਏ, ਕੁਝ ਬਾਣੀ ਨਿਤਨੇਮ ਲਈ ਪੜ੍ਹੀ ਜਾਣ ਵਾਲੀ ਜੋ ਇਸ ਦਸਮ ਗ੍ਰੰਥ ਵਿਚ ਹੈ, ਉਹ ਜੁਦਾ ਕਰਕੇ ਪੋਥੀ ਦੀ ਸ਼ਕਲ ਵਿਚ ਸੰਗਤਾਂ ਨੂੰ ਦਿਤੀ ਜਾਏ ਅਤੇ ਬਾਕੀ ਜੋ ਕੁਝ ਵੀ ਹੈ, ਉਹ ਜਿਸ ਨੂੰ ਲੋੜੀਂਦੀ ਹੈ, ਉਸ ਨੂੰ ਦੇ ਦਿੱਤੀ ਜਾਵੇ ਤਾਂ ਕਿ ਨਿਰਣਾ ਲਿਆ ਜਾਵੇ। ਇਹ ਪ੍ਰਸ਼ਨ ਸਭ ਤੋਂ ਜ਼ਰੂਰੀ ਹੈ। ਜੇ ਜੁਦਾ ਨਹੀਂ ਕਰਨੀ ਤਾਂ ਕਿਉਂ ਨਹੀਂ ਕਰਨੀ? ਗੁਰੂ ਕੇ ਪਿਆਰੇ ਖਾਲਸਾ ਜੀ, ਇਹ ਘਾਣੀ ਵਿਚੋਂ ਬਿਨਾ ਦੇਰੀ ਨਿਕਲਣਾ ਹੀ ਪੰਥ ਦੇ ਭਲੇ ਵਿਚ ਹੈ। ਸਹੀ ਅਤੇ ਪੂਰਨ ਨਿਰਣੇ ਦੀ ਆਸ ਵਿਚ।

*ਪਿਆਰਾ ਸਿੰਘ*
*ਫੋਨ: 601-922-8202*

## ਆਂਧਰਾ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਦੇ ਲੱਛਣ

**ਹੈਦਰਾਬਾਦ:** ਤੇਲਗੂ ਦੇਸ਼ਮ ਪਾਰਟੀ ਨੇ ਆਂਧਰਾ ਪ੍ਰਦੇਸ਼ ਦੇ ਨਵੇਂ ਰਾਜਪਾਲ ਈ.ਐੱਸ.ਐੱਲ. ਨਰਸਿਹਨ ਵਲੋਂ ਸੋਮਵਾਰ ਨੂੰ ਅਹੁਦਾ ਸੰਭਾਲੇ ਜਾਣ ਤੋਂ ਛੇਤੀ ਹੀ ਬਾਅਦ ਰਾਜ ਦੀ ਅਮਨ-ਕਾਨੂੰਨ ਦੀ ਸਮੀਖਿਆ ਪਿਛੋਂ ਰਾਸ਼ਟਰਪਤੀ ਰਾਜ ਦੇ ਖਦਸ਼ੇ ਬਾਰੇ ਮੁੱਖ ਮੰਤਰੀ ਕੇ. ਰੋਸਈਆ ਤੋਂ ਸਪੱਸ਼ਟੀਕਰਨ ਮੰਗਿਆ ਹੈ।

ਤੇਲੰਗਾਨਾ ਖੇਤਰ ਦੇ ਮੰਤਰੀਆਂ ਨੇ ਕੇਂਦਰ ਵਲੋਂ ਵੱਖਰਾ ਰਾਜ ਬਣਾਉਣ ਲਈ ਹਾਂ ਪੱਖੀਂ ਕਦਮ ਚੁੱਕੇ ਜਾਣ ਤਕ ਕੈਬਨਿਟ ਮੀਟਿੰਗਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ। ਓਧਰ ਵੱਖਰੇ ਤੇਲੰਗਾਨਾ ਰਾਜ ਦੀ ਮੰਗ ਦੀ ਹਮਾਇਤ ਵਿਚ ਉਸਮਾਨੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਨਵੇਂ ਸਾਲ ਦੇ ਸਮਾਰੋਹਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ। ਵਿਜੇਵਾੜਾ ਵਿਚ ਅਖੰਡ ਆਂਧਰਾ ਪ੍ਰਦੇਸ਼ ਦੇ ਹਮਾਇਤੀਆਂ ਨੇ ਭਾਜਪਾ ਦੀ ਇਕ ਪ੍ਰੈੱਸ ਕਾਨਫਰੰਸ ਨਾ ਹੋਣ ਦਿੱਤੀ।

## ਸਿੱਖ ਜੱਜ ਨੂੰ ਸਰਬਉਚ ਨਾਗਰਿਕ ਦਾ ਸਨਮਾਨ

**ਲੰਦਨ :** ਆਪਣੀ ਵਿਚਾਰਧਾਰਕ ਦ੍ਰਿੜਤਾ ਲਈ ਜਾਣੇ ਜਾਂਦੇ ਬਰਤਾਨੀਆ ਦੇ ਪਹਿਲੇ ਭਾਰਤੀ ਮੂਲ ਦੇ ਸਿੱਖ ਜੱਜ ਸ. ਮੋਤਾ ਸਿੰਘ ਨੂੰ ਬਰਤਾਨੀਆ ਦੇ ਸਰਬਉੱਚ ਸਨਮਾਨ 'ਨਾਈਟ ਹੁੱਡ' ਲਈ ਚੁਣਿਆ ਗਿਆ ਹੈ। ਮਹਾਰਾਣੀ ਵਲੋਂ ਨਵੇਂ ਸਾਲ ਮੌਕੇ ਸਨਮਾਨਿਤ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਸੂਚੀ 'ਚ ਸਥਾਨ ਬਨਾਉਣ ਵਾਲੇ ਸ. ਮੋਤਾ ਸਿੰਘ ਮਹਾਰਾਣੀ ਦੇ ਵਿਸ਼ੇਸ਼ ਵਕੀਲ ਵੀ ਹਨ ਅਤੇ ਉਨ੍ਹਾਂ ਨੂੰ ਇਹ ਸਨਮਾਨ ਨਿਆਂ, ਭਾਈਚਾਰਕ ਸਬੰਧਾਂ ਅਤੇ ਸਵੈ-ਸੇਵਾ ਦੇ ਖੇਤਰ 'ਚ ਪਾਏ ਯੋਗਦਾਨ ਲਈ ਦਿੱਤਾ ਜਾ ਰਿਹਾ ਹੈ।

ਬਰਤਾਨੀਆ ਦੇ ਜੱਜਾਂ ਵਲੋਂ ਪਾਈ ਜਾਂਦੀ ਰਵਾਇਤੀ ਵਿਗ ਦੀ ਥਾਂ ਸ. ਮੋਤਾ ਸਿੰਘ ਵਲੋਂ ਚਿੱਟੀ ਪੱਗ ਬੰਨਣ ਨੂੰ ਬਰਤਾਨੀਆ ਦੇ ਬਹੁਰੰਗ ਸਭਿਆਚਾਰ ਵਜੋਂ ਵੇਖਿਆ ਜਾਂਦਾ ਹੈ। ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧਿਤ ਸ. ਮੋਤਾ ਸਿੰਘ ਨੇ ਨੈਰੋਬੀ (ਕੀਨੀਆ) ਤੋਂ ਸਿੱਖਿਆ ਲਈ ਅਤੇ 1954 'ਚ ਉਹ ਇੰਗਲੈਂਡ ਆ ਗਏ, ਜਿੱਥੇ ਉਹ ਕਾਨੂੰਨ ਦੀ ਸਿੱਖਿਆ ਪੂਰੀ ਕੀਤੀ। 1967 'ਚ ਉਹ ਇੰਗਲਿਸ਼ ਬਾਰ ਦੇ ਮੈਂਬਰ ਬਣ ਗਏ ਅਤੇ ਥੋੜ੍ਹੇ ਜਿਹੇ ਅਰਸੇ 'ਚ ਹੀ ਉਨ੍ਹਾਂ ਸਿਵਲ ਕਾਨੂੰਨ 'ਚ ਚੰਗੀ ਥਾਂ ਬਣਾ ਲਈ। ਉਨ੍ਹਾਂ ਤੋਂ ਇਲਾਵਾ ਅੱਛਰ ਪਾਲ ਧਾਰਨੀ ਨੂੰ ਵਪਾਰ ਤੇ ਭਾਈਚਾਰਕ ਸੇਵਾ ਲਈ ਐਮ.ਬੀ.ਈ. (ਮੈਂਬਰ ਆਫ਼ ਬ੍ਰਿਟਿਸ਼ ਅੰਪਾਇਰ) ਦੀ ਉਪਾਧੀ ਦਿੱਤੀ ਜਾ ਰਹੀ ਹੈ, ਜਦਕਿ ਪਰਮਜੀਤ ਪਾਲ ਸਿੰਘ ਬਾਸੀ ਨੂੰ ਵਪਾਰ ਅਤੇ ਭਾਈਚਾਰਕ ਸੇਵਾ ਲਈ, ਲੰਦਨ ਯੂਨੀਵਰਸਿਟੀ ਦੇ ਪ੍ਰੋਫੈਸਰ ਵਿਜੈ ਵੀਰ ਕੱਕੜ ਨੂੰ ਸਾਇੰਸ 'ਚ ਪਾਏ ਯੋਗਦਾਨ ਲਈ, ਰਾਮ ਪ੍ਰਕਾਸ਼ ਲੱਖਾਂ ਨੂੰ ਕਵੈਂਟਰੀ ਦੇ ਸਿੱਖ ਭਾਈਚਾਰੇ ਦੀ ਸੇਵਾ ਲਈ ਅਤੇ ਸਟਾਕਟਨ ਰਿਵਰਸਾਈਡ ਕਾਲਜ, ਕਾਊਂਟੀ ਦੁਰਹਮ ਦੇ ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ ਨੂੰ ਸਿੱਖਿਆ ਖੇਤਰ 'ਚ ਪਾਏ ਯੋਗਦਾਨ ਲਈ 'ਕਮਾਂਡਰ ਆਫ਼ ਦਾ ਆਰਡਰ ਆਫ਼ ਦਾ ਬ੍ਰਿਟਿਸ਼ ਅੰਪਾਇਰ' ਐਵਾਰਡ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਨ੍ਹਾਂ ਤੋਂ ਇਲਾਵਾ ਹੇਮੰਤ ਅਚਾਰੀਆ, ਅਸ਼ੀਸ਼ ਦਾਸ ਗੁਪਤਾ, ਸੁਰਿੰਦਰ ਕੌਰ ਦੇਵ, ਆਤਮਾ ਸਿੰਘ ਗਿੱਲ, ਰਬਿੰਦਰ ਨਾਥ ਪਾਠਕ, ਰਸ਼ਮੀ ਅੰਮ੍ਰਿਤਪਾਲ, ਜਸਵਿੰਦਰ ਸਿੰਘ ਸਿੱਧੂ ਨੂੰ 'ਆਰਡਰ ਆਫ ਬ੍ਰਿਟਿਸ਼ ਅੰਪਾਇਰ' ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ।

## ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਹਾਜ਼ਰ ਨਾਜ਼ਰ ਗੁਰੂ-ਅਖੰਡ ਕੀਰਤਨੀ ਜਥਾ

**ਲੰਦਨ:** ਅਖੰਡ ਕੀਰਤਨੀ ਜਥਾ ਯੂ ਕੇ ਨੇ ਦਸਮ ਗ੍ਰੰਥ ਦੇ ਮੁੱਦੇ 'ਤੇ ਸਪਸ਼ਟ ਸਟੈਂਡ ਲੈਂਦਿਆਂ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਇਕੋ ਇਕ ਹਾਜ਼ਰ ਨਾਜ਼ਰ ਗੁਰੂ ਹਨ ਅਤੇ ਦਸਮ ਗ੍ਰੰਥ ਨੂੰ ਕਿਸੇ ਵੀ ਸੂਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਰਜਾ ਨਹੀਂ ਦਿਤਾ ਜਾ ਸਕਦਾ।

ਜਥੇਬੰਦੀ ਦੀ ਇਕ ਇਕੱਤਰਤਾ ਗੁਰਦਵਾਰਾ ਸ੍ਰੀ ਗੁਰੂ ਸ੍ਰੀ ਗੁਰੂ ਸਿੰਘ ਸਭਾ ਕਾਵੈਂਟਰੀ ਵਿਖੇ ਹੋਈ ਜਿਸ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਆਖਿਆ ਗਿਆ ਹੈ ਕਿ ਅਖੰਡ ਕੀਰਤਨੀ ਜਥਾ ਯੂ.ਕੇ ਕਿ ਦਸਮ ਗ੍ਰੰਥ ਸਬੰਧੀ ਖਾਲਸਾ ਪੰਥ ਦੁਆਰਾ ਪ੍ਰਚਲਤ ਰਹਿਤ ਮਰਿਯਾਦਾ 'ਤੇ ਪਹਿਰਾ ਦੇਣ ਲਈ ਵਚਨਬਧ ਹੈ। ਪੰਥਕ ਰਹਿਤ ਮਰਿਯਾਦਾ ਦੇ ਪੰਨਾਂ 13 'ਤੇ ਗੁਰਦੁਆਰਾ ਸਬੰਧੀ ਮਦ (ਹ) ਵਿਚ ਸਪੱਸ਼ਟ ਦਰਜ ਹੈ ਕਿ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁਲ) ਕਿਸੇ ਵੀ ਪੁਸਤਕ ਜਾਂ ਗ੍ਰੰਥ ਨੂੰ ਅਸਥਾਪਨ ਨਹੀਂ ਕਰਨਾ।" ਜਥੇ ਨੇ ਨਿਤਨੇਮ ਅਤੇ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਪੰਥ ਪ੍ਰਵਾਣਿਤ ਬਾਣੀਆਂ ਬਾਰੇ ਹੋ ਰਹੇ ਵਾਦ ਵਿਵਾਦ ਅਤੇ ਚਰਚਾ ਦਾ ਖੰਡਨ ਕੀਤਾ ਹੈ।

ਭਾਈ ਰਘਬੀਰ ਸਿੰਘ, ਭਾਈ ਅਵਤਾਰ ਸਿੰਘ ਸੰਘੇੜਾ, ਭਾਈ ਸੇਵਾ ਸਿੰਘ ਲੱਲੀ, ਭਾਈ ਗੁਰਮੇਜ ਸਿੰਘ ਗਿੱਲ, ਭਾਈ ਓਂਕਾਰ ਸਿੰਘ, ਭਾਈ ਜੋਗਾ ਸਿੰਘ, ਭਾਈ ਕੁਲਵੰਤ ਸਿੰਘ ਢੇਸੀ, ਭਾਈ ਬਲਬੀਰ ਸਿੰਘ, ਜਥੇਦਾਰ ਬਲਬੀਰ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਰਜਿੰਦਰ ਸਿੰਘ ਪੁਰੇਵਾਲ, ਭਾਈ ਜਸਪਾਲ ਸਿੰਘ, ਭਾਈ ਸਤਵਿੰਦਰ ਸਿੰਘ, ਭਾਈ ਨਿਰਮਲ ਸਿੰਘ, ਭਾਈ ਰਘਬੀਰ ਸਿੰਘ, ਭਾਈ ਜੇ ਪੀ ਸਿੰਘ ਵਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਜਥੇ ਨੇ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਏ ਨੂੰ ਬੇਨਤੀ ਕੀਤੀ ਹੈ ਕਿ ਉਹ ਅੱਜ ਦੇ ਸੰਕਟਮਈ ਸਮੇਂ ਵਿਚ ਆਪਣੀ ਜ਼ਿਮੇਵਾਰੀ ਪਛਾਣਦੇ ਹੋਏ ਨਿਰਾਧਾਰ ਮੁਦਿਆਂ ਨੂੰ ਪੰਥ ਵਿਚ ਵੰਡੀਆਂ ਪਾਉਣ ਲਈ ਨਾ ਉਛਾਲੇ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627


# Matrimonials

Parents seek Jat Sikh professional, tall, US educated match for their US born and educated daughter 26, 5'6", currently doing MBA and MHA. Family well settled in Florida. Father medical physician in Florida. One brother, senior in H. S and top Jr. golfer in Florida. Contact: r5645@strato.net

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/ biodata to angelhavok@aol.com

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੋਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਐਤਵਾਰ):91-172-2703943

Sikh Parents seeking a Jatt Skih match for their beautiful, U.S. Citizen daughter, Born and raised in India, Feb 1978, 5' 7", Licensed Vocational Nurse, California; currently working as LVN and studying for Registered Nursing Diploma. All immediate family settled in United States. Looking for qualified match within U.S. someone with Student visa, H1B visa are also welcomed. Send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

Jat Sikh parents invite correspondence for their US born handsome, clean shaven, 26, 6'1" Engineer son, professionally employed in a large national corporation. The girl should be Jat Sikh, beautiful and university graduate. Please contact: sikh5family@gmail.com


## Business Directory

India Desi Bazaar
11304 NE Fourth Plain Rd.,
Vancouver WA 98662
Ph:(360) 882-7703

Editing & Translation

Professional Text Editing in English and Translation Work from Punjabi to English (Academic, Technical and Creative)

Prithvi Raj
prithviraj46@yahoo.com
shaprithvi@gmail.com
Cell (India)-094173-50789

# ਕੀ ਭਾਰਤ ਵੀ ਖਿਸਕ ਰਿਹਾ ਅਸਫਲ ਜਮਹੂਰੀਅਤਾਂ ਦੇ ਖੇਮੇ ਵਲ ਨੂੰ?

**ਜਤਿੰਦਰ ਪਨੂੰ**

ਇਹ ਗੱਲ ਸਿਰਫ ਇਕ ਸਾਲ ਪਹਿਲਾਂ ਦੀ ਹੈ, ਜਦੋਂ ਮੰਗ ਕੀਤੀ ਜਾਣ ਲੱਗੀ ਸੀ ਕਿ ਪਾਕਿਸਤਾਨ ਨੂੰ 'ਫੇਲ੍ਹਡ ਸਟੇਟ' ਅਰਥਾਤ ਇਕ 'ਅਸਫਲ ਹੋ ਚੁੱਕਾ ਰਾਜ' ਐਲਾਨਿਆ ਜਾਣਾ ਚਾਹੀਦਾ ਹੈ। ਮੰਗ ਇਹ ਭਾਰਤ ਵਿਚੋਂ ਵੀ ਨਹੀਂ ਸੀ ਉਠੀ ਤੇ ਪਾਕਿਸਤਾਨ ਦੇ ਅੰਦਰੋਂ ਵੀ ਨਹੀਂ ,ਸਗੋਂ ਕੁਝ ਪੱਛਮੀ ਬੁੱਧੀਜੀਵੀਆਂ ਨੇ ਚੁੱਕੀ ਸੀ, ਪਰ ਇਸ ਦੀ ਹਮਾਇਤ ਭਾਰਤ ਦੇ ਬਹੁਤ ਸਾਰੇ ਬੁੱਧੀਜੀਵੀਆਂ ਨੇ ਵੀ ਕੀਤੀ ਸੀ। ਨਾ ਤਾਂ ਉਹ ਮੰਗ ਮੰਨੀ ਜਾਣੀ ਸੀ ਤੇ ਨਾ ਮੰਨੀ ਗਈ। ਅਮਰੀਕਾ ਵਲੋਂ ਪਾਕਿਸਤਾਨ ਦੀ ਜਿਸ ਤਰ੍ਹਾਂ ਦੀ ਸਰਪ੍ਰਸਤੀ ਕੀਤੀ ਜਾਣ ਦੀ ਪੁਰਾਣੀ ਰਵਾਇਤ ਹੈ, ਉਹ ਇਸ ਵਾਰੀ ਵੀ ਕੀਤੀ ਗਈ ਸੀ ਤੇ ਮੰਗ ਜਿਥੋਂ ਉਠੀ ਸੀ, ਉਥੇ ਹੀ ਦਮ ਤੋੜ ਕੇ ਰਹਿ ਗਈ ਸੀ। ਕਈ ਲੋਕ ਤਾਂ ਇਹ ਵੀ ਕਹਿੰਦੇ ਸਨ ਕਿ ਜਿਵੇਂ ਊਠ ਦੀ ਫੋਟੋ ਦੇ ਹੇਠ ਊਠ ਲਿਖਣ ਦੀ ਲੋੜ ਨਹੀਂ ਹੁੰਦੀ, ਉਵੇਂ ਹੀ ਇਕ 'ਫੇਲ੍ਹਡ ਸਟੇਟ' ਨੂੰ ਬਾਕਾਇਦਾ ਤੌਰ 'ਤੇ 'ਫੇਲ੍ਹਡ ਸਟੇਟ' ਕਹਿਣ ਦਾ ਵੀ ਕੋਈ ਫਾਇਦਾ ਨਹੀਂ।

ਹੁਣ ਲੋਕ ਪਾਕਿਸਤਾਨ ਦੀ ਗੱਲ ਨਹੀਂ ਕਰਦੇ, ਕਿਉਂਕਿ ਉਹ ਬੇਲੋੜੀ ਹੁੰਦੀ ਜਾ ਰਹੀ ਹੈ, ਪਰ ਬਾਹਰੋਂ ਨਹੀਂ, ਭਾਰਤ ਦੇ ਅੰਦਰੋਂ ਇਸ ਨਾਲ ਮਿਲਦਾ-ਜੁਲਦਾ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਕੀ ਇਥੇ ਕੋਈ ਖੇਤਰ ਇਹੋ ਜਿਹਾ ਵੀ ਹੈ, ਜਿਹੜਾ ਨੇਮਾਂ-ਕਾਨੂੰਨਾਂ ਦੇ ਦਾਇਰੇ ਅੰਦਰ ਰਹਿ ਕੇ ਚੱਲ ਰਿਹਾ ਹੋਵੇ? ਇਸ ਸਵਾਲ ਨਾਲ ਜੁੜੇ ਨੁਕਤੇ ਆਏ ਦਿਨ ਵਧਦੇ ਹੀ ਜਾ ਰਹੇ ਹਨ।

ਨਵੇਂ ਸਾਲ ਦੀ ਸਵੇਰ ਭਾਰਤ ਦੇ ਲੋਕਾਂ ਲਈ ਸਿਰਫ ਵਧਾਈ ਦੇ ਸੰਦੇਸ਼ ਹੀ ਨਹੀਂ, ਸਗੋਂ ਮੁੰਬਈ ਦੀ ਇਕ ਖਾਸ ਖ਼ਬਰ ਵੀ ਲੈ ਕੇ ਆਈ ਸੀ। ਖਾਸ ਖ਼ਬਰ ਇਹ ਸੀ ਕਿ ਇਕ ਬਦਨਾਮ ਗੁੰਡਾ ਗਰੋਹ ਦੇ ਮੁਖੀਏ, ਇਕ ਮਾਫੀਆ ਡਾਨ ਨੇ, ਪਾਰਟੀ ਦਿੱਤੀ ਤੇ ਤਾਰਿਆਂ ਨਾਲ ਭਰੇ ਮੋਢਿਆਂ ਵਾਲੇ ਪੁਲਸ ਅਫ਼ਸਰ ਉਥੇ ਉਸ ਦੇ ਨਾਲ ਨੱਚਦੇ ਰਹੇ ਸਨ। ਫੋਟੋ ਵਿਖਾਉਣ ਪਿਛੋਂ ਟੀ. ਵੀ. ਐਂਕਰ ਦਰਸ਼ਕਾਂ ਨੂੰ ਪੁੱਛਦੇ ਸਨ, "ਤੁਸੀਂ ਇਸ ਦਾ ਕੀ ਅਰਥ ਲੈਂਦੇ ਹੋ? ਕੀ ਇਹ ਪੁਲਸ ਅਫ਼ਸਰ ਦੇਸ਼ ਦੇ ਕਾਨੂੰਨ ਦੇ ਵਫਾਦਾਰ ਹੋ ਸਕਦੇ ਹਨ?" ਨਾਲ ਹੀ ਦਰਸ਼ਕਾਂ ਦੀਆਂ ਟਿੱਪਣੀਆਂ ਵੀ ਸੁਣਾਈਆਂ ਜਾ ਰਹੀਆਂ ਸਨ, ਜਿਨ੍ਹਾਂ ਵਿਚ ਇਕ ਨਾਲ ਜੋੜ ਕੇ ਅਨੇਕਾਂ ਘਟਨਾਵਾਂ ਦੀ ਚਰਚਾ ਹੋ ਰਹੀ ਸੀ।

ਤੇ ਇਹ ਸੱਚ ਹੈ। ਇਥੇ ਇਕ-ਦੋ ਨਹੀਂ ਤੇ ਅਨੇਕਾਂ ਵੀ ਨਹੀਂ, ਹਰ ਪਾਸੇ ਤੱਥ ਹੀ ਤੱਥ ਹਨ, ਜਿਹੜੇ ਸਾਬਤ ਕਰਦੇ ਹਨ ਕਿ ਇਥੇ ਨਾ ਕਿਸੇ ਨੂੰ ਕੋਈ ਸੰਵਿਧਾਨ ਦੀ ਪ੍ਰਵਾਹ ਹੈ ਤੇ ਨਾ ਹੀ ਕੋਈ ਨੇਮਾਂ-ਕਾਨੂੰਨਾਂ ਦੀ।

ਕਈ ਵਾਰੀ ਕਹੀ ਜਾ ਚੁੱਕੀ ਇਹ ਗੱਲ ਅਸੀਂ ਨਹੀਂ ਦੁਹਰਾਵਾਂਗੇ ਕਿ ਦੇਸ਼ ਦੀ ਪਾਰਲੀਮੈਂਟ ਵਿਚ ਪੰਜਵਾਂ ਹਿੱਸਾ ਮੈਂਬਰ ਅਪਰਾਧੀ ਪਿਛੋਕੜ ਵਾਲੇ ਹਨ। ਇਸ ਦੀ ਥਾਂ ਇਹ ਦੱਸਣਾ ਚਾਹਾਂਗੇ ਕਿ ਝਾਰਖੰਡ ਵਿਚ ਤੀਜੀ ਵਾਰੀ ਉਹ ਦਾਗੀ ਬੰਦਾ ਮੁੱਖ ਮੰਤਰੀ ਬਣ ਗਿਆ ਹੈ, ਜਿਹੜੇ ਹਾਲੇ ਤੱਕ ਵਿਧਾਇਕ ਨਹੀਂ ਬਣਿਆ। ਪਹਿਲੀ ਵਾਰੀ ਉਹ ਮੁਖ ਮੰਤਰੀ ਬਣਿਆ ਤਾਂ ਵਿਧਾਨ ਸਭਾ ਅੰਦਰ ਬਹੁਸੰਮਤੀ ਸਾਬਤ ਨਾ ਕਰ ਸਕਿਆ। ਦੂਜੀ ਵਾਰੀ ਬਣਿਆ ਤਾਂ ਬਹੁਸੰਮਤੀ ਸਾਬਤ ਕਰਨ ਪਿਛੋਂ ਜਦੋਂ ਛੇ ਮਹੀਨੇ ਦੇ ਅੰਦਰ ਵਿਧਾਇਕ ਬਣਨ ਦੀ ਸ਼ਰਤ ਪੂਰੀ ਕਰਨ ਲਈ ਚੋਣ ਲੜੀ, ਰਾਜ ਦਾ ਮੁੱਖ ਮੰਤਰੀ ਹੁੰਦਾ ਹੋਇਆ ਵੀ ਚੋਣ ਹਾਰ ਗਿਆ ਤੇ ਗੱਦੀ ਛੱਡਣੀ ਪਈ ਸੀ। ਹੁਣ ਤੀਜੀ ਵਾਰੀ ਫਿਰ ਛੇ ਮਹੀਨੇ ਦੇ ਅੰਦਰ ਵਿਧਾਇਕ ਬਣਨ ਦੀ ਸਮੱਸਿਆ ਸਾਹਮਣੇ ਹੈ। ਮੁੱਖ ਮੰਤਰੀ ਬਣਨ ਲਈ ਹਾਬੜਿਆ ਫਿਰਦਾ ਇਹ ਬੰਦਾ ਕਾਂਗਰਸ ਨਾਲ ਵੀ ਸਾਂਝ ਪਾ ਲੈਂਦਾ ਹੈ ਤੇ ਭਾਜਪਾ ਨਾਲ ਵੀ, ਪਰ ਇਸ ਨੂੰ ਬੇਸ਼ਰਮ ਨਹੀਂ ਕਿਹਾ ਜਾ ਸਕਦਾ, ਸਗੋਂ ਬੇਸ਼ਰਮ ਤਾਂ ਉਹ ਦੋਵੇਂ ਧਿਰਾਂ ਵਾਲੇ ਹਨ, ਜਿਹੜੇ ਸ਼ਿਬੂ ਸੋਰੇਨ ਨੂੰ ਭੰਡਦੇ ਵੀ ਹਨ ਤੇ ਉਸ ਨਾਲ ਜੋਟੇ ਵੀ ਪਾਉਂਦੇ ਹਨ। ਕੇਂਦਰੀ ਮੰਤਰੀ ਬਣਿਆ ਤਾਂ ਕੁਰਸੀ ਉਸ ਨੂੰ ਇਸ ਕਰਕੇ ਛੱਡਣੀ ਪਈ ਸੀ ਕਿ ਕਤਲ ਦੇ ਕੇਸ ਵਿਚ ਕੈਦ ਦੀ ਸਜ਼ਾ ਹੋ ਗਈ ਸੀ। ਕੁਝ ਦਿਨ ਕੈਦ ਕੱਟ ਕੇ ਉਹ ਸੁਪਰੀਮ ਕੋਰਟ ਤੋਂ ਬਰੀ ਹੋ ਗਿਆ ਤੇ ਅੱਜ ਉਹ ਫਿਰ ਲੀਡਰ ਦਾ ਲੀਡਰ ਹੈ। ਸ਼ਿਬੂ ਜੇਲ੍ਹ ਦੀ ਸਜ਼ਾ ਹੋਣ ਤੋਂ ਪਹਿਲਾਂ ਮੰਤਰੀ ਸੀ, ਰਿਹਾਅ ਹੋਣ ਮਗਰੋਂ ਹੁਣ ਮੁੱਖ ਮੰਤਰੀ ਹੈ ਤੇ ਉਸਦੇ ਹੱਥੋਂ ਕਤਲ ਹੋਏ ਆਦਮੀ ਦਾ ਪੁੱਤਰ ਇਹ ਕਹਿ ਰਿਹਾ ਹੈ ਕਿ "ਮੈਂ ਵੀ ਇਕ ਕਤਲ ਕਰੂੰਗਾ, ਫੇਰ ਮੈਂ ਸ਼ਿਬੂ ਸੋਰੇਨ ਤੋਂ ਵੀ ਵੱਡਾ ਮੰਤਰੀ ਬਣੂੰਗਾ।"



ਜੈਲਲਿਤਾ

ਇਤਿਹਾਸ ਇਸ ਤੋਂ ਵੱਖਰਾ ਕੁਝ ਹੋਰ ਵੀ ਹੈ। ਤਾਮਿਲਨਾਡੂ ਦੀ ਲੀਡਰ ਜੈਲਲਿਤਾ ਨੂੰ ਇਕ ਕੇਸ ਵਿਚ ਸਜ਼ਾ ਹੋ ਗਈ ਸੀ। ਉਸ ਨੇ ਉਪਰ ਅਪੀਲ ਕਰ ਦਿੱਤੀ ਤੇ ਆਪ ਵਿਧਾਨ ਸਭਾ ਦੀ ਚੋਣ ਲੜਨ ਤੁਰ ਪਈ। ਰਿਟਰਨਿੰਗ ਅਫਸਰ ਨੇ ਉਹਦੇ ਕਾਗਜ਼ ਇਹ ਆਖ ਕੇ ਰੱਦ ਕਰ ਦਿੱਤੇ ਕਿ ਸਜ਼ਾ ਹੋ ਚੁੱਕਾ ਵਿਅਕਤੀ ਕਿਸੇ ਅਦਾਰੇ ਲਈ ਚੁਣੇ ਜਾਣ ਦੇ ਯੋਗ ਨਹੀਂ ਹੁੰਦਾ। ਸੰਵਿਧਾਨ ਦੇ ਪੱਖੋਂ ਉਹਦੀ ਗੱਲ ਠੀਕ ਸੀ, ਪਰ ਜੈਲਲਿਤਾ ਨੇ ਆਪਣੀ ਜੈ ਫਿਰ ਵੀ ਕਰਵਾ ਲਈ। ਉਸ ਦੀ ਪਾਰਟੀ ਚੋਣ ਜਿੱਤੀ ਤਾਂ ਪਾਰਟੀ ਨੇ ਉਸ ਨੂੰ ਆਗੂ ਚੁਣ ਲਿਆ। ਵਿਧਾਨਸਭਾ ਅੰਦਰ ਬਹੁਸੰਮਤੀ ਵਾਲੀ ਪਾਰਟੀ ਦੀ ਆਗੂ ਵਜੋਂ ਉਸ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾ ਦਿੱਤੀ ਗਈ। ਸੁਪਰੀਮ ਕੋਰਟ ਵਿਚ ਮਾਮਲਾ ਦਾਇਰ ਹੋ ਗਿਆ। ਓਥੋਂ ਸੰਵਿਧਾਨਿਕ ਪੱਖ ਤੋਂ ਇਹ ਹੁਕਮ ਸੁਣਾਇਆ ਗਿਆ ਕਿ ਸਜ਼ਾ ਹੋਈ ਹੋਣ ਕਰਕੇ ਜਦੋਂ ਉਹ ਚੋਣ ਲੜਨ ਜਾਂ ਵਿਧਾਨ ਸਭਾ ਦੀ ਮੈਂਬਰ ਬਣਨ ਦੇ ਹੀ ਯੋਗ ਨਹੀਂ, ਉਸ ਨੂੰ ਮੁੱਖ ਮੰਤਰੀ ਕਿਵੇਂ ਮੰਨਿਆ ਜਾ ਸਕਦਾ ਹੈ? ਜੈਲਲਿਤਾ ਨੇ ਕੁਰਸੀ ਆਪਣੇ ਕਿਸੇ ਵਫਾਦਾਰ ਸੇਵਕ ਨੂੰ ਸੌਂਪੀ, ਕੇਸ ਲੜਿਆ ਤੇ ਸਜ਼ਾ ਰੱਦ ਕਰਾ ਕੇ ਥੋੜ੍ਹੇ ਦਿਨ ਮਗਰੋਂ ਫਿਰ ਆ ਕੇ ਓਸੇ ਕੁਰਸੀ 'ਤੇ ਬੈਠ ਗਈ। ਸੰਵਿਧਾਨ ਉਸ ਨੂੰ ਰੋਕ ਹੀ ਨਾ ਸਕਿਆ।

ਹੁਣੇ-ਹੁਣੇ ਸਾਡੇ ਸਾਹਮਣੇ ਹਰਿਆਣੇ ਦੇ ਸਾਬਕਾ ਪੁਲਸ ਮੁਖੀ ਸ਼ੰਭੂ ਪ੍ਰਤਾਪ ਸਿੰਘ ਰਾਠੌਰ ਦਾ ਕੇਸ ਉਭਰਿਆ ਹੈ। ਉਸ ਨੂੰ ਇਕ ਚੌਦਾਂ ਸਾਲ ਦੀ ਬੱਚੀ ਨਾਲ ਛੇੜਛਾੜ ਦਾ ਦੋਸ਼ੀ ਮੰਨ ਕੇ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਹੁਣ ਉਹ ਸਜ਼ਾ ਵਧਾਉਣ ਲਈ ਹੇਠਲੀ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਦੇ ਦਰਵਾਜ਼ੇ ਖੜਕਾਏ ਜਾ ਰਹੇ ਹਨ। ਕਈ ਪੁਰਾਣੇ ਕੇਸ ਵੀ ਪੁੱਟੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਉਸ ਨੇ ਟੈਨਿਸ ਐਸੋਸੀਏਸ਼ਨ ਦੇ ਪ੍ਰਧਾਨ ਹੁੰਦਿਆਂ ਟੈਨਿਸ ਦੇ ਕੋਚ ਅਤੇ ਮੈਨੇਜਰ ਤੋਂ ਰੁਚਿਕਾ ਵਿਰੁਧ ਡਿਸਪਲਿਨ ਭੰਗ ਕਰਨ ਦਾ ਦੋਸ਼ ਲਾ ਕੇ ਉਸ ਦਾ ਉਥੇ ਦਾਖਲਾ ਵੀ ਬੰਦ ਕਰਵਾਇਆ ਸੀ। ਜਿਸ ਸਕੂਲ ਵਿਚ ਉਹ ਪੜ੍ਹਦੀ ਸੀ, ਉਥੋਂ ਇਹ ਕਹਿ ਕੇ ਕਢਵਾ ਦਿੱਤਾ ਕਿ ਰਾਠੌਰ ਦੀ ਆਪਣੀ ਬੇਟੀ ਉਥੇ ਪੜ੍ਹਦੀ ਹੈ ਤੇ ਰੁਚਿਕਾ ਦੇ ਸਾਹਮਣੇ ਹੁੰਦਿਆਂ ਉਸ ਨੂੰ ਸ਼ਰਮ ਆਉਂਦੀ ਹੈ।

ਜਦੋਂ ਇਹ ਸਾਰਾ ਕੁਝ ਹੁੰਦਾ ਪਿਆ ਸੀ, ਓਦੋਂ ਕਾਨੂੰਨ ਕਿਥੇ ਸੀ? ਕਹਿੰਦੇ ਹਨ ਕਿ ਕਾਨੂੰਨ ਅੰਨਾ ਹੁੰਦਾ ਹੈ, ਪਰ ਅੰਨਾ ਵੀ ਕੁਝ ਨਾ ਕੁਝ ਹਰਕਤ ਕਰਦਾ ਹੈ, ਏਥੇ ਤਾਂ ਕਾਨੂੰਨ ਕੁਕਰਮੀ ਬੰਦੇ ਦਾ ਲਿਹਾਜੂ ਬਣਿਆ ਰਿਹਾ। ਹੁਣ ਕੁਝ ਕਿਸਾਨਾਂ ਤੇ ਪੰਚਾਇਤਾਂ ਨੇ ਇਹ ਵੀ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਰਾਠੌਰ ਨੇ ਉਦੋਂ ਕਬਜ਼ੇ ਵਿਚ ਕਰ ਲਈਆਂ ਸਨ। ਉਹ ਸ਼ਿਕਾਇਤਾਂ ਕਰਦੇ ਰਹੇ, ਪਰ ਕਿਧਰੇ ਕੋਈ ਸੁਣਵਾਈ ਨਹੀਂ ਸੀ ਹੋਈ। ਸਾਡੇ ਦੇਸ਼ ਦੇ ਹਰ ਮੰਤਰੀ, ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਕੁਰਸੀ 'ਤੇ ਬੈਠਣ ਤੋਂ ਪਹਿਲਾਂ ਇਹ ਸਹੁੰ ਚੁੱਕਣੀ ਪੈਂਦੀ ਹੈ ਕਿ ਉਹ ਕਿਸੇ ਨਾਲ ਪੱਖਪਾਤ ਨਹੀਂ ਕਰਨਗੇ ਤੇ ਸੰਵਿਧਾਨ ਦੇ ਮੁਤਾਬਕ ਜ਼ਿੰਮੇਵਾਰੀ ਨਿਭਾਉਣਗੇ। ਰਾਠੌਰ ਦੇ ਮਾਮਲੇ ਕਿਸੇ ਨੇ ਵੀ ਇਹ ਜ਼ਿੰਮੇਵਾਰੀ ਨਹੀਂ ਨਿਭਾਈ। ਪੱਖਪਾਤ ਏਨਾ ਸਾਫ ਸੀਕਿ ਰਾਠੌਰ ਦੇ ਖਿਲਾਫ਼ ਸ਼ਿਕਾਇਤਾਂ ਤਾਂ ਦਬਾਈਆਂ ਜਾਂਦੀਆਂ ਰਹੀਆਂ, ਪਰ ਬੱਜਰ ਗੁਨਾਹਾਂ ਦੇ ਬਾਵਜੂਦ ਤਰੱਕੀਆਂ ਦੇ ਕੇ ਉਸ ਨੂੰ ਨਿਵਾਜਿਆ ਜਾਂਦਾ ਰਿਹਾ। ਜਿਹੜੇ ਮੁੱਖ ਮੰਤਰੀਆਂ ਨੇ ਇਹ ਸੰਵਿਧਾਨਿਕ ਫਰਜ਼ ਤੋਂ ਉਲਟ ਪੱਖਪਾਤੀ ਕੰਮ ਕੀਤਾ, ਉਨ੍ਹਾਂ ਹੁਕਮ ਸਿੰਘਾਂ, ਭਜਨ ਲਾਲਾਂ ਜਾਂ ਓਮ ਪ੍ਰਕਾਸ਼ ਚੌਟਾਲਿਆਂ ਨੂੰ ਸੰਵਿਧਾਨ ਦੀ ਸਹੁੰ ਤੋੜਨ ਲਈ ਜੇਲ੍ਹ ਕਿਉਂ ਨਹੀਂ ਭੇਜਿਆ ਜਾਣਾ ਚਾਹੀਦਾ?



ਸ਼ਿਬੂ ਸੋਰੇਨ

ਰੁਚਿਕਾ-ਰਾਠੌਰ ਕੇਸ ਵਿਚ ਕੁਝ ਜੱਜਾਂ ਦੀ ਕਾਰਕਰਦਗੀ ਵੀ ਚਰਚਾ ਦਾ ਵਿਸ਼ਾ ਬਣੀ ਹੈ, ਪਰ ਇਹ ਕੋਈ ਪਹਿਲਾ ਮਾਮਲਾ ਤਾਂ ਨਹੀਂ। ਕਈ ਕੇਸਾਂ ਵਿਚ ਜੱਜਾਂ ਦੇ ਪੱਖਪਾਤੀ ਹੋਣ ਤੋਂ ਇਲਾਵਾ ਜੱਜਾਂ ਦੇ ਭ੍ਰਿਸ਼ਟਾਚਾਰੀ ਕਿਰਦਾਰ ਦੇ ਕਿੱਸੇ ਵੀ ਹੁਣ ਲੋਕਾਂ ਦੀ ਜ਼ੁਬਾਨ 'ਤੇ ਹਨ। ਚੰਡੀਗੜ੍ਹ ਵਿਚ ਹਾਈਕੋਰਟ ਦੀ ਜੱਜ ਨਿਰਮਲਜੀਤ ਕੌਰ ਦੇ ਘਰ ਗਿਆ ਮਾਇਆ ਦਾ ਗੱਫਾ ਇਕ ਤਰ੍ਹਾਂ ਨਾਲ ਨਾਂਅ ਦੀ ਗਲਤੀ ਕਾਰਨ ਜਸਟਿਸ ਨਿਰਮਲ ਯਾਦਵ ਦੀ ਥਾਂ ਜਸਟਿਸ ਨਿਰਮਲਜੀਤ ਕੌਰ ਵਲ ਆ ਗਿਆ ਮੰਨਿਆ ਜਾਂਦਾ ਹੈ।

ਬੀਬੀ ਨਿਰਮਲ ਯਾਦਵ ਦੀ ਸਰਕਾਰ-ਦਰਬਾਰ ਅੰਦਰ ਤਕੜੀ ਪਹੁੰਚ ਸਦਕਾ ਉਹ ਕੇਸ ਘੱਟੇ-ਕੌਡੀਆਂ ਰਲਾਇਆ ਜਾਂਦਾ ਨਜ਼ਰ ਆ ਰਿਹਾ ਹੈ। ਹੁਣ ਉਸ ਦੀ ਬਦਲੀ ਦੂਜੀ ਹਾਈਕੋਰਟ ਵਿਚ ਕੀਤੀ ਜਾ ਰਹੀ ਹੈ। ਜੇ ਉਹ ਬੇਦਾਗ ਸੀ ਤਾਂ ਉਸ ਨੂੰ ਏਥੇ ਹੀ ਰਹਿਣ ਦਿੱਤਾ ਜਾਣਾ ਚਾਹੀਦਾ ਸੀ ਤੇ ਜੇ ਉਸ ਦੇ ਪੱਲੇ ਕੋਈ ਦਾਗ ਨਿਕਲ ਆਇਆ ਹੈ ਤਾਂ ਦੂਜੀ ਥਾਂ ਜਾ ਕੇ ਵੀ ਉਹ ਇਹ ਕੰਮ ਕਿਉਂ ਨਾ ਕਰੇਗੀ?

ਕਰਨਾਟਕ ਦੀ ਹਾਈਕੋਰਟ ਦੇ ਮੁੱਖ ਜੱਜ ਦਿਨਾਕਰਨ ਵਲੋਂ ਕਈ ਸੌ ਏਕੜ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਸਮੇਤ ਕਈ ਕਿਸਮ ਦੇ ਭ੍ਰਿਸ਼ਟਾਚਾਰ ਦੇ ਦੋਸ਼ ਹਨ। ਨੌਕਰੀ ਤੋਂ ਬਰਖਾਸਤ ਕਰਨ ਲਈ ਉਸ ਦੇ ਵਿਰੁਧ ਪਾਰਲੀਮੈਂਟ ਨੂੰ ਮਹਾਂ-ਦੋਸ਼ ਦਾ ਮਤਾ ਪਾਸ ਕਰਨਾ ਪੈਣਾ ਹੈ ਤੇ ਉਹ ਮਤਾ ਦਿੱਲੀ ਪਹੁੰਚ ਚੁੱਕਾ ਹੈ। ਦਿਨਾਕਰਨ ਨੂੰ ਪ੍ਰਵਾਹ ਹੀ ਕੋਈ ਨਹੀਂ। ਉਹ ਜਾਣਦਾ ਹੈ ਕਿ ਪਾਰਲੀਮੈਂਟ ਅੰਦਰ ਕੱਚ-ਸੱਚ ਦਾ ਨਿਬੇੜਾ ਤੱਥਾਂ ਦੇ ਆਧਾਰ 'ਤੇ ਨਹੀਂ, ਹੱਥਾਂ ਦੇ ਆਧਾਰ 'ਤੇ ਹੋਣਾ ਹੈ ਤੇ ਜਿਵੇਂ ਇਕ ਵਾਰੀ ਜਸਟਿਸ ਰਾਮਾਸਵਾਮੀ ਨੇ ਆਪਣੇ ਹੱਕ ਵਿਚ ਬਹੁਤੇ ਹੱਥ ਖੜ੍ਹੇ ਕਰਵਾ ਕੇ ਬਚਾਅ ਕਰ ਲਿਆ ਸੀ, ਉਵੇਂ ਹੀ ਹੁਣ ਕੀਤਾ ਜਾ ਸਕਦਾ ਹੈ। ਜੱਜ ਵੀ ਆਖਰ ਇਸੇ ਸਮਾਜ ਵਿਚੋਂ ਹਨ ਤੇ ਇਸ ਸਮਾਜ ਵਾਲੇ ਐਬ ਉਨ੍ਹਾਂ ਵਿਚੋਂ ਵੀ ਕਈਆਂ ਵਿਚ ਹਨ। ਭਾਰਤ ਦੀ ਸੁਪਰੀਮ ਕੋਰਟ ਦਾ ਇਕ ਮੁੱਖ ਜੱਜ ਇਕ ਵਾਰੀ ਆਪਣੇ ਇਕ ਨਜ਼ਦੀਕੀ ਦੇ ਵਿਆਹ 'ਤੇ ਮਾਲਵੇ ਵਿਚ ਗਿਆ, ਜਿਥੇ ਕੁੜੀ ਦਾ ਬਾਪ ਦਾਗੀ ਕਿਰਦਾਰ ਵਾਲਾ ਸੀ। ਜਿਹੜੇ ਪੁਲਸ ਵਾਲੇ ਹਰ ਤੀਜੇ ਦਿਨ ਉਸ ਬੰਦੇ ਨੂੰ ਥਾਣੇ ਸੱਦਦੇ ਰਹਿੰਦੇ ਸਨ, ਉਨ੍ਹਾਂ ਨੇ ਜਦੋਂ ਚੀਫ ਜਸਟਿਸ ਨਾਲ ਉਸ ਬਦਨਾਮ ਬੰਦੇ ਦੀ ਰਿਸ਼ਤੇਦਾਰੀ ਪੈਂਦੀ ਤੇ ਉਨ੍ਹਾਂ ਨੂੰ ਜੱਫੀ ਪਾ ਕੇ ਮਿਲਦੇ ਵੇਖਿਆ, ਅੱਗੇ ਤੋਂ ਉਹਨੂੰ ਸਲਾਮਾਂ ਕਰਨ ਲੱਗ ਪਏ ਸਨ।

ਜਦੋਂ ਵੱਡੇ ਪੱਧਰ 'ਤੇ ਇਹ ਕੁਝ, ਤੇ ਇਸ ਤੋਂ ਵੀ ਬਹੁਤ ਜ਼ਿਆਦਾ ਕਈ ਕੁਝ ਹੋਰ ਵਾਪਰ ਰਿਹਾ ਹੈ, ਹੇਠਲੇ ਪੱਧਰ 'ਤੇ ਸੰਵਿਧਾਨ ਦੀ ਪਾਲਣਾ ਕਿਵੇਂ ਕੀਤੀ ਜਾ ਸਕਦੀ ਹੈ? ਨਹੀਂ ਕੀਤੀ ਜਾ ਸਕਦੀ ਤੇ ਇਸ ਦੀ ਥਾਂ ਜੋ ਕਾਨੂੰਨ ਦੀ ਮਿੱਟੀ ਪਲੀਤ ਹੁੰਦੀ ਹੈ, ਉਸ ਦੇ ਨਤੀਜੇ-ਨਮੂਨੇ ਸਾਡੇ ਸਾਹਮਣੇ ਹਨ।

ਅਸੀਂ ਵੱਡੇ ਮੁੱਦਿਆਂ ਦੀ ਚਰਚਾ ਕਰਦੇ ਹਾਂ, ਛੋਟਿਆਂ ਨੂੰ ਹੁਣ ਨਜ਼ਰਅੰਦਾਜ਼ ਕਰਨਾ ਜ਼ਰੂਰੀ ਹੁੰਦਾ ਜਾ ਰਿਹਾ ਹੈ। ਜੇ ਅਜਿਹਾ ਨਾ ਹੁੰਦਾ ਤਾਂ ਸਾਨੂੰ ਇਨ੍ਹਾਂ ਦੀ ਵੀ ਚਿੰਤਾ ਹੋਣੀ ਸੀ। ਮਿਸਾਲ ਵਜੋਂ ਅਸੀਂ ਘਰ ਤੋਂ ਇਕ ਮਰੀਜ਼ ਲੈ ਕੇ ਹਸਪਤਾਲ ਨੂੰ ਤੁਰਦੇ ਹਾਂ। ਰਾਹ ਵਿਚ ਦੋ ਧਿਰਾਂ ਦੀ ਲੜਾਈ ਕਾਰਨ, ਦੋਵਾਂ ਧਿਰਾਂ ਨੇ ਇਕ-ਇਕ ਸੜਕ ਰੋਕ ਦਿੱਤੀ ਸੀ, ਤਾਂ ਤੁਸੀਂ ਲੰਘਣ ਲਈ ਕੋਈ ਰਸਤਾ ਵੀ ਨਹੀਂ ਚੁਣ ਸਕਦੇ। ਖੜੇ ਪੈਰ ਕੋਈ ਲੀਡਰ ਐਵੇਂ ਮੂੰਹ ਪਾੜ ਕੇ ਕੋਈ ਬਕਵਾਸ ਕਰ ਦਿੰਦਾ ਹੈ ਤੇ ਉਸ ਦੀ ਵਿਰੋਧੀ ਧਿਰ ਕੁਝ ਹੋਰ ਲੋਕਾਂ ਨੂੰ ਉਕਸਾ ਕੇ ਨਾ ਸਿਰਫ ਬਾਜ਼ਾਰ ਬੰਦ ਕਰਵਾ ਦੇਂਦੀ ਹੈ, ਰਾਹ ਜਾਂਦੇ ਲੋਕਾਂ ਦੀਆਂ ਗੱਡੀਆਂ-ਮੋਟਰਾਂ ਭੰਨਣ ਦਾ ਕੰਮ ਵੀ ਸ਼ੁਰੂ ਹੋ ਜਾਂਦਾ ਹੈ।

ਜਿਹੜਾ ਕੋਈ ਇੰਝ ਭੰਨ-ਤੋੜ ਨਾ ਕਰਨ ਲਈ ਕਹੇ, ਉਹ ਭਾਵੇਂ ਹੱਥ ਵੀ ਜੋੜ ਰਿਹਾ ਹੋਵੇ, ਉਸ ਦੀ ਖੈਰ ਨਹੀਂ ਹੁੰਦੀ ਤੇ ਟੀ. ਵੀ. ਸਕਰੀਨਾਂ 'ਤੇ ਇੰਝ ਕਰਨ ਵਾਲਿਆਂ ਦੀਆਂ ਸ਼ਕਲਾਂ ਵੇਖ ਕੇ ਵੀ ਕਦੇ ਕਾਰਵਾਈ ਨਹੀਂ ਕੀਤੀ ਜਾਂਦੀ। ਇਹੋ ਜਿਹੇ ਧਮੱਚੜ ਨੂੰ ਰੋਕਣਾ ਕੀ, ਪ੍ਰਸ਼ਾਸਨ ਵਿਚਲੇ ਕਈ ਗੰਦੇ ਅਨਸਰ ਖ਼ੁਦ ਵੀ ਕੰਮ ਆਪਣੀ ਗਰਜ਼ ਲਈ ਕਰਵਾਉਂਦੇ ਹਨ।

ਵਿਆਨਾ ਵਿਚ ਸੰਤ ਰਾਮਾਨੰਦ ਦੇ ਕਤਲ ਮਗਰੋਂ ਜਦੋਂ ਇਕ ਭਾਈਚਾਰਾ ਭੜਕਿਆ ਪਿਆ ਸੀ ਤੇ ਜਲੰਧਰ ਸ਼ਹਿਰ ਅੰਦਰ ਕਰਫਿਊ ਲਾਗੂ ਸੀ, ਓਦੋਂ ਸ਼ਹਿਰ ਦੇ ਇਕ ਥਾਣੇ ਦੇ ਮੁਖੀ ਨੇ ਇਕ ਹੋਟਲ ਵਿਚ ਦੋ ਕਰਮਚਾਰੀ ਭੇਜ ਕੇ ਇਕ ਕਮਰਾ ਬੁੱਕ ਕਰਨ ਦੀ ਮੰਗ ਕੀਤੀ। ਹੋਟਲ ਦੇ ਬਾਹਰ ਖੜ੍ਹੇ ਚੌਕੀਦਾਰ ਨੇ ਕਿਹਾ ਕਿ ਅੰਦਰ ਤਾਲੇ ਲਾ ਕੇ ਮਾਲਕ ਘਰ ਜਾ ਚੁੱਕੇ ਹਨ, ਨਾ ਹੁਣ ਏਥੇ ਵੇਟਰ ਹੈ, ਨਾ ਰਸੋਈਆ ਤੇ ਨਾ ਕਾਊਂਟਰ ਦਾ ਕਲਰਕ, ਇਸ ਕਰਕੇ ਕਮਰਾ ਨਹੀਂ ਮਿਲ ਸਕਦਾ। ਉਨ੍ਹਾਂ ਨੇ ਚੌਕੀਦਾਰ ਤੋਂ ਮਾਲਕਾਂ ਨੂੰ ਫੋਨ ਕਰਵਾਇਆ ਕਿ ਪੁਲਸ ਵਾਲੇ ਕਮਰਾ ਮੰਗਦੇ ਹਨ, ਚਾਬੀ ਲੈ ਕੇ ਆਓ। ਅੱਗੋਂ ਮਾਲਕਾਂ ਨੇ ਕਿਹਾ ਕਿ ਕਰਫਿਊ ਲੱਗਾ ਹੋਣ ਕਰਕੇ ਉਹ ਆ ਨਹੀਂ ਸਕਦੇ।

ਹਵਾਲਦਾਰ ਇਹ ਕਹਿ ਕੇ ਤੁਰ ਗਿਆ ਕਿ ਹੋਰ ਘੰਟੇ ਤੱਕ ਨੂੰ ਜਦੋਂ ਹੋਟਲ ਦੇ ਸ਼ੀਸ਼ੇ ਭੱਜ ਗਏ, ਆਪੇ ਆ ਜਾਓਗੇ। ਘੰਟੇ ਤੋਂ ਵੀ ਪਹਿਲਾਂ ਇਕ ਤੀਹ-ਚਾਲੀ ਬੰਦਿਆਂ ਦੀ ਭੀੜ ਆਈ, ਅੱਗੇ-ਪਿੱਛੇ ਕਿਸੇ ਨੂੰ ਕੁਝ ਨਹੀਂ ਸੀ ਕਿਹਾ ਤੇ ਸਿਰਫ ਉਸ ਹੋਟਲ ਦੇ ਸ਼ੀਸ਼ੇ ਤੋੜ ਕੇ ਨਿਕਲ ਗਈ ਸੀ। ਪੁਲਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਤੱਕ ਇਹ ਗੱਲ ਪਹੁੰਚਾਉਣ ਦੇ ਬਾਵਜੂਦ ਕਿਸੇ ਕਿਸਮ ਦੀ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਇੰਝ ਕਈ ਥਾਈਂ ਹੁੰਦਾ ਹੈ।

ਵਿਗੜੇ ਹੋਏ ਤਾਣੇ ਨੂੰ ਰਾਜਸੀ ਪਾਰਟੀਆਂ ਦੇ ਜ਼ਿੰਮੇਵਾਰ ਆਗੂ ਵੀ ਜਾਣਬੁਝ ਕੇ ਹਰ ਵਿਗਾੜਦੇ ਹਨ। ਤੁਸੀਂ ਇਸ ਗੱਲ ਬਾਰੇ ਦਾਅਵਾ ਨਹੀਂ ਕਰ ਸਕਦੇ ਕਿ ਤੁਸੀਂ ਫਲਾਣੇ ਸ਼ਹਿਰ ਚੱਲੇ ਹੋ ਤਾਂ ਉਥੇ ਪਹੁੰਚ ਹੀ ਜਾਓਗੇ ਤੇ ਪਹੁੰਚਕੇ ਵਾਪਸ ਵੀ ਮਿੱਥੇ ਪ੍ਰੋਗਰਾਮ ਅਨੁਸਾਰ ਆ ਸਕੋਗੇ।

## ਪੁਲਿਸ ਮੁਲਾਜ਼ਮਾਂ ਨੂੰ ਐਵਾਰਡਾਂ ਦੀ ਪ੍ਰਵਾਨਗੀ

**ਚੰਡੀਗੜ੍ਹ :** ਬੀਤੀ 1 ਜਨਵਰੀ ਨੂੰ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਪੀ ਐਸ ਗਿੱਲ ਨੇ ਸ਼ਾਨਦਾਰ ਸੇਵਾਵਾਂ ਲਈ 51 ਮੁਲਾਜ਼ਮਾਂ/ਅਧਿਕਾਰੀਆਂ ਦੇ ਨਾਂ ਦੀ ਡਾਇਰੈਕਟਰ ਜਨਰਲ ਐਵਾਰਡ ਲਈ ਪ੍ਰਵਾਨਗੀ ਦੇ ਦਿੱਤੀ ਹੈ। ਗੌਰਤਲਬ ਹੈ ਕਿ ਡੀਜੀਪੀ, ਪੀ ਐਸ ਗਿੱਲ ਨੇ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ, ਵਿਲੱਖਣ ਜਾਂਚ ਪੜਤਾਲ ਅਤੇ ਕਾਰਵਾਈਆਂ, ਕਮਿਊਨਿਟੀ ਪੁਲਿਸ, ਸੜਕ ਸੁਰੱਖਿਆ, ਨਸ਼ਿਆਂ 'ਤੇ ਰੋਕ ਲਾਉਣ, ਸਮਗਲਿੰਗ, ਆਧੁਨਿਕ ਆਈਟੀ ਟੂਲਜ਼ ਨੂੰ ਲਾਗੂ ਕਰਨ, ਪੁਲਿਸ ਪ੍ਰਬੰਧ ਵਿਚ ਵਧੀਆ ਕਾਰਗੁਜ਼ਾਰੀ, ਪੁਲਿਸ ਭਲਾਈ, ਵਧੀਆ ਪੁਲਿਸ ਸਟੇਸ਼ਨ ਆਦਿ ਨੂੰ ਬੜ੍ਹਾਵਾ ਦੇਣ ਲਈ ਇਨ੍ਹਾਂ ਖੇਤਰਾਂ ਵਿਚ ਵਧੀਆ ਸੇਵਾਵਾਂ ਲਈ ਸਤੰਬਰ 2009 ਵਿਚ ਇਹ ਐਵਾਰਡ ਸ਼ੁਰੂ ਕੀਤੇ ਸਨ।

## ਪੁਲਿਸ ਸੀਨੀਆਰਤਾ ਬਾਰੇ ਨਵੀਆਂ ਚੁਣੌਤੀਆਂ ਸਾਹਮਣੇ

**ਬਠਿੰਡਾ :** ਤਰੱਕੀਆਂ ਦੀ ਬੁਨਿਆਦ ਵਜੋਂ ਜਾਣੀ ਜਾਂਦੀ ਸਨੀਆਰਟੀ (ਸੀਨੀਆਰਤਾ) ਨੂੰ ਲੈ ਕੇ ਪੰਜਾਬ ਪੁਲਿਸ ਦੇ ਵੱਖ-ਵੱਖ ਵਿੰਗਾਂ ਅਤੇ ਵਰਗਾਂ ਦਰਮਿਆਨ ਚੱਲ ਰਹੀ ਖਿਚੋਤਾਣ ਨਵੇਂ ਸਾਲ ਦੌਰਾਨ ਨਾ-ਸਿਰਫ ਅਕਾਲੀ-ਭਾਜਪਾ ਸਰਕਾਰ ਲਈ ਇੱਕ ਨਵੀਂ ਚਣੌਤੀ ਬਣੇਗੀ, ਬਲਕਿ ਗ੍ਰਹਿ ਵਿਭਾਗ ਦੇ ਮੁਖੀ ਵਜੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਾਸਤੇ ਵੀ ਇੱਕ ਕਠਿਨ ਇਮਤਿਹਾਨ ਸਾਬਤ ਹੋਣ ਜਾ ਰਹੀ ਹੈ। ਇੱਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਪੰਜਾਬ ਪੁਲਿਸ ਲਈ ਰਾਜ ਸਰਕਾਰ ਨੇ ਵਿਧਾਨ ਸਭਾ ਤੋਂ ਜੋ ਨਵਾਂ ਪੁਲਿਸ ਐਕਟ ਪ੍ਰਵਾਨ ਕਰਵਾਇਆ ਹੈ, ਉਸ ਅਨੁਸਾਰ ਸਮੁੱਚੀ ਫੋਰਸ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਐ, ਭਾਵ ਜ਼ਿਲ੍ਹੇ, ਆਰਮਡ, ਇੰਟੇਲੀਜੈਂਸ ਅਤੇ ਤਕਨੀਕੀ ਵਿੰਗਾਂ ਵਿਚ। ਇੱਥੇ ਹੀ ਬੱਸ ਨਹੀਂ, ਇਨ੍ਹਾਂ ਵਿੰਗਾਂ ਨੂੰ ਸੀਨੀਆਰਤਾ ਵੀ ਅਲੱਗ-ਅਲੱਗ ਮਿਲੇਗੀ। ਵਰਨਣਯੋਗ ਹੈ ਕਿ ਪਹਿਲੇ ਕਾਇਦੇ ਅਨੁਸਾਰ ਜੋ ਤਰੱਕੀਆਂ ਦਿੱਤੀਆਂ ਜਾਂਦੀਆਂ ਸਨ, ਉਹ ਜ਼ਿਲ੍ਹਿਆਂ ਜਾਂ ਆਰਮਡ ਬਟਾਲੀਅਨਾਂ ਲਈ ਭਾਵੇਂ ਵੱਖੋ-ਵੱਖ ਸਨ, ਪਰ ਇੰਸਪੈਕਟਰ ਬਣਾਉਣ ਵਾਸਤੇ ਰਾਜ ਪੱਧਰ 'ਤੇ ਇੱਕੋ ਹੀ ਪੈਮਾਨਾ ਵਰਤਿਆ ਜਾਂਦਾ ਸੀ। ਬੇਸ਼ੱਕ ਅਧਿਕਾਰਤ ਤੌਰ 'ਤੇ ਤਾਂ ਅਜੇ ਤੱਕ ਰਾਜ ਸਰਕਾਰ ਦੇ ਕਿਸੇ ਨੀਤੀ ਗਤ ਫੈਸਲੇ ਦਾ ਐਲਾਨ ਨਹੀਂ ਹੋਇਆ, ਪਰ ਫਿਜ਼ਾ ਵਿਚ ਇਹ ਅਫਵਾਹਾਂ ਫੈਲ ਰਹੀਆਂ ਹਨ ਕਿ ਜ਼ਿਲ੍ਹਿਆਂ ਵਿਚ ਤਾਇਨਾਤ ਕਰਮਚਾਰੀਆਂ ਨੂੰ 70 ਫੀਸਦੀ ਅਤੇ ਬਾਕੀ 30 ਫੀਸਦੀ ਤਰੱਕੀਆਂ ਰਹਿੰਦੇ ਤਿੰਨਾਂ ਵਿੰਗਾਂ 'ਚ ਵੰਡੀਆਂ ਜਾਣਗੀਆਂ।

ਇੱਥੇ ਹੀ ਬੱਸ ਨਹੀਂ ਬਲਕਿ ਚਰਚਾ ਇਹ ਵੀ ਹੈ ਕਿ ਤਰੱਕੀ ਜ਼ਾਬਤਾ ਅਧਿਕਾਰੀ ਆਪੋ-ਆਪਣੇ ਵਿੰਗਾਂ ਵਿਚ ਹੀ ਰਹਿਣਗੇ, ਉਨ੍ਹਾਂ ਦੀ ਬਦਲੀ ਜ਼ਿਲ੍ਹਿਆਂ ਚੋਂ ਆਰਮਡ ਜਾਂ ਆਰਮਡ ਤੋਂ ਜ਼ਿਲ੍ਹਿਆਂ ਵਿਚ ਨਹੀਂ ਹੋ ਸਕੇਗੀ। ਇਨ੍ਹਾਂ ਅਫਵਾਹਾਂ ਦੀ ਵਜ੍ਹਾ ਕਾਰਨ ਆਰਮਡ ਇੰਟੈਲੀਜੈਂਸ ਅਤੇ ਤਕਨੀਕੀ ਵਿੰਗਾਂ ਵਿਚ ਕੰਮ ਕਰਨ ਵਾਲੇ ਪੁਲਿਸ ਕਰਮਚਾਰੀਆਂ ਦਰਮਿਆਨ ਭਾਰੀ ਬੇਚੈਨੀ ਪਾਈ ਜਾ ਰਹੀ ਹੈ, ਕਿਉਂਕਿ ਗਿਣਤੀ ਦੇ ਲਿਹਾਜ਼ ਨਾਲ ਜੇਕਰ ਉਨ੍ਹਾਂ ਦੀ ਨਫ਼ਰੀ ਜ਼ਿਲ੍ਹਿਆਂ ਤੋਂ ਵਧ ਨਹੀਂ ਤਾਂ ਕਿਸੇ ਪੱਖੋਂ ਘੱਟ ਵੀ ਨਹੀਂ।

ਸੀਨੀਆਰਤਾ ਨੂੰ ਲੈ ਕੇ ਥੱਲਿਓਂ ਪਦ ਉਨਤ ਅਤੇ ਸਿੱਧੀ ਭਰਤੀ ਵਾਲੇ ਸਹਾਇਕ ਸਬ ਇੰਸਪੈਕਟਰ ਅਤੇ ਡੀ ਐਸ ਪੀ ਪੱਧਰ ਦੇ ਪੁਲਿਸ ਅਧਿਕਾਰੀ ਪਹਿਲਾਂ ਤੋਂ ਹੀ ਇੱਕ ਦੂਜੇ ਨਾਲ ਬੁਰੀ ਤਰ੍ਹਾਂ ਉਲਝੇ ਹੋਏ ਹਨ। ਦੱਸਣਯੋਗ ਹੈ ਕਿ ਜਿੱਥੇ ਪਦ ਉਨਤੀ ਵਾਲੇ ਕਰਮਚਾਰੀ ਇਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੇ ਏ ਐਸ ਆਈ ਬਣਨ ਦੀ ਤਾਰੀਖ ਤੋਂ ਪਿੱਛੋਂ ਸਿੱਧੇ ਭਰਤੀ ਹੋਏ ਏ ਐਸ ਆਈਜ਼ ਨੂੰ ਤਰੱਕੀ ਦੀ ਸੂਚੀ ਵਿਚ ਪਿੱਛੇ ਰੱਖਿਆ ਜਾਵੇ, ਉਥੇ ਰਾਜ ਸਰਕਾਰ ਪਿਛਲਿਆਂ ਨੂੰ ਪਹਿਲਿਆਂ ਨਾਲੋਂ ਪਹਿਲ ਦੇ ਰਹੀ ਹੈ। ਇਸ ਮੁੱਦੇ ਨੂੰ ਲੈ ਕੇ ਦੋਵੇਂ ਧਿਰਾਂ ਹਾਈਕੋਰਟ ਦੀਆਂ ਪੌੜੀਆਂ ਗਿਣਨ 'ਤੇ ਲੱਗੀਆਂ ਹੋਈਆਂ ਹਨ। ਜਿੱਥੋਂ ਤੱਕ ਡੀ ਐਸ ਪੀ ਪੱਧਰ ਦੇ ਅਧਿਕਾਰੀਆਂ ਦਾ ਸੁਆਲ ਹੈ, ਉਹ ਵੀ ਆਪਸ ਵਿਚ ਬੁਰੀ ਤਰ੍ਹਾਂ ਟਕਰਾ ਰਹੇ ਹਨ। ਸਿੱਧੇ ਭਰਤੀ ਹੋਣ ਵਾਲੇ ਡੀ ਐਸ ਪੀ ਇਹ ਜ਼ੋਰ ਦੇ ਰਹੇ ਹਨ, ਚਾਰ-ਇੱਕ ਦੇ ਫਾਰਮੂਲੇ ਨੂੰ 1959 ਤੋਂ ਲਾਗੂ ਕਰਕੇ ਸੀਨੀਆਰਤਾ ਸੂਚੀ ਮੁੜ ਬਣਾਈ ਜਾਵੇ। ਭਾਵ ਇਹ ਕਿ 1959 ਨੂੰ ਅਧਾਰ ਮੰਨ ਕੇ ਪੰਜਾਂ ਵਿਚੋਂ ਐਸ ਪੀ ਵਜੋਂ ਤਰੱਕੀ ਦੇਣ ਲਈ ਚਾਰ ਸਿੱਧੇ ਭਰਤੀ ਹੋਏ ਡੀ ਐਸ ਪੀਜ਼ 'ਚੋਂ ਲਏ ਜਾਣ। ਦੂਜੇ ਪਾਸੇ ਤਰੱਕੀ ਲੈਣ ਵਾਲੇ ਇਸ ਤਰਕ ਨਾਲ ਉਨ੍ਹਾਂ ਦੀ ਉਕਤ ਮੰਗ ਦਾ ਵਿਰੋਧ ਕਰ ਰਹੇ ਹਨ, ਕਿ ਉਨ੍ਹਾਂ ਦੇ ਡੀ ਐਸ ਪੀ ਬਣਨ ਵੇਲੇ ਜਿਹੜੇ ਵਿਅਕਤੀ ਸਕੂਲਾਂ, ਕਾਲਜਾਂ ਵਿਚ ਹੀ ਪੜ੍ਹ ਰਹੇ ਸਨ, ਉਹ ਉਨ੍ਹਾਂ ਤੋਂ ਕਿਤੇ ਸੀਨੀਅਰ ਹੋ ਜਾਣਗੇ। ਜ਼ਿਕਰਯੋਗ ਹੈ ਕਿ ਇਹ ਮੁੱਦਾ ਸੁਪਰੀਮ ਕੋਰਟ ਪੁੱਜ ਚੁੱਕਾ ਹੈ, ਜਿੱਥੇ ਸੁਣਵਾਈ ਲਈ 6 ਜਨਵਰੀ ਦੀ ਤਾਰੀਖ਼ ਤੈਅ ਹੈ। ਪੰਜਾਬ ਪੁਲਿਸ ਦੀਆਂ ਇਹ ਅੰਦਰੂਨੀ ਵਿਰੋਧਤਾਈਆਂ ਰਾਜ ਸਰਕਾਰ ਲਈ ਗਲੇ ਦੀ ਹੱਡੀ ਬਣੀਆਂ ਹੋਈਆਂ ਹਨ। ਇਸ ਲਈ 2010 ਦਾ ਵਰ੍ਹਾ ਜਿੱਥੇ ਅਕਾਲੀ-ਭਾਜਪਾ ਹਕੂਮਤ ਲਈ ਅਮਨ-ਕਾਨੂੰਨ ਨੂੰ ਲਾਗੂ ਕਰਨ ਵਾਲੀ ਪੁਲਿਸ ਫੋਰਸ ਦੇ ਸੰਦਰਭ ਵਿਚ ਇੱਕ ਵੱਡੀ ਚਣੌਤੀ ਬਣਨ ਜਾ ਰਿਹਾ ਹੈ, ਉਥੇ ਇਹ ਗ੍ਰਹਿ ਵਿਭਾਗ ਦੇ ਇੰਚਾਰਜ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਲਈ ਵੀ ਇੱਕ ਬਹੁਤ ਔਖਾ ਇਮਤਿਹਾਨ ਹੈ। ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ 1979 ਵਿਚ ਜਦ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ, ਤਾਂ ਉਦੋਂ ਵੀ ਪੁਲਿਸ ਵਿਚ ਪੈਦਾ ਹੋਈ ਬੇਚੈਨੀ ਬਗਾਵਤ ਵਿਚ ਤਬਦੀਲ ਹੋਈ ਸੀ।

# ਕਿਸਾਨ ਖ਼ੁਦਕੁਸ਼ੀਆਂ ਲਈ, ਬਹੁਕੌਮੀ ਕਾਰਪੋਰੇਸ਼ਨਾਂ ਤੇ ਸਰਕਾਰਾਂ ਜ਼ਿੰਮੇਵਾਰ


## ਇਕ ਕਿਤਾਬ ਕਹਿੰਦੀ ਹੈ

**ਜਸਵੀਰ ਸਿੰਘ ਸ਼ੀਰੀ**

ਡਾ. ਸੁਰਿੰਦਰ ਸਿੰਘ ਸਿੱਧੂ ਦੀ ਕੁਝ ਸਾਲ ਪਹਿਲਾਂ ਇਕ ਕਿਤਾਬ ਛਪੀ ਸੀ, 'ਨਸ਼ੇ, ਕਾਰਣ ਅਤੇ ਇਲਾਜ'। ਉਪ੍ਰੋਕਤ ਕਿਤਾਬ ਨੂੰ ਮੈਂ ਉਦੋਂ ਇਕੋ ਸਾਹੇ ਪੜ੍ਹ ਗਿਆ ਸਾਂ। ਕਿਧਰੇ ਵੀ ਨਹੀਂ ਸੀ ਲਗਿਆ ਕਿ ਕਿਸੇ ਤਕਨੀਕੀ ਜਾਂ ਰੁੱਖੇ ਜਿਹੇ ਵਿਸ਼ੇ 'ਤੇ ਇਹ ਕਿਤਾਬ ਲਿਖੀ ਗਈ ਹੈ। ਪਰ ਸਿੱਧੂ ਦੀ ਨਵੀਂ ਕਿਤਾਬ ਵਿਚ ਅਜਿਹਾ ਲਗਦਾ ਹੈ।

ਡਾਕਟਰ ਸਿੱਧੂ ਮਨੁੱਖੀ ਸਰੀਰ ਅਤੇ ਐਨਾਸਥੈਟਿਕਸ ਦੇ ਮਾਹਿਰ ਹਨ ਅਤੇ ਉਨ੍ਹਾਂ ਦੀ ਇਸਦੇ ਨਾਲ ਨਾਲ ਪੰਜਾਬੀ ਭਾਸ਼ਾ ਉਪਰ ਮੁਹਾਰਤ ਵੀ ਕਮਾਲ ਦੀ ਹੈ। ਡਾ. ਸਿੱਧੂ ਦੀ ਪਹਿਲੀ ਕਿਤਾਬ ਜਿੱਥੇ ਵਿਗਿਆਨਕ ਤੱਥਾਂ ਨਾਲ ਭਰਪੂਰ ਸੀ, ਉਥੇ ਪੜ੍ਹਨ ਪੱਖੋਂ ਵੀ ਕਾਫੀ ਦਿਲਚਸਪ ਸੀ। ''ਕਿਸਾਨ ਖ਼ੁਦਕੁਸ਼ੀਆਂ'' ਡਾ. ਸਿੱਧੂ ਦੀ ਦੂਜੀ ਕਿਤਾਬ ਹੈ। 136 ਕੁ ਸਫਿਆਂ ਦੀ ਇਹ ਕਿਤਾਬ ਜੁਲਾਈ 2009 ਵਿਚ ਛਪੀ ਸੀ ਅਤੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਵਲੋਂ ਰਿਲੀਜ਼ ਕੀਤੀ ਗਈ ਸੀ।

ਇਸ ਕਿਤਾਬ ਵਿਚ ਡਾਕਟਰ ਸਿੱਧੂ ਨੇ ਅੰਗ੍ਰੇਜ਼ਾਂ ਦੇ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਵਿਚ ਦਾਖਲੇ ਤੋਂ ਬਾਅਦ ਦੇਸ਼ ਦੇ ਕਿਸਾਨਾਂ ਦੀ ਹੋਈ ਦੁਰਦਸ਼ਾ, ਫੈਲੀ ਭੁੱਖਮਰੀ ਅਤੇ ਪਏ ਕਾਲਾਂ ਆਦਿ ਦੇ ਵਿਆਪਕ ਵੇਰਵੇ ਦਿਤੇ ਹਨ। ਕਿਤਾਬ ਇਸ ਸਿੱਟੇ ਤੇ ਪਹੁੰਚਦੀ ਹੈ ਕਿ ਅੰਗ੍ਰੇਜ਼ਾਂ ਨੇ ਆਪਣੇ ਕਾਰਜਕਾਲ ਦੌਰਾਨ ਦੇਸ਼ ਦੀ ਖੇਤੀਬਾੜੀ ਦਾ ਕੋਈ ਵਿਕਾਸ ਨਹੀਂ ਕੀਤਾ। ਸ਼ਾਹੂਕਾਰਾਂ ਸਿਸਟਮ ਪੈਦਾ ਹੋ ਗਿਆ ਜਿਸਦੇ ਕਾਰਨ ਕਿਸਾਨ ਕਰਜ਼ਈ ਹੋਣਾ ਸ਼ੁਰੂ ਹੋ ਗਿਆ ਸੀ। ਅੰਗ੍ਰੇਜ਼ਾਂ ਦੀ ਗੁਲਾਮੀ ਨੇ ਦੇਸ਼ ਨੂੰ ਅਤਿ ਗਰੀਬੀ ਦੀ ਹਾਲਤ ਵਿਚ ਸੁੱਟ ਦਿੱਤਾ। ਕਥਿਤ ਅਜ਼ਾਦੀ ਹਾਸਲ ਕਰਨ ਤੋਂ ਬਾਅਦ ਦੇਸ਼ ਦੀ ਸੱਤਾ ਕਾਂਗਰਸ ਪਾਰਟੀ ਦੇ ਹੱਥ ਆਈ। ਉਸਨੇ ਵੀ ਦੇਸ਼ ਨੂੰ ਸਰਮਾਏਦਾਰੀ ਲੀਹਾਂ ਵਾਲੇ ਵਿਕਾਸ ਦੇ ਰਾਹ ਉਪਰ ਤੋਰਿਆ, ਜਿਸਦੇ ਸਿੱਟੇ ਵਜੋਂ ਕਿਸਾਨ ਦੀ ਲੁੱਟ ਜਾਰੀ ਰਹੀ। ਕਾਂਗਰਸ ਅਤੇ ਹੋਰ ਸੱਜੇ ਪੱਖੀ ਪਾਰਟੀਆਂ ਸਮੇਂ ਦੇਸ਼ ਵਿਚ ਜ਼ਮੀਨੀ ਸੁਧਾਰ ਠੀਕ ਢੰਗ ਨਾਲ ਲਾਗੂ ਨਾ ਕੀਤੇ ਜਾ ਸਕੇ ਜਿਸ ਕਾਰਨ ਅਜ਼ਾਦੀ ਤੋਂ ਬਾਅਦ ਵੀ ਕਿਸਾਨਾਂ ਦੀ ਦੁਰਦਸ਼ਾ ਜਾਰੀ ਰਹੀ। ਇਸ ਵਿਕਾਸ ਵਿਚੋਂ ਲੇਖਕ ਅਨੁਸਾਰ ਸਿਰਫ ਇਕੋ ਇਕ ਮਹਿੰਗੀ ਪ੍ਰਾਪਤੀ ਇਹ ਕੀਤੀ ਜਾ ਸਕੀ ਕਿ ਕਿਸੇ ਨਾ ਕਿਸੇ ਰੂਪ ਵਿਚ ਜਮਹੂਰੀਅਤ ਸਾਡੇ ਕੋਲ ਬਚੀ ਹੋਈ ਹੈ(ਉਂਝ ਲੇਖਕ ਦੇ ਇਸ ਦਾਅਵੇ 'ਤੇ ਵੀ ਸਵਾਲੀਆ ਨਿਸ਼ਾਨ ਲਗ ਸਕਦਾ ਹੈ)। ਲੇਖਕ ਨੇ ਇਹ ਗੱਲ ਵੀ ਨੋਟ ਕੀਤੀ ਹੈ ਕਿ ਪੱਛਮੀ ਮੁਲਕਾਂ ਵਿਚ ਖੇਤੀ ਦਾ ਸਰਮਾਏਦਾਰੀ ਹੋ ਗਿਆ ਹੈ ਅਤੇ ਉਨ੍ਹਾਂ ਮੁਲਕਾਂ ਵਿਚ ਸਰਕਾਰਾਂ ਕਿਸਾਨਾਂ ਨੂੰ ਬਹੁਤ ਜ਼ਿਆਦਾ




ਸਬਸਿਡੀ ਦੇਂਦੀਆਂ ਹਨ। ਇਸ ਸਥਿਤੀ ਵਿਚ ਡਬਲਿਊ ਟੀ ਓ ਦਾ ਵਰਤਾਰਾ ਵੀ ਸਾਡੀ ਖੇਤੀ ਨੂੰ ਪ੍ਰਭਾਵਤ ਕਰ ਰਿਹਾ ਹੈ। ਲੇਖਕ ਅਨੁਸਾਰ ਸਾਡੀ ਖੇਤੀ ਲੋਕਾਂ ਦੇ ਜੀਣ ਥੀਣ ਦਾ ਸਾਧਨ ਹੈ ਜਦੋਂ ਕਿ ਪੱਛਮੀ ਮੁਲਕਾਂ ਦੀ ਆਧੁਨਿਕ ਖੇਤੀ ਉਥੋਂ ਦੇ ਕਾਰਪੋਰੇਟ ਬਿਜ਼ਨਿਸ ਦਾ ਹਿੱਸਾ ਹੈ। ਇਸ ਹਾਲਤ ਵਿਚ ਸਾਨੂੰ ਪੱਛਮੀ ਮੁਲਕਾਂ ਦੇ ਅੱਖਾਂ ਮੀਚ ਕੇ ਪਿਛੇ ਤੁਰਨ ਦੀ ਥਾਂ ਇਹੋ ਜਿਹੀਆਂ ਨੀਤੀਆਂ ਅਪਣਾਉਣੀਆਂ ਚਾਹੀਦੀਆਂ ਹਨ, ਜਿਹੜੀਆਂ ਸਾਡੇ ਦੇਸ਼ ਦੇ ਬਹੁਗਿਣਤੀ ਕਿਸਾਨਾਂ ਦੇ ਹਿੱਤ ਵਿਚ ਹੋਣ।

ਇਸ ਸਥਿਤੀ ਨੂੰ ਬਦਲਣ ਲਈ ਲੇਖਕ, ਕੈਪੀਟਲ ਅਤੇ ਰਸਾਇਣਕ ਖੇਤੀ ਦੀ ਥਾਂ ਕੁਦਰਤੀ ਖੇਤੀ ਵਲ ਸੋੜਾ ਕੱਟਣ ਦੀ ਵਕਾਲਤ ਕਰਦਾ ਹੈ। ਲੇਖਕ ਵਲੋਂ ਪੰਜਾਬ ਵਿਚ ਆਏ ਖੇਤੀ ਸੰਕਟ ਲਈ ਜਿਥੇ ਮੁੱਖ ਰੂਪ ਵਿਚ ਹਰੇ ਇਨਕਲਾਬ ਅਤੇ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ, ਉਥੇ ਕੇਂਦਰ ਸਰਕਾਰ ਵਲੋਂ ਬੀ ਟੀ ਬੀਜਾਂ ਦੇ ਰਾਹੀਂ ਦੂਜੇ ਹਰੇ ਇਨਕਲਾਬ ਦੀਆਂ ਗੱਲਾਂ ਦਾ ਵੀ ਵਿਰੋਧ ਕੀਤਾ ਗਿਆ ਹੈ। ਕਿਤਾਬ ਅਨੁਸਾਰ ਬੀ ਟੀ ਬੀਜਾਂ ਦੀਆਂ ਮਾਲਕ ਮਲਟੀਨੈਸ਼ਨਲ ਕੰਪਨੀਆਂ ਆਪਣੇ ਮੁਨਾਫੇ ਦੇ ਕਾਰੋਬਾਰ ਦਾ ਜਾਲ ਫੈਲਾ ਰਹੀਆਂ ਹਨ। ਜਿਸ ਵਿਚ ਕਿਸਾਨ ਹੋਰ ਵਧੇਰੇ ਉਲਝਦੇ ਜਾ ਰਹੇ ਹਨ। ਲੇਖਕ ਅਨੁਸਾਰ ਦੇਸ਼ ਦੇ ਕਿਸਾਨਾਂ ਦੇ ਭਲੇ ਲਈ ਸਰਕਾਰ ਵਲੋਂ ਮਲਟੀਨੈਸ਼ਨਲ ਕੰਪਨੀਆਂ, ਡਬਲਿਊ ਟੀ ਓ ਅਤੇ ਪੱਛਮੀ ਮੁਲਕਾਂ ਦੇ ਪ੍ਰਭਾਵ ਤੋਂ ਆਜ਼ਾਦ ਖੇਤੀ ਨੀਤੀ ਬਣਾਈ ਜਾਣੀ ਚਾਹੀਦੀ ਹੈ, ''ਸਾਨੂੰ ਰਸਾਇਣਕ ਪਦਾਰਥ ਤੋਂ ਬਗੈਰ, ਕੁਦਰਤੀ, ਆਰਗੈਨਿਕ ਅਤੇ ਸੁਰਖਿਅਤ ਵਾਤਾਵਰਣ ਵਾਲੀ ਖੇਤੀ ਵਲ ਧਿਆਨ ਦੇਣਾ ਚਾਹੀਦਾ ਹੈ। ਦੂਸਰੇ ਹਰੇ ਇਨਕਲਾਬ ਨਾਲੋਂ ਜ਼ਰੂਰੀ ਕੁਦਰਤੀ ਅਤੇ ਆਰਗੈਨਿਕ ਖੇਤੀ ਹੀ ਹੈ। ਇਹੋ ਇਕੋ ਇਕ ਰਾਹ ਹੈ ਜੋ ਆਮ ਕਿਸਾਨੀ ਦੇ ਹਿੱਤ ਵਿਚ ਜਾਂਦਾ ਹੈ।''

ਲੇਖਕ ਨੇ ਪੂਰੇ ਦੇਸ਼ ਦੇ ਸੰਦਰਭ ਵਿਚ ਪੰਜਾਬ ਦੇ ਕਿਸਾਨਾਂ ਦਾ ਪੱਖ ਵਿਸਥਾਰ ਵਿਚ ਨੋਟ ਕੀਤਾ ਹੈ। ਇਹ ਪੱਖ ਵੀ ਨੋਟ ਕੀਤਾ ਗਿਆ ਹੈ ਕਿ ਕੇਂਦਰ ਵਲੋਂ 2008 ਵਿਚ ਦਿਤੀ ਗਈ 71000 ਕਰੋੜ ਦੀ ਰਾਹਤ ਸਮੇਂ ਪੰਜਾਬ ਨਾਲ ਵਿਤਕਰਾ ਕੀਤਾ ਗਿਆ ਪਰ ਇਸ ਵਿਤਕਰੇ ਵਿਚ ਪੰਜਾਬ ਸਰਕਾਰ ਦਾ ਆਪਣਾ ਵੀ ਕਸੂਰ ਸੀ। ਕਿਉਂਕਿ ਪੰਜਾਬ ਵਲੋਂ ਇਸ ਰਾਹਤ ਲਈ ਕੇਂਦਰ ਨੂੰ ਰਾਜ ਵਿਚ ਹੋਈਆਂ ਖ਼ੁਦਕੁਸ਼ੀਆਂ ਦੇ ਸਹੀ ਅੰਕੜੇ ਨਹੀਂ ਦਿਤੇ। ਪੰਜਾਬ ਨੂੰ ਉਪ੍ਰੋਕਤ ਰਕਮ ਵਿਚੋਂ ਸਿਰਫ 987 ਕਰੋੜ ਰੁਪਏ ਹੀ ਪ੍ਰਾਪਤ ਹੋਏ। ਜਦਕਿ ਇਸਦੇ ਮੁਕਾਬਲੇ ਹਰਿਆਣਾ ਨੂੰ 2108 ਕਰੋੜ ਰੁਪਏ ਮਿਲੇ। ਕਿਤਾਬ ਅਨੁਸਾਰ, ''ਕਿਸਾਨ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਉਸਦੀ ਆੜ੍ਹਤੀਏ ਵਲੋਂ ਲੁੱਟ ਖਸੁੱਟ, ਪੈਰ ਪੈਰ 'ਤੇ ਉਸਦੀ ਬੇਇਜ਼ਤੀ, ਕਿਸੇ ਪਾਸਿਉਂ ਮਦਦ ਦੀ ਮਿਟਦੀ ਆਸ, ਮਾਨਸਿਕ ਪ੍ਰੇਸ਼ਾਨੀ, ਡਰ ਭਰਪੂਰ ਜ਼ਿੰਦਗੀ ਨਾਲ ਬਾਰਬਰਤਾ ਦਾ ਅਹਿਸਾਸ ਅਤੇ ਆਲੇ ਦੁਆਲੇ ਤੇਜ਼ੀ ਨਾਲ ਹੋ ਰਹੇ ਵਿਕਾਸ ਦਾ ਚੀਕ ਚਿਹਾੜਾ ਹੈ। ਆਮ ਕਿਸਾਨ ਨੂੰ ਇਸ ਵਿਕਾਸ ਵਿਚ ਹਿੱਸਾ ਨਹੀਂ ਬਣਾਇਆ ਗਿਆ। ਇਸ ਵਿਕਾਸ ਵਿਚ ਆਪਣੇ ਬਣਦੇ ਹੱਕ ਨੂੰ ਮਿਲਦਾ ਨਾ ਵੇਖਕੇ ਉਹ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਦਾ ਹੈ।''

ਕਿਸਾਨੂੰ ਨੂੰ ਮੌਜੂਦਾ ਸਥਿਤੀ 'ਚੋਂ ਕਢਣ ਲਈ ਇਕ ਪਾਸੇ ਤਾਂ ਲੇਖਕ ਨੇ ਕਿਸਾਨਾਂ ਨੂੰ ਆਪਣਾ ਲਾਈਫ ਸਟਾਈਲ ਬਦਲਣ ਅਤੇ ਖਰਚ ਘਟਾਉਣ ਦੀ ਸਲਾਹ ਦਿੱਤੀ ਹੈ। ਦੂਜੇ ਪਾਸੇ ਖੇਤੀ ਨੂੰ ਕੁਦਰਤੀ ਲੀਹਾਂ 'ਤੇ ਤੋਰਨ, ਆੜ੍ਹਤੀਆ ਸਿਸਟਮ ਖਤਮ ਕਰਨ, ਕਿਸਾਨਾਂ ਦਾ ਯੱਕ-ਮੁਸ਼ਤ ਕਰਜ਼ਾ ਮੁਆਫ ਕਰਨ, ਡਬਲਿਊ ਟੀ ਓ, ਬੀ ਟੀ ਬੀਜ਼ਾਂ ਅਤੇ ਪੱਛਮੀ ਮੁਲਕਾਂ ਤੋਂ ਬਚਣ, ਕਿਸਾਨਾਂ ਦੀ ਮਾਨਸਿਕ ਸਿਹਤ ਵਲ ਧਿਆਨ ਦੇਣ ਦੀ ਸਲਾਹ ਦਿੱਤੀ ਹੈ। ਇਸ ਤੋਂ ਇਲਾਵਾ ਲੇਖਕ ਨੇ ਕਿਸਾਨ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਆਤਮ ਹੀਣਤਾਂ ਵਿਚੋਂ ਬਾਹਰ ਆਵੇ ਕਿਉਂਕਿ ਖੇਤੀ ਦਾ ਧੰਦਾ ਹਾਲੇ ਵੀ ਉੱਤਮ ਹੈ।ਡਾ. ਸਿੱਧੂ ਦੀ ਇਸ ਕਿਤਾਬ ਵਿਚ ਤੱਥਾਂ ਅਤੇ ਅਖ਼ਬਾਰੀ ਰਿਪੋਰਟਾਂ ਦੀ ਭਰਮਾਰ ਹੈ। ਇਸ ਦ੍ਰਿਸ਼ਟੀ ਤੋਂ ਇਹ ਅਮੀਰ ਕਿਤਾਬ ਹੈ। ਕਿਸਾਨ ਖ਼ੁਦਕਸ਼ੀਆਂ ਦੇ ਸੰਬੰਧ ਵਿਚ ਪਾਠਕ ਨੂੰ ਇਸ ਕਿਤਾਬ ਵਿਚੋਂ ਬਹੁਤ ਸਾਰੇ ਤੱਥ ਮਿਲ ਸਕਦੇ ਹਨ, ਇਸ ਤੋਂ ਇਲਾਵਾ ਲੇਖਕ ਨੇ ਕਿਸਾਨ ਸਮੱਸਿਆ ਦਾ ਇਤਿਹਾਸਕ ਪਿਛੋਕੜ ਵੀ ਵਿਚਾਰਿਆ ਹੈ। ਪਰ ਤੱਥਾਂ ਅਤੇ ਰਿਪੋਰਟਾਂ ਦੀ ਭਰਮਾਰ ਕਿਤਾਬ ਦੀ ਤਰਤੀਬ ਅਤੇ ਵਿਸ਼ਲੇਸ਼ਣਾਤਮਕ ਆਭਾ ਨੂੰ ਭੰਗ ਕਰ ਦਿੰਦੀ ਹੈ। ਕੁਝ ਥਾਵਾਂ ਤੇ ਤਾਂ ਇਹ ਕਿਤਾਬ ਅਖ਼ਬਾਰੀ ਰਿਪੋਰਟਾਂ ਦਾ ਸੰਗ੍ਰਹਿ ਹੀ ਲਗਦੀ ਹੈ। ਇਸ ਤੋਂ ਬਚਿਆ ਜਾਣਾ ਚਾਹੀਦਾ ਸੀ। ਇਸ ਤੋਂ ਇਲਾਵਾ ਕਿਤਾਬ ਕਿਸਾਨ ਸਮੱਸਿਆ ਦੇ ਹੱਲ ਲਈ ਕੋਈ ਮੁਤਬਾਦਲ ਖੇਤੀ ਦਾ ਖ਼ਾਕਾ ਵੀ ਨਹੀਂ ਉਸਾਰਦੀ। ਮਹਿਜ਼ ਔਰਗੈਨਿਕ ਖੇਤੀ ਅਪਨਾਉਣ ਦੀ ਗੱਲ ਕਰਦੀ ਹੈ ਅਤੇ ਅਚਾਨਕ ਖਤਮ ਹੋ ਜਾਂਦੀ ਹੈ। ਇਸਦੇ ਬਾਵਜੂਦ ਵੀ ਦੇਸ਼ ਵਿਚ ਕਿਸਾਨ ਸਮੱਸਿਆ ਨੂੰ ਸਮਝਣ ਲਈ ਇਹ ਪੜ੍ਹਨ ਯੋਗ ਕਿਤਾਬ ਹੈ। ਖਾਸ ਕਰਕੇ ਤੱਥਾਂ ਦੀ ਦ੍ਰਿਸ਼ਟੀ ਤੋਂ।

# ਕੋਈ ਵਧੀਆ ਸਾਲ ਨਹੀਂ ਰਿਹਾ 2009 ਪੰਜਾਬ ਲਈ

**ਹਰਜਾਪ ਸਿੰਘ ਔਜਲਾ**

ਸਮੇਂ ਦੀ ਗਰਦਿਸ਼ ਨੇ ਤਾਂ ਚਲਦੇ ਹੀ ਰਹਿਣਾ ਹੈ, ਬੀਤਿਆ ਸਮਾਂ ਮੁੜ ਨਹੀਂ ਆਉਂਦਾ ਅਤੇ ਭਵਿਖ ਨੂੰ ਕੋਈ ਰੋਕ ਨਹੀਂ ਸਕਦਾ। ਸਾਲ 2009 ਦਾ ਅੰਤ ਹੋ ਗਿਆ ਹੈ ਅਤੇ ਸਾਲ 2010 ਚੜ੍ਹ ਗਿਆ ਹੈ। ਅਸੀਂ ਪਰਵਾਸੀ ਪੰਜਾਬੀ ਭਾਵੇਂ ਕਿਤੇ ਵੀ ਵਸਦੇ ਰਸਦੇ ਰਹੀਏ, ਸਾਡਾ ਦਿਲ ਅਤੇ ਦਿਮਾਗ ਹਮੇਸ਼ਾ ਪੰਜਾਬ ਦੀ ਹੀ ਸੋਚਦਾ ਹੈ। ਪੰਜਾਬ ਵਾਸਤੇ 2009 ਕੋਈ ਵਧੀਆ ਸਾਲ ਨਹੀਂ ਸੀ। ਸੂਬਾਈ ਸਰਕਾਰ ਦਾ ਆਪਣਾ ਲਿਆ ਕਰਜ਼ਾ 62000 ਕਰੋੜ ਤੋਂ ਵਧ ਚੁਕਿਆ ਏ। ਹਾਲਾਤ ਐਨੇ ਖਰਾਬ ਹੋ ਚੁੱਕੇ ਹਨ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਵਾਸਤੇ ਸਰਕਾਰ ਕੋਲ ਪੈਸੇ ਨਹੀਂ ਹਨ। ਹਰ ਮਹੀਨੇ 500 ਤੋਂ 700 ਕਰੋੜ ਰੁਪਏ ਦਾ ਨਵਾਂ ਕਰਜ਼ਾ ਲੈ ਕੇ ਸਰਕਾਰ ਤਨਖਾਹ ਦਿੰਦੀ ਹੈ। ਵਿਕਾਸ ਵਾਸਤੇ ਤਾਂ ਵੈਸੇ ਹੀ ਪੰਜਾਬ ਸਰਕਾਰ ਕੋਲ ਪੈਸੇ ਨਹੀਂ ਹਨ।

ਪੰਜਾਬ ਰਾਜ ਬਿਜਲੀ ਬੋਰਡ ਦੀ ਹਾਲਤ ਹੋਰ ਵੀ ਖਰਾਬ ਹੈ। ਇਸ ਬੋਰਡ ਦੇ ਉਪਰ 14000 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਕਰਜ਼ੇ ਦੇ ਨਾਲ ਨਾਲ ਹੀ ਬੋਰਡ ਦਾ ਹੋਰ ਘਾਟਾ 8000 ਕਰੋੜ ਰੁਪਏ ਤੋਂ ਟੱਪ ਚੁਕਿਆ ਹੈ। ਪੰਜਾਬ ਸਰਕਾਰ ਸੂਬੇ ਦੇ ਬਿਜਲੀ ਬੋਰਡ ਕੋਲੋਂ ਜ਼ਿਮੀਂਦਾਰਾਂ ਨੂੰ ਮੁਫਤ ਬਿਜਲੀ ਦਵਾ ਰਹੀ ਹੈ, ਲੇਕਿਨ ਮੁਫਤ ਵੰਡੀ ਜਾਂਦੀ ਬਿਜਲੀ ਦਾ ਖਰਚ ਪੰਜਾਬ ਸਰਕਾਰ ਸਮੁੱਚੇ ਤੌਰ 'ਤੇ ਬਿਜਲੀ ਬੋਰਡ ਨੂੰ ਦੇ ਨਹੀਂ ਰਹੀ। ਸਰਕਾਰ ਬਿਜਲੀ ਬੋਰਡ ਨੂੰ ਪੈਸੇ ਉਸੇ ਹੀ ਸੂਰਤ ਵਿਚ ਦੇ ਸਕਦੀ ਹੈ, ਜੇ ਉਸ ਦੇ ਖਜ਼ਾਨੇ ਵਿਚ ਪ੍ਰਾਪਤ ਧੰਨ ਰਾਸ਼ੀ ਹੋਵੇ। ਜਿਹੜੀ ਸਰਕਾਰ ਖੁਦ ਹੀ ਕੰਗਾਲ ਹੈ ਉਹ ਬਿਜਲੀ ਬੋਰਡ ਦੀ ਮਦਦ ਕਿਵੇਂ ਕਰ ਸਕਦੀ ਹੈ, ਆਖਿਰ ਸਾਰਾ ਨਜ਼ਲਾ ਬਿਜਲੀ ਬੋਰਡ ਉਪਰ ਹੀ ਨਿਕਲਦਾ ਹੈ। ਸਰਕਾਰ ਜੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਜ਼ਿਮੀਂਦਾਰਾਂ ਦੇ ਟਿਊਬਵੈਲ ਬਿੱਲ ਦੇ ਨਹੀਂ ਸਕਦੀ ਤਾਂ ਬਿਜਲੀ ਬੋਰਡ ਨੂੰ ਇਜਾਜ਼ਤ ਦੇਵੇ ਕਿ ਉਹ ਜ਼ਿਮੀਂਦਾਰਾਂ ਕੋਲੋਂ ਉਨ੍ਹਾਂ ਦੁਆਰਾ ਟਿਊਬਵੈਲ ਚਲਾਉਣ ਲਈ ਦਿੱਤਾ ਜਾਂਦਾ ਬਿਜਲੀ ਦਾ ਮੁਨਾਸਿਬ ਬਿਲ ਵਸੂਲ ਕਰੇ। ਦੂਜੇ ਦੇ ਪੈਸੇ ਖੋਹ ਕੇ ਦਾਨ ਦੇਣਾ ਕਿੰਨਾ ਕੁ ਵਾਜਬ ਹੈ? ਗਰਮੀਆਂ ਵਿਚ ਝੋਨੇ ਦੇ ਪਾਲਣ ਸਮੇਂ ਪੰਜਾਬ ਵਿਚ ਬਿਜਲੀ ਦੀ ਖਪਤ 27 ਫੀਸਦੀ ਵਧ ਜਾਂਦੀ ਹੈ। ਉਸ ਸਮੇਂ ਪੰਜਾਬ ਰਾਜ ਬਿਜਲੀ ਬੋਰਡ ਬਹੁਤ ਮਹਿੰਗੇ ਭਾਅ ਯਾਨਿ 8 ਤੋਂ 10 ਰੁਪਏ ਪ੍ਰਤੀ ਯੂਨਿਟ ਬਿਜਲੀ ਹੋਰ ਸੂਬਿਆਂ ਤੋਂ ਖਰੀਦ ਕੇ ਜ਼ਿਮੀਦਾਰਾਂ ਨੂੰ ਮੁਫਤ ਬਿਜਲੀ ਦਿੰਦਾ ਹੈ। ਪਹਿਲੇ ਪਹਿਲ ਇਹ ਬਿਲ 200 ਕਰੋੜ ਰੁਪਏ ਸਾਲਾਨਾ ਹੋਇਆ ਕਰਦਾ ਸੀ, ਲੇਕਿਨ ਟਿਊਬਵੈਲ ਹਰ ਸਾਲ ਡੂੰਘੇ ਹੋ ਰਹੇ ਹਨ ਅਤੇ ਬਾਰਿਸ਼ਾਂ ਘਟ ਰਹੀਆਂ ਹਨ ਇਸ ਕਾਰਨ ਸਾਲ 2009 ਦਾ ਬਿਲ 3100 ਕਰੋੜ ਰੁਪਏ ਸੀ। ਸਾਲ 2010 ਵਿਚ ਜ਼ਿਮੀਂਦਾਰਾਂ ਨੂੰ ਮੁਫਤ ਦਿੱਤੀ ਜਾਂਦੀ ਬਿਜਲੀ ਦਾ ਬਿਲ ਵਧ ਕੇ 3500 ਕਰੋੜ ਰੁਪਏ ਹੋ ਜਾਣਾ ਹੈ।

ਗਰਮੀਆਂ ਵਿਚ ਬਿਜਲੀ ਦੀ ਵਧੇਰੇ ਖਪਤ ਦੇ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਨੂੰ ਸਰਦੀਆਂ ਵਿਚ ਵੀ ਜਦੋਂ ਸੂਬੇ ਦੇ ਕੋਲ ਬਿਜਲੀ ਵਾਧੂ ਹੁੰਦੀ ਹੈ ਬਿਜਲੀ ਦੇ ਕੱਟ ਲਗਾ ਕੇ ਕਈ ਸੂਬਿਆਂ ਨੂੰ ਬਿਜਲੀ ਮੋੜਨੀ ਪੈਂਦੀ ਹੈ। ਇਸ ਕਰਕੇ ਬਿਜਲੀ ਦੇ ਕੱਟ ਸਾਰਾ ਸਾਲ ਹੀ ਚੱਲਦੇ ਰਹਿੰਦੇ ਹਨ। ਇਸ ਨਾਲ ਘਰੇਲੂ ਖਪਤਕਾਰ ਬੜੇ ਦੁਖੀ ਹਨ। ਵਪਾਰੀ ਵਰਗ ਵੀ ਬਿਜਲੀ ਦੇ ਕੱਟਾਂ ਤੋਂ ਡਾਢਾ ਦੁਖੀ ਹੈ। ਸਭ ਤੋਂ ਵੱਧ ਭੈੜੀ ਹਾਲਤ ਉਦਯੋਗਪਤੀਆਂ ਦੀ ਯਾਨਿ ਕਾਰਖਾਨੇਦਾਰਾਂ ਦੀ ਹੈ। ਗਰਮੀਆਂ ਵਿਚ ਉਨ੍ਹਾਂ ਨੂੰ ਦੋ ਦਿਨਾਂ ਵਾਸਤੇ ਹਰ ਹਫਤੇ ਕਾਰਖਾਨੇ ਬੰਦ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਕਈ ਵਾਰੀ ਹਫਤੇ ਵਿਚ ਤਿੰਨ ਦਿਨ ਕਾਰਖਾਨੇ ਬੰਦ ਕਰਨੇ ਪੈਂਦੇ ਹਨ। ਅਜਿਹਾ ਹੋਣ ਕਾਰਨ ਪੰਜਾਬ ਦੇ ਉਦਯੋਗਪਤੀ ਗੁਆਂਢੀ ਸੂਬਿਆਂ ਯਾਨਿ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਉੱਤਰਾ ਖੰਡ ਵਿਚ ਉਦਯੋਗਿਕ ਇਕਾਈਆਂ ਲਗਾਉਣ ਲਈ ਮਜਬੂਰ ਹੋ ਰਹੇ ਹਨ। ਇਸ ਤਰ੍ਹਾਂ ਪੂੰਜੀ ਪੰਜਾਬ ਤੋਂ ਬਾਹਰ ਜਾ ਰਹੀ ਹੈ।

ਸਾਲ 2009 ਵਿਚ ਪੰਜਾਬ ਦੀਆਂ ਅਨੇਕ ਉਦਯੋਗਿਕ ਇਕਾਈਆਂ ਹੋਰਨਾਂ ਸੂਬਿਆਂ ਵਿਚ ਸਥਾਪਿਤ ਕਰ ਦਿੱਤੀਆਂ ਗਈਆਂ। ਕਈ ਹੋਰ ਉਦਯੋਗਪਤੀ ਦੂਜੇ ਸੂਬਿਆਂ ਵਿਚ ਜਾਣ ਦੀ ਸੋਚ ਰਹੇ ਹਨ। ਇਸ ਤਰ੍ਹਾਂ ਉਦਯੋਗ ਦੇ ਦ੍ਰਿਸ਼ਟੀਕੋਣ ਤੋਂ ਪੰਜਾਬ ਵਾਸਤੇ ਸਾਲ 2009 ਬੜਾ ਹੀ ਭੈੜਾ ਰਿਹਾ ਹੈ।

ਰਹੀ ਗੱਲ ਸੱਭਿਆਚਾਰ ਦੀ, ਪੰਜਾਬ ਵਿਚ ਹਰ ਸਾਲ ਕਪੂਰਥਲਾ, ਅੰਮ੍ਰਿਤਸਰ ਅਤੇ ਪਟਿਆਲਾ ਵਿਚ ਵਿਰਾਸਤੀ ਮੇਲੇ ਹੋਇਆ ਕਰਦੇ ਹਨ। ਸਰਕਾਰ ਦਾ ਖਜ਼ਾਨਾ ਖਾਲੀ ਹੋਣ ਕਾਰਨ ਸਾਲ 2009 ਵਿਚ ਕਪੂਰਥਲੇ ਦਾ ਵਿਰਾਸਤੀ ਮੇਲਾ ਪਹਿਲਾਂ ਤਾਂ ਅਕਤੂਬਰ ਤੋਂ ਤਬਦੀਲ ਕਰਕੇ ਨਵੰਬਰ ਵਿਚ ਕਰਨ ਦਾ ਫੈਸਲਾ ਕੀਤਾ ਗਿਆ, ਬਾਅਦ ਵਿਚ ਇਸਨੂੰ ਰੱਦ ਹੀ ਕਰ ਦਿੱਤਾ ਗਿਆ। ਅੰਮ੍ਰਿਤਸਰ ਦਾ ਵਿਰਾਸਤੀ ਮੇਲਾ ਚੁੱਪ-ਚੁਪੀਤੇ ਹੀ ਦਫ਼ਨ ਕਰ ਦਿਤਾ ਗਿਆ। ਬਾਕੀ ਰਹੀ ਗੱਲ ਪਟਿਆਲਾ ਦੇ ਵਿਰਾਸਤੀ ਮੇਲੇ ਦੀ, ਇਹ ਫਰਵਰੀ ਵਿਚ ਕੀਤਾ ਜਾਂਦਾ ਹੈ। ਇਸਦੇ ਹਸ਼ਰ ਬਾਰੇ ਅਜੇ ਆਖਿਆ ਨਹੀਂ ਜਾ ਸਕਦਾ।



ਸਕੂਲਾਂ ਅਤੇ ਕਾਲਜਾਂ ਵਿਚ ਅਧਿਆਪਕਾਂ ਦੀ ਸਖਤ ਕਮੀ ਹੈ। ਸਰਕਾਰੀ ਖ਼ਜ਼ਾਨਾ ਖਾਲੀ ਹੋਣ ਕਾਰਨ ਸਾਲ 2009 ਵਿਚ ਬਹੁਤ ਥੋੜ੍ਹੇ ਅਧਿਆਪਕ ਭਰਤੀ ਕੀਤੇ ਗਏ ਹਨ। ਲੱਖਾਂ ਬੇਰੋਜ਼ਗਾਰ ਅਧਿਆਪਕ ਨਿੱਤ ਰੋਸ ਵਿਖਾਵੇ ਕਰ ਰਹੇ ਹਨ ਅਤੇ ਪੁਲਿਸ ਕੋਲੋਂ ਗਾਲਾਂ ਅਤੇ ਡੰਡੇ ਖਾ ਰਹੇ ਹਨ। ਪਿੰਡਾਂ ਦੇ ਹਸਪਤਾਲਾਂ ਵਿਚ ਡਾਕਟਰਾਂ ਅਤੇ ਨਰਸਾਂ ਦੀ ਡਾਢੀ ਕਮੀ ਹੈ, ਦਵਾਈਆਂ ਦੀ ਕਮੀ ਹੈ ਅਤੇ ਡਾਕਟਰੀ ਸਾਜੋ-ਸਾਮਾਨ ਦੀ ਕਮੀ ਹੈ। ਸਰਕਾਰ ਦਾ ਖਜ਼ਾਨਾ ਖਾਲੀ ਹੋਣ ਕਾਰਨ 2009 ਵਿਚ ਸੂਬੇ ਦੇ ਹਸਪਤਾਲਾਂ ਦਾ ਬੁਰਾ ਹਾਲ ਰਿਹਾ।

ਪੰਜਾਬ ਵਿਚ ਥਾਂ-ਥਾਂ 'ਤੇ ਰੇਲਵੇ ਲਾਈਨਾਂ ਉਪਰ ਸੜਕੀ ਪੁਲ ਬਣਨੇ ਹਨ। ਅਜਿਹੇ ਪੁਲਾਂ ਦਾ ਅੱਧਾ ਖਰਚਾ ਰੇਲਵੇ ਦਾ ਮਹਿਕਮਾ ਦਿੰਦਾ ਹੈ ਅਤੇ ਬਾਕੀ ਅੱਧਾ ਖਰਚਾ ਸੂਬੇ ਨੇ ਕਰਨਾ ਹੁੰਦਾ ਹੈ। ਸੂਬਾਈ ਮਾਲੀ ਸਾਧਨਾਂ ਦੀ ਕਮੀ ਕਾਰਨ ਰੇਲਵੇ ਵਾਲੇ ਵੀ ਆਪਣੇ ਹੱਥ ਪਿਛਾਂਹ ਨੂੰ ਖਿੱਚ ਰਹੇ ਹਨ। ਕਈ ਥਾਂਈ ਤਾਂ ਰੇਲਵੇ ਲਾਈਨਾਂ ਉਪਰ ਸੜਕੀ ਆਵਾਜਾਈ ਵਾਸਤੇ ਫਾਟਕ ਵੀ ਨਹੀਂ ਹਨ। ਅਜਿਹੇ ਥਾਵਾਂ 'ਤੇ ਅਨੇਕਾਂ ਬੱਚੇ-ਬੁੱਢੇ ਨਿੱਤ ਮਰ ਰਹੇ ਹਨ।

ਅੰਮ੍ਰਿਤਸਰ ਵਿਚ ਜਰਨੈਲੀ ਸੜਕ ਉਪਰ ਸੁਲਤਾਨਵਿੰਡ ਤੋਂ ਅੰਮ੍ਰਿਤਸਰ ਦੇ ਕੇਂਦਰੀ ਰੇਲਵੇ ਸਟੇਸ਼ਨ ਤਾਂਈ ਅਤੇ ਸ੍ਰੀ ਦਰਬਾਰ ਸਾਹਿਬ ਤਾਂਈਂ ਜ਼ਮੀਨ ਤੋਂ ਉੱਪਰ ਸੜਕ ਬਣ ਰਹੀ ਹੈ। ਇਸ ਯੋਜਨਾ ਉਪਰ ਅੱਧੇ ਪੈਸੇ ਕੇਂਦਰ ਨੇ ਦੇਣੇ ਹਨ ਅਤੇ ਅੱਧੇ ਸੂਬਾਈ ਸਰਕਾਰ ਨੇ। ਕੇਂਦਰ ਦਾ ਪੈਸਾ ਤਾਂ ਖਰਚ ਹੋ ਚੁੱਕਿਆ ਹੈ ਸੂਬਾਈ ਸਰਕਾਰ ਅਤੇ ਮਿਉਂਸਪਲ ਕਾਰਪੋਰੇਸ਼ਨ ਦੇ ਖਜ਼ਾਨੇ ਖ਼ਾਲੀ ਹੋਣ ਕਾਰਨ ਇਹ ਕੰਮ ਬਹੁਤ ਧੀਮੀ ਗਤੀ ਨਾਲ ਚੱਲ ਰਿਹਾ ਹੈ। ਇਹ ਮਨਸੂਬਾ 2008 ਵਿਚ ਪੂਰਾ ਹੋਣਾ ਸੀ ਜੋ 2009 ਵਿਚ ਵੀ ਪੂਰਾ ਨਹੀਂ ਹੋ ਸਕਿਆ। ਅਸੀਂ ਆਸ ਕਰਦੇ ਹਾਂ ਕਿ ਸਾਲ 2010 ਵਿਚ ਇਹ ਉਸਾਰੀ ਮੁਕੰਮਲ ਹੋ ਜਾਏ ਅਤੇ ਵਧ ਰਹੇ ਟਰੈਫਿਕ ਨੂੰ ਕੁਝ ਰਾਹਤ ਮਿਲ ਸਕੇ।

2009 ਵਿਚ ਸੱਤ ਸਮੁੰਦਰ ਪਾਰ ਵੀਆਨਾ ਵਿਚ ਹੋਈਆਂ ਘਟਨਾਵਾਂ ਨੇ ਪੰਜਾਬ ਦੇ ਦੋਆਬਾ ਖੇਤਰ ਵਿਚ ਵਸਦੇ ਖ਼ੁਸ਼ਹਾਲ ਦਲਿਤ ਵਰਗ ਨੂੰ ਬੜਾ ਉਤੇਜਿਤ ਕੀਤਾ। ਤਿੰਨ ਦਿਨਾਂ ਵਾਸਤੇ ਉਨ੍ਹਾਂ ਨੇ ਸਰਕਾਰੀ ਅਤੇ ਨਿਜ਼ੀ ਸੰਪਤੀ ਦੀ ਸਾੜ ਫੂਕ ਕੀਤੀ ਜਿਸ ਦਾ ਨੁਕਸਾਨ ਹਜ਼ਾਰਾਂ-ਕਰੋੜਾਂ ਵਿਚ ਆਂਕਿਆ ਜਾ ਸਕਦਾ ਹੈ। ਸਰਕਾਰ ਬੜੀ ਕਸੂਤੀ ਸਥਿਤੀ ਵਿਚ ਫਸੀ ਰਹੀ, ਉਹ ਦਲਿਤ ਵਰਗ ਉੱਪਰ ਸਖਤੀ ਵੀ ਨਹੀਂ ਸੀ ਕਰ ਸਕਦੀ। ਇਸ ਤਰ੍ਹਾਂ ਪੰਜਾਬ ਜਲਦਾ ਰਿਹਾ। ਫੇਰ ਲੁਧਿਆਣਾ ਵਿਚ ਨੂਰਮਹਿਲੀਆਂ ਅਤੇ ਸਿੱਖ ਭਾਈਚਾਰੇ ਵਿਚ ਤਨਾਅ ਪੈਦਾ ਹੋਇਆ। ਸਰਕਾਰ ਦੀ ਗਾਜ ਆਖਿਰ ਸਿੱਖਾਂ ਉਪਰ ਹੀ ਡਿੱਗੀ। ਅਸੀਂ ਆਸ ਕਰਦੇ ਹਾਂ ਕਿ ਸਾਲ 2010 ਪਿਛਲੇ ਸਾਲ ਵਰਗਾ ਨਾ ਹੋਵੇ ਅਤੇ ਸੂਬਾ ਤਰੱਕੀਆਂ ਕਰਦਾ ਰਹੇ।

## ਮੁੜ ਮੁੜ ਯਾਦ ਸਤਾਵੇ...

# ਖੂਬ ਪਰਖੇ ਸੀ ਮੁੰਡਿਆਂ ਆਪਣੇ ਨਿਸ਼ਾਨੇ ਬਾਂਸਲ ਸਿਨਮੇ 'ਤੇ

ਆਪਣੇ ਬੀਤੇ ਸਮੇਂ ਜਾਂ ਫਿਰ ਆਪਣੇ ਪਿੰਡ ਦਾ ਹੇਰਵਾ ਜਿਸ ਨੂੰ ਅੰਗਰੇਜ਼ੀ ਵਿਚ ਨੌਸਟੈਲਜੀਆ ਕਹਿੰਦੇ ਹਨ, ਕਿਵੇਂ ਸਤਾਉਂਦਾ ਹੈ ਇਸ ਗੱਲ ਦਾ ਅਹਿਸਾਸ ਮੈਨੂੰ ਇਸ ਕਾਲਮ ਦੇ ਹੁੰਗਾਰੇ ਵਿਚ ਆਏ ਫੋਨਾਂ ਤੋਂ ਹੋਇਆ ਹੈ। ਮੈਂ ਦੋ ਹਫਤੇ ਪਹਿਲਾਂ ਜ਼ਿਕਰ ਕੀਤਾ ਸੀ ਕਿ ਕਿਵੇਂ ਸੈਨ ਹੋਜ਼ੇ ਦੇ ਇਕ ਸੱਜਣ ਨੇ ਮੇਰੇ ਤੋਂ ਇਹ ਸਲਾਹ ਮੰਗੀ ਕਿ ਉਹ ਆਪਣੇ ਬੱਚਿਆਂ ਦੇ ਜ਼ੋਰ ਪਾਉਣ 'ਤੇ ਆਪਣੇ ਪਿੰਡ ਆਪਣੀ ਜ਼ਮੀਨ ਵੇਚੇ ਜਾਂ ਨਾ। ਇਸ ਹਫਤੇ ਫਰੀਮਾਂਟ ਤੋਂ ਇਕ ਹੋਰ ਸੱਜਣ ਦਾ

**ਅਮੋਲਕ ਸਿੰਘ ਜੰਮੂ**

ਫੋਨ ਆਇਆ, ਇਹ ਸੱਜਣ ਪਿਛਲੇ ਪੰਦਰਾਂ ਸਾਲ ਤੋਂ ਅਮਰੀਕਾ ਵਿਚ ਹੈ ਅਤੇ ਹੱਡ ਭੰਨਵੀਂ ਮਿਹਨਤ ਕਰਕੇ ਉਸ ਨੇ ਆਪਣੇ ਪਿਛੇ ਚੰਗਾ ਬੰਨ ਸੁਬ ਕਰ ਲਿਆ ਹੈ ਪਰ ਇਸ ਦੀ ਕੀਮਤ ਵੀ ਚੁਕਾਈ ਹੈ। ਉਹ ਪੰਦਰਾਂ ਸਾਲ ਪਹਿਲਾਂ ਢਾਈ ਸਾਲ ਦੀ ਲੜਕੀ ਅਤੇ ਪੰਜ ਸਾਲ ਦੇ ਲੜਕੇ ਨੂੰ ਪਿਛੇ ਛੱਡ ਕੇ ਆਇਆ ਸੀ ਜਿਨ੍ਹਾਂ ਦਾ ਮੂੰਹ ਉਹ ਅੱਜ ਤੱਕ ਵੀਡੀਓ ਫਿਲਮਾਂ ਰਾਹੀਂ ਹੀ ਦੇਖ ਸਕਿਆ ਹੈ ਤੇ ਮੁੜ ਉਨ੍ਹਾਂ ਨੂੰ ਮਿਲ ਨਹੀਂ ਸਕਿਆ। ਹੁਣ ਉਸ ਦੇ ਇਹ ਧੀ ਪੁੱਤ ਜਵਾਨ ਹੋ ਚੁੱਕੇ ਹਨ। ਕੁੜੀ ਵਿਆਹੁਣ ਜੋਗੀ ਹੈ। ਉਸ ਦਾ ਕਹਿਣਾ ਹੈ ਕਿ ਮੇਰਾ ਇਹ ਕਾਲਮ ਪੜ੍ਹ ਕੇ ਉਸ ਦਾ ਚਿਤ ਇੰਨਾ ਉਦਾਸ ਹੋ ਗਿਆ ਕਿ ਉਸ ਨੂੰ ਜਾਪਣ ਲੱਗਾ ਕਿ ਉਹ ਇਕ ਦਿਨ ਵੀ ਇਥੇ ਹੋਰ ਨਹੀਂ ਰਹਿ ਸਕਦਾ। ਮੇਰੇ ਤਾਈਂ ਉਸ ਦਾ ਸਵਾਲ ਸੀ ਕਿ ਜੇ ਉਹ ਹੁਣ ਵਾਪਸ ਮੁੜ ਜਾਵੇ ਤੇ ਮੁੜ ਕੇ ਨਾ ਆ ਸਕੇ ਤਾਂ ਉਹ ਕੁਝ ਗਲਤ ਤਾਂ ਨਹੀਂ ਕਰ ਰਿਹਾ ਹੋਵੇਗਾ। ਨਾਲ ਹੀ ਉਸ ਦੱਸਿਆ ਕਿ ਉਸ ਨੇ ਇਸ ਸਮੇਂ ਵਿਚ ਵੀਹ ਬਾਈ ਕਿਲੇ ਜ਼ਮੀਨ ਵੀ ਬਣਾਈ ਹੈ ਅਤੇ ਕੁਝ ਨਕਦ ਵੀ ਉਸ ਦੇ ਬੈਂਕ ਵਿਚ ਜਮ੍ਹਾਂ ਹੈ। ਉਸ ਇਹ ਵੀ ਦੱਸਿਆ ਕਿ ਉਸ ਦੇ ਬੱਚੇ ਅਮਰੀਕਾ ਆਉਣ ਦੇ ਬਿਲਕੁਲ ਚਾਹਵਾਨ ਨਹੀਂ। ਮੇਰੇ ਮੂੰਹੋਂ ਸੁਤੇ ਹੀ ਨਿਕਲ ਗਿਆ ਕਿ ਜੇ ਇਹ ਗੱਲ ਹੈ ਤੇ ਪੈਸੇ ਦੀ ਹੋਰ ਤਮਾ ਨਹੀਂ ਤਾਂ ਫਿਰ ਆਪਣਿਆਂ ਤੋਂ ਵਿਛੜ ਕੇ ਕਿਉਂ ਰਹਿਣਾ ਹੋਇਆ? ਉਸ ਦਾ ਜਵਾਬ ਸੀ, ਪੈਸੇ ਭਾਅ ਜੀ ਬਥੇਰੇ ਹੋ ਗਏ, ਬਾਕੀ ਜਿੰਨੇ ਜੋੜੀ ਜਾਓ ਉਨੀ ਤਮਾ ਹੋਰ ਵਧਦੀ ਜਾਂਦੀ ਐ। ਮੈਨੂੰ ਤੁਸਾਂ ਦੁਚਿੱਤੀ 'ਚੋਂ ਕੱਢ ਦਿੱਤਾ ਹੈ। ਤੁਹਾਡਾ ਧੰਨਵਾਦ। ਇਹ ਸੱਜਣ ਕਿਸੇ ਰੈਸਟੋਰੈਂਟ 'ਤੇ ਪਿਛਲੇ 9 ਸਾਲਾਂ ਤੋਂ ਹਰ ਰੋਜ਼ ਬਾਰਾਂ ਤੋਂ ਚੌਦਾਂ ਘੰਟੇ ਕੰਮ ਕਰਦਾ ਹੈ ਤੇ ਉਸ ਨੇ ਇਕ ਵੀ ਛੁੱਟੀ ਨਹੀਂ ਲਈ।

ਮੈਨੂੰ ਇਹ ਤਾਂ ਸਮਝ ਨਹੀਂ ਆਈ ਕਿ ਇਹ ਸੱਜਣ ਮੈਨੂੰ ਹੀ ਇਹ ਮਾਣ ਕਿਉਂ ਦਿੰਦੇ ਹਨ ਪਰ ਇਕ ਗੱਲ ਲਾਜ਼ਮੀ ਸਮਝ ਆਈ ਹੈ ਕਿ ਆਪਣੀ ਧਰਤੀ ਦਾ ਮੋਹ ਬੰਦੇ ਦਾ ਪਿੱਛਾ ਨਹੀਂ ਛੱਡਦਾ। ਪਿਛਲੇ ਹਫਤੇ ਨੈਸ਼ਨਲ ਕਾਲਜ ਸਿਰਸਾ ਦੇ ਜ਼ਿਕਰ ਨੂੰ ਪੜ੍ਹ ਕੇ ਡੈਲਸ, ਟੈਕਸਸ ਤੋਂ ਸ. ਸੁਰਿੰਦਰ ਸਿੰਘ ਹੋਰਾਂ ਦਾ ਫੋਨ ਆਇਆ। ਉਹ ਵੀ ਉਨ੍ਹਾਂ ਹੀ ਦਿਨਾਂ ਵਿਚ ਇਸ ਕਾਲਜ ਵਿਚ ਪੜ੍ਹਦੇ ਰਹੇ ਹਨ, ਜਿਨ੍ਹਾਂ ਦਿਨਾਂ ਵਿਚ ਮੈਂ ਇਸ ਕਾਲਜ ਵਿਚ ਪੜ੍ਹਦਾ ਰਿਹਾ ਹਾਂ। ਉਨ੍ਹਾਂ ਨਾਲ ਗੱਲ ਕਰਦਿਆਂ ਸਿਰਸਾ ਸ਼ਹਿਰ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਕਿ ਕਿਵੇਂ ਇਸ ਸ਼ਹਿਰ ਦੀ ਹਰ ਗਲੀ ਸਿੱਧੀ ਹੈ ਅਤੇ ਹਰ ਗਲੀ ਆਰ ਪਾਰ ਨਿਕਲਦੀ ਹੈ। ਸ਼ਹਿਰ ਦੇ ਵਧ ਕੇ ਬਹੁਤ ਵੱਡਾ ਹੋ ਜਾਣ ਦੀ ਗੱਲ ਵੀ ਤੁਰੀ ਤੇ ਫੌਜਾ ਸਿੰਘ ਸਮੋਸਿਆਂ ਵਾਲੇ ਦੀ ਵੀ, ਬਾਂਸਲ ਸਿਨਮੇ ਨੂੰ ਤੋੜੇ ਜਾਣ ਅਤੇ ਪ੍ਰੋ. ਹਰਦਿਆਲ ਸਿੰਘ ਦੀ ਵੀ। ਸੁਰਿੰਦਰ ਸਿੰਘ ਨੇ ਜਿਹੜੀ ਬਹੁਤ ਦਿਲਚਸਪ ਗੱਲ ਚੇਤੇ ਕਰਾਈ, ਉਹ ਸੀ ਸ਼ਹਿਰ ਦੇ ਸਦਰ ਬਾਜ਼ਾਰ ਵਿਚ ਹੁੰਦੀ ਖੁਲ੍ਹੀ ਸਫੇਦ ਦਾਹੜੀ ਵਾਲੇ ਇਕ ਨਾਮਧਾਰੀ ਬਜ਼ੁਰਗ ਦੀ ਜਲੇਬੀਆਂ ਦੀ ਦੁਕਾਨ। ਜਲੇਬੀਆਂ ਵਾਲੇ ਇਸ ਸੱਜਣ ਦਾ ਨਾਂ ਨਾ ਉਸ ਨੂੰ ਯਾਦ ਹੈ ਅਤੇ ਨਾ ਹੀ ਮੈਨੂੰ। ਪੁਰਾਣੇ ਜਿਹੇ ਸਟਾਈਲ ਦੀ ਇਸ ਦੁਕਾਨ ਦੇ ਬਾਹਰ ਕੋਈ ਵੀ ਬੋਰਡ ਨਹੀਂ ਸੀ ਲੱਗਾ ਹੁੰਦਾ ਅਤੇ ਜਲੇਬੀਆਂ ਤੋਂ ਇਲਾਵਾ ਸਿਰਫ ਚਾਹ ਬਣਾਉਂਦਾ ਸੀ ਅਤੇ ਉਹ ਵੀ ਸਿਰਫ ਆਪਣੇ ਜਲੇਬੀਆਂ ਖਾਣ ਵਾਲੇ ਗਾਹਕਾਂ ਲਈ, ਹੋਰ ਕੁਝ ਵੀ ਨਹੀਂ। ਇਸ ਨਾਮਧਾਰੀ ਦੀ ਦੁਕਾਨ ਤੋਂ ਮੈਂ ਵੀ ਕਿੰਨੀ ਹੀ ਵਾਰ ਜਲੇਬੀਆਂ ਖਾਧੀਆਂ। ਜਲੇਬੀਆਂ ਵਾਕਿਆ ਹੀ ਸਾਰੇ ਸ਼ਹਿਰ ਵਿਚ ਉਹ ਸਵਾਦ ਬਣਾਉਂਦਾ ਸੀ। ਆਪ ਉਹ ਜਾਲੀ ਵਾਲੇ ਇਕ ਜੰਗਲੇ ਦੇ ਅੰਦਰ ਬੈਠਾ ਹੁੰਦਾ ਅਤੇ ਗਾਹਕ ਬਾਹਰ ਲਾਈਨ ਲਾ ਕੇ ਇਸ ਤਰ੍ਹਾਂ ਖੜੇ ਹੁੰਦੇ ਜਿਵੇਂ ਸਿਨਮੇ ਜਾਂ ਰੇਲਵੇ ਦੀਆਂ ਟਿਕਟਾਂ ਲੈਣ ਲੱਗੇ ਹੋਣ। ਦੀਵਾਲੀ ਜਾਂ ਦੁਸਹਿਰੇ 'ਤੇ ਉਸ ਦੀ ਦੁਕਾਨ ਅੱਗੇ ਸੌ ਸੌ ਬੰਦੇ ਦੀ ਲਾਈਨ ਲੱਗੀ ਹੁੰਦੀ। ਜੇ ਕੋਈ ਗਾਹਕ ਲਾਈਨ ਤੋੜ ਕੇ ਜੰਗਲੇ ਵਿਚੋਂ ਹੱਥ ਵਧਾਉਂਦਾ ਤਾਂ ਇਹ ਨਾਮਧਾਰੀ ਉਹ ਚਿਮਟਾ ਹੱਥ 'ਤੇ ਦੇ ਮਾਰਦਾ ਜਿਸ ਨਾਲ ਉਹ ਜਲੇਬੀਆਂ ਛਾਨਣੇ 'ਤੋਂ ਚੁੱਕ ਚੁੱਕ ਕੇ ਤੋਲਿਆ ਕਰਦਾ ਸੀ। ਉਸ ਪਾਸ ਦੋ ਕਾਰੀਗਰ ਕੰਮ ਕਰਦੇ ਹੁੰਦੇ। ਗਾਹਕਾਂ ਦੇ ਅੰਦਰ ਬਹਿ ਕੇ ਜਲੇਬੀਆਂ ਖਾਣ ਲਈ ਉਸ ਨੇ ਧੁਆਂਖੀ ਜਿਹੀ ਆਪਣੀ ਦੁਕਾਨ ਦੇ ਅੰਦਰ ਦੋ ਤਿੰਨ ਮੇਜ ਤੇ ਬੈਂਚ ਲਵਾਏ ਹੋਏ ਸਨ। ਜੇ ਕੋਈ ਗਾਹਕ ਅੰਦਰ ਬਹਿ ਕੇ ਜਲੇਬੀਆਂ ਖਾਣ ਤੋਂ ਪਿਛੋਂ ਹੋਰ ਜਲੇਬੀਆਂ ਲੈਣੀਆਂ ਚਾਹੁੰਦਾ ਤਾਂ ਉਸ ਨੂੰ ਬਾਕਾਇਦਾ ਬਾਹਰ ਫਿਰ ਲਾਈਨ ਵਿਚ ਲੱਗਣਾ ਪੈਂਦਾ। ਇਹ ਅਸੂਲ ਇਸ ਨਾਮਧਾਰੀ ਨੇ ਕਦੇ ਨਹੀਂ ਸੀ ਤੋੜਿਆ। ਇਸ ਨਾਮਧਾਰੀ ਦੀ ਜਲੇਬੀਆਂ ਵਾਲੀ ਦੁਕਾਨ ਚਿਰੋਕਣੀ ਬੰਦ ਹੋ ਚੁੱਕੀ ਹੈ।

ਸੁਰਿੰਦਰ ਸਿੰਘ ਸ਼ਹਿਰ ਦੇ ਪੱਛਮੀ ਪਾਸੇ ਸ਼ਹਿਰ ਦੇ ਐਨ ਨਾਲ ਲੱਗਦੇ ਪਿੰਡ ਸ਼ਮਸ਼ਾ ਪੱਟੀ ਰਿਹਾ ਕਰਦਾ ਸੀ। ਇਸ ਪਿੰਡ ਅਤੇ ਸ਼ਹਿਰ ਦੀ ਹੱਦ ਦੇ ਵਿਚਾਲੇ ਕਾਫੀ ਸਾਰੀ ਜ਼ਮੀਨ ਵਕਫ ਬੋਰਡ ਦੀ ਪਈ ਸੀ। ਇਸ ਜ਼ਮੀਨ ਉਤੇ ਕੁਝ ਪੁਰਾਣੇ ਮਕਬਰੇ ਅਤੇ ਖੰਡਰ ਨਜ਼ਰ ਆਉਂਦੇ ਸਨ ਜੋ ਇਸ ਸ਼ਹਿਰ ਦੇ ਮੁਸਲਮਾਨੀ ਇਤਿਹਾਸ ਦੀ ਗਵਾਹੀ ਭਰਦੇ ਸਨ। ਹੁਣ ਤੱਕ ਇਹ ਕਬਰਾਂ, ਖੰਡਰ ਸਭ ਗਾਇਬ ਹੋ ਚੁੱਕੇ ਹਨ ਅਤੇ ਉਥੇ ਲੋਕਾਂ ਦੀ ਸੰਘਣੀ ਵਸੋਂ ਹੈ।

ਸੁਰਿੰਦਰ ਸਿੰਘ ਨਾਲ ਉਨ੍ਹਾਂ ਵੇਲਿਆਂ ਦੇ ਪ੍ਰੋਫੈਸਰਾਂ ਦਾ ਜ਼ਿਕਰ ਛਿੜ ਪਿਆ। ਸੁਰਿੰਦਰ ਸਿੰਘ ਹੋਰਾਂ ਨੂੰ ਵਰਸ਼ਾ ਵਾਲੀ ਗੱਲ ਵੀ ਯਾਦ ਸੀ, ਨਾਲ ਹੀ ਉਨ੍ਹਾਂ ਮੈਨੂੰ ਹੋਰ ਵੀ ਇਕ ਗੱਲ ਸੁਣਾਈ। ਹੋਇਆ ਇਹ ਕਿ ਕਿਸੇ ਮੁੰਡੇ ਨੇ ਵਰਸ਼ਾ ਨਾਲ ਕੋਈ ਛੇੜਖਾਨੀ ਕੀਤੀ। ਕੁੜੀ ਨੇ ਆਪਣੇ ਪਿਤਾ ਪ੍ਰਿੰਸੀਪਲ ਰਾਮ ਪ੍ਰਕਾਸ਼ ਨੂੰ ਦੱਸਿਆ ਤੇ ਉਨ੍ਹਾਂ ਮੁੰਡੇ ਦੀ ਪਛਾਣ ਕਰਕੇ ਬੁਲਾ ਲਿਆ। ਮੁੰਡੇ ਨੇ ਆਪਣਾ ਕਸੂਰ ਮੰਨਦਿਆਂ ਬੜੀ ਨਿਮਰਤਾ ਨਾਲ ਕਿਹਾ, ਸਰ ਮੈਨੂੰ ਪਤਾ ਨਹੀਂ ਸੀ ਕਿ ਉਹ ਤੁਹਾਡੀ ਬੇਟੀ ਹੈ, ਨਹੀਂ ਤਾਂ ਮੈਂ ਉਸ ਦਾ ਰਾਹ ਦੋ ਵਾਰ ਰੋਕਦਾ ਤੇ ਦੋ ਵਾਰ ਆਵਾਜ਼ੇ ਕਸਦਾ ਫਿਰ ਭਾਵੇਂ ਤੁਸੀਂ ਮੈਨੂੰ ਕਾਲਜ ਵਿਚੋਂ ਕੱਢ ਦਿੰਦੇ, ਮੇਰਾ ਨਾਂ ਤੇ ਹੁੰਦਾ। ਪ੍ਰਿੰਸੀਪਲ ਕੋਲ ਡਾਂਟ-ਫਟਕਾਰ ਪਾਉਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ ਬਚਿਆ।

ਪ੍ਰੋਫੈਸਰ ਹਰਦਿਆਲ ਸਿੰਘ ਦਾ ਜ਼ਿਕਰ ਛਿੜਿਆ। ਇਹ ਪ੍ਰੋਫੈਸਰ ਹਰਦਿਆਲ ਸਿੰਘ ਵੀ ਬੜੇ ਮਲੰਗ ਕਿਸਮ ਦੇ ਵਿਅਕਤੀ ਸਨ। ਹੁਣ ਉਹ ਇਸ ਸੰਸਾਰ 'ਤੇ ਨਹੀਂ ਰਹੇ। ਉਨ੍ਹਾਂ ਬਾਰੇ ਮੈਂ ਅਗਲੇ ਕਿਸੇ ਅੰਕ ਵਿਚ ਲਿਖਾਂਗਾ।

ਜਿਨ੍ਹਾਂ ਦਿਨਾਂ ਵਿਚ ਮੈਂ ਕਾਲਜ ਦਾਖਲ ਹੋਇਆ, ਉਦੋਂ ਸ਼ਹਿਰ ਵਿਚ ਦੋ ਸਿਨੇਮਾ ਹਾਲਾਂ ਤੋਂ ਇਲਾਵਾ ਮਨੋਰੰਜਨ ਲਈ ਹੋਰ ਅਜੇ ਕੁਝ ਵੀ ਨਹੀਂ ਸੀ। ਟੀ ਵੀ ਟਾਵੇਂ ਟਾਵੇਂ ਕਿਸੇ ਘਰ ਲੱਗੇ ਸਨ ਅਤੇ ਪ੍ਰੋਗਰਾਮ ਬਸ ਸ਼ਾਮ ਨੂੰ ਘੰਟਾ ਦੋ ਘੰਟੇ ਹੀ ਆਉਂਦਾ ਸੀ ਅਤੇ ਉਹ ਵੀ ਕਦੇ ਸਾਫ ਨਹੀਂ। ਸ਼ਹਿਰ ਵਿਚ ਖਾਸਕਰ ਸਰਦੀਆਂ ਵਿਚ 9 ਵਜੇ ਤੋਂ ਬਾਅਦ ਸੁੰਨ ਮਸਾਨ ਹੋ ਜਾਂਦੀ। 'ਪ੍ਰਭਾਤ' ਨਾਂ ਦਾ ਸਿਨਮਾ ਕਾਫੀ ਪੁਰਾਣਾ ਸੀ ਅਤੇ ਅਕਸਰ ਵੱਡੇ ਵੱਡੇ ਚੂਹੇ ਦਰਸ਼ਕਾਂ ਦੇ ਪੈਰਾਂ ਵਿਚ ਭੱਜੇ ਫਿਰਦੇ। ਖਜ਼ਾਨਚੀਆਂ ਦੀ ਮਾਲਕੀ ਵਾਲਾ 'ਬਾਂਸਲ' ਸਿਨਮਾ ਕਾਲਜ ਦੇ ਨੇੜੇ ਅਤੇ ਸ਼ਹਿਰ ਤੋਂ ਕਾਲਜ ਨੂੰ ਜਾਂਦੇ ਰਸਤੇ ਦੇ ਉਤੇ ਹੀ ਪੈਂਦਾ ਸੀ। ਇਸ ਸਿਨਮੇ ਵਿਚ ਟਿਕਟਾਂ ਲੈਣ ਲਈ ਅਕਸਰ ਕਾਫੀ ਭੀੜ ਹੁੰਦੀ। ਕਾਲਜ ਦੇ ਵਿਦਿਆਰਥੀ ਵਾਰ ਵਾਰ ਮੰਗ ਕਰ ਹਟੇ ਸਨ ਕਿ ਉਨ੍ਹਾਂ ਲਈ ਨਾ ਸਿਰਫ ਟਿਕਟ ਖਿੜਕੀ ਹੀ ਅਲੱਗ ਹੋਵੇ ਸਗੋਂ ਟਿਕਟਾਂ ਸਸਤੀਆਂ ਵੀ ਮਿਲਣ। ਪਰ ਇਹ ਮਾਮਲਾ ਧੁਖਦਾ ਰਹਿਣ ਦੇ ਬਾਵਜੂਦ ਕਦੇ ਮਘਿਆ ਨਹੀਂ ਸੀ। ਵਿਦਿਆਰਥੀਆਂ ਨੇ ਸਸਤਾ ਸਿਨਮਾ ਦੇਖਣ ਦਾ ਇਕ ਰਾਹ ਇਹ ਕੱਢ ਲਿਆ ਕਿ ਕਾਲਜ ਦੇ ਓਪਨ ਏਅਰ ਆਡੀਟੋਰੀਅਮ ਵਿਚ ਫਿਲਮ ਦਿਖਾਉਣ ਦਾ ਇੰਤਜ਼ਾਮ ਕਿਸੇ ਤਰ੍ਹਾਂ ਕਰ ਲਿਆ। ਮਹੀਨੇ 'ਚ ਇਕ ਜਾਂ ਦੋ ਫਿਲਮਾਂ ਇਸ ਖੁੱਲ੍ਹੇ ਸਟੇਡੀਅਮਨੁਮਾ ਥੀਏਟਰ ਵਿਚ ਦਿਖਾਈਆਂ ਜਾਂਦੀਆਂ।

ਮੈਂ ਸੰਨ 1971 ਵਿਚ ਕਾਲਜ ਪ੍ਰੈਪ ਵਿਚ ਦਾਖਲਾ ਲਿਆ ਸੀ। ਬੰਗਲਾ ਦੇਸ਼ ਅਜੇ ਨਹੀਂ ਸੀ ਬਣਿਆ ਪਰ ਪੂਰਬੀ ਪਾਕਿਸਤਾਨ ਯਾਨਿ ਹੁਣ ਵਾਲੇ ਬੰਗਲਾ ਦੇਸ਼ ਵਿਚ ਮੁਕਤੀ ਵਾਹਿਨੀ ਅਤੇ ਮੁਜੀਬ-ਉਰ-ਰਹਿਮਾਨ ਦੀ ਅਗਵਾਈ ਹੇਠ ਆਜ਼ਾਦੀ ਦੀ ਜੰਗ ਪੂਰੇ ਜ਼ੋਰਾਂ 'ਤੇ ਸੀ। ਪਾਕਿਸਤਾਨ ਨਾਲ ਭਾਰਤ ਦੀ ਕਸ਼ਮਕਸ਼ ਇਸੇ ਗੱਲ ਨੂੰ ਲੈ ਕੇ ਲਗਾਤਾਰ ਵਧ ਰਹੀ ਸੀ। ਕਿਸੇ ਵੀ ਹਵਾਈ ਹਮਲੇ ਲਈ ਤਿਆਰੀ ਵਜੋਂ ਅਕਸਰ ਬਲੈਕ ਆਊਟ ਦਾ ਘੁੱਗੂ ਵੱਜ ਜਾਇਆ ਕਰਦਾ ਸੀ।

ਇਹ ਗੱਲ 3 ਦਸੰਬਰ 1971 ਦੀ ਹੈ, ਵਿਦਿਆਰਥੀਆਂ ਦੀ ਯੂਨੀਅਨ ਨੇ ਇਸ ਓਪਨਏਅਰ ਥੀਏਟਰ ਵਿਚ ਇਕ ਪੁਰਾਣੀ ਫਿਲਮ 'ਸਾਹਿਬ, ਬੀਵੀ ਔਰ ਗੁਲਾਮ' ਦਿਖਾਉਣ ਦਾ ਬੰਦੋਬਸਤ ਕੀਤਾ ਸੀ। ਫਿਲਮ ਸ਼ਾਮ ਨੂੰ ਸਾਢੇ ਛੇ ਵਜੇ ਸ਼ੁਰੂ ਹੋਣੀ ਸੀ। ਸਵਾ ਛੇ ਵਜੇ ਬਲੈਕ ਆਊਟ ਦਾ ਘੁੱਗੂ ਵੱਜ ਗਿਆ। ਸਭ ਪਾਸੇ ਹਨੇਰਾ ਹੀ ਹਨੇਰਾ ਸੀ। ਖਤਰੇ ਦਾ ਘੁੱਗੂ ਯਾਨਿ ਸਾਇਰਨ ਰੁਕ ਰੁਕ ਕੇ ਵਜਦਾ 'ਪਰ ਸਭ ਠੀਕ ਹੈ' ਦਾ ਸਾਇਰਨ ਨਿਰੰਤਰ ਵਜਦਾ। ਰਿਹਰਸਲ ਲਈ ਹੁੰਦੀ ਇਹ ਬਲੈਕ ਆਊਟ ਅਕਸਰ ਪੰਜ ਜਾਂ ਦਸ ਮਿੰਟ ਪਿਛੋਂ ਖਤਮ ਹੋ ਜਾਂਦੀ ਅਤੇ ਅਗਲਾ ਘੁੱਗੂ ਵੱਜ ਜਾਂਦਾ, ਜਿਸ ਦਾ ਮਤਲਬ ਹੁੰਦਾ ਕਿ ਸਭ ਠੀਕ ਹੈ। ਨਾਲ ਹੀ ਲਾਈਟਾਂ ਜਗ ਜਾਂਦੀਆਂ ਪਰ ਉਸ ਸ਼ਾਮ ਜਿਉਂ ਬਲੈਕ ਆਊਟ ਹੋਈ, ਮੁੜ ਸਭ ਠੀਕ ਹੈ ਦਾ ਘੁੱਗੂ ਵੱਜਿਆ ਹੀ ਨਾ। ਮੁੰਡੇ ਛੋਟੇ ਛੋਟੇ ਗਰੁਪ ਬਣਾ ਕੇ ਆਪੋ ਆਪਣੀਆਂ ਗੱਪਾਂ ਰੇੜ੍ਹ ਰਹੇ ਸਨ। ਮੈਂ, ਲਹਿਰਿਆਂ ਵਾਲੀ ਢਾਣੀ ਵਾਲਾ ਲਖਵਿੰਦਰ ਟੁਰਨਾ, ਸੰਤਾਂਵਾਲੀ ਵਾਲਾ ਦਿਆਲ, ਬਲਬੀਰ ਅਤੇ ਹਰੋਲੀ ਵਾਲਾ ਹਰਬੰਸ ਆਪਣੀ ਚੰਡਾਲ ਚੌਕੜੀ ਬਣਾ ਕੇ ਇਧਰ ਦੀਆਂ ਉਧਰ ਰੇੜ੍ਹ ਰਹੇ ਸਾਂ। ਹੌਲੀ ਹੌਲੀ ਲੋਕ ਖਿੰਡਣ ਲੱਗੇ, ਉਦੋਂ ਤੱਕ ਟਾਈਮ ਵੀ ਗਿਆਰਾਂ ਦੇ ਕਰੀਬ ਹੋ ਚੁੱਕਾ ਸੀ। ਫਿਲਮ ਦਿਖਾਉਣ ਵਾਲਾ ਸਟਾਫ ਵੀ ਚਿਰੋਕਣਾ ਜਾ ਚੁੱਕਾ ਸੀ ਪਰ ਸਾਡੀ ਚੰਡਾਲ ਚੌਕੜੀ ਉਸੇ ਤਰ੍ਹਾਂ ਜੰਮੀ ਹੋਈ ਸੀ। ਸਾਡੇ ਤੋਂ ਉਰ੍ਹਾਂ-ਪਰ੍ਹਾਂ ਹੋਰ ਵੀ ਸਾਡੇ ਜਿਹੇ ਕਈ ਗਰੁਪ ਬੈਠੇ ਸਨ ਜਿਵੇਂ ਕਿਸੇ ਨੂੰ ਵੀ ਜਾਣ ਦੀ ਕਾਹਲੀ ਹੀ ਨਹੀਂ ਸੀ। ਉਦੋਂ ਹੀ ਕਿਸੇ ਨੇ ਆ ਦੱਸਿਆ ਕਿ ਪਾਕਿਸਤਾਨ ਨਾਲ ਲੜਾਈ ਲੱਗ ਗਈ ਹੈ ਅਤੇ ਪਾਕਿਸਤਾਨੀ ਹਵਾਈ ਫੌਜ ਨੇ ਕਈ ਸ਼ਹਿਰਾਂ ਉਤੇ ਬੰਬਾਰੀ ਕੀਤੀ ਹੈ। ਇਹ ਖਬਰ ਮਿਲਣ ਪਿਛੋਂ ਉਥੇ ਬੈਠੇ ਕੁਝ ਲੋਕ ਹੋਰ ਖਿੰਡ ਗਏ ਪਰ ਬਾਕੀ ਉਸੇ ਤਰ੍ਹਾਂ ਜੰਮੇ ਰਹੇ ਸਿਰਫ ਗੱਲਾਂ ਦਾ ਟਾਪਿਕ ਬਦਲ ਕੇ ਪਾਕਿਸਤਾਨ ਨਾਲ ਜੰਗ ਹੋ ਚੁੱਕਾ ਸੀ। ਕਿਸੇ ਨੂੰ ਟਾਈਮ ਦਾ ਕੋਈ ਚੇਤਾ ਨਹੀਂ ਸੀ। ਉਦੋਂ ਹੀ ਪਤਾ ਲੱਗਾ ਜਦੋਂ ਧੜੈਮ ਧੜੈਮ ਦੀਆਂ ਆਵਾਜ਼ਾਂ ਆਈਆਂ ਅਤੇ ਫਿਰ ਹਵਾਈ ਅੱਡੇ ਵਾਲੇ ਪਾਸਿਓਂ ਦਾਗੇ ਗਏ ਗੋਲਿਆਂ ਨਾਲ ਅਸਮਾਨ ਭਰ ਗਿਆ। ਸਾਨੂੰ ਸਮਝ ਪੈ ਗਈ ਕਿ ਸਰਸੇ ਵਾਲੇ ਹਵਾਈ ਫੌਜ ਦੇ ਅੱਡੇ ਉਤੇ ਵੀ ਹਮਲਾ ਹੋ ਗਿਆ ਹੈ। ਪੰਜਾਂ ਮਿੰਟਾਂ ਵਿਚ ਹੀ ਸਭ ਆਪੋ ਆਪਣੇ ਰਾਹ ਪੈ ਚੁੱਕੇ ਸਨ। ਉਦੋਂ ਸ਼ਾਇਦ ਰਾਤ ਦੇ ਦੋ ਵਜ ਚੁੱਕੇ ਸਨ। ਮੈਨੂੰ ਸੰਨ 1965 ਦੀ ਲੜਾਈ ਵਿਚ ਆਪਣੇ ਪਿੰਡ ਡਿੱਗੇ ਬੰਬ ਚੇਤੇ ਆ ਗਏ।

ਅਗਲੇ ਸਾਲ ਜਦੋਂ ਬੀ ਏ ਫਸਟ ਈਅਰ ਵਿਚ ਦਾਖਲ ਹੋਏ ਤਾਂ ਸੈਸ਼ਨ ਸ਼ੁਰੂ ਹੁੰਦਿਆਂ ਹੀ ਮੁੰਡਿਆਂ ਨੇ ਬਾਂਸਲ ਸਿਨਮੇ ਵਾਲਿਆਂ ਨਾਲ ਸਸਤੀਆਂ ਸਿਨਮਾ ਟਿਕਟਾਂ ਲੈਣ ਅਤੇ ਵੱਖਰੀ

## ਰੰਗ-ਬੇਰੰਗ

ਟਿਕਟ ਖਿੜਕੀ ਲਈ ਰੇੜਕਾ ਪਾ ਲਿਆ। ਉਨ੍ਹੀਂ ਦਿਨੀਂ ਆਈ ਡੀ ਸਵਾਮੀ ਸਰਸੇ ਦਾ ਐਸ ਡੀ ਐਮ ਹੋਇਆ ਕਰਦਾ ਸੀ ਅਤੇ ਉਸ ਦਾ ਲੜਕਾ ਸੂਰੀਆ ਸਵਾਮੀ ਵੀ ਕਾਲਜ ਦਾ ਵਿਦਿਆਰਥੀ ਸੀ। ਇਹ ਸੂਰੀਆ ਸਵਾਮੀ ਬਾਅਦ ਵਿਚ ਆਲ ਇੰਡੀਆ ਕਾਂਗਰਸ ਦਾ ਬੁਲਾਰਾ ਵੀ ਬਣਿਆ ਪਰ ਹੁਣ ਇਸ ਦੁਨੀਆਂ ਵਿਚ ਨਹੀਂ ਹੈ।

ਸਿਨਮਾ ਟਿਕਟਾਂ ਨੂੰ ਲੈ ਕੇ ਹੀ ਕਾਲਜ ਦੇ ਮੁੰਡਿਆਂ ਹੜਤਾਲ ਕਰ ਦਿੱਤੀ ਅਤੇ ਇਕੱਠੇ ਹੋ ਕੇ ਪਹਿਲਾਂ ਮੈਮੋਰੰਡਮ ਦੇਣ ਲਈ ਐਸ ਡੀ ਐਮ ਦਫਤਰ ਗਏ ਅਤੇ ਉਥੋਂ ਪਰਤਦੇ ਨਾਅਰੇ ਮਾਰਦੇ ਪਤਾ ਨਹੀਂ ਕਿਵੇਂ ਬਾਂਸਲ ਸਿਨਮਾ ਅੱਗੇ ਇਕੱਠੇ ਹੋਣੇ ਸ਼ੁਰੂ ਹੋ ਗਏ। ਬਾਂਸਲ ਸਿਨਮੇ ਵਾਲਿਆਂ ਨੇ ਮੰਡੀਰ ਇਕੱਠੀ ਹੁੰਦੀ ਦੇਖ ਸਿਨਮੇ ਦੇ ਗੇਟ ਬੰਦ ਕਰ ਲਏ। ਮੁੰਡਿਆਂ ਦੇ ਕੁਝ ਲੀਡਰਾਂ ਨੇ ਬਾਂਸਲ ਸਿਨਮਾ ਦੇ ਮਾਲਕਾਂ ਨਾਲ ਗੱਲ ਕਰਨ ਦਾ ਰੇੜਕਾ ਪਾ ਲਿਆ। ਮਾਲਕ ਉਥੇ ਹੈ ਨਹੀਂ ਸਨ। ਮੈਨੇਜਰ ਨੇ ਬਹੁਤਾ ਹੱਥ ਪੱਲਾ ਨਾ ਫੜਾਇਆ। ਮੁੰਡੇ ਸਿਨਮੇ ਦੇ ਬਾਹਰ ਇਕੱਠੇ ਹੋਏ ਨਾਅਰੇਬਾਜ਼ੀ ਕਰਨ ਲੱਗ ਪਏ।

ਇਸ ਨਾਅਰੇਬਾਜ਼ੀ ਦੌਰਾਨ ਹੀ ਪਤਾ ਨਹੀਂ ਕਦੋਂ ਕਿਸੇ ਮੁੰਡੇ ਨੇ ਸੜਕ ਮੁਰੰਮਤ ਕਰਨ ਲਈ ਮਿਉਂਸਪੈਲਿਟੀ ਵਲੋਂ ਸੜਕ ਤੇ ਸਟਾਏ ਗਏ ਪੱਥਰਾਂ ਵਿਚੋਂ ਇਕ ਚੁੱਕ ਕੇ ਸਿਨਮੇ ਵੱਲ ਵਗਾਹ ਮਾਰਿਆ। ਬਸ ਫਿਰ ਕੀ ਸੀ ਸਭ ਨੇ ਬਾਂਦਰ ਨਕਲ ਕਰਦਿਆਂ ਸਿਨਮੇ 'ਤੇ ਇੱਟਾਂ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਬਾਂਸਲ ਸਿਨਮੇ ਦੇ ਹਰ ਕੋਨੇ 'ਤੇ ਉਪਰੋਂ ਥੱਲੇ ਤੱਕ ਅਤੇ ਦੀਵਾਰਾਂ ਉਤੇ ਰੰਗ ਬਰੰਗੇ ਸਜਾਵਟੀ ਬਲਬ ਲੱਗੇ ਹੋਏ ਸਨ, ਜੋ ਜਗਦੇ ਹੋਏ ਬੜੇ ਸੋਹਣੇ ਲੱਗਦੇ। ਭੁਤਰੀ ਮੰਡੀਰ ਵਿਚੋਂ ਕਈਆਂ ਨੇ ਇਨ੍ਹਾਂ ਬਲਬਾਂ 'ਤੇ ਆਪਣਾ ਨਿਸ਼ਾਨਾ ਪੂਰੀ ਤਰ੍ਹਾਂ ਪਰਖਿਆ। ਅੱਧੇ ਘੰਟੇ ਵਿਚ ਜਦੋਂ ਤੱਕ ਪੁਲਿਸ ਆਉਂਦੀ ਮੁੰਡਿਆਂ ਇਕ ਵੀ ਬਲਬ ਨਹੀਂ ਸੀ ਛੱਡਿਆ। ਪੱਥਰ ਮਾਰਨ ਵਾਲਿਆਂ ਵਿਚ ਆਪਣੇ ਯਾਰਾਂ ਬੇਲੀਆਂ ਵਿਚ ਫਸਿਆ ਸੂਰੀਆ ਸਵਾਮੀ ਵੀ ਸ਼ਾਮਲ ਸੀ। ਪਤਾ ਉਦੋਂ ਹੀ ਲੱਗਾ ਜਦੋਂ ਪੁਲਿਸ ਨੇ ਆਉਂਦਿਆਂ ਹੀ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਮਿੰਟਾਂ ਵਿਚ ਹੀ ਮੁੰਡੇ ਤਿੱਤਰ ਹੋ ਗਏ। ਕਈਆਂ ਨੂੰ ਪੁਲਿਸ ਨੇ ਗ੍ਰਿਫਤਾਰ ਵੀ ਕਰ ਲਿਆ, ਜਿਹੜੇ ਐਸ ਡੀ ਐਮ ਦੀ ਮਿਹਰਬਾਨੀ ਨਾਲ ਛੇਤੀ ਹੀ ਛੁਟ ਗਏ।

ਇਸ ਘਟਨਾ ਤੋਂ ਕੁਝ ਹੀ ਹਫਤੇ ਬਾਅਦ ਪੰਜਾਬ ਵਿਚ ਵੀ ਵਿਦਿਆਰਥੀਆਂ ਦੀ ਲਹਿਰ ਜ਼ੋਰਾਂ 'ਤੇ ਭਖ ਗਈ ਅਤੇ ਫਿਰ ਮੋਗਾ ਕਾਂਡ ਵਾਪਰ ਗਿਆ। ਪੰਜਾਬ ਦੇ ਕਾਲਜਾਂ ਦੇ ਨਾਲ ਸਰਸੇ ਦੇ ਕਾਲਜ ਵੀ ਮਹੀਨਾ ਭਰ ਬੰਦ ਰਹੇ। ਇਨ੍ਹਾਂ ਦਿਨਾਂ ਵਿਚ ਅਕਸਰ ਵਿਦਿਆਰਥੀਆਂ ਦੀਆਂ ਰੈਲੀਆਂ ਹੁੰਦੀਆਂ ਜਿਥੇ ਪਾਸ਼ ਦੀਆਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ। ਪਾਸ਼ ਬਾਰੇ ਉਦੋਂ ਮੈਨੂੰ ਪਹਿਲੀ ਵਾਰ ਪਤਾ ਲੱਗਾ। ਵਿਦਿਆਰਥੀ ਅੰਦੋਲਨ ਖਤਮ ਹੋਣ ਤੋਂ ਬਾਅਦ ਅਜੇ ਦੋ ਕੁ ਹਫਤੇ ਹੀ ਕਾਲਜ ਲੱਗੇ ਸਨ ਕਿ ਅਧਿਆਪਕਾਂ ਨੇ ਹੜਤਾਲ ਕਰ ਦਿੱਤੀ। ਮਹੀਨਾ-ਸਵਾ ਮਹੀਨਾ ਇਹ ਹੜਤਾਲ ਰਹੀ। ਇੰਜ ਕਾਲਜ ਦੇ ਢਾਈ ਮਹੀਨੇ ਹੜਤਾਲਾਂ ਦੇ ਲੇਖੇ ਹੀ ਲੱਗ ਗਏ।

---

## ਦੇਸ ਪੰਜਾਬ


ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ।
ਬੇਲੀ ਮਿੱਤਰ, ਖੂਹ ਦੀਆਂ ਗੱਲਾਂ
ਵਗਦਾ ਪਾਣੀ, ਨੱਚਦੀਆਂ ਛੱਲਾਂ।
ਸੱਥ ਵਿਚ ਹੱਸਦੇ, ਬਾਬੇ ਪੋਤੇ
ਕੁਝ ਲਿਬੜੇ ਕੁਝ, ਨਾਹਤੇ ਧੋਤੇ।
ਤਾਸ਼ ਦੀ ਬਾਜ਼ੀ, ਛੂਹਣ ਛੁਹਾਈਆਂ
ਬੋੜ੍ਹ ਦੀ ਛਾਵੇਂ, ਮੱਝੀਆਂ ਗਾਈਆਂ।
ਚੇਤੇ ਕਰ ਕੇ, ਮਨ ਭਰ ਆਇਆ।
ਦੇਸ ਪੰਜਾਬ ਨੂੰ, ਫੇਰਾ ਪਾਇਆ
ਮੁੜ ਕੇ ਸਭ ਕੁਝ, ਚੇਤੇ ਆਇਆ।

ਪਿੰਡਾਂ ਦੀ ਹੁਣ, ਸ਼ਕਲ ਬਦਲ ਗਈ
ਲੋਕਾਂ ਦੀ ਹੁਣ, ਅਕਲ ਬਦਲ ਗਈ।
ਖੇਤੀ ਦੇ ਹੁਣ, ਸੰਦ ਬਦਲ ਗਏ
ਕੰਮ ਦੇ ਵੀ ਹੁਣ, ਢੰਗ ਬਦਲ ਗਏ।
ਟਾਹਲੀ ਤੇ ਕਿੱਕਰਾਂ ਮੁੱਕ ਗਈਆਂ
ਤੂਤ ਦੀਆਂ ਨਾ, ਝਲਕਾਂ ਪਈਆਂ।
ਸੱਥ ਵਿੱਚ ਹੁਣ ਨਾ, ਮਹਿਫਲ ਲੱਗਦੀ
ਬਿਜਲੀ ਅੱਗੇ, ਵਾਂਗ ਹੈ ਭੱਜਦੀ।
ਪਿੰਡ ਵੇਖ ਕੇ, ਚਾਅ ਚੜ੍ਹ ਆਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ।

ਸ਼ਹਿਰੀ ਸੜਕ ਨੂੰ, ਸੂਰਤ ਹੈ ਆਈ
ਪਿੰਡਾਂ ਦੀ ਪਰ, ਪਈ ਤੜਫਾਈ।
ਬਾਈਪਾਸਾਂ ਤੇ, ਟੋਲ ਨੇ ਲੱਗੇ
ਐਪਰ ਬੰਦਾ, ਪਹੁੰਚੇ ਝੱਬੇ।
ਮਹਿੰਗਾਈ ਨੇ, ਵੱਟ ਹਨ ਕੱਢੇ
ਤਾਂਹੀਂ ਮਿਲਾਵਟ, ਜੜ੍ਹ ਨਾ ਛੱਡੇ।
ਵਿਓਪਾਰੀ ਹੈ, ਹੱਸਦਾ ਗਾਉਂਦਾ
ਮਾੜਾ ਰੋਂਦਾ, ਘਰ ਨੂੰ ਆਉਂਦਾ।
ਅਜੇ ਰੁਪਈਆ, ਪਿਆ ਕੁਮਲਾਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ।

ਕੁੜੀਆਂ ਚਿੜੀਆਂ, ਵਧਣ ਨਾ ਫੁੱਲਣ
ਚਿੜੇ ਹਨੇਰੀ, ਵਾਂਗੂ ਝੁੱਲਣ।
ਟੀਵੀ ਵਿਚ ਹੁਣ, ਸੂਟ ਨਾ ਦਿਸਦਾ
ਸੁਰ ਸੰਗਮ ਦਾ, ਰੂਟ ਨਾ ਦਿਸਦਾ।
ਮਿਸ ਪੂਜਾ ਨੇ, ਲੁੱਟ ਲਏ ਸਾਰੇ
ਸੋਲੋ ਫਿਰਦੇ, ਮਾਰੇ ਮਾਰੇ।
ਬੱਬੂ ਮਾਨ ਨੇ, ਬਾਬੇ ਰੋਲੇ
ਢੱਡਰੀਆਂ ਵਾਲੇ, ਦੀ ਪੰਡ ਖੋਲ੍ਹੇ।
ਮਾਨ ਪੰਜਾਬ ਨੇ, ਜਦੋਂ ਜਿਤਾਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ।

ਇਕ ਪਿੰਡ ਦੇ ਵਿਚ, ਦੋ ਦੋ ਠੇਕੇ
ਚੋਬਰ ਮੁੰਡੇ, ਕਿਤੇ ਨਈਂ ਵੇਖੇ।
ਭਈਆਂ ਦਾ, ਲੁਧਿਆਣੇ ਕਬਜ਼ਾ
ਕੰਮ ਕਰਨੇ ਦਾ, ਮਰਿਆ ਜਜ਼ਬਾ।
ਲੀਡਰ ਫਿਰਨ, ਰੰਗਾਉਂਦੇ ਪੱਗਾਂ



ਚੁਣ ਦੇ ਸੋਚ ਕੇ, ਸੱਜਾ ਖੱਬਾ।
ਪਰ ਪੰਜਾਬ, ਅਜੇ ਵੀ ਹੱਸਦਾ
ਮਰਦਾ ਮਰਦਾ, ਜਿਉਂਦਾ ਵੱਸਦਾ।
ਹਾਲਤ ਵੇਖ, ਤਰਸ ਸੀ ਆਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ।

ਫਾਸਟ ਫੂਡ ਤੇ, ਪੀਜ਼ਾ ਬਰਗਰ
ਪਹੁੰਚ ਗਏ ਨੇ, ਅੱਜ ਇਹ ਘਰ ਘਰ।
ਧਰਤੀ ਹੇਠਾਂ, ਮੋਟਰ ਦੱਬੀ
ਪਾਣੀ ਜਾਂਦਾ, ਨੀਵਾਂ ਨੱਠੀ।
ਵਿਚ ਕੋਠੀਆਂ, ਵਸਦੇ ਭਈਏ
ਡਾਲਰ ਰੁਲਦਾ, ਵਿਚ ਰੁਪਈਏ।
ਭਾਰਤ ਨੇ ਹੋਰ, ਦਗਾ ਕਮਾਇਆ
ਗਾਂਧੀ ਨੂੰ ਹਰ, ਨੋਟ 'ਤੇ ਲਾਇਆ।
ਭਗਤ, ਸਰਾਭਾ, ਗਿਆ ਭੁਲਾਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ।

ਮੰਡੀ ਦੇ ਵਿੱਚ, ਫਸਲ ਹੈ ਰੁਲਦੀ
ਅਸਲੀ ਕੀਮਤ, ਕਦੇ ਨਾ ਮਿਲਦੀ।
ਵਿਚ ਦੁਆਬੇ, ਲੱਭੇ ਨਾ ਗੰਨਾ
ਮਿੱਲਾਂ ਦੇ ਵਿਚ, ਫਿਰੇ ਨਾ ਬੰਦਾ।
ਕਿਤੇ ਸਕੋਰਪੀਓ, ਕਿਤੇ ਸਕੌਡਾ
ਕਿਤੇ ਬਲੈਰੋ, ਕਿਤੇ ਹੈ ਹੌਂਡਾ।
ਲੀਡਰ ਰੱਖਦੇ, ਲੈਕਸਸ ਥੱਲੇ
ਐਸ ਜੀ ਪੀ ਸੀ, ਟੋਇਟਾ ਝੱਲੇ।
ਬਾਬਿਆਂ ਔਡੀ, ਨੂੰ ਹੱਥ ਲਾਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ ਚੇਤੇ ਆਇਆ।

ਗੁਰੂਆਂ, ਪੀਰਾਂ, ਦੇ ਪੰਜਾਬ ਨੂੰ
ਹੀਰਾਂ ਸੱਸੀਆਂ, ਦੇ ਸ਼ਬਾਬ ਨੂੰ।
ਲੁੱਟਣ ਵਾਲੇ, ਲੁੱਟੀ ਜਾਂਦੇ
ਕੁੱਟਣ ਵਾਲੇ, ਕੁੱਟੀ ਜਾਂਦੇ।
ਵਿਹਲੜ ਪਏ ਨੇ, ਮੌਜ ਮਾਣਦੇ
ਕੰਮ ਨੂੰ ਓਹ ਤਾਂ, ਝੱਖ ਜਾਣਦੇ।
ਐਪਰ ਅੱਗੇ, ਵੱਧਦਾ ਜਾਂਦਾ
ਸਦਾ ਤਰੱਕੀ, ਕਰਦਾ ਜਾਂਦਾ।
'ਕੰਗ' ਪੰਜਾਬ ਹੈ, ਦੂਣ ਸਵਾਇਆ
ਦੇਸ ਪੰਜਾਬ ਨੂੰ, ਫੇਰਾ ਪਾਇਆ।
ਮੁੜ ਕੇ ਸਭ ਕੁਝ, ਚੇਤੇ ਆਇਆ
ਮੁੜ ਕੇ ਸਭ ਕੁਝ, ਚੇਤੇ ਆਇਆ।

*ਕਮਲ ਕੰਗ*

# ਰੱਖੜੀ ਬੰਨ੍ਹਣ ਆਈ ਸੀ ਲਾਹ ਕੇ ਲੈ ਗਈ ਹੱਥ

*ਬੰਦੇ ਨੂੰ ਗੁਰੂ ਸਮਝਣਾ ਗਲਤੀਆਂ ਨੂੰ ਘਨੇੜੀ ਚੁੱਕਣ ਵਾਲੀ ਗੱਲ ਹੀ ਹੈ। ਗੁਰੂ ਵੀ ਜਾਣਦੇ ਹਨ ਕਿ ਜੇ ਅਕਲ ਵਾਲਾ ਭੇਦ ਖੋਲ੍ਹਤਾ ਕਿ ਵਾਹਿਗੁਰੂ ਦੇ ਸੰਦੇਸ਼ ਦਾ ਨਾਂ ਗੁਰੂ ਹੈ ਤਾਂ ਸਾਡੀ ਦੁਕਾਨਦਾਰੀ ਦੀ ਬੇੜੀ ਫਿਰ ਵੱਟਿਆਂ ਨਾਲ ਭਰ ਜਾਣੀ ਹੈ। ਜੇ ਸਿਆਣੇ ਬੰਦਿਆਂ ਨੇ ਮਨੁੱਖ ਦੀ ਕਮਾਈ ਦਾ ਹਿਸਾਬ ਕਿਤਾਬ ਲਗਾਉਣਾ ਹੋਵੇ ਤਾਂ ਉਹ ਉਹਦੇ ਭਲੇ ਕੰਮਾਂ ਦਾ ਲੇਖਾ ਜੋਖਾ ਕਰਕੇ ਇਹ ਵੀ ਦੱਸ ਦੇਣਗੇ ਕਿ ਰੁਪਈਆਂ ਤੋਂ ਉਪਰ ਆਨੇ ਕਿੰਨੇ ਮਿਲਦੇ ਹਨ। ਜੇ ਤੁਹਾਨੂੰ ਕਿਸੇ ਔਰਤ ਦੀ ਉਮਰ ਦਾ ਗਿਆਨ ਨਹੀਂ ਹੋ ਰਿਹਾ ਤਾਂ ਉਹਦੀ ਦਰਾਣੀ ਜਾਂ ਜਠਾਣੀ ਦੇ ਕੰਨ 'ਚ ਇਹ ਫੂਕ ਮਾਰੋ ਤਾਂ ਤੁਹਾਨੂੰ ਸਾਲ ਮਹੀਨੇ ਹੀ ਨਹੀਂ ਦਿਨਾਂ ਦੀ ਗਿਣਤੀ ਵੀ ਦੱਸ ਦਊ। ਮੂਰਖ ਤੇ ਲਾਲਚੀ ਲੋਕ ਭਾਵੇਂ ਸਮਝਣ ਕਿ ਤਿੰਨ ਤੀਆ ਵੀਹ ਹੁੰਦੇ ਹਨ ਪਰ ਅਕਲਮੰਦਾਂ ਨੂੰ ਪਤੈ ਕਿ ਤਿੰਨ ਤੀਆ ਨੌਂ ਤੋਂ ਵੱਧ ਨਹੀਂ ਹੋ ਸਕਦੇ। ਹਰ ਕੋਈ ਜਾਣਦੈ ਕਿ ਮਰਨ ਲੱਗਿਆਂ ਸਾਢੇ ਤਿੰਨ ਹੱਥ ਜ਼ਮੀਨ ਹੀ ਕੁਝ ਸਮੇਂ ਲਈ ਮਿਲਦੀ ਹੈ ਪਰ ਫਿਰ ਵੀ ਜ਼ਮੀਨਾਂ ਦੇ ਲਾਲਚ ਵਿਚ ਰਿਸ਼ਤੇ ਜ਼ਖਮੀ ਹੀ ਨਹੀਂ ਬੱਕਰੇ ਵਾਂਗ ਝਟਕਾਏ ਜਾ ਰਹੇ ਹਨ ਤਾਂ ਅਦਾਲਤਾਂ ਤੇ ਜੱਜ ਦੁਹਾਈ ਦੇਣ ਲੱਗ ਪਏ ਹਨ। ਦੱਸੋ ਕਿਹੜੇ ਵਾਰਿਸ ਸ਼ਾਹ ਨੂੰ ਆਖੀਏ ਕੁਰਾਹੇ ਪਿਆਂ ਨੂੰ ਰੱਬ ਦੇ ਵਾਸਤੇ ਮੋੜ ਲਿਆ। ਮਨੁੱਖ ਹੀ ਨਹੀਂ ਆਪਣੇ ਆਪ ਨੂੰ ਮਹਾਂ ਪੁਰਸ਼ ਅਖਵਾਉਣ ਵਾਲੇ ਵੀ ਕੁੱਤੇ ਦੇ ਗੁਣਾਂ ਦੀਆਂ ਸਿਫਤਾਂ ਦੇ ਢੇਰ ਲਗਾਈ ਜਾਂਦੇ ਹਨ ਪਰ ਸ਼ਰਮ ਦਾ ਮਾਰਾ ਮਨੁੱਖ ਇਨ੍ਹਾਂ ਨੂੰ ਗ੍ਰਹਿਣ ਕਰਨ ਤੋਂ ਕੰਨੀ ਕਤਰਾਉਂਦਾ ਆਇਆ ਹੈ। ਯੁੱਗ ਬੀਤ ਵੀ ਗਏ ਨੇ ਤੇ ਬਦਲ ਵੀ ਗਏ ਹਨ ਪਰ ਧੀਆਂ ਨੂੰ ਧਿਆਣੀਆਂ ਤੇ ਸਿਆਣੀਆਂ ਕਹਿਣ ਦੀ ਬਿਰਤੀ ਨਹੀਂ ਟੁੱਟੀ, ਬਾਪ ਨੂੰ ਬਾਬਲ ਕਹਿਣ ਦੇ ਅਰਥ ਸਿਰਫ ਧੀਆਂ ਹੀ ਜਾਣਦੀਆਂ ਹਨ ਕਿਉਂਕਿ ਪੇਕੇ ਮਾਂ ਨਾਲ ਤੇ ਨਾਨਕੇ ਨਾਨੇ ਨਾਲ ਹੁੰਦੇ ਨੇ। ਜੇ ਧੀ ਵਿਰੁਧ ਮਨੁੱਖ ਸਵੇਰੇ ਉੱਠ ਕੇ ਫਰਿਆਦ ਕਰੇ ਕਿ ਸੱਚਿਆ ਪਾਤਸ਼ਾਹ ਬਾਬਲ ਦੀ ਕਾਤਲ ਨੂੰ ਮੁਆਫ ਨਾ ਕਰੀਂ', ਤਾਂ? ਜਦੋਂ ਚੰਗੇ ਬੰਦੇ ਬੁਰਾਈ ਦੀ ਕਿੱਕਲੀ ਪਾਉਣ ਲੱਗ ਪੈਣ ਤਾਂ ਅਨਰਥ ਰੋਕਣ ਦੀਆਂ ਅਰਦਾਸਾਂ ਨੂੰ ਬੂਰ ਪੈਣ ਦੀ ਕੋਈ ਆਸ ਨਹੀਂ ਹੁੰਦੀ। ਇਹ ਦਾਅਵਾ ਤਾਂ ਸੱਚ ਹੈ ਕਿ ਨਾ ਸਮੁੰਦਰ ਨੂੰ ਅੱਗ ਲੱਗ ਸਕਦੀ ਤੇ ਨਾ ਮੁਰਗਾਬੀ ਪਾਣੀ 'ਚ ਡੁੱਬ ਸਕਦੀ ਹੈ ਤੇ ਇਹ ਮੰਨਣ ਨੂੰ ਵੀ ਦਿਲ ਕਦੋਂ ਹਾਮੀ ਭਰਦੈ ਕਿ ਚੂੜੇ ਵਾਲੀਆਂ ਬਾਹਾਂ, ਮਹਿੰਦੀ ਵਾਲੇ ਹੱਥਾਂ ਨੂੰ ਬੇਕਸੂਰ ਬਾਪ ਦੇ ਖੂਨ 'ਚ ਲੱਥ ਪੱਥ ਦੇਖਣ।*

*ਗੱਲੀਂ-ਬਾਤੀਂ*




ਐਸ. ਅਸ਼ੋਕ ਭੌਰਾ

ਫੋਨ: 925-752-8025


ਬਹੁਤ ਲੋਕ ਜੂਆ ਤਾਂ ਅਮੀਰ ਬਣਨ ਲਈ ਖੇਡਣ ਗਏ ਸਨ ਪਰ ਬਰਬਾਦ ਹੋ ਕੇ ਪੁੱਠੇ ਪੈਰੀਂ ਘਰਾਂ ਨੂੰ ਪਰਤਦੇ ਰਹੇ। ਇਨ੍ਹਾਂ ਹੀ ਲੋਕਾਂ ਨੇ ਨਾ ਸਿਰਫ ਜੇਬਾਂ ਖਾਲੀ ਕੀਤੀਆਂ ਸਗੋਂ ਘਰ ਦੀ ਪਰਛੱਤੀ ਵੀ ਭਾਂਡਿਆਂ ਤੋਂ ਵਿਹਲੀ ਕਰ ਦਿੱਤੀ। ਇਵੇਂ ਕੁਝ ਲੋਕਾਂ ਦਾ ਸੁਭਾਅ ਤਾਂ ਇਹ ਹੁੰਦਾ ਹੈ ਕਿ ਉਹ ਸਵਾ ਮਹੀਨੇ ਦੇ ਬੱਚੇ ਵਾਂਗ ਸ਼ਿਕਾਇਤਾਂ ਤਾਂ ਹਰ ਵੇਲੇ ਕੁਛੜ ਚੁੱਕੀ ਰਖਦੇ ਹਨ। ਇਹ ਹੁੰਦੇ ਭਾਵੇਂ ਲੰਬੇ ਹਨ ਪਰ ਹੱਥ ਬੌਣਿਆਂ ਨਾਲ ਮਿਲਾਉਂਦੇ ਹਨ। ਇਹ ਲੋਕ ਚਲਦੇ ਘੱਟ ਹਨ ਤਿਲਕ ਕੇ ਵਧ ਡਿੱਗਦੇ ਹਨ। ਜਿਹੜੇ ਬੰਦੇ, ਬੰਦਿਆਂ ਵਿਰੁਧ ਹੀ ਸ਼ਿਕਾਇਤਾਂ ਕਰਦੇ ਹਨ ਉਹ ਬਹਾਦਰ ਹੋਣ ਦਾ ਬੁਰਕਾ ਡਰ ਦੀ ਕੰਬਣੀ ਲੁਕਾਉਣ ਲਈ ਪਹਿਨਦੇ ਹਨ। ਕਈ ਸ਼ਿਕਾਇਤਾਂ ਸਿਰਫ ਅਦਾਲਤਾਂ ਨੇ ਹੀ ਸੁਣਨੀਆਂ ਹੁੰਦੀਆਂ ਹਨ ਤੇ ਕਈ ਸ਼ਿਕਾਇਤਾਂ ਰੱਬ ਅੱਗੇ ਫਰਿਆਦ ਵਰਗੀਆਂ ਹੁੰਦੀਆਂ ਹਨ। ਸੱਚ ਇਹ ਹੈ ਕਿ ਹਾਲੇ ਤੀਕਰ ਕਿਸੇ ਭਰਾ ਨੇ ਭੈਣ ਵਿਰੁਧ ਸ਼ਿਕਾਇਤ ਨਹੀਂ ਕੀਤੀ। ਹਾਲੇ ਤੀਕਰ ਕਿਸੇ ਧੀ 'ਤੇ ਇਹ ਇਲਜ਼ਾਮ ਨਹੀਂ ਲੱਗਾ ਕਿ ਉਸਨੇ ਬਾਪ ਦੀ ਸੰਘੀ 'ਤੇ ਗੂਠਾ ਰੱਖਿਆ ਹੋਵੇਗਾ ਪਰ ਕਲਯੁੱਗ ਦੇ ਵਰਤਾਰੇ ਵਿਚ ਇਹ ਦੋਵੇਂ ਗੱਲਾਂ ਸੱਚ ਹੋ ਗਈਆਂ ਹਨ। ਉਵੇਂ ਜਿਵੇਂ ਆਪਾਂ ਕਹਿ ਸਕਦੇ ਹਾਂ ਕਿ ਬੇਈਮਾਨੀ ਬਿਨਾ ਇਮਾਨਦਾਰੀ ਦਾ ਗਿਆਨ ਤੇ ਮਹੱਤਵ ਨਹੀਂ ਹੋ ਸਕਦਾ।

ਲੱਖਾ ਸਿੰਘ ਨੇ ਪੂਰੇ ਤੀਹ ਵਰ੍ਹੇ ਫੌਜ ਵਿਚ ਨੌਕਰੀ ਕੀਤੀ। ਭਰਤੀ ਤਾਂ ਉਹ ਸਿਪਾਹੀ ਵਜੋਂ ਹੋਇਆ ਸੀ ਪਰ ਕਪਤਾਨ ਬਣ ਕੇ ਸੇਵਾ ਮੁਕਤ ਹੋ ਕੇ ਘਰ ਪਰਤਿਆ। ਦੋ ਬੱਚੇ ਦੋਵੇਂ ਰੱਜ ਕੇ ਲਾਇਕ, ਹੋਣਹਾਰ। ਇਕ ਪੁੱਤ ਤੇ ਇਕ ਧੀ। ਪੁੱਤ ਸੁਲੱਖਣ ਸਿੰਘ ਤੇ ਧੀ ਰਾਜਕੌਰ। ਧੀ ਵਿਆਹ ਦਿੱਤੀ ਇਕ ਸਕੂਲ ਅਧਿਆਪਕ ਨਾਲ। ਤੇ ਇੰਜੀਨੀਅਰ ਪੁੱਤ ਅਮਰੀਕਾ ਜੰਮਪਲ ਕੁੜੀ ਨਾਲ ਵਿਆਹ ਕਰਵਾ ਕੇ ਦੇਸ਼ ਛੱਡ ਆਇਆ। ਲੱਖਾ ਸਿੰਘ ਸੇਵਾ ਮੁਕਤ ਹੋ ਕੇ ਆਪਣੀ ਪਤਨੀ ਹਰਨਾਮ ਕੌਰ ਨਾਲ ਖੁਸ਼ੀਆਂ ਦੀ ਮੌਜ ਵਿਚ ਵਕਤ ਗੁਜ਼ਾਰਨ ਲੱਗਾ। ਪਿੰਡ ਵਾਲਿਆਂ ਨੇ ਸਰਬਸੰਮਤੀ ਨਾਲ ਇਕ ਸਿਆਣਾ ਫੌਜੀ ਸਰਪੰਚ ਚੁਣ ਲਿਆ। ਹਾਲਾਂਕਿ ਉਹ ਚਾਹੁੰਦਾ ਨਹੀਂ ਸੀ ਕਿ ਇਸ ਉਧੇੜ ਬੁਣ 'ਚ ਫਸਾਂ ਤੇ ਪਿੰਡ ਵਾਲਿਆਂ ਨੂੰ ਹੱਥ ਜੋੜ ਕੇ ਕਿਹਾ ਸੀ ਕਿ ਕੋਇਲ ਨੂੰ ਸਾਜ਼ਾਂ ਨਾਲ ਗਾਉਣ ਦੀ ਆਦਤ ਨਾ ਪਾਵੋ। ਹਾਲਾਂਕਿ ਲੱਖਾ ਸਿੰਘ ਆਪਣੇ ਬਾਪ ਦੀ ਜ਼ਮੀਨ ਨੂੰ ਨੌਂ ਕਿੱਲੇ ਤੋਂ ਖਿੱਚ ਕੇ ਸਾਢੇ ਨੌਂ ਕਿੱਲੇ ਵੀ ਨਹੀਂ ਸੀ ਕਰ ਸਕਿਆ ਪਰ ਉਸਨੇ ਨੌਕਰੀ ਤੋਂ ਵਿਹਲਾ ਹੁੰਦਿਆਂ ਹੀ ਇਸ ਨੂੰ ਠੇਕੇ ਛੁਡਾ ਕੇ ਆਪ ਸੰਭਾਲਣ ਦੀ ਹਿੰਮਤ ਕਰ ਲਈ ਸੀ।

ਅਚਾਨਕ ਰੱਬ ਦਾ ਭਾਣਾ ਇਹ ਵਰਤਿਆ ਕਿ ਹਰਨਾਮ ਕੌਰ ਛੋਟੀ ਜਿਹੀ ਬਿਮਾਰੀ ਪਿੱਛੋਂ ਅੱਖਾਂ ਮੀਟ ਗਈ। ਜਿਵੇਂ ਹੁੰਦਾ ਹੀ ਹੈ ਕਿ ਜੇ ਮਰਦ ਜਲਦੀ ਚਲਾ ਜਾਵੇ ਤਾਂ ਔਰਤ ਪੁੱਤ ਪੋਤਿਆਂ ਦੇ ਪਿਆਰ ਵਿਚ ਲੰਬੀ ਉਮਰ ਭੋਗ ਲੈਂਦੀ ਹੈ ਪਰ ਔਰਤ ਸਾਥ ਛੱਡ ਜਾਵੇ ਤਾਂ ਇਕ ਬੁਢਾਪੇ ਦਾ ਬੋਝ ਤੇ ਇਕ ਇਕੱਲਾਪਣ ਮਰਦ ਨੂੰ ਖਾ ਜਾਂਦਾ ਹੈ। ਬੱਸ ਫਿਰ ਕੀ ਸੀ ਲੱਖਾ ਸਿੰਘ ਦਾ ਹੌਸਲਾ ਢੇਰੀ ਹੋਣ ਲੱਗ ਪਿਆ ਸੀ ਤੇ ਉਹ ਢਿੱਲਾ ਮੱਠਾ ਰਹਿਣ ਲੱਗ ਪਿਆ। ਅਮਰੀਕਾ ਵਸਦੇ ਪੁੱਤਰ ਨੇ ਜੋਰ ਪਾਇਆ ਤਾਂ ਧੀਰਜ ਬੰਨ੍ਹ ਕੇ ਜਹਾਜ਼ੇ ਚੜ੍ਹ ਪੰਜਾਬ ਨੂੰ ਅਲਵਿਦਾ ਆਖ ਦਿੱਤੀ ਤੇ ਪੈਲੀ ਕਿਸੇ ਨੂੰ ਠੇਕੇ ਤੇ ਦੇਣ ਦੀ ਥਾਂ ਜਵਾਈ ਨੂੰ ਦੇਖਭਾਲ ਲਈ ਸਪੁਰਦ ਕਰ ਦਿੱਤੀ।

ਫੌਜ ਦੀ ਠਾਠ ਭਰੀ ਨੌਕਰੀ ਕਰਨ ਵਾਲੇ ਲੱਖਾਂ ਸਿੰਘ ਦਾ ਅਮਰੀਕਾ ਵਿਚ ਦਿਲ ਨਾ ਲਗਦਾ। ਤੇ ਉਂਜ ਵੀ ਦਸ ਬਾਰਾਂ ਸਾਲ ਦੇ ਪੋਤਰੇ ਉਹਨੂੰ ਘਰ ਦੇ ਮਾਹੌਲ ਵਿਚ ਫਿੱਟ ਨਾ ਸਮਝਦੇ। ਕਲੀਨ ਸ਼ੇਵ ਬਾਪ ਦੇ ਇਹ ਬੇਟੇ ਬਾਬੇ ਦੀ ਦਾੜ੍ਹੀ 'ਚ ਹੱਥ ਮਾਰ ਕੇ ਅਮਰੀਕੀ ਕਲਚਰ 'ਚ ਗੁੱਸੀ ਮਾਂ ਨੂੰ ਪੁੱਛਦੇ 'ਵਟ ਇਜ ਦਿਸ?' ਛੇ ਕੁ ਮਹੀਨੇ ਨੀ ਗੁਜਰੇ ਹੋਣੇ ਨੂੰਹ ਵੀ ਇਸ ਕਰਕੇ ਅੱਖਾਂ ਵਿਖਾਉਣ ਲੱਗ ਪਈ ਸੀ ਕਿਉਂਕਿ ਕਿਸੇ ਨੇ ਉਹਦੇ ਵੀ ਕੰਨ ਭਰ ਦਿੱਤੇ ਸਨ ਕਿ ਜ਼ਮੀਨ ਇਹਨੇ ਧੀ ਦੇ ਹਵਾਲੇ ਕਰ ਦਿੱਤੀ ਹੈ ਤੇ ਇਸ ਕਰਕੇ ਉਹ ਵੀ ਸਿਰ ਚੜ੍ਹ ਕੇ ਬੋਲਣ ਲੱਗ ਪਈ ਸੀ ਕਿ ਇਹ ਬੁੜ੍ਹਾ ਨਿਆਣਿਆਂ ਨੂੰ ਸਕੂਲ ਛੱਡ-ਲੈ ਆਉਂਦਾ ਹੈ, ਇਹਨੂੰ ਦੋ ਚਾਰ ਘੰਟੇ ਕਿਸੇ ਸਤੇ ਸੈਵਨ ਇਲੈਵਨ ਜਾਂ ਗੈਸ ਸਟੇਸ਼ਨ ਤੇ ਕੰਮ ਲੱਭ ਦਵੋ, ਸਾਰਾ ਦਿਨ ਟੀ.ਵੀ. ਮੂਹਰੇ ਬੈਠਾ ਸੋਫਾ ਤੋੜਦਾ ਰਹਿੰਦੈ।

ਲੱਖਾ ਸਿੰਘ ਵੀ ਸਮਝਣ ਲੱਗਾ ਸੀ ਕਿ ਹੁਣ ਮੈਂ ਇਸ ਘਰ ਵਿਚ ਸਿਰਫ ਭਾਰ ਬਣਦਾ ਜਾ ਰਿਹਾ ਹਾਂ। ਉਹਦਾ ਸਾਊ ਪੁੱਤ ਸੁਲੱਖਣ ਸਿੰਘ ਜੋ ਹੁਣ ਸਿਰਫ ਸੈਲ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਪਤਨੀ ਅੱਗੇ ਜਮੂਰਾ ਹੀ ਬਣਦਾ ਜਾ ਰਿਹਾ ਸੀ। ਇਕ ਦਿਨ ਦੁਖੀ ਹੋਏ ਬਾਪ ਨੇ ਪੁੱਤ ਨੂੰ ਪੁੱਛ ਹੀ ਲਿਆ 'ਦੇਖ ਪੁੱਤਰ ਜੇ ਬੁਰਾ ਨਾ ਮਨਾਵੇਂ' ਤਾਂ ਮੈਂ ਇਥੇ ਕੀ ਕਰਨੈ, ਵਾਪਿਸ ਪੰਜਾਬ ਹੀ ਚਲੇ ਜਾਨੈ, ਬੁਢਾਪੇ 'ਚ ਚਾਰ ਦਿਨ ਪਿੰਡ ਹੀ ਗੁਜਾਰ ਲਵਾਂਗਾ।'

'ਫੌਜ ਦੀ ਐਡੀ ਵੱਡੀ ਕੋਰ ਸੰਭਾਲਦਾ ਆਇਆ ਬਾਪੂ ਇਹ ਦੋ ਜੁਆਕ ਨੀ ਸਾਂਭ ਸਕਦਾ?'

'ਪੁੱਤ ਉਥੇ ਤਾਂ ਅਨੁਸ਼ਾਸਨ ਹੁੰਦਾ ਸੀ।'

'ਤੇ ਇਥੇ ਕੀ ਪ੍ਰਾਬਲਮ ਹੈ?'

'ਇਹ ਤੇਰੇ ਜੁਆਕ ਮੈਨੂੰ ਆਟੇ 'ਚ ਲੂਣ ਨੀਂ ਸਮਝਦੇ।'

ਤੇ ਇਕ ਦਿਨ ਤਾਂ ਹੱਦ ਹੀ ਹੋ ਗਈ ਜਦੋਂ ਇਕ ਪੋਤਰੇ ਨੇ ਸ਼ਰਾਰਤਾਂ ਕਰਦਿਆ ਗੇਂਦ ਨਾਲ ਰਸੋਈ ਵਿਚਲੇ ਚਾਰ-ਪੰਜ ਕੱਚ ਦੇ ਗਲਾਸ ਭੰਨ ਕੇ ਹੱਥ ਛਿਲਾ ਲਿਆ ਤੇ ਉਪਰ ਦੀ ਲੱਖਾ ਸਿੰਘ ਨੇ ਗੁੱਸੇ 'ਚ ਇਕ ਹੋਰ ਜੜਤੀ ਉਹਦੇ। ਆਥਣੇ ਭਰੀ ਪੀਤੀ ਬਹੂ ਆਈ ਤਾਂ ਆ ਗਈ ਪਰਲੋ। ਸੁਲੱਖਣ ਸਿੰਘ ਨੂੰ ਬਾਹੋਂ ਫੜ ਕੇ ਲਿਆਈ ਤੇ ਗੁੱਸੇ 'ਚ ਤਪੀ ਬੋਲੀ।' ਵੇਖੋ ਏਸ ਬੁੱਢੇ ਦੀ ਕਰਤੂਤ। ਇਕ ਤਾਂ ਹਨੀ ਦਾ ਹੱਥ ਪਾਟ ਗਿਐ ਤੇ ਉਤੋਂ ਇਹਨੇ ਬੇਅਕਲੇ ਨੇ ਮੁੰਡੇ ਦਾ ਮੂੰਹ ਕੁੱਟ ਕੁੱਟ ਸੁਜਾ ਦਿੱਤਾ। ਸੁਆਹ ਨੌਕਰੀ ਕੀਤੀ ਹੋਈ ਆ ਇਹਨੇ?'

'ਧੀਏ ਕੀ ਬੋਲਦੀ ਏਂ, ਮੇਰੀ ਗੱਲ ਤਾਂ ਸੁਣ।'

'ਤੇਰੀ ਧੀ ਹੈਗੀ ਆ ਉਹੋ ਜੀਹਨੂੰ ਜ਼ਮੀਨ ਦੇ ਆਇਆਂ ਸਾਰੀ। ਇਥੇ ਤਾਂ ਤੂੰ ਸਾਡੀ ਜ਼ਿੰਦਗੀ ਖਰਾਬ ਕਰਨ ਆਇਆਂ।'

ਤੇ ਘੁੱਗੂ ਬਾਟਾ ਬਣੇ ਬੈਠੇ ਸੁਲੱਖਣ ਵਲ ਇਸ਼ਾਰਾ ਕਰਕੇ ਹੋਰ ਉਪਰ ਜਾ ਚੜ੍ਹੀ, 'ਦਫਾ ਹੋ ਲੈਣ ਦਿਓ ਏਸ ਬੁੱਢੜੇ ਨੂੰ, ਰੱਖ ਲਵਾਂਗੇ ਕੋਈ ਨਿਆਣੇ ਸੰਭਾਲਣ ਨੂੰ।'

ਏਨੀ ਕੁਪੱਤ ਤਾਂ ਕਿਸੇ ਖੇਤ ਪਏ ਗਧੇ ਦੀ ਨਾ ਹੋਵੇ। ਲੱਖਾ ਸਿਹੁੰ ਦੀ ਰੱਬ ਨੇ ਇਹ ਸੁਣ ਲਈ ਕਿ ਦੋਹਤੇ ਦੇ ਵਿਆਹ ਦਾ ਕਾਰਡ ਆ ਗਿਆ। ਜਵਾਕ ਨੂੰ ਸ਼ਰੀਕ ਸਮਝਣ ਵਾਲੀ ਭਰਜਾਈ ਨੇ ਤਾਂ ਕੀ ਜਾਣਾ ਸੀ ਸਹੁਰੇ ਦੀ ਟਿਕਟ ਕਟਾ ਕੇ ਪੰਦਰਾਂ ਦਿਨ ਪਹਿਲਾਂ ਹੀ ਚੜ੍ਹਾ'ਤਾ।

ਲੱਖਾ ਸਿੰਘ ਖੁਸ਼ ਸੀ ਕਿ ਜਲਾਦਖਾਨੇ ਤੋਂ ਖਹਿੜਾ ਛੁੱਟ ਗਿਆ। ਚਾਰ ਦਿਨ ਘੱਟ ਵੀ ਜੀਅ ਲਵਾਂ ਤਾਂ ਝੋਰਾ ਨੀਂ। ਧੀ ਦੇ ਗਲ ਲੱਗ ਕੇ ਬਾਪ ਰੱਜ ਕੇ ਰੋਇਆ ਤੇ ਅਗਲੇ ਦਿਨ ਰੋਟੀ ਟੁੱਕ ਕਰਦੀ ਧੀ ਦੇ ਸਾਹਮਣੇ ਚੁੱਲ੍ਹੇ 'ਚ ਪਾਸਪੋਰਟ ਸੁੱਟ ਕੇ ਕੰਨਾਂ ਨੂੰ ਖਾਣ ਵਾਲਾ ਸੋਨਾ ਸੱਚੀਂ ਭੱਠ 'ਚ ਝੋਕ ਦਿੱਤਾ।

ਫਿਰ ਲੱਖਾ ਸਿੰਘ ਲਿਫਦਾ ਗਿਆ। ਧੀ ਬਾਪ ਨੂੰ ਪੇਕਿਆਂ ਤੋਂ ਆਪਣੇ ਸਹੁਰੇ ਪਿੰਡ ਲੈ ਆਈ। ਜਵਾਈ ਪੁੱਤਾਂ ਤੋਂ ਵੀ ਪਿਆਰਾ ਲੱਗਣ ਲੱਗ ਪਿਆ। ਤੇ ਇਕ ਬੁਖਾਰ ਨਾਲ ਜ਼ਖਮੀ ਹੋਇਆ ਬਜ਼ੁਰਗ ਮੰਜੇ ਦਾ ਦੋਸਤ ਬਣ ਗਿਆ।

ਹੁਣ ਲੱਖਾ ਸਿੰਘ ਨੂੰ ਲੱਗਣ ਲੱਗ ਪਿਆ ਸੀ ਕਿ ਮੈਂ ਹੋਰ ਬਹੁਤੀ ਦੇਰ ਨਹੀਂ ਜਿਉਂਦਾ ਰਹਾਂਗਾ। ਤੇ ਇਕ ਦਿਨ ਆਪਣੀ ਧੀ ਨੂੰ ਬੁਲਾ ਕੇ ਆਖ ਹੀ ਦਿੱਤਾ ਸੀ, "ਰਾਜ ਕੌਰ ਨੌਂ ਕਿੱਲਿਆਂ ਦੀ ਵਸੀਅਤਨਾਮਾ ਲਿਖਾ ਲਿਆ।"

'ਸੁਲੱਖਣ ਦੇ ਨਾਂ?'

'ਪੁੱਤ ਉਹਦਾ ਨਾਂ ਨਾ ਲੈ। ਤੂੰ ਆਪਣੇ ਨਾਂ ਦੇ ਸਾਰੇ ਕਾਗਜ਼ ਤਿਆਰ ਕਰਵਾ ਕੇ ਲਿਆ।'

'ਬਾਪੂ ਤੂੰ ਜੋ ਆਖ ਰਿਹਾਂ, ਮੇਰਾ ਕਾਲਜਾ ਪਾਟਦੈ। ਤੇਰੇ ਕਰਕੇ ਤਾਂ ਕਦੇ ਮਾਂ ਵੀ ਚੇਤੇ ਨਹੀਂ ਆਈ ਸੀ।'

'ਮਾਂ-ਬਾਪ ਸਦਾ ਕਿਸੇ ਦੇ ਵੀ ਨੀਂ ਰਹਿੰਦੇ।'

ਤੇ ਅਗਲੇ ਦਿਨ ਵਸੀਅਤ ਵਾਲਾ ਕੰਮ ਵੀ ਨਿਬੜ ਗਿਆ। ਤੇ ਪਿੱਛੋਂ ਹਫਤਾ ਨਹੀਂ ਕੱਟਿਆ ਲੱਖਾ ਸਿਹੁੰ ਜਮਾਂ ਦੇ ਕੰਧਾੜੇ ਚੜ੍ਹ ਹੀ ਗਿਆ।

ਪੁੱਤ ਤੇ ਨੂੰਹ ਨੇ ਲੋਕ ਲੱਜ ਨੂੰ ਵੀ ਹਾਅ ਦਾ ਨਾਅਰਾ ਨਾ ਮਾਰਿਆ ਪਰ ਭੈਣ ਨੇ ਬਾਪ ਦੀ ਵਸੀਅਤ ਵਾਲੇ ਪੇਪਰ ਭਰਾ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਕੇ ਸਿਰਫ ਇਕ ਸਤਰ ਲਿਖ ਕੇ ਭੇਜੀ ਸੀ, 'ਬਾਪੂ ਤੇਰੇ ਨਾਂ ਸਾਰੀ ਜਮੀਨ ਦੀ ਵਸੀਅਤ ਕਰ ਗਿਆ ਹੈ ਹੁਣ ਤੂੰ ਜਾਣੇ ਜਾਂ ਤੇਰਾ ਕੰਮ।'

ਤੇ ਮਹੀਨਾ ਨਹੀਂ ਲੱਗਾ ਜਦੋਂ ਬਾਪ ਦੀ ਜ਼ਮੀਨ ਡਾਲਰਾਂ 'ਚ ਬਦਲ ਕੇ ਨੂੰਹ ਦੇ ਬੈਂਕ ਖਾਤੇ 'ਚ ਜਮ੍ਹਾਂ ਹੋ ਗਈ ਸੀ।

ਤੇ ਇਕ ਹੋਰ ਬਾਪ ਦੀ ਧੀ ਤੇ ਭਰਾ ਦੀ ਭੈਣ ਦੀ ਗੱਲ ਸੁਣਨ ਤੋਂ ਪਹਿਲਾਂ ਭਰਾ ਵਲੋਂ ਸੰਬੋਧਤ ਇਨ੍ਹਾਂ ਕਾਵਿ ਸਤਰਾਂ ਨੂੰ ਗਹੁ ਨਾਲ ਪੜਿਓ;

ਸੁਣ ਮਾਂ ਬੋਲੀ ਦੇ ਵਾਰਸਾ<br>
ਇਕ ਲਾਵਾਰਸ ਦੇ ਬੋਲ।<br>
ਜਦ ਤੁਰਿਆ ਘੱਟਣ ਘੱਟੀਆਂ<br>
ਤਾਂ ਮਾਂ ਨੂੰ ਪੈ ਗਏ ਚੋਰ।<br>
ਮੈਂ ਉਚੀ ਚੜ੍ਹ ਚੜ੍ਹ ਕੂਕਿਆ<br>
ਤੇ ਪਾਏ ਲੰਬੇ ਵੈਣ।<br>
ਪਰ ਮਾਂ ਦੀ ਮਿੱਟੀ ਫੋਲਦੀ<br>
ਰਤਾ ਨਾ ਸੰਗੀ ਭੈਣ।<br>
ਮੇਰੀ ਮਾਂ ਬੋਲੀ ਦੇ ਵਾਰਸਾ<br>
ਰੋਕ ਸਮੇਂ ਦਾ ਰੱਥ।<br>
ਰੱਖੜੀ ਬੰਨਣ ਆਈ ਸੀ<br>
ਕੋਈ ਲਾਹ ਕੇ ਲੈ ਗਈ ਹੱਥ।<br>
ਅੱਜ ਰੁੰਡ ਮਰੁੰਡੇ ਰੁੱਖ ਨੇ<br>
ਤੇ ਪਿੰਡਾ ਲਹੂ ਲੁਹਾਨ।<br>
ਮੇਰੇ ਧੜ ਦੀ ਮਿੱਟੀ ਤੋਲਦੀ<br>
ਕੋਈ ਬੈਠੀ ਖੋਲ ਦੁਕਾਨ।<br>
ਤੱਕ ਮਾਂ ਬੋਲੀ ਦੇ ਵਾਰਸਾ<br>
ਆਹ ਕੇਹਾ ਨਿਆਰਾ ਖੇਲ।<br>
ਮੜ੍ਹੀਆਂ ਵਿਚ ਚਿਰਾਗ 'ਚੋਂ<br>
ਕੋਈ ਗਟ ਗਟ ਪੀਵੇ ਤੇਲ।<br>
ਉਹਦੇ ਇਕ ਹੱਥ ਫੜੀਆਂ ਆਂਦਰਾਂ<br>
ਤੇ ਦੂਜੇ ਫੜੀ ਕਟਾਰ।<br>
ਉਹ ਵੱਟ ਵੱਟ ਖਾਵੇ ਮੇਮਣੇ<br>
ਨਾ ਮਾਰੇ ਕਦੇ ਡਕਾਰ।<br>
ਦੱਸ ਮਾਂ ਬੋਲੀ ਦੇ ਵਾਰਸਾ<br>
ਕਿਉਂ ਅੰਬਰ ਅੰਦਰ ਜ਼ਹਿਰ।<br>
ਕਿਉਂ ਵਾੜਾਂ ਖਾਵਣ ਖੇਤ ਨੂੰ<br>
ਕਿਉਂ ਚੰਦ ਸੂਰਜ ਤੇ ਕਹਿਰ।<br>
ਕਿਉਂ ਪਾਣੀ ਪਾਣੀ ਹੋ ਗਿਆ<br>
ਕੁਝ ਲੋਕਾਂ ਦਾ ਕਿਰਦਾਰ।<br>
ਕਿਉਂ ਏਨਾ ਡੂੰਘਾ ਗਰਕਿਆ<br>
ਇਕ ਛਾਉਣੀ ਦਾ ਸਿਰਦਾਰ।<br>
ਲਿਖ ਮਾਂ ਬੋਲੀ ਦੇ ਵਾਰਸਾ<br>
ਇਕ ਪੂਰਨ ਦੀ ਫਰਿਆਦ।<br>
ਮਾਂ ਦੇ ਮਿੱਠੇ ਦੁੱਧ ਦੀ<br>
ਕਦੇ ਨਾ ਵਿਸਰੇ ਯਾਦ।<br>
ਪੁੱਛ ਮਾਂ ਬੋਲੀ ਦੇ ਵਾਰਸਾ<br>
ਕਿਉਂ ਪੀਲਾ ਪੈ ਗਿਆ ਰੰਗ।<br>
ਹੁਣ ਕਾਹਨੂੰ ਨਿੰਦਾਂ ਕਿਸੇ ਨੂੰ<br>
ਮੈਨੂੰ ਮੇਰੇ ਲਾ ਗਏ ਡੰਗ।<br>
ਅੱਜ ਦਰ ਦਰ ਖਾਵਾਂ ਠੋਕਰਾਂ<br>
ਨਾ ਸੁਣਦਾ ਕੋਈ ਬਾਤ।<br>
ਨਿੱਤ ਸੁਪਨੇ ਵਿਚ ਘੂਰਦੀ,<br>
ਪਿਓ ਦੀ ਮਚਦੀ ਲਾਸ਼।<br>
ਸਾਡਾ ਕਿੱਕਰਾਂ ਦੇ ਵਿਚ ਆਲ੍ਹਣਾ<br>
ਤੇ ਚੋਗਾਂ ਵਿਚ ਪਰਦੇਸ।<br>
ਜਦ ਰੁੱਤ ਫਿਰੀ ਤਾਂ ਮੁੜਨਗੇ<br>
ਪੰਛੀ ਤੇ ਦਰਵੇਸ਼।

ਇਹ ਭੈਣ ਦੇ ਸਤਾਏ ਇਕ ਭਰਾ ਦੀ ਲੇਰ ਹੀ ਨਹੀਂ, ਸਗੋਂ ਬਾਪ ਦਾ ਕਤਲ ਕਰਨ ਵਾਲੀ ਧੀ ਨੂੰ ਤੇ ਗੁੱਟ ਤੇ ਰੱਖੜੀ ਸਜਾਉਣ ਵਾਲੀ ਭੈਣ ਨੂੰ ਸਜ਼ਾ ਦੁਆਉਣ ਲਈ ਵੀ ਲੰਬੇ ਅਰਸੇ ਤੋਂ ਪੰਜਾਬ ਦੇ ਅਫਸਰਾਂ ਤੇ ਮੰਤਰੀਆਂ ਨੂੰ ਗਜ਼ ਗਜ਼ ਲੰਬੇ ਖ਼ਤ ਤੇ ਰੱਬ ਨੂੰ ਸ਼ਿਕਾਇਤਾਂ ਕਰਕੇ ਹਾਲੇ ਹਫਿਆ ਨਹੀਂ।

ਘਟਨਾ ਮਾਲਵੇ ਦੀ ਸੱਜੀ ਬੱਖੀ ਵਿਚ ਪੈਂਦੇ ਇਕ ਪਿੰਡ ਦੀ ਹੈ। ਜਿਥੇ ਇਕ ਬਾਪ ਦੇ ਦੋ ਪੁੱਤਰ, ਇਕ ਫਿਲਾਸਫਰ ਤੇ ਦੂਜਾ ਗੁਰਦੇ ਦੀ ਬਿਮਾਰੀ ਤੋਂ ਪੀੜ੍ਹਤ ਅਮਰੀਕਾ ਵਿਚ ਹਨ। ਧੀ ਨੇ ਆਪਣੇ ਭਰਾਵਾਂ ਤੇ ਬਾਪੂ ਨੂੰ ਕਦੇ ਵੀ ਆਪਣੇ ਬੱਚਿਆਂ ਦੇ ਵਿਆਹਾਂ ਤੇ ਨਾਨਕਾ ਮੇਲ ਲੈ ਕੇ ਆਉਣ ਲਈ ਤਾਂ ਕੀ ਕਹਿਣਾ ਸੀ, ਬੁਲਾਵਾ ਵੀ ਨਾ ਭੇਜਿਆ। ਧੀ ਤੇ ਜੁਆਈ ਜ਼ਮੀਨ ਦੇ ਲਾਲਚ 'ਚ ਗਰਕ ਚੁੱਕੇ ਸਨ। ਕਦੇ ਕਦਾਈਂ ਬਾਪੂ ਜਦੋਂ ਅਮਰੀਕਾ ਤੋਂ ਪਿੰਡ ਜਾਂਦਾ ਤਾਂ ਧੀ ਖਾਵੰਦ ਤੋਂ ਚੋਰੀ ਘੰਟੇ ਦੋ ਘੰਟੇ ਲਈ ਗੇੜਾ ਮਾਰ ਵੀ ਜਾਂਦੀ ਸੀ।

ਪਰ ਹੁਣ ਜਦੋਂ ਬਾਪੂ ਗਿਆ ਤਾਂ ਧੀ ਗਿਣੀ ਮਿਥੀ ਸਾਜ਼ਿਸ਼ ਤਹਿਤ ਆਥਣੇ ਨੇਰ੍ਹੇ ਹੋਏ ਆਖਰੀ ਲਾਰੀ 'ਚ ਪਿੰਡ ਆ ਗਈ। ਬਹਾਨੇ ਨਾਲ ਕਿ ਹੁਣ ਮੁੜੇਗੀ ਕਿਵੇਂ'? ਤੇ ਬਾਪੂ ਘੁੱਟ ਲਾਉਣ ਦਾ ਸ਼ੌਕੀਨ ਸੀ। ਦੋ ਤਿੰਨ ਪੈੱਗ ਲਾ ਕੇ ਸੌਂ ਗਿਆ ਤੇ ਅਗਲੀ ਸਵੇਰ ਫਿਰ ਬਾਪੂ ਮੰਜੇ 'ਤੇ ਲਾਸ਼ ਦੀ ਸ਼ਕਲ ਵਿਚ ਪਿਆ ਸੀ।

ਫਿਲਮ ਵਾਂਗ ਸਾਰਾ ਘਟਨਾਕ੍ਰਮ ਏਨੀ ਤੇਜ਼ੀ ਨਾਲ ਵਾਪਰਿਆ ਕਿ ਮਰਨ ਤੋਂ ਤੀਜੇ ਦਿਨ ਬਾਪ ਦੀ ਮੌਤ ਦਾ ਸਰਟੀਫਿਕੇਟ ਵੀ ਹਾਸਿਲ ਕਰ ਲਿਆ, ਛੇਵੇਂ ਦਿਨ ਅੰਤਿਮ ਰਸਮਾਂ ਵੀ ਪੂਰੀਆਂ ਕਰ ਦਿੱਤੀਆਂ ਗਈਆਂ।

ਕਲਯੁੱਗੀ ਧੀ ਦਾ ਝਰੂਲ੍ਹ ਉਦੋਂ ਤਾਂ ਹੱਦ ਹੀ ਕਰ ਗਿਆ ਜਦੋਂ ਇਕ ਜਾਅਲੀ ਵਸੀਅਤ ਨਾਲ ਜ਼ਮੀਨ ਹੜੱਪਣ ਦਾ ਯਤਨ ਸਫਲ ਹੋ ਗਿਆ। ਫਿਰ ਸਾਰਿਆਂ ਨੂੰ ਪਤਾ ਲੱਗਾ ਕਿ ਨੀਅਤ ਤੇ ਖੋਟ ਵਿਚਲੇ ਅੰਤਰ ਪਿੱਛੇ ਉਦੇਸ਼ ਕੀ ਸੀ।

ਜਿਹੜੇ ਭਰਾ ਰੱਖੜੀ ਵਾਲੇ ਦਿਨ ਭੈਣ ਦੇ ਕੱਚੇ ਧਾਗੇ ਦੀ ਉਡੀਕ ਵਿਚ ਤੜਕੇ ਉੱਠ ਕੇ ਨਹਾ ਧੋ ਕੇ ਬੈਠ ਜਾਂਦੇ ਹਨ, ਉਨ੍ਹਾਂ 'ਚੋਂ ਹੀ ਦੋ ਭਰਾਵਾਂ ਦੀ ਭੈਣ ਨੇ ਏਨੀ ਫੁਰਤੀ ਨਾਲ ਧੁਆਈ ਕੀਤੀ ਕਿ ਬਾਪ ਤਾਂ ਲੈ ਹੀ ਲਿਆ ਸੀ ਲਾਲਚੀ ਲੱਤ ਉਹਦੀ ਕਬਰ 'ਤੇ ਵੀ ਵਗਾਹ ਕੇ ਮਾਰੀ ਸੀ।

ਇਤਫਾਕ ਇਹ ਸੀ ਕਿ ਜਦੋਂ ਖ਼ਬਰ ਭਰਾਵਾਂ ਤੱਕ ਪੁੱਜੀ ਤਾਂ ਭੇਦ ਖੁੱਲ੍ਹਿਆ ਕਿ ਬਾਪ ਤਾਂ ਬਹੁਤ ਦੇਰ ਪਹਿਲਾਂ ਪੁੱਤਰਾਂ ਦੇ ਨਾ ਰਜਿਸਟਰਡ ਵਸੀਅਤ ਕਰਵਾ ਚੁੱਕਾ ਸੀ। ਫਿਰ ਭੈਣ ਦੇ ਹੌਸਲੇ ਪਸਤ ਤਾਂ ਹੋਏ ਪਰ ਜ਼ਮੀਨ ਦਾ ਕਬਜ਼ਾ ਛੱਡਣ ਤੇ ਕੇਸ ਵਾਪਿਸ ਲੈਣ ਬਦਲੇ ਸਾਢੇ ਸੱਤ ਲੱਖ ਰੁਪਏ ਦੇ ਡਾਲਰਾਂ ਨਾਲ ਭੈਣ ਤੇ ਭਣੋਈਏ ਨੇ ਝੋਲਾ ਭਰ ਲਿਆ।

ਅੰਦਾਜ਼ਾ ਲਗਾ ਕੇ ਵੇਖੋ ਕਿ ਖੂਨੀ ਤੇ ਲਾਲਚੀ ਭੈਣ ਦੇ ਕਿਰਦਾਰ ਤੋਂ ਭਰਾ ਕਿੰਨੇ ਦੁਖੀ ਹੋਣਗੇ ਕਿ ਰੱਖੜੀ ਬੰਨ੍ਹਾ ਕੇ ਅਣਖ ਤੇ ਗੈਰਤ ਦੀ ਮੂਰਤੀ ਮੰਨੀਆਂ ਜਾਣ ਵਾਲੀਆਂ ਭੈਣਾਂ ਨੂੰ ਸਜ਼ਾ ਕੌਣ ਦੇਵੇਗਾ?

ਪਤੇ ਦੀ ਗੱਲ ਇਹ ਸੀ ਕਿ ਧੀ ਨੇ ਉਸ ਦਿਨ ਬਾਪ ਨੂੰ ਸ਼ਰਾਬ ਵਿਚ ਸਮੈਕ ਘੋਲ ਕੇ ਪਿਆ ਦਿੱਤੀ ਸੀ, ਕਿਉਂਕਿ ਉਹਦੇ ਦੇਰ ਜੇਠ ਇਸ ਧੰਦੇ ਵਿਚ ਹੋਣ ਕਰਕੇ ਕੰਮ ਆਸਾਨ ਸੀ।

ਭਰਾ ਨੇ ਭੈਣ ਨੂੰ ਸਜ਼ਾ ਦੁਆਉਣ ਲਈ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਤਰਲੇ ਕੱਢੇ ਹਨ, ਮੁੱਖ ਮੰਤਰੀਆਂ, ਪ੍ਰਧਾਨ ਮੰਤਰੀਆਂ ਨੂੰ ਖ਼ਤ ਲਿਖੇ ਹਨ ਪਰ ਹਾਲੇ ਤੀਕਰ ਖੂਨੀ ਭੈਣ ਵਿਰੁਧ ਇੰਕੁਆਰੀ ਹੀ ਚੱਲ ਰਹੀ ਹੈ ਪਰਚਾ ਦਰਜ ਨਹੀਂ ਹੋਇਆ।

ਪਿਓ ਨਾਲ ਮੋਹ ਕਰਨ ਵਾਲੇ ਪੁੱਤ ਨੇ ਭੈਣ ਵਿਰੁਧ ਕੀਰਨੇ ਪਾਉਂਦਿਆਂ ਕਿਤਾਬ ਹੀ ਲਿਖ ਦਿੱਤੀ ਹੈ 'ਪਿਓ ਦਾ ਖੂਨ'।

ਭਾਣਾ ਮੰਨਣ ਦਾ ਉਪਦੇਸ਼ ਭਾਵੇਂ ਧਰਮ ਦਿੰਦਾ ਹੈ ਪਰ ਲਗਦਾ ਨਹੀਂ, ਅਜਿਹੇ ਭਾਣੇ ਮੰਨਣੇ ਔਖੇ ਹੀ ਨਹੀਂ ਨਾਮੁਮਕਿਨ ਵੀ ਹਨ। ਜਦੋਂ 'ਮੈਨੂੰ ਰੱਖ ਲੈ ਅੱਜ ਦੀ ਰਾਤ ਵੇ ਧਰਮੀ ਬਾਬਲਾ' ਕਹਿਣ ਵਾਲੀਆਂ ਧੀਆਂ 'ਬੁੱਢੇ ਬਾਪ ਦੀ ਡੰਗੋਰੀ ਬਣਨ ਦੀ ਥਾਂ ਖੂਨ ਨਾਲ ਹੱਥ ਰੰਗ ਕੇ ਕਹਿਣ 'ਕਿੱਥੇ ਜਾਏਂਗਾ ਜ਼ਮੀਨਾਂ ਲੈ ਕੇ ਘੰਡੀ ਤੇਰੀ ਨੱਪੂੰ ਬਾਬਲਾ।'

ਲਗਦਾ ਨਹੀਂ 'ਨਾਨਕ ਦੇ ਗਲ ਲੱਗ ਕੇ ਰਾਮ ਰੋਣ ਲੱਗ ਪਿਆ ਹੈ।'

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਝਾਰਖੰਡ ਤੇ ਸ਼ਿਬੂ ਸੋਰੇਨ

ਰਾਜਨੀਤੀ ਦਾ ਬੇੜਾ ਗਰਕ ਹੋਇਆ, ਕਾਤਲ ਹਕੂਮਤਾਂ ਵੇਖੋ ਚਲਾਉਣ ਲੱਗੇ।<br>
ਉਚੀ ਕੁਰਸੀ ਤੋਂ ਹੇਠਾਂ ਪ੍ਰਵਾਨ ਕੁਝ ਨਹੀਂ, ਸ਼ਿਬੂ ਸੋਰੇਨ ਜਿਹੇ ਧੌਣ ਅਕੜਾਉਣ ਲੱਗੇ।<br>
ਕਿਥੇ ਗਏ ਅਸੂਲ ਨੇ ਭਾਜਪਾ ਦੇ, ਬੇਈਮਾਨਾਂ ਨੂੰ ਬੁਰਕੀਆਂ ਪਾਉਣ ਲੱਗੇ।<br>
ਪਾਣੀ ਪੀ ਪੀ ਜਿਨ੍ਹਾਂ ਨੂੰ ਕੋਸਦੇ ਸੀ, ਹੱਥ ਉਨ੍ਹਾਂ ਦੇ ਨਾਲ ਮਿਲਾਉਣ ਲੱਗੇ।<br>
ਬਹੁਮਤ ਨਹੀਂ ਮਿਲੀ ਤਾਂ ਕੀ ਹੋਇਆ, ਕਿਲੇ ਸੜੇ ਸੰਵਿਧਾਨ ਦੇ ਢਾਹੁਣ ਲੱਗੇ।<br>
ਤਪਿਆ ਪਹਿਲਾਂ ਹੀ ਪਿਆ ਸੀ ਅੱਗ ਵਾਂਗੂੰ, ਝਾਰਖੰਡ ਨੂੰ ਹੋਰ ਤਪਾਉਣ ਲੱਗੇ।<br>
ਦੇਖੋ ਚੋਰਾਂ ਦੇ ਹੱਥ ਕਮਾਂਡ ਆ ਗਈ ਅਤੇ ਗੂੰਗੇ ਵੀ ਕਥਾ ਸੁਣਾਉਣ ਲੱਗੇ।

### ਮਾਡਰਨ ਪੰਜਾਬੀ ਗਾਇਕ

ਹਰ ਪਾਸੇ ਵੇਖੋ ਬੇਸੁਰਿਆਂ ਦਾ ਸ਼ੋਰ ਪਿਆ, ਜਣੇ-ਖਣੇ ਉਠ ਡੰਡਾ ਕੱਦੂ 'ਚ ਫਸਾ ਲਿਆ।<br>
ਗੀਤਾਂ 'ਚ ਆਸ਼ਕਾਂ ਦੇ ਪਿੰਡ ਵਸਾਉਣ ਲੱਗੇ, ਕੁੜੀਆਂ ਨੂੰ ਕਹਿਣ ਡੌਲਾ ਜਿੰਮ 'ਚ ਬਣਾ ਲਿਆ।<br>
ਸ਼ਰਮ ਹਯਾ ਦੀ ਇਨ੍ਹਾਂ ਪਾੜ ਸੁੱਟੀ ਲੋਈ ਸਾਰੀ, ਪੁੱਠੇ ਰਾਹੇ ਮੁੰਡਾ ਕਿੱਦਾਂ ਮਾਪਿਆਂ ਨੇ ਪਾ ਲਿਆ।<br>
ਮਾਣਕ ਨੂੰ ਛੱਡੋ ਕਹਿੰਦੇ ਯਮਲੇ ਨੂੰ ਪਰਾਂ ਕਰੋ, ਮੈਂ ਹੀ ਹਾਂ ਸੁਰੀਲਾ ਪੱਟੂ ਭਰਮਾਂ ਨੇ ਖਾ ਲਿਆ।<br>
ਪੁੱਠੇ-ਸਿੱਧੇ ਵਾਲ, ਹੱਥ ਭਰੇ ਛਾਪਾਂ ਛੱਲਿਆਂ ਨਾ, ਜੀਨਾਂ ਅਤੇ ਜੈਕਟਾਂ ਦਾ ਯੁਗ ਜਿਹਾ ਚੜ੍ਹਾ ਲਿਆ।<br>
ਜਾਣਦਾ ਨੀਂ ਕੋਈ ਨਾ ਹੀ ਤਿੰਨਾਂ ਅਤੇ ਤੇਰਾਂ 'ਚੋਂ, ਚੈਨਲਾਂ 'ਤੇ ਰੌਲਾ ਪੂਰਾ ਹਿੱਟ ਦਾ ਪੁਆ ਲਿਆ।<br>
ਸੰਗੀਤ ਵਿਚ ਸਾਧਨਾ ਦੀ ਗੱਲ ਬੜੀ ਔਖੀ ਹੋ ਗਈ, ਤੀਰ ਨਹੀਂ ਤਾਂ ਤੁੱਕਾ ਇਨ੍ਹਾਂ ਮੂਰਖਾਂ ਲਾ ਲਿਆ।<br>
ਅੱਧਨੰਗੇ ਜਿਸਮਾਂ 'ਨਾ ਕੁੜੀਆਂ ਨਚਾਉਣ ਲੱਗੇ, ਰਹਿੰਦਾ ਖੂੰਹਦਾ ਤੇਲ ਬਲਦੀ 'ਤੇ ਪਾ ਲਿਆ।<br>
'ਖਾਣੇ ਲਾਉਣ ਗਿਆ ਜੁੱਤੀਆਂ ਨਾ ਖਾ ਲਏ, ਸਤਿਆਂ ਲੋਕਾਂ ਨੇ ਖੂੰਡਾ ਸਾਣ ਉਤੇ ਲਾ ਲਿਆ।

# ਗੁਰੂ ਗੋਬਿੰਦ ਸਿੰਘ ਜੀ ਦੀ ਮੌਲਿਕਤਾ

ਗੁਰਪੁਰਬ 'ਤੇ ਵਿਸ਼ੇਸ਼

**ਡਾ. ਗੁਰਭਗਤ ਸਿੰਘ**

ਸਾਡੇ ਇਕੀਵੀਂ ਸਦੀ ਵਿਚ ਪ੍ਰਵੇਸ਼ ਕਰਨ ਸਮੇਂ, ਅਜੋਕੇ ਚਿੰਤਨ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮੌਲਿਕਤਾ ਦੇ ਕਈ ਪੱਖ ਹਨ। ਇਸ ਲੇਖ ਵਿਚ ਕੇਵਲ ਦੋ ਪੱਖਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਨਵਾਂ ਮਨੁੱਖ ਸਾਜਣ ਲਈ ਉਨ੍ਹਾਂ ਦੇ ਰਚੇ ਕ੍ਰਾਂਤੀਕਾਰੀ ਚਿੰਨ੍ਹ ਅਤੇ ਬਹੁਅਰਥੇ ਚਿੰਨ੍ਹ ਬਣ ਕੇ ਜੀਵਨ-ਅਭਿਆਸ ਕਰਨ ਲਈ ਦੱਸੀ ਜਾਚ। ਪਹਿਲੇ ਪੱਖ ਦਾ ਗੌਰਵ ਇਸ ਗੱਲ ਉੱਤੇ ਬਲ ਦੇਣ ਵਿਚ ਹੈ ਕਿ ਸਮਾਜ ਵਿਚ ਤਬਦੀਲੀ ਲਿਆਉਣ ਲਈ ਅਤੇ ਇਸਨੂੰ ਸ੍ਰਿਸ਼ਟੀ ਦੇ ਵਿਕਾਸ ਨਾਲ ਜੋੜਨ ਲਈ ਨਵੇਂ ਮਨੁੱਖ ਦੀ ਸਾਜਨਾ ਜ਼ਰੂਰੀ ਹੈ। ਨਵਾਂ ਮਨੁੱਖ ਰਚਣ ਲਈ ਕੇਵਲ ਸਮਾਜਿਕ, ਰਾਜਨੀਤਕ ਜਾਂ ਆਰਥਿਕ ਢਾਂਚੇ ਬਦਲਣੇ ਕਾਫੀ ਨਹੀਂ ਹੁੰਦੇ, ਜਿਵੇਂ ਕਿ ਰੂਸ ਵਿਚ ਸਮਾਜਵਾਦੀ ਕ੍ਰਾਂਤੀ ਦੀ ਅਸਫਲਤਾ ਨੇ ਸਿੱਧ ਕਰ ਦਿੱਤਾ ਹੈ, ਸਗੋਂ ਇਸ ਲਈ ਮਨੁੱਖ ਨੂੰ ਅੰਦਰੋਂ ਬਦਲਣ ਲਈ ਕੁਝ ਨਵੇਂ ਪਰਮ-ਚਿੰਨ੍ਹ ਸਿਰਜਣੇ ਪੈਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਦੋ ਪਰਮ ਮੁਕਤੀ-ਚਿੰਨ੍ਹ ਸਿਰਜੇ: "ਅਕਾਲ ਪੁਰਖ" ਅਤੇ "ਖੜਗ"। ਮੱਧਕਾਲ ਦੇ ਮਨੁੱਖ ਦਾ ਮਨ ਅਤੇ ਅਭਿਆਸ ਜ਼ਿੰਦਗੀ ਨੂੰ ਚਲਾਉਣ ਵਾਲੀ ਪਰਮ-ਸ਼ਕਤੀ ਬਾਰੇ ਦਿੱਤੇ ਗਏ ਸੰਕਲਪਾਂ ਨਾਲ ਜੁੜੇ ਹੋਏ ਸਨ। ਉਸਨੇ ਜੀਵਨ ਵਿਚ ਕੀ ਵਿਹਾਰ ਬਣਾਉਣਾ ਹੈ, ਵੱਖ-ਵੱਖ ਸੰਸਥਾਵਾਂ ਪ੍ਰਤੀ ਕੀ ਸਮਝ ਉਸਾਰਨੀ ਹੈ, ਸ਼ਾਸਕਾਂ ਪ੍ਰਤੀ ਕੀ ਰਵੱਈਆ ਇਖਤਿਆਰ ਕਰਨਾ ਹੈ, ਆਪਣੇ ਹਾਵਾਂ-ਭਾਵਾਂ ਅਤੇ ਦੇਹ ਨੂੰ ਕਿਵੇਂ ਅਨੁਸ਼ਾਸਿਤ ਕਰਨਾ ਹੈ, ਇਹ ਸਭ ਧਰਮੀ-ਸ਼ਕਤੀ, ਰੱਬ ਜਾਂ ਅੱਲਾ ਬਾਰੇ ਦਿੱਤੇ ਚਿੰਤਨ ਤੋਂ ਵੱਖ ਕਰਕੇ ਨਹੀਂ ਸੀ ਦੇਖਿਆ ਜਾ ਸਕਦਾ।

ਗੁਰੂ ਸਾਹਿਬ ਨੇ ਉਸ ਪਰਮ-ਸ਼ਕਤੀ ਨੂੰ "ਅਕਾਲ ਪੁਰਖ" ਆਖਿਆ ਹੈ। ਅਕਾਲ ਇਸ ਲਈ ਕਿ ਉਹ ਸਮੇਂ ਅਤੇ ਅੰਤ ਦੀ ਕਿਸੇ ਸੀਮਾ ਵਿਚ ਨਹੀਂ ਆਉਂਦਾ। ਪੁਰਖੁ ਇਸ ਲਈ ਕਿ ਉਹ ਸਰਬ-ਸ਼ਕਤੀਮਾਨ ਹੈ। ਪੁਰਖੁ ਇਥੇ ਇਸਤਰੀ ਪੁਰਖ ਦੇ ਲਿੰਗਿਤ ਪਰਵਚਨ ਨਾਲ ਸਬੰਧਿਤ ਨਹੀਂ ਸਗੋਂ ਇਸ ਪਰਵਚਨ ਤੋਂ ਉੱਪਰ ਮਹਾਂ-ਪਰਵਚਨ ਦੀ ਸਿਰਜਨਾ ਨਾਲ ਸਬੰਧਿਤ ਹੈ। ਇਸ ਦਾ ਸੀਮਿਤ ਰਿਸ਼ਤਾ ਸਾਂਖ ਸ਼ਾਸਤਰ ਦੇ "ਪੁਰਸ਼" ਨਾਲ ਤਾਂ ਜੋੜਿਆ ਜਾ ਸਕਦਾ ਹੈ, ਜਿਸ ਦਾ ਅਰਥ ਜਾਣਨ ਵਾਲਾ ਆਤਮ ਹੈ, ਪਰ ਲਿੰਗਿਤ ਪਰਵਚਨ ਨਾਲ ਨਹੀਂ।

ਇਹ "ਅਕਾਲ ਪੁਰਖ" "ਸਰਬ ਕਾਲੇ" ਵੀ ਹੈ। ਇਸਦਾ ਅਰਥ ਇਹ ਹੈ ਕਿ ਸ੍ਰਿਸ਼ਟੀ ਵਿਚ ਜਿੰਨੇ ਵੀ ਕਾਲ ਹਨ, ਪੁਰਖੁ ਉਨ੍ਹਾਂ ਦਾ ਸਿਰਜਨਹਾਰ ਹੈ। ਦ੍ਰਿਸ਼ਟ ਜਗਤ ਜਾਂ ਮਨੁੱਖੀ ਸਮਾਜ ਤਾਂ ਇਕ ਰੇਖਕੀ (ਲੀਨੀਅਰ) ਕਾਲ ਹੀ ਜਾਣਦਾ ਹੈ ਜੋ ਆਮ ਤੌਰ 'ਤੇ ਸੱਤਾਧਾਰੀ ਸ਼ਾਸਕਾਂ ਦੇ ਆਲੇ-ਦੁਆਲੇ ਘੁੰਮਦਾ ਹੈ। ਇਸ ਤੋਂ ਵਧ ਮਨੁੱਖ ਆਪਣੇ ਮਨ ਦਾ ਕਾਲ ਜਾਣਦੇ ਹਨ। ਪਰ ਸ੍ਰਿਸ਼ਟੀ ਵਿਚ ਅਨੇਕ ਕਾਲ ਹਨ। ਜੇ ਵਿਸ਼ਵ ਅਨੇਕ ਹਨ, ਜਿਵੇਂ ਕਿ ਅੱਜ ਦੇ ਵਿਗਿਆਨੀ ਕਿਆਸ ਲਾ ਰਹੇ ਹਨ ਤਾਂ ਕਾਲ ਵੀ ਬਹੁਤ ਹਨ। ਅਕਾਲ ਪੁਰਖ ਇਨ੍ਹਾਂ ਸਭ ਕਾਲਾਂ ਦਾ ਸਿਰਜਨਹਾਰ ਅਤੇ ਸਰੋਤ ਹੈ।

ਪੱਛਮ ਦੇ ਦਾਰਸ਼ਨਿਕ ਫੂਕੋਯਾਮਾ, ਆਦਿ ਰੇਖਕੀ ਕਾਲ ਦੇ ਅੰਤ ਬਾਰੇ ਚਰਚਾ ਕਰ ਰਹੇ ਹਨ। ਮਾਨਵਸ਼ਾਸਤਰਾਂ ਦੇ ਵਿਸ਼ੇਸ਼ੱਗ ਸਿੰਸਲਿਨੀ ਨੇ ਲਾਤੀਨੀ ਅਮਰੀਕਨ ਸੱਭਿਆਚਾਰਾਂ ਬਾਰੇ ਆਪਣੀ ਇਕ ਪੁਸਤਕ ਵਿਚ 'ਵਿਲੱਖਣ ਕਾਲਾਂ' ਦਾ ਜ਼ਿਕਰ ਕੀਤਾ ਹੈ, ਹਰ ਸੱਭਿਆਚਾਰ ਦਾ ਰੇਖਕੀ ਕਾਲ ਵੀ ਭਿੰਨ ਹੋ ਸਕਦਾ ਹੈ। ਇਸ ਅਕਾਲ ਪੁਰਖ ਦਾ ਨਾ ਕੋਈ "ਜਾਤਿ ਅਰ ਪਾਤਿ" ਹੈ ਅਤੇ ਨਾ ਹੀ "ਬਰਨ" (ਵਰਣ), ਜਾਪੁ ਸਾਹਿਬ ਵਿਚ ਗੁਰੂ ਸਾਹਿਬ ਨੇ "ਜੋਗੇ ਸ੍ਵਰੇ" (ਯੋਗੀਆਂ ਦਾ ਈਸ਼ਰ), "ਪਰਮ ਸਿੱਧੇ", "ਮੰਤ੍ਰ", "ਜੰਤ੍ਰ", "ਰਹੀਮ, ਕਰੀਮ" ਆਦਿ ਉਹ ਸਭ ਵਿਸ਼ੇਸ਼ਣ ਮਤੇ ਨਾਉਂ ਵਰਤੇ ਹਨ ਜਿਨ੍ਹਾਂ ਨਾਲ ਅਕਾਲ ਪੁਰਖੁ ਵਿਚ ਸਭ ਯੋਗਿਕ, ਬੋਧੀ, ਇਸਲਾਮੀ ਆਦਿ ਦ੍ਰਿਸ਼ਟੀਆਂ ਜੁੜ ਜਾਂਦੀਆਂ ਹਨ। ਖ਼ੁਦਾ ਨੂੰ 'ਕਰੀਮ' ਮੰਨਣ ਵਾਲਾ ਵਿਸ਼ੇਸ਼ਣ ਅਤੇ ਨਾਉਂ ਯਹੂਦੀ ਅਤੇ ਈਸਾਈ ਦ੍ਰਿਸ਼ਟੀ ਨਾਲ ਵੀ ਜਾ ਜੁੜਦਾ ਹੈ। ਜਿੰਨੇ ਕੇਂਦਰਾਂ ਤੋਂ ਵੀ ਇਸ ਪਰਮ-ਸ਼ਕਤੀ ਬਾਰੇ ਧਾਰਨਾਵਾਂ ਬਣਾਈਆਂ ਜਾ ਸਕੀਆਂ ਸਨ, ਉਨ੍ਹਾਂ ਸਭ ਨੂੰ ਮੇਲ "ਅਕਾਲ ਪੁਰਖੁ" ਦਾ ਸੰਕਲਪ ਦਿੱਤਾ ਹੈ। ਇਸ ਨਾਲ ਪਰਮ-ਸ਼ਕਤੀ ਦੁਨੀਆਂ ਦੇ ਸਭ "ਸ਼ਾਹਾਂ" ਨਾਲੋਂ ਉੱਚੀ ਬਣਦੀ ਹੈ। ਦੁਨਿਆਵੀ ਸ਼ਾਹ ਜਾਂ ਝੂਠੇ ਪਾਤਸ਼ਾਹ, ਰੇਖਕੀ ਕਾਲ ਜਾਂ ਇੱਕ ਕੇਂਦਰ ਤਕ ਹੀ ਸੀਮਤ ਨਜ਼ਰ ਆਉਂਦੇ ਹਨ। ਅਕਾਲ ਪੁਰਖੁ ਦੇ ਚਿਤਵਣ ਨਾਲ ਮਨੁੱਖੀ ਮਨ, ਕੇਵਲ ਸਮਕਾਲੀ ਸ਼ਾਸਕਾਂ ਤੋਂ ਹੀ ਮੁਕਤ ਨਹੀਂ ਹੁੰਦਾ, ਸਗੋਂ ਜਾਤ-ਪਾਤ ਵਾਲੇ ਸਮਾਜ ਤੋਂ ਵੀ। ਉਨ੍ਹਾਂ ਸਭ ਮਹੰਤੀ ਸੰਸਥਾਵਾਂ ਤੋਂ ਵੀ ਜੋ ਸ਼੍ਰੇਣੀ ਵਿਰਾਸਤ ਨਾਲ ਚੱਲਦੀਆਂ ਹਨ।

ਅਕਾਲ ਪੁਰਖ ਦਾ ਬਹੁ-ਦ੍ਰਿਸ਼ਟੀਆਂ ਅਤੇ ਬਹੁ ਅਨੁਭਵਾਂ ਉੱਤੇ ਆਧਾਰਿਤ ਅਣਸੰਯੋਗੀ ਸੰਕਲਪ ਦੇ ਕੇ, ਗੁਰੂ ਸਾਹਿਬ ਮਨੁੱਖਤਾ ਦੇ ਇਤਿਹਾਸ ਵਿਚ ਹੋਏ ਗੌਰਵਸ਼ੀਲ ਤਜ਼ਰਬਿਆਂ (ਅਨੁਭਵਾਂ) ਨੂੰ ਆਦਰ ਦੇ ਰਹੇ ਹਨ। ਇਕ ਅਜਿਹਾ ਬਹੁ-ਕੇਂਦਰਿਤ ਚਿੰਨ੍ਹ ਉਸਾਰ ਰਹੇ ਸਨ ਜੋ ਕਿਸੇ ਪਰਮ ਬਿਰਤਾਂਤ ਸ਼ਾਸਤਰ ਦਾ ਇਕਾਂਗੀ ਚਿੰਨ੍ਹ ਨਾ ਹੋ ਸਕੇ। ਇਕਾਂਗੀ ਚਿੰਨ੍ਹ ਇੱਕੋ ਕੇਂਦਰ ਤੋਂ ਆਉਂਦਾ ਹੈ, ਉਸ ਦਾ ਇੱਕੋ ਹੀ ਅਰਥ ਜਾਂ ਸਿਗਨੀਫਾਈਡ ਹੁੰਦਾ ਹੈ, ਜਿਵੇਂ ਸੁਲਤਾਨ, ਪੋਪ, ਹਿਟਲਰ ਆਦਿ ਦਾ। ਇਕਹਿਰੇ ਸਿਗਨੀਫਾਈਡ ਵਾਲਾ ਚਿੰਨ੍ਹ ਚੇਤਨਤਾ ਅਤੇ ਵਿਅਕਤੀ ਦੇ ਸੰਗਠਨ ਨੂੰ ਇੱਕੋ ਕੇਂਦਰ ਨਾਲ ਜੋੜਦਾ ਹੈ। ਅਜਿਹਾ ਚਿੰਨ੍ਹ ਦਮਨ ਅਤੇ ਫਾਸ਼ੀਵਾਦੀ ਸੋਚ ਅਤੇ ਅਭਿਆਸ ਨੂੰ ਜਨਮ ਦੇ ਸਕਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਅਕਾਲ ਪੁਰਖ ਦਾ ਬਹੁ-ਕੇਂਦਰਿਤ ਸੰਕਲਪ ਦੇ ਕੇ ਗੁਰੂ ਸਾਹਿਬ ਨੇ ਸਮਕਾਲੀ ਸ਼ਾਸਕਾਂ, ਝੂਠੇ ਅਤੇ ਸੀਮਤ ਪਾਤਸ਼ਾਹਾਂ ਤੋਂ ਮੁਕਤ ਹੋਣ ਦੀ ਸੰਭਾਵਨਾ ਬਣਾਈ।

ਅਕਾਲ ਪੁਰਖ ਦਾ ਇਹ ਬਹੁ-ਕੇਂਦਰਿਤ ਜਾਂ ਇਕ ਕੇਂਦਰ ਤੋਂ ਮੁਕਤ ਚਿੰਨ੍ਹ ਜਿੱਥੇ ਮੁਕਤੀ-ਭਾਵੀ ਹੈ, ਮਨ ਦੇਹ ਅਤੇ ਸੁਚੱਜੇ ਮਨੁੱਖੀ ਵਿਧਾਨ ਨੂੰ ਵਿਸ਼ਾਲ ਬਣਾਉਣ ਵਾਲਾ ਹੈ, ਉਥੇ ਸੂਖਮ ਕਲਾਵਾਂ ਅਤੇ ਮਾਨਵ-ਸ਼ਾਸਤਰਾਂ ਲਈ ਇੱਕ ਨਵੇਂ ਬਿਰਤਾਂਤ ਸ਼ਾਸਤਰ ਨੂੰ ਜਨਮ ਦੇਣ ਵਾਸਤੇ ਵੀ ਇਕ ਮਿਸਾਲ ਬਣ ਕੇ ਪ੍ਰੇਰਦਾ ਹੈ। ਪਿੱਛੇ ਜਿਹੇ ਪੱਛਮ ਦੇ ਪ੍ਰਭਾਵਸ਼ਾਲੀ ਚਿੰਤਕ ਫਰੈਡਰਿਕ ਜੇਸਮਨ ਨੇ ਇੱਕ ਇੰਟਰਵਿਊ ਵਿਚ ਆਖਿਆ ਹੈ ਕਿ ਵੱਖ-ਵੱਖ ਕੌਮਾਂ ਦੀਆਂ ਦ੍ਰਿਸ਼ਟੀਆਂ ਅਤੇ ਸਿਧਾਂਤਕ ਭਾਸ਼ਾਵਾਂ ਵਿਚ ਇੰਨੀ ਵਿਲੱਖਣਤਾ ਹੈ ਕਿ ਹੁਣ ਇੱਕ ਉਸਤਾਦ ਅਤੇ ਸੰਯੋਗੀ ਬਿਰਤਾਂਤ ਸ਼ਾਸਤਰ ਰਚਣਾ ਸੰਭਵ ਨਹੀਂ। ਸਭ ਦ੍ਰਿਸ਼ਟੀਆਂ ਅਤੇ ਅਨੁਭਵਾਂ ਦੇ ਸਮਵਰਤੀ ਅਤੇ ਇਕੱਠੇ ਬੋਲ ਹੀ ਅਰਥ-ਗੌਰਵ ਰਚ ਸਕਦੇ ਹਨ।

ਸਾਡੇ ਸਮੇਂ ਦੀ ਇਸ ਪ੍ਰਤੀਨਿਧ ਸੋਚ ਦੇ ਜਨਮਦਾਤਾ ਗੁਰੂ ਸਾਹਿਬਾਨ ਹਨ, ਇਹ ਦੇਖ ਕੇ ਹੈਰਾਨੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਖੁੱਲ੍ਹੇ ਅਤੇ ਅਨਿਕ-ਪਰਿਪੇਖੀ ਬਿਰਤਾਂਤ ਨੂੰ ਉਸਾਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਸਿਖਰ ਉੱਤੇ ਪਹੁੰਚਾਇਆ। 'ਜਾਪੁ' ਅਤੇ 'ਅਕਾਲ ਉਸਤਤਿ' ਇਸ ਪ੍ਰਾਪਤੀ ਦੀਆਂ ਸਾਕਾਰ ਉਦਾਹਰਣਾਂ ਹਨ। ਇਹ ਦੇਖ ਕੇ ਕਾਫੀ ਅਸਚਰਜਤਾ ਹੁੰਦੀ ਹੈ ਕਿ ਅਕਾਲ ਪੁਰਖ ਦੇ ਇਸ ਬਹੁ-ਕੇਂਦਰਿਤ ਚਿੰਨ੍ਹ ਨੂੰ ਸਾਜਣ ਲਈ ਜਿਨ੍ਹਾਂ ਵਿਸ਼ਵ-ਦ੍ਰਿਸ਼ਟੀਆਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿਚ ਫਾਰਸੀ, ਫਿਰੰਗੀ, 'ਫਰਾਂਸੀਸ ਦੇ ਦੁਰੰਗੀ' (ਅਮਰੀਕਨ, ਰੈੱਡ ਇੰਡੀਅਨ), 'ਮ੍ਰਿਦੰਗੀ' (ਕੋਮਲ ਸਰੀਰਾਂ ਵਾਲੀਆਂ ਕੌਮਾਂ), ਗੱਖਰੀ (ਸਿੰਧ ਸਾਗਰ ਦੀਆਂ ਕੌਮਾਂ) ਸ਼ਾਮਲ ਹਨ। (ਅਕਾਲ ਉਸਤਤਿ, ਪਉੜੀ 266)

ਇਸ ਪਰਮ-ਚਿੰਨ ਦਾ ਇਕ ਹੋਰ ਵਿਸ਼ੇਸ਼ ਪੱਖ ਇਹ ਹੈ ਕਿ ਇਸ ਰਾਹੀਂ ਅਕਾਲ ਪੁਰਖ ਨੂੰ ਕੇਵਲ ਚਿੰਤਨ ਜਾਂ ਸਮਾਧੀ ਤਕ ਸੀਮਿਤ ਰੱਖਣ ਦੀ ਥਾਂ ਪਰਿਵਰਤਨ ਕ੍ਰਿਆ ਦਾ ਚਿੰਨ੍ਹ ਬਣਾਇਆ ਗਿਆ ਹੈ। ਇਸ ਲਈ ਅਕਾਲ ਪੁਰਖ ਸੁਸਤਰਧਾਰੀ (ਸ਼ਸਤਰਪਾਣੇ) ਹੈ, 'ਜੁੱਧ' ਅਤੇ 'ਕਲਹ ਕਰਤਤਾ' ਹੈ। ਗਿਆਨ ਨੂੰ ਜ਼ਿੰਦਗੀ ਵਿੱਚ ਵਰਤਾਉਣ ਅਤੇ ਇਸ ਰਾਹੀਂ ਤਬਦੀਲੀ ਲਿਆਉਣ ਲਈ, ਅਕਾਲ ਪੁਰਖ ਪਰਿਵਰਤਨਸ਼ੀਲ ਕ੍ਰਿਆ ਜਾਂ ਯੁਧ ਲਈ ਵੀ ਪ੍ਰੇਰਦਾ ਹੈ। ਇਸ ਤਰ੍ਹਾਂ ਯੁੱਧ ਨੂੰ 'ਅਨਹਦ ਨਾਦ' ਅਤੇ ਸੱਚਿਦਾਨੰਦ', ਸੰਪੂਰਣ ਜੀਵਨ ਅਤੇ ਬ੍ਰਹਮ ਰਸ ਨਾਲ ਜੋੜ ਦਿੱਤਾ ਹੈ। ਯੁੱਧ ਜਾਂ ਤਬਦੀਲੀ ਦੀ ਕ੍ਰਿਆ ਪਰਮ ਆਨੰਦ ਅਤੇ ਇਸ ਲਈ ਯੋਗ, ਮਨ ਅਤੇ ਸਮਾਜ ਨੂੰ ਸੰਗਠਿਤ ਕਰਨ ਦੀ ਪ੍ਰਕ੍ਰਿਆ ਬਣ ਜਾਂਦੀ ਹੈ। ਅੱਜ ਦੇ ਅਰਥਾਂ ਵਿਚ ਕ੍ਰਿਆ ਅਤੇ ਨਵੇਂ ਮਨੁੱਖ ਅਤੇ ਸਮਾਜ ਦੇ ਸੁਪਨੇ (ਯੂਟੋਪੀਆ) ਨੂੰ ਮੇਲ ਦਿੱਤਾ ਗਿਆ ਹੈ।

ਸਾਡੇ ਸਮੇਂ ਵਿਚ ਅਜਿਹਾ ਯਤਨ ਜਰਮਨ ਵਿਦਵਾਨ ਅਰਨੈਸਟ ਬਲੋਖ ਨੇ ਕੀਤਾ ਹੈ। ਗੁਰੂ ਸਾਹਿਬ ਦਾ ਦੂਜਾ ਪਰਮ ਅਤੇ ਕ੍ਰਾਂਤੀਕਾਰੀ ਚਿੰਨ੍ਹ 'ਖੜਗ' ਹੈ। "ਬਚਿੱਤ੍ਰ ਨਾਟਕ" ਦਾ ਆਰੰਭ ਖੜਗ ਨੂੰ ਨਮਸਕਾਰ ਕਰਨ ਨਾਲ ਹੁੰਦਾ ਹੈ। ਇਸ ਖੜਗ ਦੀਆਂ ਤਿੰਨ ਮਹੱਤਵਪੂਰਣ ਵਿਸ਼ੇਸ਼ਤਾਵਾਂ ਹਨ। ਪਹਿਲੀ ਇਹ ਕਿ ਇਹ ਸੂਰਜ ਵਾਂਗ ਚਮਕਦੀ ਹੈ ('ਭਾਨੁ ਪ੍ਰਭੰ'), ਤੇਜਵੰਤ ਹੈ। ਇਸਦੀ ਰੋਸ਼ਨੀ ਅਤੇ ਚਮਕ ਉਹੀ ਹਨ ਜੋ ਅਕਾਲ ਪੁਰਖ ਨਾਲ ਜੋੜੀਆਂ ਜਾਂਦੀਆਂ ਹਨ, ਇਸ ਲਈ ਇਹ ਅਕਾਲ ਪੁਰਖ ਦੇ ਪਾਸਾਰ ਹੀ ਹਨ, ਉਹ ਆਪ ਹੀ ਹੈ। ਦੂਜੀ ਵਿਸ਼ੇਸ਼ਤਾ ਇਹ ਹੈ ਕਿ ਇਹ ਦੁਰਮੱਤ ਦਾ ਨਾਸ ਕਰਦੀ ਹੈ ਅਤੇ ਸੰਤਾਂ ਨੂੰ ਸੁੱਖ ਦਿੰਦੀ ਹੈ। ਸੰਤ, ਗੁਰਮੁਖ ਦੇ ਰੂਪ ਵਿਚ ਗੁਰਬਾਣੀ ਦਾ ਮਹੱਤਵਪੂਰਨ ਚਿੰਨ੍ਹ ਹੈ ਜਿਸ ਰਾਹੀਂ ਸੰਪੂਰਣ ਮਨੁੱਖ ਦਾ ਸੰਕਲਪ ਦਿੱਤਾ ਗਿਆ ਹੈ। ਉਸ ਰਾਹੀਂ ਗੁਰੂ ਦੇ ਬਚਨ ਹੀ ਜ਼ਿੰਦਗੀ ਵਿਚ ਪ੍ਰਵੇਸ਼ ਕਰਦੇ ਹਨ ਅਤੇ ਇਸਨੂੰ ਬਦਲਦੇ ਹਨ। ਇਹ ਸੰਤ ਨਾ ਬੋਧੀ ਭਿੱਖੂ ਹੈ ਅਤੇ ਨਾ ਹੀ ਕੇਵਲ ਚੇਤਨਤਾ ਨੂੰ ਸਾਧਣ ਵਾਲਾ ਪਾਤੰਜਲੀ ਦਾ ਸਮਾਧੀ ਤੱਕ ਸੀਮਤ ਅਭਿਆਸੀ। ਇਹ ਜ਼ਿੰਦਗੀ ਦਾ ਕ੍ਰਿਆਸ਼ੀਲ ਸਿਪਾਹੀ ਹੈ-ਦੈਵੀ ਨਿਯਮਾਂ ਦੀ ਰੱਖਿਆ ਕਰਨ ਵਾਲਾ ਅਤੇ ਇਸਨੂੰ ਜ਼ਿੰਦਗੀ ਨਾਲ ਜੋੜਨ ਵਾਲਾ। ਖੜਗ ਅਜਿਹੇ ਸੰਤ ਨੂੰ ਸੁਖ ਦਿੰਦੀ ਹੈ। 'ਸੁੱਖ' ਸ਼ਬਦ ਦਾ ਅਰਥ ਬੋਧੀ ਗ੍ਰੰਥਾਂ ਵਿਚ ਨਿਰਣਾਇਕ ਸੁਖ ਤੱਕ ਪਹੁੰਚਦਾ ਹੈ।

ਖੜਗ ਨੂੰ ਏਡੀ ਵੱਡੀ ਜ਼ਿੰਮੇਵਾਰੀ ਦੇ ਕੇ ਗੁਰੂ ਸਾਹਿਬ ਨੇ ਇਸਨੂੰ ਵੱਡੀ ਨੈਤਿਕਤਾ ਦਾ ਸੰਚਾਲਕ ਬਣਾਇਆ ਹੈ। ਇਸ ਲਈ ਇਸਦਾ ਪ੍ਰਯੋਗ ਵੀ ਕਿਸੇ ਨਿੱਜੀ ਜਾਂ ਸੀਮਿਤ ਮੰਤਵ ਲਈ ਨਹੀਂ ਹੋ ਸਕਦਾ। ਕੇਵਲ ਉਸ ਵਿਚ ਤਬਦੀਲੀ ਲਈ ਜੋ ਨਿਰਣਾਇਕ ਸੁਖ ਲਿਆਵੇ ਅਤੇ ਵੱਡੀ ਨੈਤਿਕਤਾ ਦਾ ਸੰਚਾਲਨ ਕਰ ਸਕੇ। ਸਮਕਾਲੀ ਅਰਥਾਂ ਵਿਚ ਖੜਗ ਇੱਕ ਪਰਿਵਰਤਨ ਲਿਆਉਣ ਵਾਲੇ ਦਖਲ ਦਾ ਪ੍ਰਤੀਕ ਹੈ- ਇੱਕ ਕ੍ਰਾਂਤੀਕਾਰੀ ਦਾ ਹਥਿਆਰ ਜੋ ਕੁਲ ਕਾਇਨਾਤ ਦੇ ਬੁਨਿਆਦੀ ਨਿਯਮਾਂ ਅਤੇ ਜੀਵਨ ਦੀ ਮੂਲ ਪ੍ਰਕ੍ਰਿਆ ਨੂੰ ਅੱਗੇ ਲਿਜਾਣ ਲਈ ਵਚਨਬੱਧ ਹੈ।

ਖੜਗ ਦੀ ਤੀਜੀ ਵਿਸ਼ੇਸ਼ਤਾ ਸ੍ਰਿਸ਼ਟੀ ਨੂੰ ਉਬਾਰਨਾ ਹੈ। 'ਬਚਿੱਤ੍ਰ ਨਾਟਕ' ਵਿਚ ਗੁਰੂ ਸਾਹਿਬ ਦੇ ਵਰਤੇ ਹੋਏ ਸ਼ਬਦ ਹਨ। 'ਸ੍ਰਿਸ਼ਟਿ ਉਬਾਰਣ'। ਉਬਾਰਣਾ, ਸੋਧਣਾ ਜਾਂ ਉੱਪਰ ਉਠਾਉਣਾ ਹੈ। ਇਸ ਤਰ੍ਹਾਂ, ਖੜਗ ਜ਼ਿੰਦਗੀ ਨੂੰ ਉਚੇਰਾ ਲੈ ਜਾਂਦੀ ਹੈ। ਭਾਵ ਇਹ ਹੈ ਕਿ ਇਸ ਦੀਆਂ ਲੁਕੀਆਂ ਹੋਈਆਂ ਸੰਭਾਵਨਾਵਾਂ ਉਜਾਗਰ ਕਰਦੀ ਹੈ। ਵਿਕਾਸਵਾਦੀ ਪਰਿਪੇਖ ਤੋਂ ਦੇਖੀਏ ਤਾਂ ਇਹ ਕਹਿ ਸਕਦੇ ਹਾਂ ਕਿ ਖੜਗ ਸਿਰਜਣਾ ਦੀਆਂ ਨਵੀਆਂ ਪਰਤਾਂ ਸਾਹਮਣੇ ਲਿਆਉਂਦੀ ਹੈ। ਇਸਨੂੰ ਉਚੇਰੀਆਂ ਹੱਦਾਂ ਤੱਕ ਲੈ ਕੇ ਜਾਂਦੀ ਹੈ। ਸਿਰਦਾਰ ਕਪੂਰ ਸਿੰਘ ਨੇ 'ਪ੍ਰਾਸ਼ਰ ਪ੍ਰਸ਼ਨ' ਵਿਚ ਖੜਗ ਨੂੰ "ਬ੍ਰਹਮ ਗਿਆਨ" ਅਤੇ ਬੋਧੀ "ਵਜਰ" ਨਾਲ ਜੋੜਿਆ ਹੈ। ਵੇਦਾਂਤਕ ਅਤੇ ਬੋਧੀ ਸੰਕਲਪਾਂ ਨਾਲੋਂ ਗੁਰੂ ਸਾਹਿਬ ਦੇ ਸੰਕਲਪ ਵਿਚ ਫਰਕ ਇਹ ਹੈ ਕਿ ਖੜਗ ਕੁੱਲ ਕਾਇਨਾਤ ਦੇ ਵਿਕਾਸ ਪ੍ਰਤੀ ਜ਼ਿੰਮੇਵਾਰ ਅਤੇ ਇਤਿਹਾਸ ਵਿਚ ਇੱਕ ਠੋਸ ਦਖਲ ਨਾਲ ਸਬੰਧਿਤ ਹੈ। ਗੁਰੂ ਸਾਹਿਬ ਖੜਗ ਦੀ ਇਹ ਪਰਿਭਾਸ਼ਾ, ਆਪਣੀ ਉਸ ਰਚਨਾ ਨਾਲ ਦੇ ਰਹੇ ਹਨ ਜਿਸ ਵਿਚ ਉਨ੍ਹਾਂ ਦੇ ਪਹਾੜੀ ਰਾਜਿਆਂ ਅਤੇ ਮੁਗਲਾਂ ਦੇ ਜਰਨੈਲਾਂ ਨਾਲ ਲੜੇ ਯੁੱਧਾਂ ਦਾ ਵਰਨਣ ਹੈ। ਇਹ ਯੁੱਧ ਝੂਠ ਅਤੇ ਦੁਰਮਤ ਵਿਰੁਧ ਲੜੇ ਗਏ, ਇਲਾਕਾ ਖੋਹਣ ਜਾਂ ਲੁੱਟ-ਖਸੁੱਟ ਲਈ ਨਹੀਂ। ਇਨ੍ਹਾਂ ਯੁੱਧਾਂ ਵਿਚ ਗੁਰੂ ਸਾਹਿਬ ਨਾਲ ਮੁਸਲਮਾਨ, ਹਿੰਦੂ, ਸੰਤ, ਫਕੀਰ, ਯੋਧੇ ਸਭ ਸ਼ਾਮਲ ਸਨ। ਖੜਗ ਨੂੰ ਜੋ ਤੇਜਵੰਤ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਉਹ ਜਿਵੇਂ ਸੰਤ-ਵਿਰੋਧੀਆਂ ਦੁਸ਼ਟਾਂ ਨੂੰ ਦਲਦੀ ਹੈ, ਉਸ ਨਾਲ ਉਹ ਯਹੂਦੀ ਰੱਬ 'ਯਾਹਵੇ' ਦੇ ਦੈਵੀ ਨੈਤਿਕਤਾ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਸਜ਼ਾ ਦੇਣ ਵਾਲੇ ਰੋਹ ਦੇ ਨੇੜੇ ਵੀ ਚਲੀ ਜਾਂਦੀ ਹੈ।

ਖੜਗ ਦੀ 'ਪਰ' ਜਾਂ ਦੂਜੇ ਪ੍ਰਤੀ ਵਚਨਬੱਧਤਾ ਇਸ ਦਾ ਮਹੱਤਵਪੂਰਣ ਚਰਿੱਤਰ ਹੈ। ਇਸ ਦਾ ਪ੍ਰਯੋਗ ਦੂਜੇ ਬਾਰੇ ਗਿਆਨ ਤੋਂ ਬਿਨਾ ਨਹੀਂ ਹੋ ਸਕਦਾ। 'ਪਰ' ਨੂੰ ਅੱਜ ਸਾਡੇ ਪਰਵਚਨਾਂ ਵਿਚ ਵੱਡੀ ਥਾਂ ਪ੍ਰਾਪਤ ਹੈ। ਹਰ ਕੌਮ, ਹਰ ਵਿਅਕਤੀ, ਹਰ ਦੇਸ਼, ਹਰ ਸਭਿਆਚਾਰ 'ਪਰ' ਹੈ, ਉਸਦੀ ਵਿਲੱਖਣਤਾ ਇਕ ਵੰਗਾਰ ਹੈ, ਉਸ ਦੀ ਪੂਰਤੀ ਅਤੇ ਪਛਾਣ ਹਰ ਕ੍ਰਿਆ ਲਈ ਜ਼ਰੂਰੀ ਹੈ, ਸਾਡੇ ਯੁਗ ਦੀ ਇਹ ਵੱਡੀ ਸੋਚ ਅਤੇ ਪ੍ਰਾਪਤੀ ਹੈ। ਗੁਰੂ ਸਾਹਿਬ ਦੀ ਖੜਗ ਇੱਸੇ 'ਪਰ' ਲਈ ਵਚਨਬੱਧ ਹੈ-ਸਗੋਂ ਇਸਤੋਂ ਅੱਗੇ ਜਾ ਕੇ 'ਪਰ' ਦੇ ਸੁੱਖ ਲਈ। ਫਰਾਂਸ ਵਿਚ ਰਹਿ ਰਹੇ ਯਹੂਦੀ ਚਿੰਤਕ ਲੈਵਿਨਾਸ ਤਾਂ ਮਨੁੱਖ ਦੀ ਪਰਿਭਾਸ਼ਾ ਹੀ 'ਪਰ' ਪ੍ਰਤੀ ਜ਼ਿੰਮੇਵਾਰੀ ਅਤੇ ਰਿਸ਼ਤੇ ਨਾਲ ਕਰਦਾ ਹੈ। ਲੈਵਿਨਾਸ ਅਨੁਸਾਰ ਜ਼ਿੰਮੇਵਾਰੀ ਹੁਕਮ ਹੈ ਜਿਸ ਨਾਲ ਮਨੁੱਖ ਦਾ ਅੰਦਰਲਾ ਸਿਰਜਿਆ ਜਾਂਦਾ ਹੈ। ਖੜਗ ਅਜਿਹੀ ਜ਼ਿੰਮੇਵਾਰੀ ਦਾ ਚਿੰਨ੍ਹ ਹੈ। ਇਸਨੂੰ ਫੜਨ ਵਾਲਾ ਅਤੇ ਵਰਤਣ ਵਾਲਾ ਇੱਕ ਜ਼ਿੰਮੇਵਾਰੀ ਨਾਲ ਭਰਪੂਰ ਹੋਵੇਗਾ, ਇਹੀ ਗੁਰੂ ਸਾਹਿਬ ਦੇ ਚਿੰਨ੍ਹ ਦਾ ਸ਼ਕਤੀਵਰ ਸੁਨੇਹਾ ਹੈ।

ਨੈਤਿਕ ਜ਼ਿੰਮੇਵਾਰੀ ਵਾਲੇ ਅਤੇ ਪਰਿਵਰਤਨਮੁਖੀ ਚਿੰਨ੍ਹ ਰਚਣ ਤੋਂ ਬਿਨਾ ਗੁਰੂ ਸਾਹਿਬ ਦੀ ਮੌਲਿਕਤਾ ਦਾ ਦੂਜਾ ਪੱਖ ਹੈ, ਅਭਿਆਸ ਵਿਚ ਚਿੰਨ੍ਹ ਬਣਨ ਲਈ ਪ੍ਰੇਰਨਾ ਦੇਣਾ। ਇਸਦੀ ਮਿਸਾਲ ਗੁਰੂ ਸਾਹਿਬ ਖੁਦ ਸਨ। ਉਨ੍ਹਾਂ ਦੇ ਨੀਲੇ ਬਾਣੇ, ਨੀਲੇ ਘੋੜੇ, ਬਾਜ ਅਤੇ ਕ੍ਰਿਪਾਨ ਬਾਰੇ ਸਿਰਦਾਰ ਕਪੂਰ ਸਿੰਘ ਨੇ ਬੜੇ ਵਿਸਥਾਰ ਦਿੱਤੇ ਹਨ। ਇਨ੍ਹਾਂ ਸਭ ਪ੍ਰਤੀਕਾਂ ਨੂੰ ਵੱਖ-ਵੱਖ ਦਾਰਸ਼ਨਿਕ ਵਿਚਾਰਾਂ ਨਾਲ ਜੋੜਿਆ ਹੈ। ਸਿਰਦਾਰ ਜੀ ਨੇ ਗੁਰੂ ਸਾਹਿਬ ਦੀ ਉਦਾਹਰਣਯੋਗ ਸ਼ਖਸੀਅਤ ਅਤੇ ਰੂਪ ਬਾਰੇ ਸ਼ਬਦ ਵਰਤਿਆ ਹੈ 'ਆਰਕਟਾਈਪ'। ਇਸ ਆਰਕਟਾਈਪ ਨੂੰ ਅੱਗੇ ਪਲੈਟੋ ਦੇ 'ਆਈਡੋਜ਼' (ਵਿਚਾਰ) ਨਾਲ ਜੋੜਿਆ ਹੈ ਇਸਦਾ ਅਰਥ ਇਹ ਹੈ ਕਿ ਗੁਰੂ ਸਾਹਿਬ ਰੱਬ ਦੇ ਮਨ ਵਿਚ ਸਥਿਤ ਵਿਚਾਰਾਂ ਵਿਚੋਂ ਇੱਕ ਵਿਚਾਰ ਸਨ ਅਤੇ ਅਜਿਹਾ ਵਿਚਾਰ ਬਣਨ ਦੀ ਪ੍ਰੇਰਨਾ ਹੀ ਉਨ੍ਹਾਂ ਨੇ ਖਾਲਸਾ ਪੰਥ ਨੂੰ ਦਿੱਤੀ। ਆਰਕਟਾਈਪ ਸ਼ਬਦ ਯੁੰਗ ਦੇ ਮਨੋਵਿਗਿਆਨ ਵਿਚੋਂ ਹੈ। ਇਸਦੀ ਸੀਮਾ ਇਹ ਹੈ ਕਿ ਇਹ ਅਬਦਲ ਹੈ ਅਤੇ ਯੁੱਧ ਦੀ ਕ੍ਰਿਆ ਨਾਲ ਸੰਭਾਵਨਾਵਾਂ ਉਜਾਗਰ ਨਹੀਂ ਕਰ ਸਕਦਾ। ਗੁਰੂ ਸਾਹਿਬ ਜਿੱਥੇ ਅਕਾਸ਼ ਅਤੇ ਸਮੁੰਦਰ ਦੀ ਨੀਲੱਤਣ, ਨਿਰਵਾਣ ਪ੍ਰਾਪਤ ਬੋਧੀ ਦੇ ਵਜਰ, ਸ਼ਿਵ ਦੀ ਦੁਰਮਤ ਨਾਸ਼ ਕਰਨ ਵਾਲੀ ਸ਼ਕਤੀ, ਯਾਹਵੇ ਦਾ ਅਨੈਤਿਕਤਾ ਪ੍ਰਤੀ ਰੋਹ, ਹੀਰ ਰਾਂਝੇ ਦੇ ਪ੍ਰੇਮ ਅਤੇ ਬਿਰਹ ਵਿਚ ਸ਼ਿੱਦਤ ਵਾਲਾ ਅਨੁਭਵ, ਸੂਰਬੀਰ ਦਾ ਯੁੱਧ ਭਾਵ, ਸਭ ਕੁਝ ਹੋਣ ਲਈ ਖੁਦ ਮਿਸਾਲ ਬਣਕੇ ਪ੍ਰੇਰਦੇ ਹਨ ਤਾਂ ਉਹ ਮਨੁੱਖ ਨੂੰ ਇੱਕ ਜੀਵੰਤ ਚਿੰਨ੍ਹ ਬਣਨ ਲਈ ਮਾਡਲ (ਉਚੇਰੀ ਮਿਸਾਲ) ਦੇ ਰਹੇ ਹਨ। ਇਸ ਮਾਡਲ ਲਈ ਆਰਕਟਾਈਪ ਨਾਲੋਂ ਚਿੰਨ੍ਹ ਸ਼ਬਦ ਵਧੇਰੇ ਯੋਗ ਹੈ, ਕਿਉਂਕਿ ਇਸਦੇ ਕਿੰਨੇ ਹੀ ਅਰਥ ਜਾਂ ਸਿਗਨੀਫਾਈਡ ਹੋ ਸਕਦੇ ਹਨ। ਚਿੰਨ੍ਹ ਕਿੰਨੀਆਂ ਹੀ ਡੂੰਘਿਆਈਆਂ ਦੀ ਪ੍ਰਕ੍ਰਿਆ ਹੈ ਜਿਸ ਵਿਚ ਦਖਲ ਅਤੇ ਕਰਮ ਰਾਹੀਂ ਨਵਾਂ ਅਰਥ-ਗੌਰਵ ਦੇਣ ਦੀ ਸ਼ਕਤੀ ਆਉਂਦੀ ਹੈ। ਜ਼ਿੰਦਗੀ ਨੂੰ ਦੈਵੀ ਰੋਸ਼ਨੀ ਦੇਣ ਦਾ ਬਲ ਸਾਕਾਰ ਹੁੰਦਾ ਹੈ।

ਅੱਜ ਦਾ ਸੰਸਾਰ, ਵਿਸ਼ੇਸ਼ ਕਰਕੇ ਉੱਤਰੀ ਅਮਰੀਕਾ "ਬਹੁ-ਸੱਭਿਆਚਾਰਵਾਦ" ਦਾ ਪੈਰੋਕਾਰ ਬਣ ਰਿਹਾ ਹੈ। ਹੈਨਰੀ ਗਿੱਰੂ ਅਤੇ ਹਿਲਿਸਮਿੱਲਰ, ਬਹੁ-ਸੱਭਿਆਚਾਰਵਾਦੀ ਜੀਵਨ ਨੂੰ 'ਹੱਦ ਲੰਘਣਾ' ਜਾਂ 'ਬੋਰਡਰ ਕਰੌਸਿੰਗ' ਕਹਿੰਦੇ ਹਨ। ਆਪਣੇ ਕੌਮੀ ਸੱਭਿਆਚਾਰ ਜਾਂ ਤੱਤ ਨੂੰ ਟੱਪ ਕੇ ਦੂਜੇ ਕੌਮੀ ਜੀਵਨ ਜਾਂ ਪਰਿਪੇਖ ਵਿਚ ਵਿਚਾਰ ਦੀ ਸਮਰੱਥਾ ਹਾਸਲ ਕਰਨਾ ਹੈ। ਇੱਕ ਕੌਮੀ ਜੀਵਨ ਜਿਉਣਾ ਹੁਣ ਪੁਰਾਣੀ ਗੱਲ ਬਣ ਚੱਲੀ ਹੈ। ਅਜਿਹੇ (ਇੱਕ-ਕੌਮੀ) ਜੀਵਨ ਨੂੰ ਹੁਣ ਅਸਮਰੱਥ ਦੀ ਭਾਸ਼ਾ ਵਿਚ ਲਿਆਂਦਾ ਜਾ ਰਿਹਾ ਹੈ। ਦੂਜੇ ਅਰਥਾਂ ਵਿਚ, ਹੁਣ ਕਈ ਅਰਥ ਗੌਰਵਾਂ, ਕਈ ਅਭਿਆਸਾਂ ਨੂੰ ਜੋੜ ਕੇ ਬਹੁ-ਅਰਥਿਕ, ਜਾਂ ਬਹੁ-ਪਾਸਾਰੀ ਮਨੁੱਖ ਦੀਆਂ ਸੰਭਾਵਨਾਵਾਂ ਅਨੁਭਵ ਕਰਨ ਉੱਤੇ ਬਲ ਵਧ ਰਿਹਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਪ੍ਰਸਤਾਵਿਤ ਨਵਾਂ ਜੀਵਨ ਬਹੁਤੇ ਸੱਭਿਆਚਾਰਾਂ ਨੂੰ ਆਪਣੇ ਅਭਿਆਸ ਵਿਚ ਸ਼ਾਮਲ ਕਰ ਸਕਣ ਦੀ ਸ਼ਕਤੀ ਮੰਨੀ ਜਾ ਰਹੀ ਹੈ।

ਗੁਰੂ ਸਾਹਿਬ ਨੇ 300 ਸਾਲ ਪਹਿਲਾਂ "ਅਕਾਲ ਪੁਰਖ" ਦਾ ਅਜਿਹਾ ਚਿੰਨ੍ਹ ਦੇ ਕੇ ਬਹੁ-ਸੱਭਿਆਚਾਰਕ ਮਨੁੱਖ ਲਈ ਇਕ ਮਾਡਲ ਅਤੇ ਪ੍ਰੇਰਨਾ-ਸੰਕਲਪ ਤਿਆਰ ਕੀਤਾ। ਆਪਣੇ ਆਪ ਨੂੰ ਚਿੰਨ੍ਹ ਜਾਂ ਪ੍ਰਤੀਕ ਬਣਾ ਕੇ, ਖਾਲਸਾ ਸਾਜਣ ਵੇਲੇ ਉਹੋ ਰੂਪ ਪੰਜ ਪਿਆਰਿਆਂ ਨੂੰ ਦੇ ਕੇ, ਚਿੰਨ੍ਹ ਵਜੋਂ ਜਿਉਣ ਦੀ ਜਾਚ ਦੱਸੀ। ਖਾਲਸਾ, ਕੁੱਲ ਬ੍ਰਹਿਮੰਡ ਜਾਂ ਅਨੇਕਾਂ ਬ੍ਰਹਿਮੰਡਾਂ ਅਤੇ ਜੀਵਨ-ਅਭਿਆਸਾਂ ਵਿਚੋਂ ਲਏ ਹੋਏ ਅੰਸ਼ਾਂ ਦਾ ਇਕ ਮੌਲਿਕ ਮੇਲ ਹੈ ਜੋ ਕ੍ਰਿਆ ਵਿਚ ਸ਼ਾਮਲ ਹੋ ਕੇ ਹੋਰ ਸੰਭਾਵਨਾਂ ਉਜਾਗਰ ਕਰਦਾ ਹੈ। ਬਹੁ-ਸੱਭਿਆਚਾਰਵਾਦੀ ਮੰਡਲ ਅਤੇ ਗੁਰੂ ਸਾਹਿਬ ਦੇ ਮੰਡਲ ਸੱਭਿਆਚਾਰਾਂ ਤੱਕ ਸੀਮਤ ਰਹਿੰਦਾ ਹੈ, ਦੂਜਾ ਬ੍ਰਹਿਮੰਡ ਤੱਕ ਪਹੁੰਚਦਾ ਹੈ।

ਭਵਿੱਖਮੁਖੀ ਨਵਾਂ ਮਨੁੱਖ ਸਾਜਣ ਲਈ ਕ੍ਰਿਆਵੰਤ ਪਰਮ ਚਿੰਨ੍ਹ ਰਚਣੇ ਅਤੇ ਬ੍ਰਹਿਮੰਡ ਤੱਕ ਪਹੁੰਚਣ ਵਾਲੇ ਬਹੁ-ਅੰਸ਼ੀ ਚਿੰਨ੍ਹ ਵਜੋਂ ਜੀਵਨ ਜਿਉਣ ਅਤੇ ਇਸਨੂੰ ਸਥਾਪਤ ਕਰਨ ਲਈ ਮੁਕਤ-ਭਾਵੀ ਯੁੱਧ ਕਰਨ ਦੀ ਪ੍ਰੇਰਨਾ ਦੇਣੀ, ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਵ ਸੱਭਿਆਚਾਰਾਂ ਨੂੰ ਮੌਲਿਕ ਦੇਣ ਹਨ। ਇਸ ਮੌਲਿਕਤਾ ਦਾ ਗੌਰਵ ਪਹਿਲੇ ਸਮੇਂ ਨਾਲੋਂ ਅੱਜ ਦੇ ਬਹੁ-ਸੱਭਿਆਚਾਰਵਾਦੀ ਅਤੇ ਪਰਿਵਰਤਨਮੁਖੀ ਸਮੇਂ ਵਿਚ ਵਧੇਰੇ ਹੈ। ਉਨ੍ਹਾਂ ਦੀ ਮੌਲਿਕਤਾ ਨੇ ਜੋ ਤਬਦੀਲੀ ਲਿਆਂਦੀ ਹੈ, ਉਸ ਕਾਰਨ ਡਾ. ਸ਼ੇਰ ਸਿੰਘ ਨੇ ਆਪਣੀ ਪੁਸਤਕ "ਫਿਲੌਸਫੀ ਆਫ ਸਿੱਖਿਜ਼ਮ" ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨੀਟਸ਼ੇ ਨਾਲ ਤੁਲਨਾ ਦਿੱਤੀ ਹੈ। ਭਾਵੇਂ ਨੀਟਸ਼ੇ ਇਕ ਹਉਂ ਉੱਤੇ ਬਲ ਦੇਣ ਵਾਲਾ ਦਾਰਸ਼ਨਿਕ ਸੀ ਅਤੇ ਗੁਰੂ ਸਾਹਿਬ ਇੱਕ ਪੈਗ਼ੰਬਰ। ਪਰਿਵਰਤਨ ਲਈ ਇੱਛਾ ਸ਼ਕਤੀ ਬਲਵਾਨ ਕਰਨ ਉੱਤੇ ਜ਼ੋਰ, ਗੁਰੂ ਸਾਹਿਬ ਵਾਂਗ, ਉਨ੍ਹੀਵੀਂ ਸਦੀ ਵਿਚ ਨੀਟਸ਼ੇ ਨੇ ਦਿੱਤਾ।



# "ਆਪੇ ਗੁਰੂ ਚੇਲਾ"

**ਡਾ. ਗੁਰਨਾਮ ਕੌਰ***

ਸਿੱਖ ਧਰਮ ਦਾ ਪ੍ਰਕਾਸ਼ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ। ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਇਲਹਾਮ ਦਾ ਪ੍ਰਕਾਸ਼ਨ ਇੱਕ ਵਿਲੱਖਣ ਅਮਲ ਹੈ ਜੋ ਪਹਿਲੇ ਗੁਰੂ ਨਾਨਕ ਦੇਵ ਜੀ ਤੋਂ ਦਸਵੇਂ ਅਤੇ ਆਖਰੀ ਸਰੀਰਕ ਗੁਰੂ ਗੋਬਿੰਦ ਸਿੰਘ ਤੱਕ ਇੱਕ ਲਗਾਤਾਰ ਅਮਲ ਹੈ। ਗੁਰੂ ਨਾਨਕ ਦੇਵ ਜੀ ਰਾਹੀਂ ਸਿੱਖ ਧਰਮ ਦੀ ਨੀਂਹ ਰੱਖੇ ਜਾਣ ਅਤੇ ਫਿਰ ਆਪਣੇ ਸਿੱਖ ਭਾਈ ਲਹਿਣਾ ਜੀ ਨੂੰ ਆਪਣੇ ਹੱਥੀਂ ਗੁਰਗੱਦੀ ਦੇਣ ਦਾ ਜ਼ਿਕਰ ਕਰਦਿਆਂ ਸੱਤੇ ਅਤੇ ਬਲਵੰਡ ਨੇ ਰਾਮਕਲੀ ਰਾਗ ਵਿਚ ਰਚੀ ਵਾਰ ਵਿਚ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਗੁਰਗੱਦੀ ਦੇਣ ਦਾ ਫੈਸਲਾ ਕੀਤਾ। ਜਦੋਂ ਸਮਰੱਥ ਮਾਲਕ ਆਪ ਫੈਸਲਾ ਕਰ ਲਵੇ ਤਾਂ ਫਿਰ ਉਸ ਦੇ ਹੁਕਮ ਨੂੰ ਕਿਵੇਂ ਜੋਖਿਆ ਜਾ ਸਕਦਾ ਹੈ? ਦੈਵੀ ਗੁਣ ਸੱਚੇ ਭੈਣ-ਭਰਾ ਹਨ। ਭਾਈ ਲਹਿਣਾ ਦੀ ਗੁਰੂ ਨਾਨਕ ਨਾਲ ਦੈਵੀ ਗੁਣਾਂ ਦੀ ਸਾਂਝ ਹੋਣ ਕਰਕੇ ਉਨ੍ਹਾਂ ਨੂੰ ਗੁਰਗੱਦੀ ਦਿੱਤੀ ਗਈ। ਪੂਰੀ ਉਸੇ ਦੀ ਪੈਂਦੀ ਹੈ ਜਿਸ ਨੂੰ ਦਾਨ ਮਿਲੇ। ਗੁਰੂ ਨਾਨਕ ਨੇ ਗੁਰਮਤਿ ਰਾਜ ਕਾਇਮ ਕੀਤਾ ਅਤੇ ਸੱਚ ਰੂਪ ਕਿਲਾ ਤਕੜੀ ਨੀਂਹ 'ਤੇ ਉਸਾਰਿਆ। ਗੁਰੂ ਅੰਗਦ ਜੀ ਦੇ ਸਿਰ ਗੁਰਿਆਈ ਦਾ ਛਤ੍ਰ ਧਰਿਆ। ਉਨ੍ਹਾਂ ਨੇ ਅਕਾਲ ਪੁਰਖ ਦੀ ਸਿਫਤ ਸਾਲਾਹ ਕਰਕੇ ਗੁਰਿਆਈ ਦਾ ਇਹ ਅਮ੍ਰਿਤ ਪੀਤਾ। ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਦੇ ਗਿਆਨ ਰੂਪੀ ਖੜਗ ਦੇ ਨਾਲ ਗੁਰੂ ਅੰਗਦ ਦੇਵ ਜੀ ਨੂੰ ਬਲ ਦਿੱਤਾ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਕੇ ਮੱਥਾ ਟੇਕਿਆ ਅਤੇ ਜੀਵੰਦਿਆਂ ਹੀ ਤਿਲਕ ਦਿੱਤਾ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਚੇਲੇ ਤੋਂ ਗੁਰੂ ਥਾਪੇ ਗਏ। ਇਸੇ ਲਗਾਤਾਰ ਅਮਲ ਨੂੰ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" ਕਿਹਾ ਹੈ। ਭਾਈ ਗੁਰਦਾਸ ਨੇ ਆਪਣੀਆਂ ਲਿਖਤਾਂ, ਖਾਸ ਕਰਕੇ 'ਵਾਰ' ਵਿਚ ਇਹੀ ਵਿਚਾਰ ਦਿੰਦੇ ਹੋਏ ਦਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ 'ਨਿਰਮਲ ਪੰਥ' ਚਲਾ ਕੇ ਗੁਰਮਤਿ ਰਾਜ ਕਾਇਮ ਕੀਤਾ। ਭਾਈ ਲਹਿਣੇ ਨੂੰ ਗੁਰਗੱਦੀ ਦੇ ਕੇ ਉਨ੍ਹਾਂ ਦੇ ਸਿਰ 'ਤੇ ਛਤ੍ਰ ਝੁਲਾਇਆ। ਆਪਣੀ ਜੋਤਿ ਭਾਈ ਲਹਿਣੇ ਵਿਚ ਮਿਲਾ ਕੇ ਆਪਣਾ ਰੂਪ ਵਟਾ ਲਿਆ। ਚੇਲੇ ਨੂੰ ਗੁਰੂ ਥਾਪ ਕੇ ਇੱਕ ਵਿਲੱਖਣ, ਹੈਰਾਨ ਕਰਨ ਵਾਲਾ ਕੌਤਕ ਰਚਿਆ ਅਤੇ ਗੁਰੂ ਅੰਗਦ ਨੂੰ ਆਪਣਾ ਸਰੂਪ ਬਣਾ ਲਿਆ।

ਗੁਰੂ ਅੰਗਦ ਦੇਵ ਨੇ ਕਰਤਾਰਪੁਰ ਤੋਂ ਚਲ ਕੇ ਖਡੂਰ ਨਗਰ ਵਸਾ ਲਿਆ ਅਤੇ ਉਸ ਨੂੰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਬਣਾਇਆ। ਇਥੇ ਹੀ ਗੁਰੂ ਅਮਰਦਾਸ ਬੀਬੀ ਅਮਰੋ ਨਾਲ, ਜੋ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ, ਗੁਰੂ ਦੇ ਦਰਸ਼ਨਾਂ ਨੂੰ ਆਏ ਅਤੇ ਇਥੇ ਹੀ ਗੁਰੂ ਸੇਵਾ ਵਿਚ ਟਿੱਕ ਗਏ। ਗੁਰੂ ਅੰਗਦ ਦੇਵ ਜੀ ਨੇ ਸੰਗਤਾਂ ਵਿਚ ਬਾਬੇ ਨਾਨਕ ਦੀ ਬਾਣੀ ਦਾ ਪ੍ਰਚਾਰ ਕੀਤਾ ਅਤੇ ਆਪ ਵੀ ਬਾਣੀ ਰਚੀ। ਬੱਚਿਆਂ ਦੀ ਪੜ੍ਹਾਈ ਲਈ ਗੁਰਮੁਖੀ ਲਿਪੀ ਸਿਖਾਉਣ ਦਾ ਯੋਗ ਪ੍ਰਬੰਧ ਕੀਤਾ। ਸਿਹਤ ਦੇ ਨਜ਼ਰੀਏ ਤੋਂ ਕਸਰਤ ਦਾ ਅਤੇ ਖੇਡਾਂ ਦਾ ਖਾਸ ਪ੍ਰਬੰਧ ਕੀਤਾ। ਲੰਗਰ ਦੀ ਵਿਵਸਥਾ ਮਾਤਾ ਖੀਵੀ ਜੀ ਨੇ ਆਪਣੇ ਹੱਥਾਂ ਵਿਚ ਲਈ ਜਿਥੇ ਆਈ ਸੰਗਤ ਪ੍ਰੇਮ ਨਾਲ ਪ੍ਰਸ਼ਾਦਾ ਛਕਦੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਿਆਈ ਆਪਣੇ ਸਿੱਖ ਅਮਰਦਾਸ ਨੂੰ ਦਿੱਤੀ ਜੋ ਰਿਸ਼ਤੇ ਵਿਚ ਉਨ੍ਹਾਂ ਦੇ ਕੁੜਮ ਲਗਦੇ ਸਨ। ਪਰ ਉਨ੍ਹਾਂ ਨੂੰ ਗੁਰੂ ਦੀ ਪਦਵੀ ਦੇ ਯੋਗ ਹੋਣ ਦੇ ਕਾਰਨ ਹੀ ਪੁੱਤਰਾਂ ਨੂੰ ਛੱਡ ਕੇ ਗੁਰਗੱਦੀ ਦਿਤੀ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਧਰਮ ਪ੍ਰਚਾਰ ਦਾ ਨਵਾਂ ਕੇਂਦਰ ਸਥਾਪਿਤ ਕੀਤਾ। ਪਾਣੀ ਦੇ ਯੋਗ ਪ੍ਰਬੰਧ ਲਈ ਬਾਉਲੀ ਖੁਦਵਾਈ। ਸੰਗਤ ਨੂੰ ਹੁਕਮ ਕੀਤਾ ਕਿ ਗੁਰੂ ਦੀ ਸੰਗਤ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਜ਼ਰੂਰੀ ਹੈ। ਲੰਗਰ ਦੀ ਪਰੰਪਰਾ ਨੇ ਬਰਾਬਰੀ ਦੇ ਸਿਧਾਂਤ ਨੂੰ ਪਰਪੱਕ ਕਰਨ ਵਿਚ ਵੱਡਾ ਯੋਗਦਾਨ ਪਾਇਆ। ਗੁਰੂ ਅਮਰਦਾਸ ਜੀ ਨੇ ਧਰਮ ਦੇ ਪ੍ਰਚਾਰ ਲਈ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ 22 ਧਰਮ ਪ੍ਰਚਾਰ ਦੇ ਕੇਂਦਰ ਸਥਾਪਤ ਕੀਤੇ ਜਿਨ੍ਹਾਂ ਨੂੰ ਮੰਜੀਆਂ ਕਿਹਾ ਜਾਂਦਾ ਸੀ। ਇਨ੍ਹਾਂ ਪ੍ਰਚਾਰ ਕੇਂਦਰਾਂ ਵਿਚ ਬੀਬੀਆਂ ਨੂੰ ਪਰਦਾ ਕਰਨ ਤੋਂ ਮਨਾਹੀ ਕੀਤੀ। ਇਸ ਤਰ੍ਹਾਂ ਸਿੱਖੀ ਦੇ ਸੰਸਥਾਗਤ ਰੂਪ ਨੂੰ ਮਜ਼ਬੂਤ



ਕਰਨ ਲਈ ਬਹੁਤ ਸਾਰੇ ਕਦਮ ਚੁੱਕੇ। ਗੁਰੂ ਅਮਰਦਾਸ ਜੀ ਨੇ ਗੁਰਗੱਦੀ ਭਾਈ ਜੇਤਾ ਜੀ ਨੂੰ ਬਖਸ਼ੀ ਜੋ ਉਨ੍ਹਾਂ ਦੀ ਸਪੁੱਤਰੀ ਬੀਬੀ ਭਾਨੀ ਦੇ ਪਤੀ ਸਨ ਅਤੇ ਉਹ ਗੁਰੂ ਰਾਮਦਾਸ ਅਖਵਾਏ। ਗੁਰੂ ਰਾਮਦਾਸ ਜੀ ਨੇ ਰਾਮਦਾਸ ਚੱਕ (ਸ੍ਰੀ ਅੰਮ੍ਰਿਤਸਰ) ਵਸਾਇਆ ਅਤੇ ਪਵਿੱਤਰ ਸਰੋਵਰ ਦੀ ਖੁਦਵਾਈ ਸ਼ੁਰੁ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਧਰਮ ਪ੍ਰਚਾਰ ਦਾ ਨਵਾਂ ਕੇਂਦਰ ਰਾਮਦਾਸ ਚੱਕ ਨੂੰ ਬਣਾਇਆ। ਗੁਰੂ ਰਾਮਦਾਸ ਜੀ ਨੇ ਗੁਰਗੱਦੀ ਆਪਣੇ ਛੋਟੇ ਪੁੱਤਰ ਗੁਰੂ ਅਰਜਨ ਦੇਵ ਜੀ ਨੂੰ ਸੌਂਪੀ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ, ਆਪਣੀ ਬਾਣੀ ਨੂੰ ਇੱਕ ਥਾਂ ਇੱਕਤਰ ਕਰਕੇ, ਨਾਲ ਉਨ੍ਹਾਂ ਭਾਗਤਾਂ ਅਤੇ ਸੂਫੀ ਸੰਤਾਂ ਦੀ ਬਾਣੀ ਜਿਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਨਾਲ ਮੇਲ ਖਾਂਦੀ ਸੀ ਸ਼ਾਮਲ ਕਰਕੇ, ਭੱਟਾਂ ਦੀ ਬਾਣੀ ਜੋ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ ਅਤੇ ਗੁਰਮਤਿ ਤੋਂ ਪ੍ਰਭਾਵਿਤ ਸਨ, ਸੱਤਾ ਅਤੇ ਬਲਵੰਡ ਦੀ ਬਾਣੀ ਜੋ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ, ਇੱਕ ਥਾਂ ਇੱਕਤਰ ਕਰਕੇ ਗ੍ਰੰਥ ਸਾਹਿਬ ਤਿਆਰ ਕੀਤਾ। ਭਾਈ ਗੁਰਦਾਸ ਇਸ ਦੇ ਪਹਿਲੇ ਲਿਖਾਰੀ ਬਣੇ। ਸਰੋਵਰ ਵਿਚ ਹਰਿਮੰਦਰ ਸਾਹਿਬ ਬਣਾਇਆ ਅਤੇ ਇਥੇ ਹੀ 1604 ਈ. ਨੂੰ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ। ਸ਼ਹਾਦਤ ਤੋਂ ਪਹਿਲਾਂ ਉਨ੍ਹਾਂ ਨੇ ਗੁਰਗੱਦੀ ਆਪਣੇ ਸਪੁੱਤਰ ਗੁਰੂ ਹਰਗੋਬਿੰਦ ਸਾਹਿਬ ਨੂੰ ਸੌਂਪ ਦਿੱਤੀ।

ਭਾਈ ਗੁਰਦਾਸ ਨੇ ਕਿਹਾ ਕਿ ਛਤ੍ਰ ਵੀ ਉਹੀ ਹੈ, ਮੱਥੇ 'ਤੇ ਤਿਲਕ ਵੀ ਉਹੀ ਹੈ, ਗੁਰਗੱਦੀ ਵੀ ਉਹੀ ਹੈ, ਸਿਰਫ ਸਰੀਰ ਬਦਲਿਆ ਹੈ। ਭਾਈ ਗੁਰਦਾਸ ਅੱਗੇ ਫੁਰਮਾਉਂਦੇ ਹਨ ਪੀਰ ਵੀ ਪੰਜ ਹਨ ਭਾਵ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ। ਪਿਆਲੇ ਵੀ ਪੰਜ ਹਨ ਜਿਨ੍ਹਾਂ ਤੋਂ ਭਾਵ ਹੈ ਸਤਿ, ਸੰਤੋਖ, ਦਇਆ, ਧਰਮ ਅਤੇ ਬਿਬੇਕ ਬੁੱਧ। ਛੇਵਾਂ ਪੀਰ ਗੁਰੂ ਹਰਗੋਬਿੰਦ ਗੱਦੀ 'ਤੇ ਬੈਠਿਆ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਭਾਰੀ ਕਿਹਾ ਹੈ। ਛੇਵੇਂ ਪੀਰ ਨੇ ਮੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ, ਦੁਨਿਆਵੀ ਸ਼ਕਤੀ ਅਤੇ ਅਧਿਆਤਮਕ ਸ਼ਕਤੀ ਦੇ ਨਾਲ ਨਾਲ ਧਰਮ ਅਤੇ ਨਿਆਂ ਦੀ ਰੱਖਿਆ ਖਾਤਰ ਹਥਿਆਰ ਉਠਾਏ। ਅਧਿਆਤਮਕਤਾ ਅਤੇ ਸੰਸਾਰਕਤਾ ਨੂੰ ਇੱਕ ਥਾਂ ਇੱਕਠਾ ਕੀਤਾ। ਗੁਰੂ ਅਰਜਨ ਦੇਵ ਨੇ ਆਪਣਾ ਸਰੀਰ ਬਦਲ ਕੇ ਗੁਰੂ ਹਰਗੋਬਿੰਦ ਸਾਹਿਬ ਦਾ ਰੂਪ ਸਵਾਰਿਆ। ਸਾਰੇ ਗੁਰੂ ਸਾਹਿਬਾਨ ਵਿਚ ਇੱਕ ਹੀ ਰੱਬੀ ਜੋਤਿ ਬਿਰਾਜਮਾਨ ਹੋਈ। ਇਸੇ ਲਈ ਸਾਰੇ ਗੁਰੂ ਸਾਹਿਬਾਨ 'ਨਾਨਕ' ਨਾਮ ਨਾਲ ਜਾਣੇ ਜਾਂਦੇ ਹਨ। ਇਹੀ ਜੋਤਿ ਗੁਰੂ ਹਰਗੋਬਿੰਦ ਤੋਂ ਗੁਰੂ ਹਰਿ ਰਾਏ, ਗੁਰੂ ਹਰਿ ਰਾਏ ਤੋਂ ਗੁਰੂ ਹਰਕ੍ਰਿਸ਼ਨ, ਗੁਰੂ ਹਰਕ੍ਰਿਸ਼ਨ ਤੋਂ ਗੁਰੂ ਤੇਗ ਬਹਾਦਰ ਰਾਹੀਂ ਹੁੰਦੀ ਹੋਈ ਗੁਰੂ ਗੋਬਿੰਦ ਸਿੰਘ ਤੱਕ ਪਹੁੰਚੀ। ਗੁਰੂ ਤੇਗ ਬਹਾਦਰ ਰਿਸ਼ਤੇ ਵਿਚ ਗੁਰੂ ਹਰਕ੍ਰਿਸ਼ਨ ਦੇ ਦਾਦਾ ਲਗਦੇ ਸਨ। ਇਸ ਤਰ੍ਹਾਂ ਪੋਤੇ ਤੋਂ ਗੁਰਗੱਦੀ ਦਾਦੇ ਨੂੰ ਮਿਲੀ।

ਕਿਸੇ ਵੀ ਧਰਮ ਦੇ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਨਿਹਿਤ ਹੁੰਦੀ ਹੈ ਕਿ ਉਹ ਕਿਸ ਕਿਸਮ ਦੇ ਆਦਰਸ਼ ਅਤੇ ਨਿਸ਼ਾਨੇ ਇਨਸਾਨ ਦੇ ਸਾਹਮਣੇ ਰੱਖਦਾ ਹੈ, ਜਿਨ੍ਹਾਂ ਨੂੰ ਜਗਿਆਸੂ ਨੇ ਪ੍ਰਾਪਤ ਕਰਨਾ ਹੁੰਦਾ ਹੈ, ਉਨ੍ਹਾਂ ਆਦਰਸ਼ਾਂ ਨੂੰ ਪ੍ਰਾਪਤ ਕਰਨ ਦਾ ਰਸਤਾ ਕੀ ਹੈ ਅਤੇ ਉਨ੍ਹਾਂ ਆਦਰਸ਼ਾਂ ਦੀ ਪ੍ਰਾਪਤੀ ਦਾ ਨਤੀਜਾ ਕਿਸ ਕਿਸਮ ਦੇ ਵਿਅਕਤਿਤਵ ਦੀ ਘਾੜਤ ਘੜਦਾ ਹੈ। ਸਿੱਖ ਧਰਮ ਵਿਚ ਜਗਿਆਸੂ ਦੇ ਸਾਹਮਣੇ ਆਦਰਸ਼ ਆਪਣਾ ਮੂਲ ਪਛਾਨਣ ਦਾ ਹੈ, ਆਪਣੇ ਸ੍ਰੋਤ ਦਾ ਅਨੁਭਵ ਕਰਨ ਦਾ ਹੈ, "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।" ਸਿੱਖ ਧਰਮ ਅਨੁਸਾਰ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਸੇਵਦਾ ਹੈ ਉਸ ਕਿਸਮ ਦਾ ਹੀ ਉਸ ਦਾ ਵਿਅਕਤਿਤਵ ਘੜਿਆ ਜਾਂਦਾ ਹੈ, "ਜੈਸੋ ਸੇਵੈ ਤੈਸੋ ਹੋਇ।" ਅਕਾਲ ਪੁਰਖ ਉਚਤਮ ਸੱਚ ਹੈ ਅਤੇ ਜਗਿਆਸੂ ਉਸ ਉਚਤਮ ਸੱਚ ਦਾ ਅਨੁਭਵ ਕਰਕੇ ਹੀ 'ਸਚਿਆਰ' ਬਣ ਸਕਦਾ ਹੈ। ਸਚਿਆਰ ਪਦ ਦੀ ਪ੍ਰਾਪਤੀ ਤੋਂ ਬਾਅਦ ਜਗਿਆਸੂ ਨੇ ਉਸ ਦਾ ਆਪਣੇ ਆਚਰਣ, ਆਪਣੇ ਵਰਤਾਅ ਰਾਹੀਂ ਪ੍ਰਕਾਸ਼ਨ ਕਰਨਾ ਹੈ। ਇਸੇ ਲਈ ਗੁਰਬਾਣੀ ਵਿਚ ਦਸਿਆ ਗਿਆ ਹੈ ਕਿ ਸੱਚ ਸਭ ਤੋਂ ਉਪਰ ਹੈ ਪਰ ਸੱਚ ਤੋਂ ਵੀ ਉਪਰ ਸੱਚਾ ਆਚਾਰ ਹੈ, ਆਚਰਣ ਹੈ, "ਸਚਹੁ ਉਰੈ ਸਭੁ ਕੋ ਉਪਰਿ ਸਚੁ ਅਚਾਰੁ॥" ਇਸ ਦੀ ਪ੍ਰਾਪਤੀ ਦਾ ਸਾਧਨ ਪਰਮਾਤਮਾ ਦੇ ਉਸ ਹੁਕਮ ਨੂੰ ਸਮਝਣਾ ਹੈ ਜੋ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ ਅਤੇ ਫਿਰ ਉਸ ਹੁਕਮ ਦਾ ਅਨੁਸਾਰੀ ਹੋ ਕੇ ਚਲਣਾ ਹੈ। ਇਸ ਅਨੁਭਵ ਦਾ ਰਸਤਾ ਗੁਰੂ ਦੇ ਸ਼ਬਦ ਰਾਹੀਂ ਸਮਝ ਪੈਂਦਾ ਹੈ, ਇਸੇ ਲਈ ਗੁਰਮਤਿ ਅਨੁਸਾਰ ਸ਼ਬਦ ਗੁਰੂ ਹੈ। ਸ਼ਬਦ ਗੁਰੂ ਤੋਂ ਹੀ ਨਾਮ ਸਿਮਰਨ ਦਾ ਰਸਤਾ ਪਤਾ ਲਗਦਾ ਹੈ। ਇਸ ਅਨੁਭਵ ਦੇ ਰਸਤੇ ਨੂੰ ਨਾਮ ਅਤੇ ਪ੍ਰੇਮ ਦਾ ਮਾਰਗ ਕਿਹਾ ਹੈ। ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਅਤੇ ਉਸ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਸਮਰਪਣ ਕਰਨਾ ਹੈ। ਇਹ ਪੂਰਨ ਪ੍ਰੇਮ ਅਤੇ ਪੂਰਨ ਸਮਰਪਣ ਦਾ ਰਾਹ ਹੈ। ਇਸ ਨੂੰ ਗੁਰੂ ਨਾਨਕ ਦੇਵ ਜੀ ਨੇ "ਪ੍ਰੇਮ ਖੇਲਣ ਕਾ ਚਾਉ" ਕਿਹਾ ਹੈ। "ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ" ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ, "ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥" ਇਹ ਪ੍ਰਾਪਤੀ ਮਨੁੱਖ ਨੇ ਸੰਸਾਰਕ ਜੀਵਨ ਜਿਉਂਦਿਆਂ ਹੋਇਆਂ ਗੁਰੂ ਦੀ ਅਗਵਾਈ ਵਿਚ ਕਰਨੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਨੂੰ, "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਵਿਚੇ ਹੋਵੈ ਮੁਕਤਿ॥" ਕਿਹਾ ਹੈ ਅਤੇ, "ਉਦਮ ਕਰੇਂਦਿਆਂ ਜੀਉ ਤੂੰ ਕਮਾਵੰਦਿਆ ਸੁਖ ਭੁੰਚ॥" ਕਿਹਾ ਹੈ। ਉਦਮ ਅਤੇ ਕਮਾਈ ਇਹ ਸਕ੍ਰਿਆਤਮਕਤਾ ਨਾਲ ਜੁੜੇ ਹੋਏ ਹਨ, ਖੜੋਤ ਨਾਲ ਨਹੀਂ। ਕੁਦਰਤੀ ਹੈ ਕਿ ਇਸ ਰਸਤੇ 'ਤੇ ਚਲਣ ਵਾਲਾ ਮਨੁੱਖ ਸਕ੍ਰਿਅ ਹੈ। ਜੰਗਲ ਅਤੇ ਇਕਾਂਤ ਤਿਆਗ ਨਾਲ ਜੁੜਿਆ ਹੋਇਆ ਹੈ ਜੋ ਸੰਸਾਰਕ ਜੀਵਨ ਤੋਂ ਪਰੇ ਲੈ ਜਾਂਦਾ ਹੈ। ਇਹ ਮਨ ਅਤੇ ਸਰੀਰ ਦੋਹਾਂ ਨੂੰ ਹੀ ਸੰਸਾਰਕ ਸੁੱਖ ਅਰਾਮ ਤੇ ਇਛਾਵਾਂ ਦੀ ਪੂਰਤੀ ਤੋਂ ਵਿਰਵਾ ਰਖਦਾ ਹੈ। ਸਰੀਰਕ ਯਾਤਨਾਵਾਂ ਨਾਲ ਮਾਨਸਿਕ ਝੁਕਾ ਦਬਾ ਲਏ ਜਾਂਦੇ ਹਨ। ਸਿੱਖ ਧਰਮ ਵਿਚ ਮਨੁੱਖ ਨੂੰ ਆਚਰਣ ਅਤੇ ਹਾਲਾਤ ਤੋਂ ਪੂਰੀ ਤਰ੍ਹਾਂ ਚੇਤੰਨ ਰਹਿਣ ਲਈ ਕਿਹਾ ਗਿਆ ਹੈ। ਅਜਿਹੇ ਵਿਅਕਤਿਤਵ ਦੀ ਘਾੜਤ ਲਈ ਇੱਕ ਲੰਬੇ ਸਮੇਂ ਦੀ ਲੋੜ ਸੀ ਜਿਸ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਤਕਰੀਬਨ ਢਾਈ ਸੌ ਸਾਲ ਦਾ ਸਮਾਂ ਲੱਗਿਆ। ਦਸਾਂ ਜਾਮਿਆਂ ਰਾਹੀਂ ਨਾਨਕ ਜੋਤਿ ਨੇ ਅਜਿਹੇ ਮਨੁੱਖ ਦੀ ਘਾੜਤ ਵਿਚ ਹਿੱਸਾ ਪਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਮਨ ਨੂੰ ਸੰਬੋਧਨ ਕਰਦਿਆਂ ਸੰਨਿਆਸ ਦੇ ਚਿੰਨ੍ਹਾਂ ਰਾਹੀਂ ਸਮਝਾਉਂਦਿਆਂ ਦਸਿਆ ਹੈ ਕਿ ਸੰਸਾਰਕ ਜੀਵਨ ਜਿਉਂਦਿਆਂ ਆਪਣੇ ਜੋਤਿ ਸਰੂਪ ਹੋਣ ਦਾ ਅਨੁਭਵ ਕਰਨਾ ਹੈ, "ਰੇ ਮਨ ਐਸੋ ਕਰਿ ਸੰਨਿਆਸਾ॥ ਬਨ ਸੇ ਸਦਨ ਸਬੈ ਕਹਿ ਸਮਝਹੁ ਮਨਹੀ ਮਾਹਿ ਉਦਾਸਾ॥" ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਪ੍ਰੇਮ ਦੇ ਮਾਰਗ 'ਤੇ ਚਲਣ ਦਾ ਜੋ ਮਿਸ਼ਨ ਸ਼ੁਰੂ ਕੀਤਾ ਸੀ ਉਸ ਨੂੰ ਸੰਪੂਰਨ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਗੁਰੂ ਨਾਨਕ ਦੇਵ ਜੀ ਨੇ ਕਿਸੇ ਵੀ ਮਿਸ਼ਨ ਦੀ ਪੂਰਤੀ ਲਈ ਬਹੁਤ ਹੀ ਤਰਕ ਪੂਰਨ ਧਰਾਤਲ ਸਿਰਜਦਿਆਂ ਕਿਹਾ ਹੈ ਕਿ ਕਿਸੇ ਵੀ ਬੀਜ ਦਾ ਸਾਬਤ ਹੋਣਾ। ਦੋਫਾੜ ਅਤੇ ਪਿਸਿਆ ਹੋਇਆ ਬੀਜ ਉਗਦਾ ਨਹੀਂ। ਬੀਜ ਦੇ ਉਗਣ ਲਈ ਮੌਸਮ ਅਤੇ ਹਾਲਾਤ ਸਾਜ਼ਗਾਰ ਅਤੇ ਮੁਆਫਕ ਹੋਣੇ ਚਾਹੀਦੇ ਹਨ। ਧਰਤੀ ਬੀਜ ਦੇ ਉਗਣ ਦੇ ਯੋਗ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਕੋਰੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ। ਰੰਗ ਚੜ੍ਹਾਉਣ ਲਈ ਉਸ ਨੂੰ ਪਾਹ ਦੇਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਵੇਲੇ ਖਾਲਸਾ ਸਜਣ ਲਈ ਮਾਨਸਿਕ ਤੌਰ 'ਤੇ ਵੀ ਅਤੇ ਸਾਜ਼ਗਾਰ ਹਾਲਾਤ ਵਜੋਂ ਵੀ, ਧਰਤੀ ਤਿਆਰ ਨਹੀਂ ਸੀ ਹੋਈ। ਗੁਰੂ ਨਾਨਕ ਦੇਵ ਜੀ ਨੇ ਮਿਸ਼ਨ ਸ਼ੁਰੂ ਕੀਤਾ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਉਸ ਮਿਸ਼ਨ ਨੂੰ ਅੱਗੇ ਲੈ ਜਾਣ ਲਈ ਯੋਗਦਾਨ ਪਾਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਖਾਲਸੇ ਦਾ ਰੂਪ ਦੇ ਕੇ ਉਸ ਮਿਸ਼ਨ ਨੂੰ ਪੂਰਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚਦਿਆਂ ਮਨੁੱਖੀ ਮਨ ਅਤੇ ਮਨੁੱਖੀ ਸਮਾਜ ਦੇ ਜਿਸ ਕਿਸਮ ਦੇ ਅਧਿਆਤਮਕ ਉਥਾਨ ਦੀ ਲੋੜ ਸੀ ਉਹ ਹੋ ਚੁੱਕਿਆ ਸੀ। ਬੀਜ ਸੰਪੂਰਨ ਸੀ, ਧਰਤੀ ਤਿਆਰ ਹੋ ਚੁੱਕੀ ਸੀ ਅਤੇ ਉਸ ਬੀਜ ਦੇ ਉਗਣ ਲਈ ਹਾਲਾਤ ਵੀ ਸਾਜ਼ਗਾਰ ਸਨ। ਜ਼ਮੀਂ ਪੂਰੀ ਜ਼ਰਖੇਜ਼ ਸੀ। ਉਨ੍ਹਾਂ ਨੇ ਤਿਆਰ ਮਨ ਨੂੰ ਖੰਡੇ ਬਾਟੇ ਦੀ ਪਹੁਲ ਛਕਾ ਕੇ ਖਾਲਸਾ ਤਿਆਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਰਾਹੀਂ ਤਿਆਰ ਕੀਤਾ ਖਾਲਸਾ ਸਚਿਆਰ, ਗੁਰਮੁਖਿ, ਬ੍ਰਹਮਗਿਆਨੀ, ਇੱਕ ਸੰਤੁਲਤ ਵਿਅਕਤਿਤਵ ਸੀ ਜੋ, "ਮਨ ਹੀ ਮਾਹਿ ਉਦਾਸਾ" ਦਾ ਧਾਰਨੀ ਸੀ। ਸੰਗਤ ਨੂੰ ਖਾਲਸੇ ਵਿਚ ਤਬਦੀਲ ਕੀਤਾ ਜਿਸ ਨੇ ਸੰਸਾਰਕ ਜੀਵਨ ਜਿਉਂਦਿਆਂ ਹੋਇਆ ਆਪਣੇ ਅੰਦਰ ਜੋਤਿ ਦਾ ਅਨੁਭਵ ਕੀਤਾ। ਗੁਰੂ ਨੇ ਖਾਲਸੇ ਨੂੰ ਪਹਿਲਾਂ ਖੰਡੇ ਬਾਟੇ ਦੀ ਪਾਹੁਲ ਦਾ ਅੰਮ੍ਰਿਤ ਛਕ ਕੇ ਗੁਰੂ ਤੋਂ ਚੇਲਾ ਵੀ ਬਣੇ। ਭਾਈ ਗੁਰਦਾਸ ਦੂਜੇ ਨੇ ਇਸ ਨੂੰ ਬਿਆਨ ਕਰਦਿਆਂ ਲਿਖਿਆ ਹੈ:

ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥
ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

***ਸਾਬਕਾ ਮੁਖੀ,**
**ਗੁਰੂ ਗ੍ਰੰਥ ਸਾਹਿਬ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
**ਫੋਨ:905-866-6091***

# ਜੇ ਗੁਰੂ ਗੋਬਿੰਦ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਜੀਉਂਦੇ ਰਹਿੰਦੇ

**ਨਿਰਮਲ ਸਿੰਘ ਲਾਲੀ**

ਮਨੁੱਖ ਨੂੰ ਇਸ ਸੰਸਾਰ 'ਤੇ ਪੈਦਾ ਹੋਏ ਨੂੰ ਸਦੀਆਂ ਹੀ ਬੀਤ ਗਈਆਂ ਹਨ ਅਤੇ ਰਿਸ਼ੀਆਂ ਮੁਨੀਆਂ, ਪੀਰ ਪੈਗੰਬਰਾਂ, ਰਹਿਬਰਾਂ ਅਤੇ ਗੁਰੂਆਂ ਨੂੰ ਵੀ ਇਸ ਸੰਸਾਰ ਅੰਦਰ ਆਇਆਂ ਨੂੰ ਸਦੀਆਂ ਹੀ ਬੀਤ ਗਈਆਂ ਪਰ ਮਨੁੱਖ ਅਜੇ ਤੱਕ ਸੰਪੂਰਨ ਮਨੁੱਖ ਨਹੀਂ ਬਣ ਸਕਿਆ। ਜਦੋਂਕਿ ਮਨੁੱਖ ਲਈ ਕਈ ਧਰਮ ਪੈਦਾ ਹੋਏ ਅਤੇ ਉਨ੍ਹਾਂ ਧਰਮਾਂ ਦੇ ਬਾਨੀਆਂ ਨੇ ਮਨੁੱਖ ਨੂੰ ਮਨੁੱਖ ਬਣਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਭਾਵ ਉਨ੍ਹਾਂ ਨੇ ਆਪਣੇ ਵਿਚਾਰ ਉਪਦੇਸ਼ਾਂ ਤੇ ਸਿਖਿਆਵਾਂ ਰਾਹੀਂ ਮਨੁੱਖ ਨੂੰ ਚੰਗਾ ਮਨੁੱਖ ਬਣ ਕੇ ਚੰਗੇ ਕੰਮ ਕਰਨ ਦੀ ਸਿਖਿਆ ਦਿੱਤੀ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਇਕ ਅਜਿਹੇ ਆਦਰਸ਼ਵਾਦੀ ਸਮਾਜ ਦੀ ਸਿਰਜਣਾ ਦਾ ਸੰਕਲਪ ਦਿੱਤਾ ਜਿਸ ਵਿਚ ਹਰ ਮਨੁੱਖ ਨੂੰ ਕੁੱਲੀ, ਗੁੱਲੀ, ਜੁੱਲੀ ਪ੍ਰਾਪਤ ਹੋਵੇ ਅਤੇ ਹਰ ਇਕ ਨੂੰ ਆਜ਼ਾਦੀ ਇਨਸਾਫ, ਪਿਆਰ, ਸਤਿਕਾਰ ਸਾਂਝੀਵਾਲਤਾ ਤੇ ਬਰਾਬਰੀ ਪ੍ਰਾਪਤ ਹੋਵੇ ਪਰ ਅਜੇ ਤੱਕ ਅਜਿਹਾ ਹੋ ਨਹੀਂ ਸਕਿਆ ਭਾਵ ਮਨੁੱਖ ਅਜੇ ਤੱਕ ਮਨੁੱਖ ਨਹੀਂ ਬਣਿਆ ਅਤੇ ਸੰਪੂਰਨ ਮਨੁੱਖ ਬਣਨਾ ਤਾਂ ਦੂਰ ਦੀ ਗੱਲ ਹੈ।

ਅਹੰਕਾਰ, ਈਰਖਾ, ਨਫਰਤ ਤੋਂ ਰਹਿਤ ਅਤੇ ਜਿਸ ਮਨੁੱਖ ਵਿਚ ਹਮਦਰਦੀ, ਦਇਆ, ਅਦਬ, ਪਿਆਰ, ਸਤਿਕਾਰ, ਨਿਮਰਤਾ, ਸਹਿਣਸ਼ੀਲਤਾ, ਸਬਰ, ਸੰਤੋਖ ਹੋਵੇ, ਉਸਨੂੰ ਹੀ ਅਸੀਂ ਮਨੁੱਖ ਕਹਿ ਸਕਦੇ ਹਾਂ। ਦੁਸ਼ਟ, ਸਾਕਤ, ਨਿੰਦਕ, ਪਾਖੰਡੀ, ਪਾਪੀ, ਅਕ੍ਰਿਤਘਣ, ਪੱਖਪਾਤੀ ਮਨੁੱਖ, ਮਨੁੱਖ ਨਹੀਂ ਹੁੰਦੇ, ਉਹ ਤਾਂ ਹੈਵਾਨ ਤੇ ਵਹਿਸ਼ੀ ਹੁੰਦੇ ਹਨ। ਭਾਵ ਉਨ੍ਹਾਂ ਵਿਚ ਜ਼ਮੀਰ, ਨੈਤਿਕਤਾ, ਭਾਵਨਾਵਾਂ ਤੇ ਜਜ਼ਬਾਤ ਨਹੀਂ ਹੁੰਦੇ ਅਤੇ ਉਹ ਇਕ ਪੱਥਰ ਦੀ ਨਿਆਈ ਹੁੰਦੇ ਹਨ ਜਿਸ ਵਿਚ ਜ਼ਰਾ ਵੀ ਅਹਿਸਾਸ ਨਹੀਂ ਹੁੰਦਾ।

ਦੁਨੀਆਂ ਵਿਚ ਜੋ ਕੁਝ ਵੀ ਮਾੜਾ ਹੋਇਆ ਹੈ ਜਾਂ ਹੋ ਰਿਹਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋ ਰਿਹਾ ਹੈ ਅਤੇ ਜਿਹੜਾ ਹੁਣ ਤੱਕ ਚੰਗਾ ਹੋ ਰਿਹਾ ਹੈ ਉਹ ਚੰਗਿਆਂ ਮਨੁੱਖਾਂ ਕਰਕੇ ਹੀ ਹੋਇਆ ਹੈ। ਜੇ ਹਿਟਲਰ, ਚੰਗੇਜ਼, ਔਰੰਗਜੇਬ ਅਤੇ ਸੂਬਾ ਸਰਹੰਦ ਵਰਗੇ ਪਾਪੀ ਦੁਸ਼ਟ ਤੇ ਅੰਗ੍ਰੇਜ਼ ਅਡਵਾਇਰ ਨਾ ਹੁੰਦੇ ਤਾਂ ਮਨੁੱਖ ਦਾ ਇੰਜ ਘਾਣ ਨਾ ਹੁੰਦਾ। ਵਰਤਮਾਨ ਸਮਾਜ ਵਿਚ ਵੀ ਅਜੇ ਤੱਕ ਦੁਸ਼ਟ, ਪਾਪੀ ਲੋਕ ਵਿਚਰਕ ਹਨ, ਭਾਵ ਮਨੁੱਖੀ ਭਾਵਨਾਵਾਂ, ਜਜ਼ਬਾਤ, ਨੈਤਿਕਤਾ ਤੇ ਜ਼ਮੀਰ ਤੋਂ ਸਖਣੇ ਹਨ। ਜਿਵੇਂ ਇੰਦਰਾ ਗਾਂਧੀ ਵਲੋਂ ਹਰਿਮੰਦਰ ਸਾਹਿਬ 'ਤੇ ਕੀਤਾ ਹਮਲਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਅਤੇ ਇਵੇਂ ਹੀ ਗੁਜਰਾਤ ਵਿਚ ਵੀ ਅਣਮਨੁੱਖੀ ਘਟਨਾਵਾਂ ਵੀ ਇਸ ਗੱਲ ਦੀਆਂ ਪ੍ਰਤੀਕ ਹਨ।

ਗੁਰੂ ਜੀ ਦੇ ਬੱਚਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਨਾਲ ਵੀ ਜਿਹੜਾ ਅਣਮਨੁੱਖੀ, ਅਕਹਿ ਤੇ ਅਸਹਿ ਅਤਿਆਚਾਰ ਹੋਇਆ, ਉਹ ਵੀ ਉਪਰੋਕਤ ਦੁਸ਼ਟ ਪਾਪੀ ਭਾਵਨਾਵਾਂ, ਜਜ਼ਬਾਤ, ਜਮੀਰ ਤੇ ਨੈਤਿਕਤਾ ਤੋਂ ਸਖਣੇ ਬੰਦਿਆਂ ਦਾ ਹੀ ਕਾਰਾ ਸੀ। ਬਦ ਤੇ ਨੇਕ ਅਤੇ ਬਦੀ ਤੇ ਨੇਕੀ ਵਿਚਕਾਰ ਆਰੰਭ ਤੋਂ ਹੀ ਸੰਘਰਸ਼ ਚਲਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਦੀ ਵੀ ਬਦੀ ਤੇ ਨੇਕੀ ਦੀ ਟੱਕਰ ਸੀ। ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਨਾਲ ਤਾਂ ਜਿਹੜਾ ਜੁਲਮ ਹੋਇਆ ਉਹ ਵਹਿਸ਼ੀਆਨਾ ਪ੍ਰਵਿਰਤੀ ਵਾਲੇ ਲੋਕਾਂ ਵਲੋਂ ਹੀ ਹੋਇਆ। ਪਰ ਰਣਜੀਤ ਸਿੰਘ ਦੇ ਵਾਰਸਾਂ ਨਾਲ ਤਾਂ ਆਪਣਿਆਂ ਨੇ ਧ੍ਰੋਹ ਕਮਾਇਆ, ਭਾਵ ਗੱਦਾਰੀਆਂ ਕੀਤੀਆਂ। ਅਕ੍ਰਿਤਘਣ ਨਿਕਲੇ ਅਜਿਹੇ ਲੋਕ ਦੁਸ਼ਟ ਲੋਕਾਂ ਨਾਲੋਂ ਵੀ ਮਾੜੇ ਹੁੰਦੇ ਹਨ ਕਿਉਂਕਿ ਦੁਸ਼ਟ ਸਾਹਮਣੇ ਵਾਰ ਕਰਦਾ ਹੈ ਅਤੇ ਅਕ੍ਰਿਤਘਣ, ਗੱਦਾਰ ਖੁਦਗਰਜ ਛੁਪ ਕੇ ਵਾਰ ਕਰਦਾ ਹੈ। ਕਸ਼ਮੀਰ ਦੇ ਡੋਗਰੇ ਭਰਾ ਗੁਲਾਬ ਸਿੰਘ ਤੇ ਧਿਆਨ ਸਿੰਘ ਗੱਦਾਰੀ ਨਾ ਕਰਦੇ ਤਾਂ ਪੰਜਾਬ ਦਾ ਇਤਿਹਾਸ, ਸਮਾਜ ਤੇ ਸਿੱਖ ਕੌਮ ਦੀ ਦਸ਼ਾ ਕੁਝ ਹੋਰ ਹੀ ਹੁੰਦੀ। ਇਸੇ ਤਰ੍ਹਾਂ ਹੀ ਜੇ ਔਰੰਗਜੇਬ ਦੁਸ਼ਟ, ਜਾਲਮ ਭਾਵਨਾਵਾਂ, ਜਮੀਰ, ਤੇ ਨੈਤਿਕਤਾ ਤੋਂ ਸੱਖਣਾ, ਗੁਰੂ ਜੀ ਨਾਲ ਧੋਖਾ ਨਾ ਕਰਦਾ, ਆਪਣੇ ਵਾਅਦਿਆਂ ਤੋਂ ਨਾ ਮੁਕਰਦਾ ਤਾਂ ਗੁਰੂ ਜੀ ਦੇ ਬੱਚਿਆਂ ਨਾਲ ਅਜਿਹਾ ਨਾ ਹੁੰਦਾ ਅਤੇ ਗੁਰੂ ਜੀ ਦਾ ਪਰਿਵਾਰ ਖੇਰੂੰ ਖੇਰੂੰ ਨਾ ਹੁੰਦਾ। ਪਾਪੀ ਗੰਗੂ ਵੀ ਮਾਤਾ ਗੁਜਰੀ ਜੀ ਤੇ ਬੱਚਿਆਂ ਨਾਲ ਧੋਖਾ ਨਾ ਕਰਦਾ ਤੇ ਅੱਜ ਹੋ ਸਕਦਾ ਹੈ ਕਿ ਸਿੱਖ ਕੌਮ ਦੁਨੀਆਂ ਤੇ ਰਾਜ ਕਰਦੀ। ਇਹ ਸਭ ਕੁਝ ਬੀਤੇ ਸਮੇਂ ਦੀਆਂ ਗੱਲਾਂ ਹਨ ਪਰ ਅੱਜ ਵੀ ਅਜਿਹਾ ਹੋ ਰਿਹਾ ਹੈ।

84 ਦੇ ਘਲੂਘਾਰੇ ਵਿਚ ਕੀ ਹੋਇਆ ਅਤੇ ਕੌਮ ਦੇ ਰਹਿਬਰ ਜਰਨੈਲ ਸਿੰਘ ਭਿੰਡਰਾਂਵਾਲੇ ਸ਼ਹੀਦ ਹੋਏ ਅਤੇ ਪੰਜਾਬ ਦੇ ਹਜਾਰਾਂ ਨੌਜਵਾਨ ਮੌਤ ਦੇ ਘਾਟ ਉਤਾਰ ਦਿੱਤੇ ਗਏ। ਬਾਕੀ ਰਹਿੰਦੀ ਕੌਮ ਨਸ਼ਿਆਂ ਦੇ ਦਰਿਆ ਵਿਚ ਗੋਤੇ ਖਾ ਰਹੀ ਹੈ। ਅੱਜ ਵੀ ਸਿੱਖ ਕੌਮ ਵਿਚ ਹੀ ਗੱਦਾਰ ਛੁਪ ਕੇ ਬੈਠੇ ਹਨ। ਸਿੱਖ ਕੌਮ ਦਾ ਬੁਰਾ ਸਿੱਖ ਹੀ ਕਰੀ ਜਾਂਦੇ ਹਨ। ਅੱਜ ਦਾ ਪਦਾਰਥਵਾਦੀ ਸਿੱਖ ਗੁਰੂਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਭੁੱਲ ਰਿਹਾ ਹੈ ਅਤੇ ਉਨ੍ਹਾਂ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਨੂੰ ਮੰਨਣੋਂ ਇਨਕਾਰੀ ਹੋ ਰਿਹੈ। ਭੇਖੀ ਜੀਵਨ ਗੁਜਾਰਦਾ ਹੈ। ਕਹਿਣੀ ਤੇ ਕਰਨੀ ਇਕ ਨਹੀਂ। ਇਹ ਸਭ ਕੁਝ ਭੂਤਕਾਲ ਵਿਚ ਹੋਇਆ ਜਾਂ ਵਰਤਮਾਨ ਵਿਚ ਹੋ ਰਿਹਾ ਹੈ, ਹੁੰਦਾ ਹੀ ਰਹੇਗਾ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਵਹਿਸ਼ੀਪੁਣੇ ਦੀ ਖਿਚੀ ਹੋਈ ਲਕੀਰ ਮਿਟ ਨਹੀਂ ਜਾਂਦੀ, ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ। ਪਰ ਇਹ ਹੈ ਬੜਾ ਕਠਿਨ।

ਫਰਿਸ਼ਤੋਂ ਸੇ ਬਿਹਤਰ ਹੈ
ਇਨਸਾਨ ਬਣਨਾ
ਮਗਰ ਇਸ ਮੇਂ ਲਗਤੀ ਹੈ
ਮਿਹਨਤ ਜ਼ਿਆਦਾ।

# ਕਹਾਣੀ




ਖਾਣਾ ਖਾ ਚੁੱਕਣ ਪਿੱਛੋਂ ਉਹ ਰੋਸ਼ਨੀ ਵਿਚ ਜਗਮਗਾਂਦੇ ਡਾਈਨਿੰਗ ਰੂਮ ਵਿਚੋਂ ਬਾਹਰ ਨਿਕਲੇ ਅਤੇ ਡੈਕ 'ਤੇ ਆ ਜੰਗਲੇ ਨਾਲ ਢੋਹ ਲਾ ਕੇ ਖੜੋ ਗਏ। ਕੁੜੀ ਨੇ ਅੱਖਾਂ ਮੀਟ ਲਈਆਂ। ਆਪਣੇ ਹੱਥ ਦੇ ਪੁੱਠੇ ਪਾਸੇ ਨਾਲ ਗੱਲ੍ਹ ਨੂੰ ਘੁੱਟਿਆ ਤੇ ਕੁਦਰਤੀ ਅੰਦਾਜ਼ ਵਿਚ ਹੱਸੀ। ਸੱਚ-ਮੁੱਚ ਹੀ ਇਹ ਨਿੱਕੀ ਜਿਹੀ ਕੁੜੀ ਹਰ ਪੱਖੋਂ ਖੂਬਸੂਰਤ ਸੀ। ਫਿਰ ਬੋਲੀ-''ਏਸ ਵੇਲੇ ਮੈਂ ਪੂਰੇ ਲੋਰ 'ਚ ਹਾਂ...ਮੈਨੂੰ ਜਿਵੇਂ ਕੋਈ ਹੋਸ਼ ਹੀ ਨਹੀਂ ਰਿਹਾ। ਤੂੰ ਕਿਧਰੋਂ ਬਹੁੜ ਪਿਆ। ਹੁਣੇ ਤਿੰਨ ਘੰਟੇ ਪਹਿਲੋਂ ਤੇਰਾ ਏਥੇ ਹੋਣ ਦਾ ਕੋਈ ਅਹਿਸਾਸ ਹੀ ਜਿਵੇਂ ਨਹੀਂ ਸੀ। ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਤੂੰ ਕਿੱਥੋਂ ਬੋਰਡ 'ਤੇ ਆਇਆ ਸੈਂ। ਕਿਤੇ ਸਮਾਰੇ ਤੋਂ ਤਾਂ ਨਹੀਂ ਚੜ੍ਹਿਆ? ਖ਼ੈਰ ਛੱਡ ਇਸ ਗੱਲ ਨੂੰ...ਸੱਚੀ, ਮੇਰਾ ਸਿਰ ਘੁੰਮ ਰਿਹਾ ਹੈ। ਕਿਤੇ ਆਪਣਾ ਸਟੀਮਰ ਤਾਂ ਮੋੜ ਨਹੀਂ ਕੱਟ ਰਿਹਾ?''

ਉਨ੍ਹਾਂ ਅੱਗੇ ਹਨੇਰਾ ਸੀ ਤੇ ਰੌਸ਼ਨੀਆਂ ਵੀ। ਉਸ ਹਨੇਰੇ ਵਿਚੋਂ ਦੀ ਵਗਦੀ ਠੰਢੀ, ਤੇਜ਼ ਹਵਾ ਉਨ੍ਹਾਂ ਦੇ ਚਿਹਰਿਆਂ ਨੂੰ ਮਹਿਸੂਸ ਹੁੰਦੀ ਸੀ, ਜਦ ਕਿ ਰੌਸ਼ਨੀਆਂ ਉਨ੍ਹਾਂ ਦੇ ਪਿੱਛੇ ਤਿਲਕ ਆਈਆਂ ਸਨ। ਵੋਲਗਾ ਦੇ ਪਾਣੀ ਨਾਲ ਕਲੋਲਾਂ ਕਰਦੇ ਸਟੀਮਰ ਨੇ ਤੇਜ਼ੀ ਨਾਲ ਮੋੜ ਕੱਟਿਆ ਤੇ ਉਹ ਛੋਟੇ ਜਿਹੇ ਘਾਟ ਵਲ ਨੂੰ ਵਧਿਆ।

ਲੈਫ਼ਟੀਨੈਂਟ ਉਸ ਦਾ ਹੱਥ ਫੜ ਕੇ ਚੁੰਮਣ ਨੂੰ ਬਹੁੜਿਆ। ਇਸ ਨਿੱਕੇ ਪਰ ਤਕੜੇ ਹੱਥ ਵਿਚੋਂ ਧੁੱਪ ਨਾਲ ਸਾਂਵਲੇ ਹੋ ਜਾਣ ਦੀ ਗੰਧ ਆਈ। ਲੈਫਟੀਨੈਂਟ ਦਾ ਦਿਲ ਇਹ ਸੋਚ ਕੇ, ਕਿ ਏਸ ਵੇਲੇ ਹਲਕੀ ਲਿਨਨ ਦੀ ਪੁਸ਼ਾਕ ਵਿਚ ਉਸ ਔਰਤ ਦਾ ਸਰੀਰ ਮਹੀਨਾ ਭਰ ਦੱਖਣੀ ਸਮੁੰਦਰ ਦੇ ਕਿਨਾਰੇ ਦੀ ਤੱਤੀ ਰੇਤ ਉੱਤੇ ਲਿਟ ਕੇ, ਧੁੱਪਾਂ ਸੇਕ-ਸੇਕ ਕੇ ਕਿੰਨਾ ਗਠ ਪੱਕ ਗਿਆ ਹੋਣਾ ਹੈ, ਇੱਕੋ ਵੇਲੇ ਵਿਸਮਾਦ ਤੇ ਦਰ ਨਾਲ ਲਰਜ਼ ਜਿਹਾ ਗਿਆ। (ਇਸ ਬਾਰੇ ਕੁੜੀ ਨੇ ਖ਼ੁਦ ਹੀ ਦੱਸਿਆ ਸੀ ਕਿ ਉਹ ਅਨਾਪੂ ਤੋਂ ਆਈ ਸੀ)

''ਏਥੋਂ ਚੱਲੀਏ ਹੁਣ'' ਲੈਫਟੀਨੈਂਟ ਨੇ ਹੌਲੀ ਦੇਣੇ ਕਿਹਾ।

''ਕਿੱਥੇ?'' ਕੁੜੀ ਨੇ ਹੈਰਾਨੀ ਜਿਹੀ ਨਾਲ ਪੁੱਛਿਆ।

''ਏਧਰ, ਉਸ ਘਾਟ ਵਲ।''

''ਕਿਉਂ?''

ਉਹ ਚੁੱਪ ਸੀ। ਕੁੜੀ ਨੇ ਫਿਰ ਹੱਥ ਦੇ ਪੁੱਠੇ ਪਾਸੇ ਨਾਲ ਆਪਣੀ ਤੱਤੀ ਗੱਲ੍ਹ ਨੂੰ ਘੁੱਟ ਲਿਆ।

''ਤੂੰ ਤਾਂ ਪਾਗਲ ਏਂ...''

''ਬੱਸ, ਏਥੋਂ ਚੱਲੀਏ, ਮੈਂ ਹੱਥ ਬੰਨ੍ਹਦਾਂ ਤੇਰੇ ਅੱਗੇ,'' ਉਸ ਨੇ ਕੁਝ ਉਦਾਸ ਭਾਵ ਨਾਲ ਕਿਹਾ।

''ਅੱਛਾ, ਜਿਵੇਂ ਤੇਰੀ ਮਰਜ਼ੀ,'' ਕੁੜੀ ਨੇ ਉਸ ਵਲ ਮੁੜ ਕੇ ਕਿਹਾ।

ਸਟੀਮਰ ਅੱਧ-ਚਾਨਣੇ ਘਾਟ ਨਾਲ ਹੌਲੀ ਜਿਹੇ ਟਕਰਾਇਆ। ਦੋਵੇਂ ਜਣੇ ਇਕ ਦੂਜੇ ਉੱਤੇ ਜਿਵੇਂ ਡਿੱਗ ਜਿਹੇ ਪਏ। ਉਨ੍ਹਾਂ ਦੇ ਸਿਰ ਉੱਤੇ ਦੀ ਵਗਾਹੇ ਹੋਏ ਰੱਸੇ ਦਾ ਸਿਰਾ ਉਡਦਾ ਹੋਇਆ ਲੰਘਿਆ। ਸਟੀਮਰ ਡੋਲਦਾ, ਘਿਸਰਦਾ ਕਿਨਾਰੇ ਲੱਗਿਆ। ਪਾਣੀ ਵਿਚ ਬੜੇ ਸ਼ੋਰ ਨਾਲ ਬੁਲਬੁਲੇ ਉੱਠਣ ਲੱਗੇ, ਪੌੜੀਆਂ ਦਾ ਖੜਾਕ ਹੋਇਆ ਤੇ ਲੈਫ਼ਟੀਨੈਂਟ ਸਾਮਾਨ ਚੁੱਕਣ ਦੇ ਆਹਰ ਵਿਚ ਹੋ ਗਿਆ।

ਹੁਣ ਉਹ ਘਾਟ ਦੇ ਛੋਟੇ ਜਿਹੇ ਧੁੰਦਲੇ ਸ਼ੈੱਡ ਹੇਠੋਂ ਦੀ ਲੰਘੇ ਤੇ ਘਾਟ ਤੋਂ ਬਾਹਰ ਆ ਰੇਤ ਵਿਚ ਗਿੱਟਿਆਂ ਤੱਕ ਗਡ ਗਏ। ਫਿਰ ਚੁੱਪ ਚਾਪ ਧੂੜ-ਅੱਟੀ ਗੱਡੀ ਵਿਚ ਬੈਠ ਗਏ। ਟੇਢੀ ਚੜ੍ਹਾਈ ਵਾਲੀ ਸੜਕ ਪੀਕ ਨਾਲ ਅੱਟੀ ਹੋਈ ਸੀ। ਆਸੇ ਪਾਸੇ ਟਾਵੀਆਂ-ਟਾਵੀਆਂ ਰੌਸ਼ਨੀਆਂ ਦੇ ਟੇਢੇ-ਤਿਰਛੇ ਖੰਭੇ ਦੂਰ-ਦੂਰ ਤੱਕ ਖੜ੍ਹੇ ਜਾਪਦੇ ਸਨ। ਅਖ਼ੀਰ ਉਹ ਸਿਰੇ ਅੱਪੜ ਗਏ। ਗੱਡੀ ਇੱਟਾਂ ਦੇ ਫਰਸ਼ ਵਾਲੀ ਗਲੀ ਵਿਚ ਖੜਕਣ ਲੱਗੀ। ਹੁਣ ਇਕ ਚੌਕ ਆ ਗਿਆ ਸੀ-ਕੁਝ ਦਫਤਰੀ ਇਮਾਰਤਾਂ, ਘੰਟਾ ਘਰ...ਇਕ ਪ੍ਰਾਂਤਿਕ ਕਸਬੇ ਵਿਚ ਗਰਮੀਆਂ ਦੀ ਰਾਤ ਦਾ ਨਿੱਘ ਤੇ ਹੁੰਮਸ...ਗੱਡੀ ਇਕ ਚਾਨਣੇ ਬੂਹੇ ਅੱਗੇ ਰੁਕੀ। ਖੁਲ੍ਹੇ ਦਰਵਾਜ਼ੇ ਵਿਚੋਂ ਦੀ ਸਿੱਧੀਆਂ ਲੱਕੜ ਦੀਆਂ ਪੌੜੀਆਂ ਸਾਫ਼ ਦਿਸਦੀਆਂ ਸਨ।

ਗੁਲਾਬੀ ਕਮੀਜ਼ ਤੇ ਲੁਬਾਦਾ ਪਹਿਨੇ ਤੇ ਵਧੀ ਹੋਈ ਦਾਹੜੀ ਵਾਲੇ ਬੁੱਢੇ ਨੌਕਰ ਨੇ ਝਿਜਕਦਿਆਂ ਹੋਇਆ ਉਨ੍ਹਾਂ ਦੇ ਬੈਗ ਫੜੇ ਤੇ ਥੱਕਿਆ ਜਿਹਾ ਵਾਪਿਸ ਮੁੜ ਗਿਆ। ਉਹ ਇਕ ਵੱਡੇ ਪਰ ਅੰਤਾਂ ਦੇ ਦਮਘੋਟੂ ਕਮਰੇ ਵਿਚ, ਜਿਸ ਵਿਚ ਅਜੇ ਵੀ ਦਿਨ ਦੀ ਹੁੰਮਸ ਸੀ, ਦਾਖ਼ਲ ਹੋਏ। ਬਾਰੀਆਂ 'ਤੇ ਸਫੈਦ ਪਰਦੇ ਲੱਗੇ ਹੋਏ ਸਨ ਤੇ ਸ਼ੀਸ਼ੇ ਵਾਲੀ ਮੈਂਟਲਪੀਸ ਉੱਤੇ ਦੋ ਅਣਲੱਗੀਆਂ ਮੋਮਬੱਤੀਆਂ ਪਈਆਂ ਸਨ। ਅਜੇ ਉਹ ਕਮਰੇ ਅੰਦਰ ਦਾਖਲ ਹੀ ਹੋਏ ਸਨ ਕਿ ਬੁੱਢਾ ਬੂਹਾ ਬੰਦ ਕਰ ਕੇ ਚਲਾ ਗਿਆ। ਲੈਫਟੀਨੈਂਟ ਬੜੀ ਬੇਸਬਰੀ ਨਾਲ ਉਸ ਕੁੜੀ ਉੱਤੇ ਝੁਕ ਗਿਆ। ਦੋਵੇਂ ਕੁਝ ਅਜਿਹੀ ਬਿਹਬਲਤਾ ਨਾਲ ਇੱਕ-ਦੂਜੇ ਨੂੰ ਵੇਖਣ ਲੱਗੇ। ਇਹ ਪਲ ਉਨ੍ਹਾਂ ਦੀ ਯਾਦ ਦਾ ਸਦੀਵੀ ਅੰਗ ਬਣ ਗਿਆ। ਇਸ ਤੋਂ ਪਹਿਲਾਂ ਦੋਵਾਂ ਨੂੰ ਹੀ ਕਦੇ ਅਜਿਹਾ ਅਨੁਭਵ ਨਹੀਂ ਹੋਇਆ ਸੀ।

ਅਗਲੀ ਨਿੱਘੀ ਤੇ ਧੁਪੀਲੀ ਸਵੇਰ ਕੋਈ ਦਸ ਵਜੇ, ਜਦੋਂ ਗਿਰਜੇ ਦੀਆਂ ਘੰਟੀਆਂ ਦੀ ਆਵਾਜ਼ ਮਾਹੌਲ ਵਿਚ ਗੂੰਜ ਪੈਦਾ ਕਰ ਰਹੀ ਸੀ, ਜਦੋਂ ਹੋਟਲ ਦੇ ਸਾਹਮਣੇ ਦੀ ਮਾਰਕਿਟ ਵਿਚ ਸ਼ੋਰਮਈ ਰੌਣਕ ਹੋ ਗਈ ਸੀ, ਜਦੋਂ ਘਾਹ ਤੇ ਤਾਰਕੋਲ ਦੀ ਅਜਿਹੀ ਰਲੀ ਮਲੀ ਗੰਧ ਆ ਰਹੀ ਸੀ ਜਿਹੜੀ ਰੂਸ ਦੇ ਹਰ ਦਿਹਾਤੀ ਕਸਬੇ ਦਾ ਖਾਸਾ ਹੈ ਤਾਂ ਉਹ ਬੇਨਾਮ ਨਿੱਕੀ ਕੁੜੀ, (ਬੇਨਾਮ ਇਸ ਲਈ ਕਿ ਉਸ ਲੈਫਟੀਨੈਂਟ ਨੂੰ ਆਪਣਾ ਨਾਂ ਨਹੀਂ ਦੱਸਿਆ ਸੀ ਤੇ ਮਖ਼ੌਲ ਨਾਲ ਕਿਹਾ ਸੀ ਕਿ ਉਹ ਉਸਨੂੰ ਇਕ ਖੂਬਸੂਰਤ ਅਜਨਬੀ ਕਹਿ ਲਵੇ) ਉਸਨੂੰ ਛੱਡ ਮੁੜ ਆਪਣੇ ਰਾਹ ਪੈ ਗਈ ਸੀ। ਉਹ ਬਹੁਤ ਥੋੜ੍ਹੇ ਚਿਰ ਲਈ ਸੁੱਤੇ ਸਨ ਪਰ ਜਦੋਂ ਬਿਸਤਰੇ ਦੇ ਲਾਗਲੇ ਪਰਦੇ ਪਿੱਛਿਉ ਉਹ ਪੰਜਾਂ ਮਿੰਟਾਂ ਵਿਚ ਹੀ ਨ੍ਹਾਤੀ-ਧੋਤੀ, ਪਹਿਨੀ-ਪੱਚਰੀ ਬਾਹਰ ਆਈ ਸੀ ਤਾਂ ਸਤਾਰ੍ਹਾਂ ਵਰ੍ਹਿਆਂ ਦੀ ਕੁੜੀ ਵਾਂਗ ਲਵੀ-ਲਵੀ ਲਗਦੀ ਸੀ। ਕੀ ਉਹ ਕੁਝ ਪ੍ਰੇਸ਼ਾਨ ਸੀ? ਨਹੀਂ, ਬਹੁਤ ਘੱਟ। ਉਹ ਤਾਂ ਸਗੋਂ ਪਹਿਲਾਂ ਵਾਂਗ ਹੀ ਸਾਦਾ, ਖੁਸ਼ ਤੇ ਬਿਲਕੁਲ ਸਾਧਾਰਣ ਲਗਦੀ ਸੀ। ਹੁਣੇ ਜੋ ਲੈਫਟੀਨੈਂਟ ਨੇ ਉਸ ਨੂੰ ਇਕੱਠੇ ਚੱਲਣ ਬਾਰੇ ਕਿਹਾ ਸੀ, ਦਾ ਹੁੰਗਾਰਾ ਦਿੰਦਿਆਂ ਉਸ ਕਿਹਾ ਸੀ, ''ਨਹੀਂ, ਇੰਜ ਨਹੀਂ। ਤੂੰ ਪਿਛਲੇ ਸਟੀਮਰ ਵਿਚ ਆਈਂ। ਜੇ ਅਸੀਂ ਇਕੱਠੇ ਗਏ ਤਾਂ ਸਭ ਚੌੜ ਹੋ ਜਾਣਾ ਏਂ, ਤੇ ਮੈਨੂੰ ਇਹ ਪਸੰਦ ਨਹੀਂ। ਮੇਰੇ 'ਤੇ ਯਕੀਨ ਕਰ। ਮੈਂ ਬਿਲਕੁਲ ਓਸ ਤਰ੍ਹਾਂ ਦੀ ਔਰਤ ਨਹੀਂ ਜਿਸ ਤਰ੍ਹਾਂ ਦੀ ਔਰਤ ਬਾਰੇ ਤੂੰ ਸੋਚਿਆ ਹੋਣਾ ਹੈ। ਜੋ ਕੁਝ ਅੱਜ ਇੱਥੇ ਵਾਪਰਿਆ ਹੈ ਅਜਿਹਾ ਨਾ ਪਹਿਲਾਂ ਕਦੇ ਵਾਪਰਿਆ ਹੈ ਤੇ ਨਾ ਅਗਾਂਹ ਨੂੰ ਵਾਪਰਨਾ ਹੈ। ਇਹ ਉਵੇਂ ਹੋਇਆ ਏ ਜਿਵੇਂ ਮੈਨੂੰ ਗ੍ਰਹਿਣ ਲੱਗ ਗਿਆ ਹੋਵੇ...ਜਾਂ ਜਿਵੇਂ ਅਸੀਂ ਦੋਵਾਂ ਨੇ ਹੀ ਸਨਸਟ੍ਰੋਕ ਜਿਹਾ ਕੁਝ ਮਹਿਸੂਸ ਕੀਤਾ ਹੋਵੇ।''

ਲੈਫਟੀਨੈਂਟ ਦਾ ਹੁੰਗਾਰਾ ਮਨ ਉੱਤੇ ਬੋਝ ਪਾਉਣ ਵਾਲਾ ਨਹੀਂ ਸੀ। ਉਹ ਖੁਸ਼ੀ-ਖੁਸ਼ੀ ਉਸਨੂੰ ਘਾਟ ਤੱਕ ਛੱਡਣ ਆਇਆ। ਜਦ ਪਹੁੰਚੇ ਤਾਂ ਸਟੀਮਰ ਤੁਰਨ ਹੀ ਵਾਲਾ ਸੀ ਤੇ ਉਸਨੇ ਸਭ ਦੇ ਸਾਹਮਣੇ ਹੀ ਕੁੜੀ ਨੂੰ ਡੈਕ ਉਤੇ ਹੀ ਗਲ ਨਾਲ ਲਾ ਲਿਆ। ਮੁਸ਼ਕਿਲ ਨਾਲ ਹੀ ਉਹ ਸਟੀਮਰ ਤੋਂ ਪਿਛੇ ਹਟ ਰਹੀਆਂ ਪੌੜੀਆਂ ਉਤੇ ਚੜ੍ਹ ਸਕਿਆ।

ਉਸੇ ਚਾਅ ਨਾਲ ਹੀ ਉਹ ਹੋਟਲ ਪਰਤਿਆ। ਫੇਰ ਵੀ ਕੁਝ ਤਬਦੀਲੀ ਵਾਪਰ ਗਈ ਸੀ। ਕੁੜੀ ਬਿਨਾ ਉਹ ਕਮਰਾ ਕੁਝ ਹੋਰ ਹੋਰ ਹੀ ਲਗਦਾ ਸੀ। ਇਹ ਅਜੇ ਵੀ ਉਸ ਬੇਨਾਮ ਕੁੜੀ ਨਾਲ ਭਰਿਆ-ਭਰਿਆ ਵੀ ਸੀ ਤੇ ਸੱਖਣਾ ਵੀ। ਇਹ ਸੱਚ ਮੁੱਚ ਅਜਨਬੀ ਗੱਲ ਸੀ।

ਕਮਰੇ ਵਿਚੋਂ ਅਜੇ ਵੀ ਕੁੜੀ ਦੀ ਅੰਗ੍ਰੇਜ਼ੀ ਕੋਲੋਨ ਦੀ ਸੁਗੰਧ ਆਉਂਦੀ ਸੀ। ਉਸ ਦਾ ਜੂਠਾ ਤੇ ਅੱਧਾ-ਭਰਿਆ ਗਿਲਾਸ ਉਵੇਂ ਟ੍ਰੇ ਵਿਚ ਪਿਆ ਸੀ ਪਰ ਉਹ ਉਥੇ ਨਹੀਂ ਸੀ...ਤੇ ਲੈਫਟੀਨੈਂਟ ਦਾ ਦਿਲ ਇਕ ਅਜੀਬ ਨਾਜ਼ੁਕਤਾ ਦੀ ਲਰਜ਼ਸ਼ ਮਹਿਸੂਸ ਕਰ ਰਿਹਾ ਸੀ। ਉਹ ਝੱਟ ਪੱਟ ਸਿਗਰਟ ਪੀਣ ਨੂੰ ਅਹੁੜਿਆ ਤੇ ਫਿਰ ਛਟੀ ਨਾਲ ਆਪਣੇ ਬੂਟ ਨੂੰ ਠਕੋਰਦਾ ਕਮਰੇ ਵਿਚ ਏਧਰ-ਉਧਰ ਘੁੰਮਣ ਲੱਗਾ।

''ਵਾਕਿਆ ਹੀ ਅਜੀਬ ਮੁਲਾਕਾਤ ਸੀ ਇਹ!'' ਉਸਨੇ ਹਸਦਿਆਂ ਹੋਇਆਂ ਉੱਚੀ ਦੇਣੇ ਕਿਹਾ, ਭਾਵੇਂ ਏਸ ਵੇਲੇ ਆਪਣੀਆਂ ਅੱਖਾਂ ਵਿਚਲੀ ਸੇਜਲ ਤੋਂ ਵੀ ਉਹ ਚੇਤੰਨ ਸੀ। ''ਮੇਰੇ ਤੇ ਯਕੀਨ ਕਰ, ਮੈਂ ਬਿਲਕੁਲ ਉਹੋ ਜਿਹੀ ਔਰਤ ਨਹੀਂ ਜਿਸ ਤਰ੍ਹਾਂ ਦੀ ਔਰਤ ਬਾਰੇ ਤੂੰ ਸੋਚਿਆ ਹੋਣਾ ਹੈ...ਤੇ ਹੁਣ ਉਹ ਚਲੀ ਗਈ....ਉੱਕਾ ਹੀ ਇਕ ਬੇ ਤੁਕੀ ਮੁਟਿਆਰ।''

ਉਸ ਪਰਦਾ ਇਕ ਪਾਸੇ ਨੂੰ ਖਿਸਕਾ ਦਿੱਤਾ ਪਰ ਅਜੇ ਬਿਸਤਰਾ ਨਹੀਂ ਸੀ ਵਿਛਾਇਆ। ਉਸਨੂੰ ਮਹਿਸੂਸ ਹੋਇਆ ਕਿ ਪਤਾ ਨਹੀਂ ਕਿਉਂ ਉਸਦਾ ਬਿਸਤਰੇ ਵਲ ਤੱਕਣ ਦਾ ਵੀ ਹੀਆ ਨਹੀਂ ਪੈਂਦਾ। ਉਸ ਮੁੜ ਪਰਦਾ ਖਿੱਚ ਦਿੱਤਾ ਤੇ ਮਾਰਕਿਟ ਦੇ ਸ਼ੋਰ ਤੇ ਗੱਡੀਆਂ ਦੇ ਪਹੀਆਂ ਦੇ ਘਿੜ ਘਿੜ ਕਰਨ ਦੀ ਆਵਾਜ਼ ਤੋਂ ਬਚਣ ਲਈ ਖਿੜਕੀ ਬੰਦ ਕਰ ਦਿੱਤੀ। ਫਿਰ ਚਿੱਟੇ ਰੰਗ ਦੇ ਪਾਟੇ ਪਰਦਿਆਂ ਨੂੰ ਹੇਠਾਂ ਕਰ ਕੇ ਦੀਵਾਨ ਉੱਤੇ ਬੈਠ ਗਿਆ...''ਠੀਕ, ਇਸ ਅਚਾਨਕ-ਮੇਲ ਦਾ ਇਹੋ ਅੰਤ ਹੋਣਾ ਸੀ।'' ਉਹ ਜਾ ਚੁੱਕੀ ਸੀ, ਉਸ ਤੋਂ ਦੂਰ, ਬਹੁਤ ਦੂਰ! ਏਸ ਵੇਲੇ ਉਹ ਸ਼ੀਸ਼ੇ ਦੀਆਂ ਚਮਕਦੀਆਂ ਬਾਰੀਆਂ ਵਾਲੇ ਕੈਬਿਨ ਵਿਚ ਬੈਠੀ ਹੋਵੇਗੀ, ਜਾਂ ਡੈੱਕ ਉੱਤੇ ਖੜ੍ਹੀ ਧੁੱਪ ਵਿਚ ਲਿਸ਼ਕਦੇ ਦਰਿਆ ਦੇ ਪਾਣੀ ਕੋਲੋਂ ਦੀ ਲੰਘਦੇ ਸਟੀਮਰ, ਪੀਲੀ ਰੇਤ ਵਾਲੇ ਕਿਨਾਰਿਆਂ, ਵੋਲਗਾ ਦੀ ਅਮਿਣਵੀਂ ਲੰਬਾਈ ਉੱਤੇ ਦੂਰ ਪਾਣੀ ਤੇ ਆਕਾਸ਼ ਦੀ ਦੁਮੇਲ ਨੂੰ ਬੜੀ ਨੀਝ ਨਾਲ ਦੇਖ ਰਹੀ ਹੋਵੇਗੀ...। ਅੱਛਾ ਅਲਵਿਦਾ, ਸਦਾ ਲਈ। ਸ਼ਾਇਦ, ਅਨੰਤ ਕਾਲ ਲਈ...ਭਲਾ, ਹੁਣ ਉਹ ਮੁੜ ਮਿਲ ਵੀ ਕਿਵੇਂ ਸਕਦੇ ਸਨ। ਫਿਰ ਉਸ ਆਪਣੇ ਆਪ ਨੂੰ ਹੀ ਕਿਹਾ ''ਘੱਟੋ-ਘੱਟ ਕਿਸੇ ਕਾਰਨ ਮੈਂ ਵੀ ਤਾਂ ਉਸ ਸ਼ਹਿਰ ਨਹੀਂ ਜਾ ਸਕਦਾ ਜਿੱਥੇ ਉਸ ਦਾ ਪਤੀ, ਤਿੰਨਾਂ ਵਰ੍ਹਿਆਂ ਦੀ ਉਹਦੀ ਧੀ ਤੇ ਉਸਦਾ ਸਾਰਾ ਪਰਿਵਾਰ ਰਹਿੰਦਾ ਹੈ, ਜਿੱਥੇ ਉਹ ਆਪਣਾ ਹਰ ਰੋਜ਼ ਦਾ ਜੀਵਨ ਗੁਜ਼ਾਰਦੀ ਹੈ।'' ਤੇ ਬਿੰਦ ਦੀ ਬਿੰਦ ਉਹ ਸ਼ਹਿਰ ਉਸਨੂੰ ਇਕ ਅਸਾਧਾਰਨ ਤੇ ਵਰਜਿਤ ਸ਼ਹਿਰ ਜਾਪਿਆ ਜਿੱਥੇ ਉਹ ਆਪਣਾ ਲੰਬਾ ਤਨਹਾ ਜੀਵਨ ਗੁਜ਼ਾਰੇਗੀ। ਸ਼ਾਇਦ, ਲਗਾਤਾਰ ਉਸ ਦੀ ਯਾਦ ਵਿਚ, ਉਨ੍ਹਾਂ ਪਲਾਂ ਦੀ ਯਾਦ ਵਿਚ ਜਿਨ੍ਹਾਂ ਵਿਚ ਉਨ੍ਹਾਂ ਦਾ ਇਹ ਸੰਜੋਗੀ ਪਰ ਥੁੜ-ਚਿਰਾ ਮੇਲ ਹੋਇਆ ਸੀ। ਹੁਣ ਉਹ ਉਸ ਨੂੰ ਕਦੀ ਵੀ ਨਹੀਂ ਮਿਲ ਸਕੇਗਾ। ਇਹ ਖ਼ਿਆਲ ਆਉਂਦਿਆਂ ਹੀ ਉਹ ਜਿਵੇਂ ਮਰ ਜਿਹਾ ਗਿਆ, ਉੱਕੀ ਹੀ ਸਾਹ ਸੱਤ ਹੀਣ। ਨਹੀਂ, ਇੰਜ ਨਹੀਂ ਹੋ ਸਕਦਾ। ਇਹ ਸਭ ਬੇਤੁਕਾ, ਅਣਹੋਣਾ ਸੀ। ਇਸ 'ਤੇ ਇਤਬਾਰ ਨਹੀਂ ਕੀਤਾ ਜਾ ਸਕਦਾ ਸੀ। ਉਸਨੇ ਏਨਾ ਦਰਦ, ਆਪਣੇ ਜਿਉਂਦੇ ਰਹਿਣ ਦੀ ਏਨੀ ਨਿਰਾਰਥਕਤਾ ਮਹਿਸੂਸ ਕੀਤੀ ਕਿ ਉਹ ਜਿਵੇਂ ਇਕ ਅਸੀਮ ਭੈਅ ਤੇ ਨਿਰਾਸ਼ਤਾ ਹੇਠ ਦੱਬਿਆ ਗਿਆ।

''ਸ਼ੈਤਾਨ ਕਿਤੋਂ ਦੀ,'' ਉਸ ਸੋਚਿਆ। ਤੇ ਪਰਦੇ ਪਿੱਛੇ ਬਿਸਤਰੇ ਉੱਤੇ ਵਾਪਰ ਚੁੱਕੀ ਘਟਨਾ ਤੋਂ ਧਿਆਨ ਹਟਾਉਣ ਲਈ ਕਮਰੇ ਵਿਚ ਏਧਰ-ਓਧਰ ਘੁੰਮਣ ਲੱਗਾ। ''ਮੈਨੂੰ ਹੋ ਕੀ ਗਿਆ ਸੀ? ਕਿਸ ਨੂੰ ਪਤਾ ਸੀ ਕਿ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਏਥੇ..ਯਾ..ਏਥੇ ਹੀ ਉਸ ਨਾਲ...ਉਸ ਨਾਲ ਕੀ, ਉਸ ਨਾਲ ਅਸਲ ਵਿਚ ਕੀਤਾ ਕੀ ਸੀ ਮੈਂ? ਸੱਚ ਮੁੱਚ ਹੀ, ਇਹ ਇੰਜ ਹੀ ਲੱਗਦਾ ਹੈ ਜਿਵੇਂ ਇਹ ਸਨਸਟ੍ਰੋਕ ਹੋਵੇ। ਪਰ ਅਸਲ ਗੱਲ ਤਾਂ ਇਹ ਵੇ ਕਿ ਮੈਂ ਏਸ ਓਪਰੀ, ਤਨਹਾ ਥਾਂ 'ਤੇ ਓਹਦੇ ਬਿਨਾ ਸਾਰਾ ਦਿਨ ਇਕੱਲਾ ਕਿਵੇਂ ਕੱਟਾਂਗਾ?'' ਉਸਨੂੰ ਏਸ ਘੜੀ ਉਸਦਾ ਸਭ ਕੁਝ ਇਨ ਬਿਨ ਯਾਦ ਹੋ ਆਇਆ, ਉਸਦੇ ਆਂਤ੍ਰਿਕ ਗੁਣ, ਧੁੱਪ ਦੇ ਸੇਕ ਨਾਲ ਪੱਕੇ ਪਿੰਡੇ ਦੀ ਮਹਿਕ, ਲਿਨਨ ਦੇ ਕੱਪੜੇ, ਪੱਕਾ-ਪੀਡਾ ਸਰੀਰ, ਉਸ ਆਵਾਜ਼ ਵਿਚਲੀ ਤਾਜ਼ਗੀ, ਸਾਦਾਪਣ ਤੇ ਖੂਬਸੂਰਤੀ...ਔਰਤ ਦੇ ਔਰਤਪੁਣੇ ਦੀ ਖੂਬਸੂਰਤੀ ਭਾਵੇਂ ਆਪਣੇ ਜੀਵਨ ਵਿਚ ਉਸਨੇ ਕਾਫੀ ਪਛੜ ਕੇ ਹੀ ਮਾਣੀ ਸੀ ਪਰ ਇਸ ਦੀ ਰਉਂ ਅਜੇ ਵੀ ਉਸਦੇ ਮਨ ਉੱਤੇ ਭਾਰੂ ਸੀ। ਫੇਰ ਵੀ ਏਸ ਵੇਲੇ ਜੋ ਉਸਦੇ ਦਿਮਾਗ ਵਿਚ ਸੀ ਉਹ ਅਸਲੋਂ ਹੀ ਇਕ ਨਵੀਂ ਰਉਂ ਸੀ...ਇਕ ਅਜਿਹੀ ਅਨੋਖੀ ਤੇ ਅਬੁੱਝ ਰਉਂ ਜਿਸ ਦੀ ਉਦੋਂ ਵੀ ਕੋਈ ਹੋਂਦ ਨਹੀਂ ਸੀ ਜਦੋਂ ਉਹ ਇਕੱਠੇ ਸਨ, ਤੇ ਜਿਸਦਾ ਅਜੇ ਕੱਲ੍ਹ ਉਸਨੂੰ ਚਿੱਤ-ਚੇਤਾ ਵੀ ਨਹੀਂ ਸੀ ਜਦੋਂ ਕਿ ਉਸਨੇ ਉਸਦੇ ਆਪਣੇ ਸੋਚਣ ਅਨੁਸਾਰ ਕੇਵਲ ਤਫਰੀਹ ਲਈ ਇਹ ਨਵੀਂ ਸਾਂਝ ਬਣਾਈ ਸੀ ਤੇ ਜਿਸ ਬਾਰੇ ਹੁਣ ਉਹ ਕਦੀ ਕਿਸੇ ਕੋਲ ਵੀ ਕੋਈ ਗੱਲ ਵੀ ਨਹੀਂ ਕਰ ਸਕਦਾ ਸੀ, ਕਦੀ ਵੀ ਨਹੀਂ।

''ਹਾਂ, ਸਭ ਤੋਂ ਅਹਿਮ ਗੱਲ ਇਹ ਹੈ ਕਿ ਤੂੰ ਕਦੇ ਵੀ ਕਿਸੇ ਕੋਲ ਇਸ ਦਾ ਜ਼ਿਕਰ ਨਹੀਂ ਕਰ ਸਕੇਂਗਾ,'' ਕਿੰਨੀ ਹੀ ਦੇਰ ਤੱਕ ਉਹ ਇਹੋ ਹੀ ਸੋਚਦਾ ਰਿਹਾ। ਤੇ ਕੋਈ ਕੁਝ ਵੀ ਕਰੇ ਪਰ ਇਨ੍ਹਾਂ ਯਾਦਾਂ, ਇਸ ਅਸਹਿ ਦਰਦ, ਇਸ ਟੂਣੇਹਾਰੇ ਨਿੱਕੇ ਕਸਬੇ ਵਿਚ ਜਿਹੜਾ ਵੋਲਗਾ ਦੇ ਉਸ ਕੰਢੇ 'ਤੇ ਵਸਿਆ ਹੋਇਆ ਹੈ ਜਿਸ ਦੇ ਪਾਣੀਆਂ 'ਤੇ ਉਹ ਗੁਲਾਬੀ ਰੰਗਾ ਸਟੀਮਰ ਉਸ ਦੀ ਉਸ ਨੂੰ ਕਿਤੇ ਦੂਰ ਲੈ ਗਿਆ ਹੈ, ਆਪਣਾ ਇਹ ਨਾ ਮੁੱਕਣ ਵਾਲਾ ਦਿਨ ਕਿਵੇਂ ਕੱਟੇ!''

ਇਸ ਸਭ ਕੁਝ ਤੋਂ ਬਚਣ ਲਈ, ਕਿਸੇ ਹੋਰ ਚੀਜ਼ ਵਲ ਆਪਣੇ ਮਨ ਨੂੰ ਲਾਈ ਰੱਖਣ ਲਈ, ਕਿਧਰੇ ਮਨ ਪਰਚਾਣ ਲਈ ਉਸ ਦਾ ਏਥੋਂ ਕਿਤੇ ਨਾ ਕਿਤੇ ਹੋਰ ਜਾਣਾ ਜ਼ਰੂਰੀ ਹੋ ਗਿਆ ਸੀ। ਉਸਨੇ ਇਕ ਇਰਾਦਾ ਕਰਕੇ ਟੋਪੀ ਸਿਰ ਉੱਤੇ ਰੱਖੀ, ਜੁਰਕੇ ਨਾਲ ਕਦਮ ਪੁੱਟੇ, ਜੁੱਤੀ ਹੇਠਲੀਆਂ ਮੇਖਾਂ ਚਿਰਕੀਆਂ। ਖਾਲੀ ਬਰਾਮਦਿਆਂ ਵਿਚੋਂ ਦੀ ਹੁੰਦਾ ਹੋਇਆ ਕਾਹਲੀ-ਕਾਹਲੀ ਪੌੜੀਆਂ ਉਤਰ ਕੇ ਬਾਹਰਲੇ ਬੂਹੇ ਵਲ ਨੂੰ ਵਧਿਆ...ਪਰ ਜਾਵੇ ਕਿੱਥੇ? ਬਾਹਰਲੇ ਬੂਹੇ ਕੋਲ ਇਕ ਚੁਸਤ ਦਿਹਾਤੀ ਪੁਸ਼ਾਕ ਵਿਚ ਇਕ ਗੱਭਰੂ ਗੱਡੀ ਵਾਲਾ ਆਪਣੀ ਰਉਂ ਵਿਚ ਬੈਠਾ ਸਿਗਾਰ ਪੀ ਰਿਹਾ ਸੀ।

ਜ਼ਾਹਿਰ ਹੈ ਕਿ ਉਹ ਕਿਸੇ ਸਵਾਰੀ ਦੀ ਹੀ ਉਡੀਕ ਕਰ ਰਿਹਾ ਸੀ। ਲੈਫਟੀਨੈਂਟ ਨੇ ਉਸ ਵਲ ਕੁਝ ਹੈਰਾਨਕੁਨ ਪ੍ਰੇਸ਼ਾਨੀ ਜਿਹੀ ਨਾਲ ਦੇਖਿਆ, ਭਲਾ ਇਹ ਕਿਵੇਂ ਹੋ ਸਕਦਾ ਸੀ ਕਿ ਕੋਈ ਕਿਰਾਏ ਦੀ ਗੱਡੀ ਵਾਹੁਣ ਵਾਲਾ ਹੋਵੇ ਪਰ ਚੁੱਪ-ਚਾਪ, ਉੱਕਾ ਹੀ ਓਪਰੀ ਤੇ ਬੇਨਿਆਜ਼ੀ ਜਿਹੀ ਵਿਚ ਬੈਠਾ ਸਿਗਰਟ ਪੀਵੀ ਜਾ ਰਿਹਾ ਹੋਵੇ, ਜਿਵੇਂ ਉਸਨੂੰ ਕਿਸੇ ਸਵਾਰੀ ਦੀ ਕੋਈ ਉਡੀਕ ਹੀ ਨਾ ਹੋਵੇ। ''ਸ਼ਾਇਦ ਮੈਂ ਇਕੱਲਾ ਹੀ ਇਸ ਭਰੇ ਸ਼ਹਿਰ ਵਿਚ ਉਦਾਸ ਹਾਂ,'' ਉਸਨੇ ਗੱਡੀ ਵਾਲੇ ਤੋਂ ਧਿਆਨ ਹਟਾ ਬਾਜ਼ਾਰ ਵਲ ਮੁੜਦਿਆਂ ਸੋਚਿਆ।

ਬਾਜ਼ਾਰ ਬੰਦ ਹੋ ਰਿਹਾ ਸੀ। ਅਣ ਮੰਨੇ ਜਿਹੇ ਉਹ ਤਾਜ਼ੀ ਰਹੂ ਦੀਆਂ ਭਰੀਆਂ ਗੱਡੀਆਂ, ਕੱਕੜੀਆਂ ਨਾਲ ਭਰੇ ਗੱਡਿਆਂ, ਤੇ ਉਨ੍ਹਾਂ ਭਾਂਡੇ ਵੇਚਣ ਵਾਲੀਆਂ ਦੇ ਵਿਚਕਾਰੋਂ ਦੀ ਅੜ੍ਹਕਦਾ ਜਿਹਾ ਲੰਘਿਆ, ਜਿਨ੍ਹਾਂ ਵਿਚ ਆਪਣੇ-ਆਪਣੇ ਭਾਂਡਿਆਂ ਵਲ ਉਸਦਾ ਧਿਆਨ ਖਿੱਚਣ ਲਈ ਜਿਵੇਂ ਕੋਈ ਹੋੜ ਲੱਗੀ ਹੋਈ ਸੀ। ਉਹ ਜ਼ਨਾਨੀਆਂ ਆਪਣੇ ਆਪਣੇ ਭਾਂਡਿਆਂ ਦੀ ਪਕਿਆਈ ਦੱਸਣ ਲਈ ਵਾਰ ਵਾਰ ਉਂਗਲਾਂ ਨਾਲ ਭਾਂਡਿਆਂ ਨੂੰ ਠਕੋਰਦੀਆਂ ਸਨ। ਉਧਰ ਉਸਦੇ ਕੰਨੀ ਕਿਸਾਨਾਂ ਦੀਆਂ ਆਵਾਜ਼ਾਂ ਪੈ ਰਹੀਆਂ ਸਨ...''ਵਧੀਆ ਕੱਕੜੀਆਂ ਖਾਓ, ਤੇ ਯਾਦ ਕਰੋ!'' ਉਸ ਨੂੰ ਇਹ ਸਭ ਕੁਝ ਇੰਨਾ ਫਜ਼ੂਲ ਤੇ ਵਾਹਯਾਤ ਜਾਪਿਆ ਕਿ ਉਹ ਉਥੋਂ ਕਾਹਲੀ ਕਾਹਲੀ ਤੁਰ ਗਿਆ। ਚਰਚ ਵਿਚ ਗਿਆ ਤਾਂ ਪ੍ਰਾਰਥਨਾ ਹੋ ਰਹੀ ਸੀ। ਪ੍ਰਾਰਥਨਾ ਏਨੀ ਸਪੱਸ਼ਟ, ਖੂਬਸੂਰਤ ਤੇ ਨਿਹਚੇ ਨਾਲ ਕੀਤੀ ਜਾ ਰਹੀ ਸੀ ਜਿਵੇਂ ਪ੍ਰਾਰਥਨਾ ਕਰਨ ਵਾਲੇ ਸੱਚਮੁੱਚ ਆਪਣਾ ਫਰਜ਼ ਨਿਭਾਉਣ ਬਾਰੇ ਚੇਤੰਨ ਹੋਣ। ਉਹ ਏਥੋਂ ਵੀ ਤੁਰ ਗਿਆ ਤੇ ਗਲੀਆਂ ਵਿਚੋਂ ਦੀ ਹੁੰਦਾ ਹੋਇਆ, ਅੰਤਾਂ ਦੀ ਧੁੱਪ ਵਿਚ, ਪਹਾੜੀ ਢਲਵਾਨ ਦੇ ਨਾਲ ਨਾਲ ਇੱਕ ਸੁੰਨੇ ਜਿਹੇ ਬਾਗ ਦੁਆਲੇ ਫਿਰਦਾ ਫਿਰਦਾ ਦੂਰ ਤੱਕ ਚਮਕਦੇ ਫੌਲਾਦ ਵਾਂਗ ਲਿਸ਼ਕਦੇ ਦਰਿਆ ਨੂੰ ਦੇਖਦਾ ਰਿਹਾ। ਉਸਦੇ ਮੋਢਿਆਂ ਦੇ ਸਟਾਰ ਤੇ ਚਿੱਟੀ ਠੰਢੀ ਵਰਦੀ ਦੇ ਬਟਨ ਏਨੇ ਤਪ ਗਏ ਸਨ ਕਿ ਉਨ੍ਹਾਂ ਨੂੰ ਹੱਥ ਤੱਕ ਨਹੀਂ ਸੀ ਲਗਦਾ। ਉਸ ਦੀ ਟੋਪੀ ਅੰਦਰਲਾ ਕੱਪੜਾ ਮੁੜ੍ਹ ਕੇ ਨਾਲ ਭਿੱਜ ਕੇ ਗੱਚ ਹੋ ਗਿਆ ਸੀ, ਤੇ ਚਿਹਰੇ ਦਾ ਰੰਗ ਲਾਲ ਸੂਹਾ...।

ਹੋਟਲ ਵਿਚ ਮੁੜਨ 'ਤੇ ਉਸ ਵੱਡੇ ਪਰ ਸੱਖਣੇ ਡਾਈਨਿੰਗ ਹਾਲ ਵਿਚ ਆ ਕੇ ਸੁਖ ਦਾ ਸਾਹ ਲਿਆ। ਟੋਪੀ ਲਾਹ ਕੇ ਉਹ ਹਵਾ ਲੈਣ ਲਈ (ਭਾਵੇਂ ਤੱਤੀ ਹੀ ਸਹੀ) ਇਕ ਖਿੜਕੀ ਕੋਲ ਲੱਗੇ ਨਿੱਕੇ ਜਿਹੇ ਮੇਜ਼ ਨਾਲ ਲੱਗੀ ਕੁਰਸੀ 'ਤੇ ਬੈਠ ਗਿਆ, ਤੇ ਪਾਲਕ ਦੇ ਠੰਢੇ ਸੂਪ ਦਾ ਆਰਡਰ ਦਿੱਤਾ। ਏਥੇ ਸਭ ਕੁਝ ਖੂਬਸੂਰਤ ਸੀ, ਅੰਤਾਂ ਦੀ ਖੁਸ਼ੀ, ਏਥੋਂ ਤੱਕ ਕਿ ਬਾਜ਼ਾਰ ਦੀ ਹੁੰਮਸ ਤੇ ਕਥਿੱਤ ਗੰਦਗੀ ਵਿਚ, ਇਸ ਸਾਰੇ ਦੇ ਸਾਰੇ ਅਜਨਬੀ ਸ਼ਹਿਰ ਵਿਚ, ਇਸ ਹੋਟਲ ਵਿਚ ਜਿੱਥੇ ਕਿ ਉਹ ਇਸ ਵੇਲੇ ਬੈਠਾ ਸੀ, ਵੀ ਇਕ ਅਨੰਦ ਦੀ ਰਉਂ ਸੀ ਪਰ ਇਸ ਮਾਹੌਲ ਵਿਚ ਵੀ ਉਸ ਦਾ ਦਿਲ ਜਿਵੇਂ ਖਿੰਡ ਰਿਹਾ ਸੀ।...ਉਸ ਨੇ ਇੱਕੋ ਸਾਹ ਵੋਦਕਾ ਦੀਆਂ ਕਈ ਘੁੱਟਾਂ ਚਾੜ੍ਹ ਲਈਆਂ ਤੇ ਕੱਕੜੀਆਂ ਦੇ ਅਚਾਰ ਦਾ ਹਲਕਾ ਨਾਸ਼ਤਾ ਕੀਤਾ। ਮੈਂ ਨਿਰਸੰਦੇਹ ਕੱਲ੍ਹ ਨੂੰ ਮਰ ਜਾਵਾਂਗਾ', ਉਸਨੇ ਮਹਿਸੂਸ ਕੀਤਾ, ਪਰ ਜੇ ਕਿਤੇ ਸਬੱਬ ਨਾਲ ਉਹ ਮੁੜ ਆਉਂਦੀ ਤੇ ਮੈਂ ਅੱਜ ਦਾ ਸਾਰਾ ਦਿਨ, ਕੇਵਲ ਇਹੋ ਦਿਨ ਉਸ ਨਾਲ ਗੁਜ਼ਾਰ ਸਕਦਾ। ਉਸਨੂੰ ਆਪਣੀ ਦਰਦ ਭਰੀ ਪਰ ਅਤਿ ਖੂਬਸੂਰਤ ਮੁਹੱਬਤ ਬਾਰੇ ਦੱਸ ਸਕਦਾ, ਬਲਕਿ ਸਾਬਤ ਕਰ ਸਕਦਾ, ਤੇ ਉਸਨੂੰ ਆਪਣੀ ਮੁਹੱਬਤ ਦਾ ਕਾਇਲ ਕਰ ਸਕਦਾ...ਪਰ ਕਿਉਂ? ਸਾਬਤ ਕਰਨ ਦੀ ਕੀ ਲੋੜ ਏ ਤੇ ਉਸਨੂੰ ਕਾਇਲ ਕਰਨ ਦੀ ਵੀ ਕੀ? ਇਸ 'ਕਿਉਂ' ਦਾ ਉੱਤਰ ਉਸਨੂੰ ਨਹੀਂ ਸੀ ਆਉਂਦਾ ਪਰ ਉਂਜ ਏਸ ਵੇਲੇ ਇਹ ਸਭ ਕੁਝ ਉਸਨੂੰ ਆਪਣੀ ਜ਼ਿੰਦਗੀ ਨਾਲੋਂ ਵੀ ਵਧੇਰੇ ਜ਼ਰੂਰੀ ਜਾਪਦਾ ਸੀ। ਵੋਦਕਾ ਦਾ ਪੰਜਵਾਂ ਜਾਮ ਪੀਂਦਿਆਂ ਉਸ ਸੋਚਿਆ- 'ਮੇਰੀਆਂ ਨਸਾਂ ਹੀ ਮੇਰੇ ਨਾਲ ਅਠਖੇਲੀਆਂ ਕਰ ਰਹੀਆਂ ਨੇ।'

ਉਸਨੇ ਵੋਦਕਾ ਦੀ ਉਹ ਨਿੱਕੀ ਜਿਹੀ ਮੀਨਾ ਖਤਮ ਕਰ ਦਿੱਤੀ, ਇਸ ਆਸ ਨਾਲ ਕਿ ਨਸ਼ੇ ਵਿਚ ਸਭ ਕੁਝ ਉਸਨੂੰ ਭੁੱਲ ਜਾਏਗਾ, ਉਸ ਦਾ ਇਹ ਦਰਦ ਭਰਿਆ ਉਨਮਾਦ ਖ਼ਤਮ ਹੋ ਜਾਏਗਾ, ਪਰ ਇੰਜ ਹੋਇਆ ਨਾ, ਉਸ ਦੀ ਪੀੜ ਸਗੋਂ ਹੋਰ ਵੀ ਗ਼ਹਿਰੀ ਹੋ ਗਈ।

ਫਿਰ ਉਸਨੇ ਪਾਲਕ ਦੀ ਠੰਢੀ ਤਰੀ ਨੂੰ ਪਰ੍ਹਾਂ ਕਰਦਿਆਂ ਕਾਲੀ ਕਾਫੀ ਲਿਆਉਣ ਲਈ ਕਿਹਾ। ਸਿਗਰਟ ਸੁਲਗਾ ਕੇ ਇਸ ਅਣਚਾਹੀ ਤੇ ਅਚਾਨਕ ਹੋਈ ਮੁਹੱਬਤ ਤੋਂ ਮੁਕਤ ਹੋਣ ਲਈ ਕੋਈ ਹੋਰ ਢੰਗ ਸੋਚਣ ਦਾ ਇਰਾਦਾ ਕੀਤਾ। ਪਰ ਅਜਿਹਾ ਹੋ ਨਹੀਂ ਸੀ ਸਕਦਾ-ਇਹ ਉਹ ਖੁਦ ਵੀ ਭਲੀ ਭਾਂਤ ਮਹਿਸੂਸ ਕਰਦਾ ਸੀ। ਅਚਾਨਕ ਉਹ ਉੱਠਿਆ। ਟੋਪੀ ਤੇ ਛਟੀ ਚੁੱਕੀ ਤੇ ਡਾਕਖਾਨੇ ਦਾ ਪਤਾ ਪੁੱਛ ਓਧਰ ਨੂੰ ਤੁਰ ਪਿਆ। ਰਾਹ ਵਿਚ ਉਸ ਦੇ ਮਨ ਵਿਚ ਤਾਰ ਦਾ ਮਜ਼ਮੂਨ ਘੁੰਮਦਾ ਰਿਹਾ- 'ਅੱਜ ਤੋਂ ਮੇਰੀ ਜ਼ਿੰਦਗੀ ਮੇਰੀ ਨਹੀਂ, ਤੇਰੀ ਹੈ, ਜਿਵੇਂ ਚਾਹੇਂ ਇਸਨੂੰ ਵਰਤ ਲਈਂ!' ਡਾਕਖਾਨੇ ਦੀਆਂ ਉੱਚੀਆਂ-ਚੌੜੀਆਂ ਕੰਧਾਂ ਵਾਲੀ ਇਮਾਰਤ ਕੋਲ ਪੁੱਜ ਕੇ ਉਹ ਜਿਵੇਂ ਦਹਿਲ ਜਿਹਾ ਗਿਆ। ਉਸਨੂੰ ਉਸਦੇ ਸ਼ਹਿਰ ਦਾ ਪਤਾ ਸੀ, ਇਹ ਵੀ ਪਤਾ ਸੀ ਕਿ ਉੱਥੇ ਉਸ ਦਾ ਪਤੀ ਹੈ। ਤਿੰਨਾ ਵਰ੍ਹਿਆਂ ਦੀ ਉਹਦੀ ਧੀ ਵੀ। ਪਰ ਉਸ ਦਾ ਨਾਂ, ਉਪ ਨਾਂ? ਬੀਤੀ ਸ਼ਾਮ ਕਿੰਨੀ ਹੀ ਵਾਰ ਉਸਨੇ ਉਸ ਦਾ ਨਾਂ-ਪਤਾ ਪੁੱਛਿਆ ਸੀ ਪਰ ਉਹ ਹਰ ਵਾਰ ਹੱਸ ਕੇ ਆਖ ਦਿੰਦੀ ਸੀ- ''ਭਲਾ ਇਹ ਜਾਨਣਾ ਕੀ ਜ਼ਰੂਰੀ ਹੈ ਕਿ ਮੈਂ ਕੌਣ ਹਾਂ? ਕੋਈ ਵੀ ਹੋ ਸਕਦੀ ਹਾਂ...ਮਾਰੀਆ ਗਰੀਨ, ਪਰੀਆਂ ਦੀ ਰਾਣੀ ਜਾਂ ਸਿਰਫ ਇਕ 'ਖੂਬਸੂਰਤ ਅਜਨਬੀ'...ਕੀ ਏਨਾ ਹੀ ਕਾਫੀ ਨਹੀਂ ਤੇਰੇ ਲਈ?''

ਡਾਕਖ਼ਾਨੇ ਦੇ ਲਾਗੇ ਹੀ ਕੋਨੇ ਵਿਚ ਇਕ ਤਸਵੀਰਾਂ ਵਾਲਾ

ਸ਼ੋਅਕੇਸ ਸੀ। ਉਹ ਕਿੰਨਾ ਹੀ ਚਿਰ ਇਕ ਕੱਦਾਵਰ ਫੌਜੀ ਦੀ ਤਸਵੀਰ ਵਲ ਵਿੰਹਦਾ ਰਿਹਾ। ਉੱਭਰੀਆਂ ਅੱਖਾਂ, ਮੱਥਾ ਰਤਾ ਕੁ ਡੂੰਘਾ, ਵੱਡੀਆਂ, ਭਾਰੀ ਮੁੱਛਾਂ, ਚੌੜੀ ਛਾਤੀ ਸਾਰੀ ਦੀ ਸਾਰੀ ਤਮਗਿਆਂ ਨਾਲ ਭਰੀ ਹੋਈ...ਕਿੰਨਾ ਊਟ ਪਟਾਂਗ ਤੇ ਹਾਸੋਹੀਣਾ, ਕਿੰਨੀ ਡਰਾਉਣੀ ਸਾਧਾਰਣਤਾ ਸੀ ਇਸ ਸਭ ਕੁਝ ਵਿਚ। ਇਹ ਸ਼ਾਇਦ ਇਸ ਕਰਕੇ ਸੀ ਕਿ ਉਸਦਾ ਆਪਣਾ ਦਿਲ, ਥੋੜ੍ਹਾ ਚਿਰ ਪਹਿਲੋਂ ਮਹਿਸੂਸ ਕੀਤੇ 'ਸਨਸਟ੍ਰੋਕ', ਅਤਿ ਦੀ ਮੁਹੱਬਤ ਤੇ ਅਤਿ ਦੀ ਖੁਸ਼ੀ ਹੱਥੋਂ ਹਾਰ ਚੁੱਕਾ ਸੀ। ਦੂਜੀ ਤਸਵੀਰ ਕਿਸੇ ਸੱਜ ਵਿਆਹੇ ਜੋੜੇ ਦੀ ਸੀ। ਗੱਭਰੂ ਨੇ ਲੰਮਾ ਫਰਾਕ ਕੋਟ ਤੇ ਚਿੱਟੀ ਨਕਟਾਈ ਪਹਿਨੀ ਹੋਈ ਸੀ। ਉਸਦੇ ਵਾਲ ਝਾਹੇ ਵਰਗੇ ਸਨ, ਉਤਾਂਹ ਨੂੰ ਖੜ੍ਹੇ ਹੋਏ ਤੇ ਉਸਦੀ ਬਾਂਹ ਤੇ ਝੁਕੀ ਵਿਆਹੁਣੇ ਲਿਬਾਸ ਵਾਲੀ ਕੁੜੀ...ਪਰ ਉਸਨੇ ਉਧਰੋਂ ਧਿਆਨ ਹਟਾ ਇਕ ਹੋਰ ਤਸਵੀਰ ਉਤੇ ਨਿਗ੍ਹਾ ਟਿਕਾਈ-ਤਸਵੀਰ ਵਿਚਲੀ ਕੁੜੀ ਬਣਦੀ ਤਣਦੀ ਤੇ ਚੰਚਲ ਸੀ, ਸਿਰ ਤੇ ਵਿਦਿਆਰਥੀਆਂ ਵਾਲੀ ਟੋਪੀ, ਕੁੜੀ ਟੇਢੀ ਖੜ੍ਹੀ ਸੀ।...ਫਿਰ ਇਨ੍ਹਾਂ ਸਾਰੇ ਅਜਨਬੀਆਂ ਨਾਲ ਅਜਨਬੀ ਜਿਨ੍ਹਾਂ ਨੂੰ ਕੋਈ ਗਮ ਫਿਕਰ ਨਹੀਂ ਸੀ, ਈਰਖਾ ਜਿਹੀ ਕਰਦਿਆਂ ਉਸ ਉਧਰੋਂ ਆਪਣਾ ਧਿਆਨ ਹਟਾ ਕੇ ਹੇਠਾਂ ਵਲ ਇਕ ਟੱਕ ਦੇਖਣਾ ਸ਼ੁਰੂ ਕਰ ਦਿੱਤਾ।

"ਕਿੱਥੇ ਜਾਵਾਂ? ਕੀ ਕਰਾਂ?" ਇੱਕ ਨਾ ਹੱਲ ਹੋਣ ਵਾਲੇ ਬੋਝਲ ਸਵਾਲ ਨੇ ਉਸ ਦੇ ਮਨ ਤੇ ਰੂਹ ਨੂੰ ਜਿਵੇਂ ਦੱਬ ਜਿਹਾ ਲਿਆ।

ਸੁੰਨੀ ਗਲੀ, ਘਰ ਇੱਕੋ ਜਿਹੇ ਕਲੀ-ਕੀਤੇ ਦੁਮੰਜ਼ਿਲੇ, ਮੱਧਵਰਗੀ, ਖੁੱਲ੍ਹੇ-ਖੁੱਲ੍ਹੇ ਬਾਗ। ਇੰਜ ਲਗਦਾ ਸੀ ਜਿਵੇਂ ਏਥੇ ਕੋਈ ਵੱਸਦਾ ਹੀ ਨਹੀਂ ਸੀ। ਫੁੱਟਪਾਥਾਂ ਉਤੇ ਧੂੜ ਜੰਮੀ ਹੋਈ ਸੀ, ਇਹ ਸਭ ਕੁਝ ਚੁੰਧਿਆ ਦੇਣ ਵਾਲਾ ਸੀ। ਹਰ ਚੀਜ਼ ਤਪਦੀ, ਅਨੰਦਦਾਇਕ ਪਰ ਵਿਅਰਥ ਜਾਪਦੀ ਧੁੱਪ ਨਾਲ ਗੜੁੱਚ ਸੀ। ਦੂਰ ਪਰ੍ਹਾਂ ਗਲੀ ਜਿਵੇਂ ਕੁੱਬੀ ਤੇ ਦੱਬੀ ਜਿਹੀ ਉਤਾਂਹ ਉਠ ਰਹੀ ਸੀ। ਭੂਰੇ ਰੰਗ ਦੀ ਦੁਮੇਲ ਤੋਂ ਨੀਲੀ ਭਾਅ ਮਾਰਦੀ ਸੀ। ਇਸ ਵਿਚ ਕੁਝ ਅਜਿਹਾ ਜ਼ਰੂਰ ਸੀ ਜਿਸ ਤੋਂ ਦੱਖਣੀ ਇਲਾਕਿਆਂ ਸਬਸਤਾਪੋਲ, ਕਰਚ...ਅਨਾਪੂ ਆਦਿ ਯਾਦ ਆਉਂਦਾ ਸੀ। ਅਨਾਪੂ ਦੀ ਯਾਦ ਤਾਂ ਅਸਲੋਂ ਹੀ ਉਸ ਲਈ ਅਸਹਿ ਸੀ। ਤੇ ਲੈਫਟੀਨੈਂਟ ਨੇ ਰੌਸ਼ਨੀ ਵਲੋਂ ਨਜ਼ਰ ਮੋੜ ਕੇ ਹੇਠਾਂ ਧਰਤੀ ਵਲ ਨਜ਼ਰਾਂ ਗੱਡ ਦਿੱਤੀਆਂ ਤੇ ਫਿਰ ਲੜਖੜਾਂਦਿਆਂ ਹੋਇਆਂ ਤੇਜ਼ੀ ਨਾਲ ਆਪਣੀਆਂ ਪੈੜਾਂ ਦਾ ਪਿੱਛਾ ਕੀਤਾ।

ਉਹ ਇੰਜ ਥੱਕ ਟੁੱਟ ਕੇ ਹੋਟਲ ਪਰਤਿਆ, ਜਿਵੇਂ ਉਹ ਤੁਰਕਿਸਤਾਨ ਜਾਂ ਸਹਾਰਾ ਦਾ ਕੋਈ ਲੰਬਾ ਪੈਂਡਾ ਤੈਅ ਕਰ ਕੇ ਆਇਆ ਹੋਵੇ। ਬਚੀ-ਖੁਚੀ ਤਾਕਤ ਜੋੜ ਕੇ ਉਹ ਆਪਣੇ ਵੱਡੇ ਸਾਰੇ ਪਰ ਸੁੰਨੇ ਪਏ ਕਮਰੇ ਵਿਚ ਆਇਆ। ਕਮਰਾ ਸਾਫ ਕਰ ਦਿੱਤਾ ਗਿਆ ਸੀ। ਉਸ 'ਅਜਨਬੀ' ਦੇ ਆਖਰੀ ਚਿੰਨ੍ਹ ਮਿਟਾ ਦਿੱਤੇ ਗਏ ਸਨ। ਸਿਰਫ ਉਸ ਦੀ ਵਾਲਾਂ ਦੀ ਸੂਈ, ਜੋ ਉਹ ਭੁੱਲ ਗਈ ਸੀ, ਬਿਸਤਰੇ ਲਾਗਲੇ ਮੇਜ਼ ਉੱਤੇ ਪਈ ਸੀ। ਉਸ ਜਾਕਟ ਉਤਾਰ ਕੇ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੇਖਿਆ-ਇਕ ਸਾਧਾਰਨ ਅਫਸਰ ਦਾ ਚਿਹਰਾ, ਧੁੱਪ ਨਾਲ ਸਾਂਵਲਾ ਹੋਇਆ, ਧੁੱਪ ਨਾਲ ਹੀ ਚਿੱਟੀਆਂ ਹੋਈਆਂ ਮੁੱਛਾਂ, ਨੀਲੀਆਂ-ਚਮਕੀਲੀਆਂ ਅੱਖਾਂ ਜੋ ਧੁੱਪ ਨਾਲ ਸਾਂਵਲੇ ਹੋਏ ਚਿਹਰੇ ਉੱਤੇ ਕੁਝ ਵਧੇਰੇ ਚਮਕੀਲੀਆਂ ਜਾਪਦੀਆਂ ਸਨ, ਹੁਣ ਉਦਾਸ ਤੇ ਪ੍ਰੇਸ਼ਾਨ ਸਨ। ਉਸ ਦੀ ਮਾਵੇ ਨਾਲ ਆਕੜੇ ਹੋਏ ਕਾਲਰਾਂ ਵਾਲੀ ਕਮੀਜ਼ ਹੇਠਾਂ ਉਸਦੀ ਦੇਹ ਸੁਡੌਲ ਹੋਣ ਦੇ ਬਾਵਜੂਦ ਵੀ ਅੰਤਾਂ ਦੀ ਗਮਗੀਨ ਸੀ। ਉਸਨੇ ਆਪਣੇ ਧੂੜ-ਅੱਟੇ ਬੂਟ ਲਾਹੇ ਤੇ ਅਲਮਾਰੀ ਵਿਚ ਰੱਖ ਦਿੱਤੇ। ਫਿਰ ਪਿੱਠ ਪਰਨੇ ਮੰਜੇ 'ਤੇ ਲੇਟ ਗਿਆ। ਤਾਕੀਆਂ ਖੁੱਲ੍ਹੀਆਂ ਸਨ ਉਂਜ ਪਰਦੇ ਕੀਤੇ ਹੋਏ ਸਨ। ਸਮੇਂ-ਸਮੇਂ ਉਨ੍ਹਾਂ ਰਾਹੀਂ ਹਲਕੀ ਹਵਾ ਅੰਦਰ ਆਉਂਦੀ ਤੇ ਕਮਰੇ ਵਿਚ ਤਪਦੀਆਂ ਛੱਤਾਂ ਦੀ ਮਹਿਕ ਤੇ ਏਸ ਵੇਲੇ ਵੋਲਗਾ ਦੀ ਸੁੰਨੀ, ਸ਼ਾਂਤ ਤੇ ਲੋਕ ਰਹਿਤ ਦੁਨੀਆਂ ਦਾ ਉਹ ਸਭ ਕੁਝ ਜੋ ਰੌਸ਼ਨ ਸੀ, ਕਮਰੇ ਵਿਚ ਭਰ ਜਾਂਦੀ। ਉਹ ਕੂਹਣੀ ਉਤੇ ਸਿਰ ਰੱਖ ਕੇ ਉਪਰ ਦੇਖਣ ਲੱਗਾ। ਉਸਦੇ ਮਨ ਵਿਚ ਏਸ ਵੇਲੇ ਦੂਰ ਦੱਖਣ, ਉਥੋਂ ਦਾ ਸੂਰਜ, ਸਮੁੰਦਰ ਤੇ ਅਨਾਪੂ ਦੀ ਇੱਕ ਧੁੰਦਲੀ ਤਸਵੀਰ ਸੀ ਤੇ ਇਹ ਸਾਰਾ ਕੁਝ ਖਿਆਲੀ ਸੀ-ਜਿਵੇਂ ਕਿਤੇ ਉਹ ਸ਼ਹਿਰ, ਜਿੱਥੇ ਨੂੰ ਉਹ ਗਈ ਸੀ, ਜਿਥੇ ਉਹ ਹਰ ਹਾਲਤ ਪੁੱਜ ਚੁੱਕੀ ਹੋਵੇਗੀ, ਕਿਸੇ ਵੀ ਹੋਰ ਸ਼ਹਿਰ ਵਰਗਾ ਨਹੀਂ ਸੀ-ਇਹ ਸੋਚਦਿਆਂ ਹੀ ਉਸ ਬਹੁਤ ਤੀਬਰਤਾ ਨਾਲ ਮਹਿਸੂਸ ਕੀਤਾ, ਅੱਖਾਂ 'ਚ ਤੱਤੇ ਹੰਝੂ...ਤੇ ਫਿਰ ਉਹ ਸੌਂ ਗਿਆ। ਜਦੋਂ ਮੁੜ ਜਾਗਿਆ ਤਾਂ ਪਰਦਿਆਂ ਵਿਚੋਂ ਦੀ ਡੁੱਬ ਰਹੇ ਸੂਰਜ ਦੀ ਲਾਲੀ ਸਾਫ ਦਿਸਦੀ ਸੀ। ਹਵਾ ਬੰਦ ਹੋ ਚੁੱਕੀ ਸੀ ਤੇ ਕਮਰਾ ਮੁੜ ਦਮ ਘੋਟੂ ਤੇ ਨੀਰਸ ਹੋ ਗਿਆ ਸੀ ਜਿਵੇਂ ਪੌਣ ਭੱਠੀ ਵਿਚ ਹੁੰਦਾ ਹੈ।

...ਤੇ ਫਿਰ ਉਸ ਨੇ ਬੀਤੀ ਕੱਲ੍ਹ ਤੇ ਅੱਜ ਦੀ ਸਵੇਰ ਨੂੰ ਇੰਜ ਯਾਦ ਕੀਤਾ ਜਿਵੇਂ ਇਹ ਦਸ ਵਰ੍ਹੇ ਪਹਿਲਾਂ ਦੀ ਗੱਲ ਹੋਵੇ।

ਹੌਲੀ ਹੌਲੀ ਉਹ ਉੱਠਿਆ, ਹੌਲੀ-ਹੌਲੀ ਉਸ ਹੱਥ-ਮੂੰਹ ਧੋਤੇ ਤੇ ਫਿਰ ਪਰਦੇ ਖਿਸਕਾ ਕੇ ਨੌਕਰ ਨੂੰ ਬੁਲਾਉਣ ਲਈ ਘੰਟੀ ਮਾਰੀ ਤੇ ਨੌਕਰ ਨੂੰ ਸਮੋਵਾਰ ਲਿਔਣ ਲਈ ਕਿਹਾ, ਤੇ ਨਾਲ ਹੀ ਬਿੱਲ ਵੀ। ਤੇ ਫਿਰ ਬੜੀ ਦੇਰ ਤੱਕ ਨਿੰਬੂ ਵਾਲੀ ਚਾਹ ਪੀਂਦਾ ਰਿਹਾ। ਫਿਰ ਉਸਨੇ ਗੱਡੀ ਮੰਗਵਾਈ, ਸਾਮਾਨ ਬਾਹਰ ਕਢਵਾਇਆ ਤੇ ਗੱਡੀ ਦੀ ਤਪੀ ਹੋਈ ਸੀਟ ਉੱਤੇ ਬੈਠਦਿਆਂ ਨੌਕਰ ਨੂੰ ਟਿੱਪ ਵਜੋਂ ਪੰਜ ਰੂਬਲ ਦੇ ਦਿੱਤੇ।

"ਏਦਾਂ ਲਗਦੈ ਸਾਹਬ ਜਿਵੇਂ ਬੀਤੀ ਰਾਤ ਤੁਹਾਨੂੰ ਮੈਂ ਹੀ ਏਥੇ ਲੈ ਕੇ ਆਇਆ ਸਾਂ," ਗੱਡੀਵਾਲੇ ਨੇ ਲਗਾਮਾਂ ਸੰਭਾਲਦਿਆਂ ਜਿਵੇਂ ਚਾਅ ਜਿਹੇ ਨਾਲ ਆਖਿਆ।

ਜਦੋਂ ਉਹ ਘਾਟ 'ਤੇ ਪੁੱਜੇ ਤਾਂ ਅੱਗੇ ਪੈਣ ਵਾਲੀ ਗਰਮੀਆਂ ਦੀ ਨੀਲੀ ਰਾਤ ਦਾ ਹਨੇਰਾ ਵੋਲਰਮ ਉਤੇ ਪਸਰ ਚੁੱਕਾ ਸੀ। ਪਾਣੀ ਵਿਚ ਬਹੁਰੰਗੀਆਂ ਰਸ਼ਨੀਆਂ ਖਿੰਡਰੀਆਂ ਹੋਈਆਂ ਸਨ। ਕੁਝ ਰੌਸ਼ਨੀਆਂ ਉਨ੍ਹਾਂ ਵਲ ਆ ਰਹੀਆਂ ਸਨ ਜੋ ਘਾਟ ਵਲ ਆ ਰਹੇ ਸਟੀਮਰ ਦੇ ਮਸਤੂਲਾਂ ਉਤੇ ਲੱਗੀਆਂ ਹੋਈਆਂ ਸਨ।

"ਵਕਤ ਸਿਰ ਹੀ ਤੁਹਾਨੂੰ ਏਥੇ ਲੈ ਆਇਆ" ਗੱਡੀਵਾਲੇ ਨੇ ਅਪਣੱਤ ਜਿਹੀ ਨਾਲ ਕਿਹਾ। ਲੈਫਟੀਨੈਂਟ ਨੇ ਉਸਨੂੰ ਵੀ ਪੰਜ ਰੂਬਲ ਦਿੱਤੇ ਤੇ ਫਿਰ ਟਿਕਟ ਹੱਥ ਵਿਚ ਲੈ ਘਾਟ ਵਲ ਨੂੰ ਹੋ ਲਿਆ...ਅੱਜ ਵੀ ਕੱਲ੍ਹ ਵਾਂਗ ਹੀ ਲੰਗਰਾਂ ਦੀ ਕੂਲੀ ਜਿਹੀ ਆਵਾਜ਼ ਸੀ, ਸਟੀਮਰ ਦੇ ਡੋਲਣ ਨਾਲ ਹੇਠਲੇ ਪਾਣੀ ਦੀ ਸਰਸਰਾਹਟ ਸੀ, ਫੇਰ ਵਗਾਹੇ ਹੋਏ ਰੱਸੇ ਦਾ ਸਿਰਾ ਤੇ ਜ਼ਮੀਨ ਨਾਲ ਟਕਰਾਉਣ ਤੋਂ ਬਿਨਾ ਹੀ ਸਟੀਮਰ ਦੇ ਪਹੀਆਂ ਹੇਠਾਂ ਸਰਕਦੇ ਪਾਣੀ ਦਾ ਸ਼ੋਰ...ਉਸ ਤੋਂ ਅੱਗੇ ਸਵਾਰੀਆਂ ਨਾਲ ਲੱਦੇ ਤੇ ਰੌਸ਼ਨੀਆਂ ਨਾਲ ਚਮਕਦੇ ਸਟੀਮਰ ਦਾ ਦ੍ਰਿਸ਼ ਤੇ ਸਟੀਮਰ ਦੀਆਂ ਰਸੋਈਆਂ ਵਿਚੋਂ ਆ ਰਹੀ ਖੁਸ਼ਬੋ ਉਸਨੂੰ 'ਖੁਸ਼ਆਮਦੀਦ' ਕਹਿ ਰਹੀ ਜਾਪਦੀ ਸੀ।

ਦੂਜੇ ਹੀ ਪਲ ਸਟੀਮਰ ਆਪਣੇ ਰਾਹ ਤੁਰ ਪਿਆ, ਉਸੇ ਰਾਹ ਜਿਸ ਰਾਹ ਉਹ ਉਸਦੀ 'ਉਸ' ਨੂੰ ਲੈ ਗਿਆ ਸੀ। ਉਸ ਦੇ ਅੱਗੇ, ਗਰਮੀਆਂ ਦੀ ਸੰਘਣੀ ਸ਼ਾਮ ਲਗਾਤਾਰ ਮੁਰਝਾ ਰਹੀ ਸੀ-ਉਦਾਸ, ਸੁਪਨੀਲੇ, ਸਤਰੰਗੇ ਰੂਪ ਵਿਚ। ਇਹ ਸਾਰਾ ਕੁਝ ਦੂਰ ਡੁਬਦੇ ਸਮੁੰਦਰ ਹੇਠ ਦਰਿਆ ਦੀਆਂ ਟਿਮਟਿਮਾਂਦੀਆਂ, ਲਰਜ਼ਦੀਆਂ ਲਹਿਰਾਂ ਵਿਚ ਖਿੰਡੇ-ਪੁੰਡੇ ਟੁਕੜਿਆਂ ਦੇ ਰੂਪ ਵਿਚ ਪ੍ਰਤੀਬਿੰਬਤ ਹੋ ਰਿਹਾ ਸੀ। ਸਟੀਮਰ ਦੁਆਲੇ ਦੇ ਹਨੇਰੇ ਵਿਚ ਦੂਰ ਤਕ ਖਿੰਡਰੀਆਂ ਬੱਤੀਆਂ ਤੇ ਰੌਸ਼ਨੀਆਂ ਪਿੱਛੇ ਹੀ ਪਿੱਛੇ ਰਹਿੰਦੀਆਂ ਜਾ ਰਹੀਆਂ ਸਨ। ਲੈਫਟੀਨੈਂਟ ਡੈਕ ਉਤੇ ਇਕ ਓਟ ਜਿਹੀ ਵਿਚ ਬੈਠ ਗਿਆ ਜਿਵੇਂ ਉਮਰ ਵਿਚ ਇਕ ਦਮ ਦਸ ਸਾਲ ਵੱਡਾ ਹੋ ਜਾਣ ਬਾਰੇ ਸੋਚ ਰਿਹਾ ਹੋਵੇ।

**ਅਨੁਵਾਦ-ਜੋਗਾ ਸਿੰਘ**

# ਪੰਜਾਬ ਟਾਈਮਜ਼ ਦਾ 10 ਸਾਲ ਦਾ ਸਫਰ

## ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ ਸਮੂਹ ਪਰਿਵਾਰ (ਸਟਾਫ ਅਤੇ ਪਾਠਕਾਂ) ਨੂੰ ਨਵੇਂ ਸਾਲ ਦੇ ਨਾਲ ਨਾਲ ਜਿਸ ਕਾਮਯਾਬੀ ਨਾਲ 10 ਸਾਲਾਂ ਦਾ ਸਫਰ ਤੈਅ ਕੀਤਾ ਹੈ, ਬਹੁਤ ਬਹੁਤ ਮੁਬਾਰਕ। ਕਹਿੰਦੇ ਹਨ ਪਈ ਓਪਰੀ ਜਗ੍ਹਾ 'ਤੇ ਜਾ ਕੇ ਝੰਡਾ ਗੱਡਣਾ ਬੜਾ ਔਖਾ ਹੁੰਦਾ ਹੈ ਤੇ ਜੇ ਗੱਡਿਆ ਜਾਵੇ ਤਾਂ ਉਹਨੂੰ ਸ਼ਾਨ ਨਾਲ ਉਚਾ ਰੱਖਣਾ ਬੇਹੱਦ ਔਖਾ ਹੁੰਦਾ ਹੈ, ਖਾਸ ਕਰ ਜਦੋਂ ਹਾਲਾਤ ਬਹੁਤੇ ਸਾਜ਼ਗਾਰ ਨਾ ਹੋਣ। ਇਹ ਤਾਂ ਹੀ ਸੱਚ ਹੋ ਸਕਦਾ ਹੈ ਜੇ ਕੁਝ ਆਪਣੇ ਪੱਲੇ ਹੈ ਤੇ ਬਾਕੀ ਉਸ ਅਕਾਲ ਪੁਰਖ 'ਤੇ ਭਰੋਸਾ ਰੱਖਦੇ ਹੋਏ "ਨਿਸ਼ਚੈ ਕਰਿ ਅਪਨੀ ਜੀਤ ਕਰੋਂ" ਦੇ ਗੁਰ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਮੰਜ਼ਿਲ ਵੱਲ ਤੁਰਿਆ ਜਾਵੇ। ਖਰਾਬ ਸਿਹਤ ਦੇ ਬਾਵਜੂਦ ਜਿਸ ਲਗਨ, ਸੁਹਿਰਦਤਾ, ਸਿਰੜ ਅਤੇ ਦ੍ਰਿੜ ਇਰਾਦੇ ਨਾਲ ਅਮੋਲਕ ਸਿੰਘ ਹੋਰਾਂ ਨੇ 'ਪੰਜਾਬ ਟਾਈਮਜ਼' ਨੂੰ 10 ਸਾਲਾਂ ਵਿਚ ਜਿਸ ਮੁਕਾਮ 'ਤੇ ਲਿਆ ਕੇ ਪਾਠਕਾਂ ਦਾ ਇਕ ਵੱਡਾ ਪਰਿਵਾਰ ਤਿਆਰ ਕਰਕੇ ਕਈ ਸਾਂਝਾਂ ਪੁਆਈਆਂ ਹਨ, ਉਸ ਦੀ ਦਾਦ ਆਪਣੇ ਆਪ ਹੀ ਦੇਣ ਨੂੰ ਜੀਅ ਕਰਦਾ ਹੈ। ਮੇਰੇ ਵਰਗਾ ਪੰਜਾਬੀ ਨੂੰ ਪਿਆਰ ਕਰਨ ਵਾਲਾ ਮਾੜਾ ਜਿਹਾ ਸਾਧਾਰਨ ਪਾਠਕ ਅਸੀਸ ਦਿੱਤੇ ਬਿਨਾ ਕਿੱਦਾਂ ਰਹਿ ਸਕਦਾ ਹੈ ਤੇ ਚੜ੍ਹਦੀ ਕਲਾ ਦੀ ਅਰਦਾਸ ਅਕਾਲ ਪੁਰਖ ਅੱਗੇ ਕਰਨ ਤੋਂ ਵੀ ਰੁਕਿਆ ਨਹੀਂ ਜਾਂਦਾ। ਨਿੱਜੀ ਤੌਰ 'ਤੇ ਮੈਂ ਤਾਂ ਹਰ ਉਸ ਇਨਸਾਨ ਦਾ ਰਿਣੀ ਹਾਂ ਜੋ ਇਕ ਵੀ ਭਾਵਪੂਰਤ ਲਾਈਨ ਪੰਜਾਬੀ ਮਾਂ ਬੋਲੀ ਵਿਚ ਲਿਖ ਕੇ ਕੋਈ ਇਹੋ ਜਿਹਾ ਸੁਨੇਹਾ-ਸਿਖਿਆ ਦੇ ਜਾਵੇ ਜਿਸ ਨਾਲ ਭਾਈਚਾਰਾ, ਸਮਾਜ ਤੇ ਕੌਮ ਇਕ ਥਾਂ ਬੱਝਦੀ ਹੋਵੇ, 'ਪੰਜਾਬ ਟਾਈਮਜ਼' ਦੇ ਤਾਂ ਹਰ ਅੰਕ ਵਿਚ ਹੀ ਅਣਗਿਣਤ ਅਜਿਹੇ ਸੁਨੇਹੇ ਹੁੰਦੇ ਹਨ।

'ਬੇਲਾਗ, ਬੇਬਾਕ ਅਤੇ ਨਿਧੜਕ' ਪੱਤਰਕਾਰੀ ਦੇ ਜਿਸ ਸਰਬੋਤਮ ਅਸੂਲ ਨੂੰ ਪੰਜਾਬ ਟਾਈਮਜ਼ ਅਪਨਾ ਕੇ ਤੁਰਿਆ ਹੈ, ਉਹ ਬੜਾ ਹੀ ਸਲਾਹੁਣਯੋਗ ਹੈ ਅਤੇ ਸਾਰੇ ਪਾਠਕ ਇਸ ਦੀ ਕਦਰ ਵੀ ਕਰਦੇ ਹਨ। ਆਉਣ ਵਾਲੇ ਸਮੇਂ ਵਿਚ ਵੀ ਤਵੱਕੋਂ ਕਰਦੇ ਹਾਂ ਕਿ ਇਸ ਅਸੂਲ ਦੀ ਕੰਨੀ ਨੂੰ ਢਿੱਲ੍ਹਿਆਂ ਨਹੀਂ ਪੈਣ ਦਿੱਤਾ ਜਾਵੇਗਾ। ਪੰਜਾਬ ਟਾਈਮਜ਼ ਸਮੇਂ ਸਮੇਂ 'ਤੇ ਸਿੱਖ ਮਸਲਿਆਂ ਤੇ ਹੋਰ ਬਾਹਰਲੇ ਭਾਈਚਾਰਕ ਮਸਲਿਆਂ ਉਤੇ ਸਪਸ਼ਟਤਾ ਨਾਲ ਪੇਸ਼ ਆਉਂਦੇ ਹੋਏ ਆਪਣੀ ਉਸਾਰੂ ਭੂਮਿਕਾ ਨਿਭਾਉਂਦਿਆਂ ਪਾਠਕਾਂ ਨੂੰ ਵਹਿਮਾਂ-ਭਰਮਾਂ, ਭੰਬਲਭੂਸਿਆਂ ਤੇ ਲੋਟੂ ਲਾਣਿਆਂ ਤੋਂ ਚੇਤੰਨ ਕਰਦਾ ਆਇਆ ਹੈ ਪਰ ਅਜੇ ਵੀ ਇਥੇ ਡਾਲਰਾਂ ਦੇ ਮੁਲਕ ਵਿਚ ਕਈ ਮਲਿਕ ਭਾਗੋ ਸਿੱਖੀ ਦਾ ਬਾਣਾ ਪਾ ਕੇ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਦੇ ਪ੍ਰਚਾਰ ਹੇਠ ਆਪਣੀ ਦੁਕਾਨਦਾਰੀ ਚਮਕਾਉਂਦੇ ਫਿਰ ਰਹੇ ਹਨ ਅਤੇ ਮਜਬੂਰ ਤੇ ਬੇਵਸ ਹੋਏ ਆਪਣੇ ਹੀ ਭਰਾਵਾਂ ਦਾ ਖੂਨ ਪੀ ਰਹੇ ਹਨ। ਜਿਸ ਦਿਨ ਪੰਜਾਬ ਟਾਈਮਜ਼ ਦੀ ਬਾਜ ਅੱਖ ਇਨ੍ਹਾਂ 'ਤੇ ਪੈ ਗਈ ਤਾਂ ਸਾਨੂੰ ਪੂਰੀ ਆਸ ਹੈ ਕਿ ਉਨ੍ਹਾਂ ਦਾ ਭਾਂਡਾ ਚੁਰਸਤੇ 'ਚ ਭੰਨ ਕੇ ਪਾਠਕਾਂ ਨੂੰ ਜ਼ਰੂਰ ਜਾਣੂੰ ਕਰਵਾਇਆ ਜਾਵੇਗਾ।

ਅਮਰੀਕਾ ਵਿਚ ਸਾਡੇ ਵਰਗੇ ਵਰਗ ਦੇ ਲੋਕਾਂ ਲਈ ਤਾਂ ਪੰਜਾਬੀ ਅਖਬਾਰਾਂ ਇਕ ਜੀਣ ਦਾ ਸਾਧਨ ਵੀ ਹਨ। ਸਾਡੇ ਵਰਗ ਤੋਂ ਮੇਰਾ ਮਤਲਬ ਕੋਈ ਪਿਛਲੇ 8-10 ਸਾਲਾਂ ਤੋਂ ਅਧਖੜ੍ਹ ਜਿਹੀ ਉਮਰ ਦੇ ਹੋ ਕੇ ਪਿਛੇ ਨੌਕਰੀਆਂ ਜਾਂ ਕਾਰੋਬਾਰ ਛੱਡ ਕੇ ਨਿਆਣਿਆਂ ਦੀ ਜ਼ਿੰਦਗੀ ਬਣਾਉਣ ਲਈ ਅਮਰੀਕਾ ਤੁਰ ਆਏ ਹਨ, ਉਨ੍ਹਾਂ ਤੋਂ ਹੈ। ਮੈਨੂੰ ਵੀ ਆਏ ਨੂੰ 6 ਕੁ ਸਾਲ ਹੋ ਗਏ ਹਨ। ਭਾਵੇਂ ਆਇਆ ਤਾਂ ਮੈਂ ਆਪਣੇ ਵੱਡੇ ਭਰਾ ਕੋਲ ਸੀ ਪਰ ਛੇਤੀ ਬਾਦ ਜਦੋਂ ਅਮਰੀਕਾ ਦੀ ਅਸਲੀ ਜ਼ਿੰਦਗੀ ਨਾਲ ਭੇੜ ਹੋਣ ਲੱਗਾ ਤਾਂ ਮਨ ਉਡੂੰ ਉਡੂੰ ਕਰੇ ਤਾਂ ਮੇਰੇ ਭਰਾ ਨੇ ਮੇਰਾ ਜੀ ਲਾਉਣ ਲਈ ਇਥੇ ਛਪਦੀਆਂ ਪੰਜਾਬੀ ਅਖਬਾਰਾਂ ਲਿਆ ਕੇ ਦੇਣੀਆਂ ਤਾਂ ਮਨ ਨੂੰ ਮਾੜਾ ਜਿਹਾ ਟਿਕਾਅ ਆਉਣਾ। ਉਹ ਆਪ ਵੀ ਪੰਜਾਬੀ ਅਖਬਾਰਾਂ ਪੜ੍ਹਨ ਦੇ ਸ਼ੌਕੀਨ ਹਨ। ਉਹ ਦੱਸਦੇ ਪਈ ਪਹਿਲਾਂ ਪਹਿਲ ਤਾਂ ਕੋਈ ਵੀ ਪੰਜਾਬੀ ਅਖਬਾਰ ਨਹੀਂ ਸੀ ਆਉਂਦਾ। ਪਰ ਜਿਹੜੇ ਕੈਨੇਡਾ ਤੋਂ ਆਉਂਦੇ ਸੀ ਤਾਂ ਡਾਲਰ ਦਾ ਲਈਦਾ ਸੀ। ਉਦੋਂ ਮੈਨੂੰ ਉਨ੍ਹਾਂ ਨੇ ਕਹਿਣਾ ਆਹ ਅਖਬਾਰ (ਪੰਜਾਬ ਟਾਈਮਜ਼) ਅਜੇ ਕੁਝ ਸਾਲ ਪਹਿਲਾਂ ਆਉਣ ਲੱਗਿਆ, ਤੂੰ ਪੜ੍ਹ ਕੇ ਦੇਖ ਤਾਂ ਦੂਜਿਆਂ ਨਾਲੋਂ ਇਹਦੇ 'ਚ ਕੀ ਫਰਕ ਹੈ, ਉਹ ਵੀ ਅੱਖਰ ਅੱਖਰ ਪੜ੍ਹਦੇ ਹੁੰਦੇ ਸੀ। ਜਿਹੜੀ ਰਾਏ 6 ਸਾਲ ਪਹਿਲਾਂ ਉਨ੍ਹਾਂ ਨੇ ਪੰਜਾਬ ਟਾਈਮਜ਼ ਬਾਰੇ ਮੈਨੂੰ ਦੱਸੀ ਸੀ, ਅੱਜ ਉਹ ਸਾਰੇ ਹੀ ਸੁਹਿਰਦ ਪਾਠਕਾਂ ਦੀ ਹੈ।

*ਮਝੈਲ ਸਿੰਘ ਸਰਾਂ*
*ਸੈਨ ਹੋਜ਼ੇ*

# ਕਮਜਾਤ

ਰਾਠੇਸ਼ਵਰ ਸਿੰਘ 'ਸੂਰਾਪੁਰੀ'*

ਲਾਲਾ ਕਿਸ਼ੋਰੀ ਮੱਲ ਦੇ ਘਰ ਕੰਮ ਕਰਦਿਆਂ ਸ਼ਾਂਤੀ ਨੂੰ ਕਈ ਸਾਲ ਹੋ ਗਏ ਸਨ। ਉਸ ਦੀ ਮਾਂ ਦੀ ਉਮਰ ਵੀ ਲਾਲਾ ਜੀ ਦੇ ਖ਼ਾਨਦਾਨ ਦੀ ਸੇਵਾ ਕਰਦਿਆਂ ਬੀਤ ਗਈ ਅਤੇ ਬਾਪ ਵੀ ਲਾਲਾ ਜੀ ਦੀ ਕਰਿਆਨੇ ਦੀ ਦੁਕਾਨ ਤੇ ਕੰਮ ਕਰਦਾ-ਕਰਦਾ ਟੀ.ਬੀ. ਦਾ ਸ਼ਿਕਾਰ ਹੋ ਕੇ ਪ੍ਰਲੋਕ ਸਿਧਾਰ ਗਿਆ। ਸ਼ਾਂਤੀ ਨੇ ਕਈ ਵਾਰ ਆਪਣੇ ਬਾਪ ਨੂੰ ਮਾਈ ਬਾਪ-ਮਾਈ ਬਾਪ ਆਖ਼ਦਿਆਂ, ਲਾਲਾ ਜੀ ਤੋਂ ਦਵਾਈ ਲਈ ਪੈਸੇ ਉਧਾਰ ਮੰਗਦਿਆਂ ਸੁਣਿਆਂ ਸੀ। ਪੇਸ਼ਗੀ ਲਏ ਪੈਸੇ ਤਾਂ ਵਧਦੇ ਹੀ ਚਲੇ ਗਏ, ਪਰ ਉਸ ਦੇ ਬਾਪ ਦੀ ਉਮਰ ਘਟਦੀ-ਘਟਦੀ ਇਕ ਦਿਨ ਮੁੱਕ ਗਈ।

ਮਰਨ ਸਮੇ ਉਸ ਦੇ ਬਾਪ ਨੇ ਅਖਿਆ ਸੀ ਕਿ ਉਹ ਲਾਲਾ ਜੀ ਦੇ ਘਰ ਕੰਮ ਕਰਨ ਲਈ ਜ਼ਰੂਰ ਜਾਂਦੀ ਰਹੇ। ਉਹ ਆਪਣੇ ਆਪ ਨੂੰ ਉਨ੍ਹਾਂ ਦਾ ਅਹਿਸਾਨਮੰਦ ਸਮਝਦਾ ਸੀ। ਆਪਣੇ ਜਜ਼ਮਾਨਾਂ ਦਾ ਕਰਜ਼ਾ ਸਿਰ ਲੈ ਕੇ ਮਰਨਾ ਨਹੀਂ ਸੀ ਚਾਹੁੰਦਾ। ਇਕ ਤਰ੍ਹਾਂ ਨਾਲ਼ ਸ਼ਾਂਤੀ ਨੂੰ ਲਾਲਾ ਜੀ ਕੋਲ਼ ਗਿਰਵੀ ਕਰਕੇ ਕੁਝ ਸਕੂਨਮਈ ਮੌਤ ਚਾਹੁੰਦਾ ਸੀ।

ਲਾਲਾ ਕਿਸ਼ੋਰੀ ਮੱਲ ਦੀ ਪਤਨੀ ਦਿਲ ਦੀ ਮਰੀਜ਼ ਸੀ। ਖਾਣ-ਪੀਣ ਦਾ ਕੋਈ ਪ੍ਰਹੇਜ਼ ਨਹੀਂ ਸੀ ਕਰਦੀ। ਸਿਹਤ ਵਲੋਂ ਇੰਜ ਜਾਪਦੀ ਸੀ ਜਿਵੇਂ ਖੰਡ ਦੀ ਬੋਰੀ 'ਤੇ ਕੁੱਜਾ ਮੂਧਾ ਮਾਰਿਆ ਹੋਵੇ। ਉਹ ਕੰਮ ਘੱਟ ਕਰਦੀ ਤੇ ਬੋਲਦੀ ਬਹੁਤਾ ਸੀ। ਸਾਰੇ ਘਰੇਲੂ ਕੰਮ ਸ਼ਾਂਤੀ ਨੂੰ ਹੀ ਕਰਨੇ ਪੈਂਦੇ।

ਇਸ ਤੋਂ ਇਲਾਵਾ ਲਾਲਾ ਜੀ ਦੀ ਦੁਕਾਨ ਵਾਸਤੇ ਦਾਲ਼ਾਂ ਸਾਫ ਕਰਨ, ਮਸਾਲੇ ਪੀਸਣ ਤੇ ਪੈਕਟਾਂ 'ਚ ਬੰਦ ਕਰਨ ਦਾ ਕੰਮ ਵੀ ਕਰਨਾ ਪੈਂਦਾ। ਕੰਮ ਕਰਦੀ-ਕਰਦੀ ਸ਼ਾਂਤੀ ਜਦੋਂ ਬਹੁਤ ਥੱਕ ਜਾਂਦੀ ਤਾਂ ਉਸ ਦਾ ਦਿਲ ਕਰਦਾ, ਕਿਸੀ ਹੋਰ ਜਗ੍ਹਾ ਕੰਮ ਲੱਭ ਲਵੇ। ਜਿੱਥੇ ਉਸ ਦੀ ਜਾਨ ਕੁੱਝ ਸੁਖਾਲੀ ਹੋ ਜਾਵੇ। ਫਿਰ ਉਸ ਨੂੰ ਆਪਣੇ ਬਾਪ ਦੀ ਕਹੀ ਹੋਈ ਗੱਲ ਯਾਦ ਆ ਜਾਂਦੀ, 'ਦੇਖੀਂ! ਲ਼ਾਲਾ ਜੀ ਦੇ ਘਰ ਦਾ ਕੰਮ ਨਹੀਂ ਜੇ ਛੱਡਣਾ।'

ਸ਼ਾਂਤੀ ਦੀ ਇਕੋ ਇਕ ਬੇਟੀ ਸੀ ਮੀਨਾ। ਉਮਰ ਤਕਰੀਬਨ ਬਾਰਾਂ ਕੁ ਸਾਲ। ਪੰਜਵੀਂ ਦਾ ਇਮਤਿਹਾਨ ਦੇ ਕੇ ਉਹ ਵਿਹਲੀ ਹੋ ਗਈ ਸੀ। ਸ਼ਾਂਤੀ ਉਸ ਨੂੰ ਆਪਣੇ ਨਾਲ ਹੀ ਲੈ ਕੇ ਆਉਣ ਲੱਗ ਪਈ। ਉਹ ਛੋਟੇ-ਮੋਟੇ ਕੰਮਾਂ 'ਚ ਮਾਂ ਦਾ ਹੱਥ ਵਟਾ ਦਿੰਦੀ ਸੀ।

ਮੀਨਾ ਅੱਛੇ ਨੰਬਰ ਲੈ ਕੇ ਪੰਜਵੀਂ ਜਮਾਤ ਪਾਸ ਕਰ ਗਈ। ਸ਼ਾਂਤੀ ਦਾ ਦਿਲ ਚਾਹੁੰਦਾ ਸੀ ਕਿ ਉਸ ਦੀ ਬੇਟੀ ਪੜ੍ਹਾਈ ਕਰਕੇ, ਇਸ ਜ਼ਲਾਲਤ ਭਰੀ ਜ਼ਿੰਦਗੀ ਤੋਂ ਨਜ਼ਾਤ ਪਾ ਲਏ। ਕੋਈ ਛੋਟੀ-ਮੋਟੀ ਨੌਕਰੀ ਢੂੰਡ ਲਵੇ ਪਰ ਉਸ ਦੀ ਆਪਣੀ ਸਿਹਤ ਹੁਣ ਇਤਨੀ ਮੁਸ਼ੱਕਤ ਕਰਨ ਦੀ ਇਜਾਜ਼ਤ ਨਹੀਂ ਸੀ ਦਿੰਦੀ। ਮੀਨਾ ਨੂੰ ਪੜ੍ਹਾਈ ਵਿਚੇ ਹੀ ਛੱਡਣੀ ਪੈ ਗਈ। ਉਹ ਅਕਸਰ ਹੀ ਮਾਂ ਨਾਲ ਕੰਮ ਕਰਨ ਆ ਜਾਂਦੀ ਸੀ। ਜਦੋਂ ਕਦੀ ਉਸ ਦੀ ਮਾਂ ਦੀ ਸਿਹਤ ਵਧੇਰੇ ਖਰਾਬ ਹੋ ਜਾਂਦੀ, ਤਾਂ ਇਕੱਲੀ ਵੀ ਆ ਜਾਇਆ ਕਰਦੀ ਸੀ।

ਅਚਾਨਕ ਹੀ ਲਾਲਾ ਜੀ ਦੀ ਪਤਨੀ ਦਾ ਦਿਹਾਂਤ ਹੋ ਗਿਆ। ਜਿੰਨਾ ਚਿਰ ਸ਼ਾਂਤੀ ਘਰ ਦਾ ਕੰਮ ਕਰਦੀ ਹੁੰਦੀ, ਲਾਲਾ ਜੀ ਘਰ ਹੀ ਰਹਿੰਦੇ। ਦੁਕਾਨ ਦਾ ਕੰਮ ਉਨ੍ਹਾਂ ਦਾ ਲੜਕਾ ਸਾਂਭ ਲੈਂਦਾ। ਸ਼ਾਂਤੀ ਉੱਤੇ ਲਾਲਾ ਜੀ ਦੇ ਪਰਿਵਾਰ ਨੂੰ ਪੂਰਾ ਭਰੋਸਾ ਸੀ, ਫਿਰ ਵੀ ਉਹ ਸੋਚਦੇ, 'ਕਮੀਨ ਜ਼ਾਤ ਦਾ ਕੀ ਭਰੋਸਾ, ਕਦੋਂ ਲਾਲਚ ਵੱਸ ਹੋ ਕੇ ਕੋਈ ਸ਼ੈਅ ਇੱਧਰ-ਉੱਧਰ ਕਰ ਲੈਣ।'

ਘਰ ਦਾ ਕੰਮ ਵਧ ਜਾਣ ਕਾਰਨ ਲਾਲਾ ਜੀ ਨੇ ਵੀਹ ਰੁਪਏ ਤਨਖਾਹ ਵਧਾ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੂੰ ਸ਼ਾਂਤੀ ਦੇ ਟਿਕੇ ਰਹਿਣ ਦਾ ਭਰੋਸਾ ਹੋ ਗਿਆ। ਉਹ ਚੁੱਪ-ਚਾਪ ਕੰਮ ਕਰੀ ਗਈ। ਹੋਰ ਕਰ ਵੀ ਕੀ ਸਕਦੀ ਸੀ? ਉਹ ਤਾਂ ਲਾਲਾ ਜੀ ਦੇ ਘੜੇ ਦੀ ਮੱਛੀ ਬਣਕੇ ਰਹਿ ਗਈ ਸੀ।

ਮੀਨਾ ਜਵਾਨ ਹੋ ਰਹੀ ਸੀ। ਗੱਲ੍ਹਾਂ ਤੇ ਹਲਕੀ ਗੁਲਾਬੀ ਰੰਗਤ ਭਾਅ ਮਾਰਨ ਲੱਗੀ। ਲਾਲਾ ਜੀ ਉਸ ਨੂੰ ਵਧੇਰੇ ਪਿਆਰ ਕਰਨ ਲੱਗ ਪਏ ਸਨ। ਮੀਨਾ ਵੀ ਉਨ੍ਹਾਂ ਨੂੰ ਪਾਪਾ ਜੀ ਆਖ਼ ਕੇ ਬੁਲਾਉਣ ਲੱਗ ਪਈ। ਅੱਜ ਸ਼ਾਂਤੀ ਦੀ ਜਗ੍ਹਾ ਮੀਨਾ ਇਕੱਲੀ ਕੰਮ ਕਰਨ ਲਈ ਆਈ ਸੀ। ਉਹ ਜਦੋਂ ਰੋਜ਼ਾਨਾ ਦੇ ਘਰੇਲੂ ਕੰਮ ਤੋਂ ਵਿਹਲੀ ਹੋ ਗਈ ਤਾਂ ਲਾਲਾ ਜੀ ਨੇ ਉਸ ਨੂੰ ਆਵਾਜ਼ ਮਾਰੀ, "ਮੀਨਾ...!"

"ਆਈ ਪਾਪਾ ਜੀ...!" ਆਖ ਮੀਨਾ ਮੁਸਕਰਾਉਂਦੀ ਹੋਈ ਲਾਲਾ ਜੀ ਕੋਲ਼ ਚਲੇ ਗਈ। ਉਸ ਨੇ ਦੇਖਿਆ ਕਿ ਲਾਲਾ ਜੀ ਬਹੁਤ ਖੁਸ਼ ਹਨ। ਨਹੀਂ ਤਾਂ ਲਾਲਾ ਜੀ ਕੀ ਤੇ ਖੁਸ਼ੀ ਕੀ? ਉਨ੍ਹਾਂ ਦੇ ਮੱਥੇ ਤਾਂ ਹਮੇਸ਼ਾ ਤਿਊੜੀਆਂ ਹੀ ਪਈਆਂ ਰਹਿੰਦੀਆਂ ਸਨ। ਖਾਸ ਕਰ ਨੌਕਰਾਂ ਨਾਲ ਤਾਂ ਉਹ ਸਿੱਧੇ ਮੂੰਹ ਗੱਲ ਵੀ ਨਹੀਂ ਸਨ ਕਰਦੇ। ਮੀਨਾ ਬਹੁਤ ਹੈਰਾਨ ਸੀ।

"ਮੀਨਾ ਜ਼ਰਾ ਮੇਰੇ ਪੈਰ ਦਬਾ ਦੇ।" ਲਾਲਾ ਜੀ ਨੇ ਥਕੇਵਾਂ ਜ਼ਾਹਿਰ ਕਰਦੇ ਹੋਏ ਕਿਹਾ। "ਅੱਛਾ ਪਾਪਾ ਜੀ!" ਆਖ਼ ਉਸ ਨੇ ਝੁੱਕ ਕੇ ਪੈਰ ਦਬਾਉਣੇ ਸ਼ੁਰੂ ਕਰ ਦਿੱਤੇ। ਮੀਨਾ ਨੇ ਆਪਣੇ ਬਾਪ ਨੂੰ ਵੀ ਲਾਲਾ ਜੀ ਦੇ ਪੈਰ ਦਬਾਉਂਦਿਆਂ ਤੱਕਿਆ ਸੀ...ਤੇ ਮਾਂ ਨੂੰ ਵੀ ਲਾਲੀ ਦੀ ਮੁੱਠੀ-ਚਾਪੀ ਕਰਦਿਆਂ। ਪਰ ਇੰਜ ਖੁਸ਼ ਤਾਂ ਉਹ ਕਦੀ ਵੀ ਨਈਂ ਸਨ ਹੋਏ! ਉਹ ਸੋਚਦੀ ਹੋਈ ਪੈਰ ਦਬਾਈ ਜਾ ਰਹੀ ਸੀ। ਲਾਲਾ ਜੀ ਉਸਦੇ ਅੰਗ-ਅੰਗ ਨੂੰ ਨਿਹਾਰ ਰਹੇ ਸਨ, 'ਮੀਨਾ ਕਿੰਨੀ ਜਲਦੀ ਜਵਾਨ ਹੋ ਗਈ! ਸਮਾਂ ਲੰਘਦਿਆਂ ਦੇਰ ਹੀ ਨਹੀਂ ਲੱਗਦੀ।' ਸੋਚਦਿਆਂ ਲਾਲਾ ਜੀ ਦੇ ਬੁਢ੍ਹੇ ਹੋ ਰਹੇ ਸਰੀਰ ਦਾ ਖੂਨ ਦਾ ਦੌਰਾ ਤੇਜ਼ ਹੋ ਗਿਆ।

"ਮੀਨਾ ਆ ਪੁੱਤ ਮੇਰੇ ਕੋਲ਼।" ਲਾਲਾ ਜੀ ਨੇ ਘੁੱਟ ਕੇ ਮੀਨਾ ਨੂੰ ਕਲ਼ਾਵੇ 'ਚ ਲੈ ਲਿਆ। ਚੁੰਮ-ਚੁੰਮ ਕੇ ਉਸ ਦਾ ਮੂੰਹ ਗਿੱਲਾ ਕਰ ਦਿੱਤਾ। ਮੀਨਾ ਮਾਸੂਮੀਅਤ ਭਰੀਆਂ ਨਜ਼ਰਾਂ ਨਾਲ ਲਾਲਾ ਜੀ ਵਲ ਤੱਕੀ ਜਾ ਰਹੀ ਸੀ। ਉਸ ਦੇ ਬਾਪ ਦੀ ਮੌਤ ਤੋਂ ਬਾਅਦ ਕਿਸੇ ਨੇ ਵੀ ਤਾਂ, ਕਦੀ ਇੰਨਾ ਪਿਆਰ ਉਸ ਨੂੰ ਨਹੀਂ ਸੀ ਕੀਤਾ! ਉਹ ਲਾਲਾ ਜੀ ਦੇ ਸੁਭਾ 'ਚ ਆਈ ਅਚਾਨਕ ਤਬਦੀਲੀ ਨੂੰ ਦੇਖ ਕੇ ਹੈਰਾਨ ਹੋ ਰਹੀ ਸੀ। ਉਸ ਨੇ ਲਾਲਾ ਜੀ ਨੂੰ ਗਲਵੱਕੜੀ ਪਾ ਲਈ ਤੇ ਮੋਹ ਨਾਲ਼ ਉਸ ਦੀਆਂ ਅੱਖਾਂ 'ਚੋਂ ਹੰਝੂ ਟਪਕਣ ਲੱਗੇ।

"ਤੂੰ ਕਿੰਨੀ ਚੰਗੀ ਏਂ ਮੀਨਾ!" ਲਾਲਾ ਜੀ ਨੇ ਉਸ ਦੇ ਸਿਰ ਨੂੰ ਪਲੋਸਦੇ ਹੋਏ ਕਿਹਾ।

"ਤੁਸੀਂ ਵੀ...।" ਆਖ਼ ਕੇ ਮੀਨਾ ਹੋਰ ਘੁੱਟ ਕੇ ਲਾਲਾ ਜੀ ਨਾਲ਼ ਚੁੰਬੜ ਗਈ, ਜਿਵੇਂ ਕਿ ਉਹ ਉਸਦਾ ਸਕਾ ਬਾਪ ਹੀ ਹੋਵੇ।

ਮੀਨਾ ਦੇ ਭੋਲ਼ੇ ਤੇ ਦਿਲਕਸ਼ ਚਿਹਰੇ ਵਲ ਤੱਕਦੇ ਹੋਏ ਲਾਲਾ ਜੀ ਆਖਣ ਲੱਗੇ, "ਪਰਮਾਤਮਾ ਨੇ ਤੈਨੂੰ ਰੰਗ-ਰੂਪ ਵੀ, ਦਿਲ ਖੋਲ੍ਹ ਕੇ ਦਿੱਤਾ ਹੋਇਐ।" ਮੀਨਾ ਚੁੱਪ ਕੀਤੀ ਲਾਲਾ ਜੀ ਵਲ ਤੱਕਦੀ ਰਹੀ। ਉਸ ਤੋਂ ਅੱਜ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

'ਮੀਨਾ ਦੀ ਮਾਂ ਦਾ ਤਾਂ ਰੰਗ ਇਤਨਾ ਸਾਫ਼ ਨਹੀਂ ਹੈ...ਤੇ ਨਾ ਹੀ ਨੈਣ ਨਕਸ਼ ਮੀਨਾ ਵਰਗੇ!' ਫਿਰ ਕਈ ਤਰ੍ਹਾਂ ਦੇ ਖਿਆਲ ਲਾਲਾ ਜੀ ਦੇ ਮਨ 'ਚ ਆਉਂਦੇ ਰਹੇ। 'ਆਪਾਂ ਨੂੰ ਕੀ?...ਆਪਾਂ ਤਾਂ ਅੰਬ ਚੂਪਣੇ ਆਂ...ਰੁੱਖ ਥੋੜੀ ਗਿਣਨੇ ਆਂ?' ਸੋਚ ਕੇ ਲਾਲਾ ਜੀ ਮੁਸਕਰਾਉਂਦੇ ਹੋਏ ਮੀਨਾ ਨੂੰ ਆਖਣ ਲੱਗੇ, "ਮੀਨਾ!...ਜਦੋਂ ਤੂੰ ਨਹੀਂ ਆਉਂਦੀ ਤਾਂ ਘਰ ਸੁੰਨਾ-ਸੁੰਨਾ ਲੱਗਦਾ ਹੈ...ਤੂੰ ਰੋਜ਼ ਹੀ ਕੰਮ ਤੇ ਆ ਜਾਇਆ ਕਰ।"

"ਅੱਛਾ ਪਾਪਾ ਜੀ...!" ਮੀਨਾ ਖੁਸ਼ ਸੀ। ਅੱਜ ਤਾਂ ਉਸ ਤੇ ਲਾਲਾ ਜੀ ਦੀਆਂ ਮਿਹਰਬਾਨੀਆਂ ਦਾ ਘੜਾ ਹੀ ਮੂਧਾ ਹੋ ਗਿਆ ਜਾਪਦਾ ਸੀ।

"ਮੀਨਾ ਜ਼ਰਾ ਮੇਰੇ ਮੋਢੇ ਵੀ ਘੁੱਟ ਦੇ।" ਮੀਨਾ ਟਪੂਸੀ ਮਾਰ ਕੇ, ਲਾਲਾ ਜੀ ਦੀ ਗੋਗੜ ਉੱਤੇ ਬੈਠ ਕੇ ਮੋਢੇ ਤੇ ਬਾਹਾਂ ਘੁੱਟਣ ਲੱਗ ਪਈ। ਲਾਲਾ ਜੀ ਲਲਚਾਈਆਂ ਨਜ਼ਰਾਂ ਨਾਲ਼ ਮੀਨਾ ਨੂੰ ਨਿਹਾਰ ਰਹੇ ਸਨ ਪਰ ਮੀਨਾ ਨੂੰ ਸਿਰਫ਼ ਉਨ੍ਹਾਂ ਦੀਆਂ ਅੱਖਾਂ 'ਚ ਮਮਤਾ ਦੇ ਡੋਰੇ ਹੀ ਨਜ਼ਰ ਆਉਂਦੇ ਸਨ।

"ਬਸ ਕਰ ਹੁਣ ਥੱਕ ਗਈ ਹੋਵੇਂਗੀ।" ਆਖ ਕੇ ਲਾਲਾ ਜੀ ਨੇ ਮੀਨਾ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ ਤੇ ਉਸ ਦੇ ਜਿਸਮ ਨੂੰ ਪਲੋਸਣ ਲੱਗੇ। ਇਕ ਸੁਖਦ ਅਨੁਭਵ ਨਾਲ ਮੀਨਾ ਉਨ੍ਹਾਂ ਦੇ ਗਲ਼ੇ ਨਾਲ ਚਿਪਕੀ ਰਹੀ। ਮਾਨਸਿਕ ਸ਼ਾਂਤੀ ਦੇਣ ਵਾਲਾ ਅਜਿਹਾ ਪਿਆਰ ਪਾ ਕੇ ਮੀਨਾ ਖੁਸ਼ੀ ਨਾਲ ਗੁਦ-ਗੁਦ ਹੋ ਕੇ ਬੋਲੀ, "ਹੈਂ ਪਾਪਾ ਜੀ...?"

"ਹਾਂ ਮੀਨਾ?" ਲਾਲਾ ਜੀ ਹੁਲਾਸ ਭਰੇ ਮਨ ਨਾਲ ਬੋਲੇ।

"ਤੁਸੀ ਮੈਨੂੰ ਬ੍ਹੌਤ ਪਿਆਰ ਕਰਦੇ ਹੋ?...ਹੈਂ ਪਾਪਾ ਜੀ?" ਮੀਨਾ ਬੱਚਿਆਂ ਵਾਂਗ ਦਾਅਵਾ ਜਤਾਉਂਦੀ ਹੋਈ ਪੁੱਛਣ ਲੱਗੀ।

"ਹਾਂ...ਬਹੁਤ...ਬਹੁਤ!! ਅੱਜ ਤੂੰ ਜੋ ਕੁੱਝ ਵੀ ਮੰਗ ਲਵੇਂ ਮੈਂ ਤੈਨੂੰ ਦੇਣ ਲਈ ਤਿਆਰ ਹਾਂ।"

"ਸੱਚ ਪਾਪਾ ਜੀ?" ਮੀਨਾ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

"ਹਾਂ...ਹਾਂ...ਤੂੰ ਮੰਗ ਕੇ ਤਾਂ ਦੇਖ।"

ਮੀਨਾ ਆਪਣੀਆਂ ਬਾਹਵਾਂ ਲਾਲਾ ਜੀ ਦੀ ਗਰਦਨ ਦੁਆਲੇ ਵਲ੍ਹਦੇ ਹੋਏ, ਬੜੇ ਵਿਸ਼ਵਾਸ ਨਾਲ ਕਹਿਣ ਲੱਗੀ, "ਜੇ ਤੁਸੀਂ ਮੈਨੂੰ...ਐਨਾ ਪਿਆਰ ਕਰਦੇ ਹੋ....ਤਾਂ ਫਿਰ ਮੈਨੂੰ ਆਪਣੀ ਧੀ ਬਣਾ ਲਵੋ ਤਾਂ?"

"ਹਟ ਪਰੇ ਕਮਜ਼ਾਤ!" ਮੀਨਾ ਤ੍ਰਭਕ ਕੇ ਪਿੱਛੇ ਹਟ ਗਈ। ਲਾਲਾ ਜੀ ਦੇ ਗਲ਼ ਦੁਆਲੇ ਵਲੀਆਂ ਉਸ ਦੀਆਂ ਬਾਹਵਾਂ ਇਕ ਦਮ ਢਿੱਲੀਆਂ ਪੈ ਗਈਆਂ।

*ਫ਼ੋਨ: 916-969-9337

# ਇਕ ਹਾਸ਼ੀਏ ਦਾ ਸਫ਼ਰ

## ਸਫ਼ਰ ਜ਼ਿੰਦਗੀ ਦਾ

ਅੰਮ੍ਰਿਤਾ ਪ੍ਰੀਤਮ

ਆਪਣੇ ਆਪਣੇ ਵਜੂਦ ਦੀ ਕਿਤਾਬ ਹਰ ਇਨਸਾਨ ਕੋਲ ਹੁੰਦੀ ਏ, ਪਰ ਆਪਣੀ ਹੀ ਕਿਤਾਬ ਦੀ ਇਬਾਰਤ ਬਣਨਾ-ਕਿਹਨੂੰ ਨਸੀਬ ਹੁੰਦਾ ਏਂ! ਹਰ ਇਨਸਾਨ ਇੰਜ ਜੀਊਂਦਾ ਏ ਜਿਵੇਂ ਉਮਰ ਉਹਦੀ ਹੋਵੇ, ਪਰ ਉਹਨੂੰ ਜੀਊਂਦਾ ਕੋਈ ਹੋਰ ਹੋਵੇ।

ਇਤਿਹਾਸ ਗਵਾਹ ਏ ਕਿ ਇਨਸਾਨ ਦੀ ਉਮਰ ਜਾਂ ਉਸਦਾ ਸਮਾਜ ਜੀਊਂਦਾ ਏ ਜਾਂ ਉਹਦਾ ਮਜ਼ਹਬ, ਤੇ ਜਾਂ ਵੇਲੇ ਦੀ ਸਿਆਸਤ। ਪਰ ਇਨਸਾਨ ਨੂੰ ਆਪਣੀ ਉਮਰ ਆਪ ਜੀਊਣਾ ਕਦੇ ਨਸੀਬ ਨਹੀਂ ਹੁੰਦਾ। ਏਸੇ ਲਈ ਉਹ ਆਪਣੇ ਵਜੂਦ ਦੀ ਕਿਤਾਬ ਦੀ ਇਬਾਰਤ ਨਹੀਂ ਬਣਦਾ, ਕਿਤਾਬ ਦੇ ਖ਼ਾਲੀ ਹਾਸ਼ੀਏ ਵਾਂਗ ਜਾਂ ਕਿਸੇ ਟਿਪਣੀ ਵਾਂਗ ਜੀਊ ਕੇ ਖ਼ਤਮ ਹੋ ਜਾਂਦਾ ਏ।

* ਨੁਜ਼ਹਤ ਸਦੀਕੀ ਇਕ ਬੜੀ ਪਿਆਰੀ ਸ਼ਾਇਰਾ ਏ, ਇਕਬਾਲ ਕਰਦੀ ਏ, ਕਿ "ਦਸਤਾਨੇ ਹਸਤ ਕਾ ਏਕ ਹਾਸ਼ੀਆ ਮੇਰਾ ਸਫ਼ਰ" ਪਰ ਕੰਬਖਤ ਉਨ੍ਹਾਂ ਲੋਕਾਂ ਵਿਚੋਂ ਏ, ਜਿਹੜੇ ਸੋਚਾਂ ਦਾ ਸਰਾਪ ਲੈ ਕੇ ਜੰਮਦੇ ਨੇ। ਇਹ ਸਰਾਪ ਅਸਲ ਵਿਚ ਹੁੰਦਾ ਤਾਂ ਵਰ ਏ, ਖ਼ੁਦਾ ਦੀ ਬਖ਼ਸ਼ਿਸ਼ ਹੁੰਦੀ ਏ, ਪਰ ਜਿਹੋ ਜਿਹਾ ਸਾਡਾ ਮੁਆਸ਼ਰਾ ਏ, ਉਹਦੇ ਵਿਚ ਇਹ ਇਕ ਸਰਾਪ ਬਣ ਜਾਂਦਾ ਏ, ਉਹ ਲਿਖਦੀ ਏ;

ਮਗਰ ਮੇਰਾ ਸ਼ਊਰ
ਮੇਰੇ ਜਿਸਮ ਔਰ ਮੇਰੇ ਜ਼ੇਹਨ ਕੀ
ਹੱਦੋਂ ਸੇ ਮਾਵਰਾ
ਹਕੀਕਤੋਂ ਸੇ ਮੁਨਤਸਿਬ
ਅਪਨੀ ਕੁਲ ਕੋ,
ਅਪਨੀ ਇਬਾਦਤਾ ਵ ਇਨਤਹਾ ਕੋ
ਖੋਜਤਾ ਹੈ...।

*ਉਹ ਗਿਲਗਿਤ ਕਸ਼ਮੀਰ ਵਿਚ ਜੰਮੀ ਸੀ, 1950 ਵਿਚ, ਪਰ ਉਹਦੇ ਵਾਲਦ ਸਾਹਬ ਪੰਜਾਬ ਦੇ ਸਨ। ਉਸ ਵੇਲੇ ਉਹ ਸਰਕਾਰੀ ਨੌਕਰੀ ਦੇ ਸਿਲਸਿਲੇ ਵਿਚ ਗਿਲਗਿਤ ਵਿਚ ਸਨ। ਫੇਰ ਉਨ੍ਹਾਂ ਦਾ ਤਬਾਦਲਾ ਵੀ ਹੋਇਆ ਮੰਡੀ ਬਹਾਉਦੀਨ ਵਿਚ, ਪਰ ਅਜੇ ਮਸਾਂ ਦੋਹਾਂ ਬੱਚਿਆਂ ਨੂੰ ਸਕੂਲ ਪਾਇਆ ਸੀ ਕਿ ਫੇਰ ਗਿਲਗਿਤ ਵਿਚ ਤਬਾਦਲਾ ਹੋ ਗਿਆ। ਮਾਂ-ਆਪਣੇ ਇਕ ਪੁੱਤਰ ਤੇ ਏਸ ਧੀ-ਨੁਜ਼ਹਤ ਨੂੰ ਲੈ ਕੇ, ਮੰਡੀ ਬਹਾਉਦੀਨ ਰਹੀ, ਕਿਉਂਕਿ ਗਿਲਗਿਤ ਵਿਚ ਸਕੂਲ ਕੋਈ ਨਹੀਂ ਸੀ। ਹਰ ਵਰ੍ਹੇ ਛੁੱਟੀਆਂ ਦੇ ਤਿੰਨ ਮਹੀਨੇ ਮਾਂ ਤੇ ਬੱਚੇ ਗਿਲਗਿਤ ਚਲੇ ਜਾਂਦੇ।

ਨੁਜ਼ਹਤ ਦੇ ਲਫ਼ਜ਼ਾਂ ਵਿਚ ਉਹ ਗਿਲਗਿਤ ਦੇ ਨਿਕੇ ਨਿਕੇ ਵਣਾਂ ਵਿਚ ਰਹਿੰਦੇ ਜਾਨਵਰਾਂ ਵਿਚ ਖੇਡ ਖੇਡ ਕੇ ਪਲੀ ਸੀ, ਤੇ ਕੁਦਰਤ ਨੂੰ ਏਨੀ ਨੇੜਿਉਂ ਦੀ ਵੇਖਿਆ ਕਿ ਕਿਹੜਾ ਫੁੱਲ ਕਦੋਂ ਖਿੜੇਗਾ ਉਹਨੂੰ ਪਤਾ ਹੁੰਦਾ ਸੀ। ਚਸ਼ਮੇ ਇੰਜ ਫੁੱਲਾਂ ਨਾਲ ਭਰੇ ਹੁੰਦੇ ਸਨ ਕਿ ਪਾਣੀ ਨਹੀਂ ਸੀ ਦਿਸਦਾ ਤੇ ਏਨੇ ਪੁਰਸਕੂਨ ਬਚਪਨ ਨੇ ਨੁਜ਼ਹਤ ਦੇ ਤਸੱਵਰ ਵਿਚ ਇਹ ਦੁਨੀਆਂ ਜੱਨਤ ਬਣਾਈ ਹੋਈ ਸੀ।

1965 ਵਿਚ ਉਹਦੀ ਮਾਂ ਦੀ ਮੌਤ ਹੋ ਗਈ ਤਾਂ ਜਿਵੇਂ ਕੁਦਰਤ ਨੇ ਉਹਦਾ ਹੱਥ ਫੜ ਕੇ, ਖਿੱਚ ਕੇ, ਉਹਨੂੰ ਜੱਨਤ ਵਿਚੋਂ ਬਾਹਰ ਕੱਢ ਦਿੱਤਾ। ਨੁਜ਼ਹਤ ਦੇ ਲਫ਼ਜ਼ਾਂ ਵਿਚ- "ਮੈਂ ਪਹਿਲੀ ਵਾਰ ਜਾਣਿਆ ਕਿ ਤਨਹਾਈ ਦਾ ਤੇ ਫ਼ਨਾਹ ਦਾ ਨਾਂ ਵੀ ਜ਼ਿੰਦਗੀ ਹੁੰਦਾ ਏ।"

ਤੇ ਨੁਜ਼ਹਤ ਦੇ ਲਫ਼ਜ਼ਾਂ ਵਿਚ- "ਮੇਰੀ 14 ਸਾਲ ਦੀ ਉਮਰ ਤੋਂ ਲੈ ਕੇ ਮੇਰੇ ਸ਼ਊਰ ਦਾ ਸਫ਼ਰ ਮੇਰੀ ਜ਼ਿੰਦਗੀ ਦੇ ਉਤਾਰ ਚੜ੍ਹਾਅ ਨਾਲ ਬੰਨ੍ਹਿਆ ਹੋਇਆ ਹੈ। ਆਪਣਿਆਂ ਨੂੰ ਮਰਦਿਆਂ ਵੇਖਿਆ, ਤੇ ਜਿਉਂਦਿਆਂ ਦੀ ਇਹੋ ਜਿਹੀ ਬੇਮੁਰੱਵਤੀ ਦੇਖੀ ਏ ਕਿ ਹੁਣ ਮੇਰੇ ਕੋਲ ਸਿਰਫ ਖ਼ੁਦਾ ਦੀ ਜ਼ਾਤ ਰਹਿ ਗਈ ਏ..."

ਬੇਮੁਰੱਵਤੀ ਦੀਆਂ ਕਈ ਡਾਇਮੈਨਸ਼ਨਜ਼ (ਦਿਸ਼ਾਵਾਂ) ਹੁੰਦੀਆਂ ਨੇ, ਮੈਂ ਇਹ ਸਵਾਲ ਨੁਜ਼ਰਤ ਨੂੰ ਪਾਇਆ, ਤਾਂ ਕਹਿਣ ਲੱਗੀ- "ਮੇਰੇ ਮੁਲਕ ਦੇ ਸਿਆਸੀ ਤੇ ਸਮਾਜੀ ਹਾਲਾਤ ਨੇ ਮੁਆਸ਼ਰੇ ਦੇ ਬੁੱਤ ਨੂੰ ਪਾਸ਼ ਪਾਸ਼ ਕਰ ਦਿੱਤਾ। ਸਿਆਸੀ ਤੇ ਮਜ਼ਹਬੀ ਰਾਹਨੁਮਾਆਂ ਦੇ ਬੁੱਤ ਵੀ ਸਨ, ਜੋ ਮੇਰੇ ਜ਼ੇਹਨ ਵਿਚ ਟੁਟ ਗਏ। ਜ਼ਾਤੀ ਦੁਖਾਂਤ ਦੇ ਹਵਾਲੇ ਨਾਲ ਮੈਨੂੰ ਪਤਾ ਲੱਗਾ ਕਿ ਬੁਨਿਆਦੀ ਤੌਰ 'ਤੇ, ਮਜ਼ਹਬੀ ਸਮਾਜ ਦੇ ਅੰਦਰ ਔਰਤ ਦੀ ਕੋਈ ਵੁੱਕਤ ਨਹੀਂ ਹੁੰਦੀ। ਉਹਨੂੰ ਫਰਜ਼ਾਂ ਦੇ ਨਾਂ ਤੇ ਬਸ ਕੁਚਲਿਆਂ ਜਾਂਦਾ ਏ। ਤੇ ਜੋ ਸਮਾਜ ਹੁੰਦਾ ਏ, ਇਹ ਇਨਸਾਨੀ ਹੱਕਾਂ ਦੀ ਰਾਖੀ ਵਾਸਤੇ ਨਹੀਂ ਹੁੰਦਾ, ਇਹ ਉਨ੍ਹਾਂ ਹੱਕਾਂ ਨੂੰ ਪਾਮਾਲ ਕਰਨ ਲਈ ਹੁੰਦਾ ਏ। ਅੰਮ੍ਰਿਤਾ ਜੀ! ਮੇਰੀ ਜ਼ਿੰਦਗੀ ਦਾ ਸਫਰ, ਪੁਰਸਕੂਨ ਜੱਨਤ ਤੋਂ ਲੈ ਕੇ ਸਮਾਜੀ ਮੁਆਸ਼ਰੇ ਦੀ ਹਕੀਕੀ ਜਹਨੱਮ ਤੱਕ ਦਾ ਸਫਰ ਏ..."


*ਨੁਜ਼ਹਤ ਬੜਾ ਚਿਰ ਖ਼ਿਲਾਅ ਵਿਚ ਵੇਖਦੀ ਰਹੀ। ਮੈਨੂੰ ਉਹਦੀ ਇਕ ਨਜ਼ਮ ਚੇਤੇ ਆਈ "ਹਸਤੀ ਕੀ ਚਿਲਮਨ ਕੇ ਪੀਛੇ ਤੂੰ ਹੈ" ਤੇ ਮੈਂ ਓਸੇ ਦੀ ਗੱਲ ਕੀਤੀ, ਤਾਂ ਨੁਜ਼ਹਤ ਹੱਸ ਪਈ। ਕਹਿਣ ਲੱਗੀ, "ਉਹ ਜਿਹੜਾ ਹਸਤੀ ਦੀ ਚਿਲਮਨ ਦੇ ਪਿੱਛੇ ਹੈ, ਉਹਨੂੰ ਤਾਂ ਮੈਂ ਬਾਅਦ ਵਿਚ ਪਛਾਣਿਆ, ਪਰ ਪਹਿਲੋਂ ਵੇਖਿਆ, ਜਿਹਨੇ ਮੇਰੇ ਨਾਲ ਵਿਆਹ ਕਰਕੇ ਮੈਨੂੰ ਘਰੇਲੂ ਫਿਜ਼ਾ ਤੋਂ ਅਦਾਲਤਾਂ ਦੇ ਮਾਹੌਲ ਵਿਚ ਧਕੇਲ ਦਿੱਤਾ ਸੀ...। ਮੇਰਾ ਤਆਲੁਕ ਤਾਲੀਮੀ ਅਦਾਰਿਆਂ ਨਾਲ ਰਿਹਾ ਸੀ। ਆਪਣੀ ਪੜ੍ਹਾਈ ਦੇ ਦੌਰਾਨ ਵੀ, ਤੇ ਜਦੋਂ ਮੈਂ ਗਵਰਨਮੈਂਟ ਕਾਲਜ ਬਹਾਵਲਪੁਰ ਤੇ ਸਾਹੀਵਾਲ ਵਿਚ ਲੈਕਚਰਰ ਲੱਗੀ ਸੀ। ਪਰ ਵਿਆਹ ਨੇ ਅਦਾਲਤਾਂ ਵਿਚ ਧਕੇਲ ਦਿੱਤਾ ਤਾਂ ਮੈਂ ਹੈਰਾਨ ਹੋਈ ਕਿ ਨਾ ਔਰਤ ਦੇ ਤੌਰ 'ਤੇ ਮੇਰੀ ਕੋਈ ਹਿਫਾਜ਼ਤ ਸੀ, ਨਾ ਬੀਵੀ ਦੇ ਤੌਰ 'ਤੇ, ਤੇ ਨਾ ਮਾਂ ਦੇ ਤੌਰ 'ਤੇ। ਉਸ ਵੇਲੇ ਮੈਂ ਇਕ ਪੁੱਤਰ ਦੀ ਮਾਂ ਬਣ ਚੁੱਕੀ ਸਾਂ... ਤੇ ਫਿਰ ਆਪਣੇ ਬੱਚੇ ਦੀ ਖਾਤਰ ਮੈਨੂੰ ਮੁਲਕ ਛੱਡ ਕੇ ਕੈਨੇਡਾ ਜਾਣਾ ਪਿਆ... ਪਰ ਕੈਨੇਡਾ ਜਾਣ ਤੋਂ ਪਹਿਲਾਂ ਆਪਣੇ ਸਮਾਜੀ, ਮਜ਼ਹਬੀ ਤੇ ਇਨਸਾਫ ਦੇ ਅਦਾਰਿਆਂ ਨੂੰ ਬਹੁਤ ਕਰੀਬ ਤੋਂ ਵੇਖਣ ਦਾ ਮੌਕਾ ਮਿਲਿਆ, ਤੇ ਮੇਰੇ ਜਿੰਨੇ ਆਹਲਾ ਤਸਵੁਰਾਤ ਸਨ, ਉਹ ਸਾਰੇ ਟੁੱਟ ਗਏ। ਮੇਰੇ ਇਰਦ ਗਿਰਦ ਸਿਰਫ ਜ਼ਿੱਲਤ ਸੀ...।

*ਤੇ ਨੁਜ਼ਹਤ ਬੀਤੇ ਹੋਏ ਵਰ੍ਹਿਆਂ ਦੀ ਖਾਈ ਵਿਚੋਂ ਝਾਕਦੀ ਕਹਿਣ ਲੱਗੀ- "ਤਾਲੀਮੀ ਅਦਾਰਿਆਂ ਨਾਲ ਤੁਆਲੁਕ ਹੋਣ ਕਰਕੇ ਜਦੋਂ ਫੌਜੀ ਹਕੂਮਤ ਵਿਚ ਭੁੱਟੋ ਦੇ ਆਉਣ ਦੀ ਉਮੀਦ ਹੋਈ, ਤਾਂ ਮੈਨੂੰ ਉਹ ਇਕ ਬਹੁਤ ਵੱਡੀ ਨਿਆਮਤ ਜਾਪੀ ਸੀ ਕਿ ਅਸੀਂ ਹੁਣ ਅਵਾਮੀ ਹਕੂਮਤ ਦਾ ਮੂੰਹ ਵੇਖ ਸਕਾਂਗੇ। ਮੈਂ ਤਾਂ ਜਦੋਂ ਦੀ ਅੱਖ ਖੋਲ੍ਹੀ ਸੀ, ਬਸ ਡਿਕਟੇਟਰਸ਼ਿਪ ਵੇਖੀ ਸੀ, ਤੇ ਹਰ ਵੇਲੇ ਮਾਰਸ਼ਲ-ਲਾਅ ਦੇਖਿਆ ਸੀ...ਦੂਰ ਦੂਰ ਦੀਆਂ ਖ਼ਬਰਾਂ ਤੋਂ ਸੁਣਦੀ ਸਾਂ ਕਿ ਦੁਨੀਆਂ ਵਿਚ ਕਈ ਕੌਮਾਂ ਆਜ਼ਾਦ ਜ਼ਿੰਦਗੀ ਵੀ ਬਸਰ ਕਰਦੀਆਂ ਹਨ... ਭੁੱਟੋ ਤਾਕਤ ਵਿਚ ਆ ਗਿਆ ਤਾਂ ਵੇਖਿਆ-ਉਹ ਜਿਹੜੀਆਂ ਉਮੀਦਾਂ ਬੰਨ੍ਹੀਆਂ ਸਨ ਉਹ ਮਿੱਟੀ ਵਿਚ ਮਿਲਣ ਲੱਗ ਪਈਆਂ ਸਨ... ਦੁਬਾਰਾ ਮਾਰਸ਼ਲ-ਲਾਅ ਲੱਗ ਗਿਆ ਤੇ ਉਸ ਹਨੇਰੇ ਨੇ ਸਾਨੂੰ ਲੋਕਾਂ ਨੂੰ ਅੰਨ੍ਹਿਆਂ ਕਰ ਦਿੱਤਾ... ਮੇਰੇ ਲਈ ਸਾਰੇ ਬੁੱਤ ਟੁੱਟਣ ਦਾ ਵੇਲਾ ਆ ਗਿਆ ਸੀ।

ਉਹ 1974 ਦਾ ਵਰ੍ਹਾ ਸੀ ਕਿ ਅਵਾਮੀ ਹਕੂਮਤ ਦੀ ਸਰਬਰਾਹੀ ਵਿਚ ਪਾਕਿਸਤਾਨ ਦੀ ਆਬਾਦੀ ਦੇ ਇਕ ਬਹੁਤ ਵੱਡੇ ਹਿੱਸੇ ਨੂੰ ਪਾਕਿਸਤਾਨ ਨੈਸ਼ਨਲ ਅਸੈਂਬਲੀ ਵਿਚ ਗੈਰ ਮੁਸਲਿਮ ਕਰਾਰ ਦੇ ਕੇ ਉਨ੍ਹਾਂ ਕੋਲੋਂ ਬਰਾਬਰ ਦੇ ਇਨਸਾਨੀ ਹਕੂਕ ਖੋਹ ਲਏ ਗਏ... ਇਕੋ ਹੀ ਮਜ਼ਹਬ ਨੂੰ ਮੰਨਣ ਵਾਲਿਆਂ ਦੇ ਦਰਮਿਆਨ ਕਤਲੋਗ਼ਾਰਤ ਹੋਣ ਲੱਗੀ... ਆਪਣੇ ਹੀ ਵਤਨ ਵਿਚ ਮੈਂ ਉਨ੍ਹਾਂ ਦੇ ਕੈਂਪ ਲੱਗੇ ਵੇਖੇ ਹਨ ਅੰਮ੍ਰਿਤਾ ਜੀ। ਉਹੀ ਲੋਕ, ਜਿਨ੍ਹਾਂ ਦੀ ਵਫ਼ਾਦਾਰੀ ਉੱਤੇ ਸ਼ੁਬ੍ਹਾ ਨਹੀਂ ਸੀ ਕੀਤਾ ਜਾ ਸਕਦਾ।

ਸਿਆਸੀ ਅਮਲ ਦੇ ਜ਼ਰੀਏ ਉਨ੍ਹਾਂ ਨੂੰ ਆਪਣੇ ਹੀ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀ ਕਰਾਰ ਦੇ ਦਿੱਤਾ ਗਿਆ... ਮੁਲਕ-ਏ-ਖ਼ੁਦਾ ਦਾਦ ਪਾਕਿਸਤਾਨ ਖ਼ੁਦਾ ਨੂੰ ਮੰਨਣ ਵਾਲਿਆਂ ਉੱਤੇ ਗ਼ੱਦਾਰ ਦੀ ਮੋਹਰ ਲਾ ਦਿੱਤੀ ਗਈ-ਉਨ੍ਹਾਂ ਅਹਿਮਦੀਆਂ ਦੇ ਰਾਸ਼ਨ ਕਾਰਡ ਵੱਖਰੇ ਹੋ ਗਏ, ਰਮਜ਼ਾਨ ਦੇ ਦੌਰਾਨ ਉਨ੍ਹਾਂ ਲਈ ਨਾ ਚੀਨੀ ਨਾ ਚਾਵਲ... ਤੇ ਸਲਾਮ ਕਹਿਣ 'ਤੇ ਤਿੰਨ ਸਾਲ ਦੀ ਕੈਦ... ਇਕ ਵੇਲਾ ਸੀ ਜਦੋਂ ਮੇਰੇ ਉੱਤੇ ਇਹ ਰਾਜ਼ ਫਾਸ਼ ਹੋਇਆ ਕਿ ਵਤਨੀਅਤ ਦੇ ਬਾਰੇ ਵਿਚ ਸਿਆਸਤ ਦਾ ਕੀ ਰੋਲ ਹੁੰਦਾ ਏ... ਤੇ 1977 ਵਿਚ ਜਦੋਂ ਮੈਨੂੰ ਵਤਨ ਤੋਂ ਹਿਜਰਤ ਕਰਕੇ ਟੋਰਾਂਟੋ ਜਾਣਾ ਪਿਆ ਤਾਂ ਵਤਨਪ੍ਰਸਤੀ, ਮਜ਼ਹਬ, ਕੌਮੀਅਤ ਤੇ ਲੋਕਾਂ ਦੇ ਅਦਾਰਿਆਂ ਨਾਲ ਮੁਹੱਬਤ ਕਰਨ ਵਾਲੇ ਮੇਰੇ ਦਿਲ ਦੇ ਸਾਰੇ ਰਿਸ਼ਤੇ ਟੁੱਟ ਚੁੱਕੇ ਸਨ...ਇਕ ਖਲਾਅ ਮੇਰੇ ਵਜੂਦ ਵਿਚ ਬਣ ਗਿਆ ਸੀ, ਤੇ ਮੇਰੀ ਮੈਂ "ਜਿਨ੍ਹਾਂ ਚੀਜ਼ਾਂ ਨਾਲ ਬਣੀ ਹੋਈ ਸੀ, ਉਹ ਫ਼ਨਾਹ ਹੋ ਗਈ...।"

*ਇਹ ਨੁਜ਼ਹਤ ਦੀ ਇਕ ਛੋਟੀ ਜਿਹੀ "ਮੈਂ" ਸੀ ਜਿਹਦਾ ਰਿਸ਼ਤਾ ਜਿਸਮ ਤੇ ਜ਼ੇਹਨ ਦੀਆਂ ਹੱਦਾਂ ਦੇ ਅੰਦਰ ਅੰਦਰ ਉਨ੍ਹਾਂ ਚੀਜ਼ਾਂ ਨਾਲ ਜੁੜਿਆ ਹੋਇਆ ਸੀ, ਜਿਨ੍ਹਾਂ ਦੀ ਪਾਕੀਜ਼ਗੀ ਦਾ ਕਿਆਸ ਸਾਨੂੰ ਸਾਰਿਆਂ ਨੂੰ ਵਿਰਾਸਤ ਵਿਚ ਮਿਲਦਾ ਹੈ, ਤੇ ਉਹ "ਮੈਂ" ਜਦੋਂ ਫ਼ਨਾਹ ਹੋ ਗਈ, ਤਾਂ ਨੁਜ਼ਹਤ ਦੇ ਅੰਦਰੋਂ ਉਹ "ਮੈਂ" ਜਾਗੀ, ਜੋ ਆਪਣੇ ਜਿਸਮ ਤੇ ਜ਼ੇਹਨ ਤੋਂ ਪਾਰ ਉਨ੍ਹਾਂ ਹਕੀਕਤਾਂ ਵਿਚ ਆਪਣੀ ਪਹਿਚਾਣ ਲੱਭਣ ਲੱਗੀ-ਜਿਨ੍ਹਾਂ ਦੀ ਜੁਸਤਜੂ ਆਪਣੇ ਆਦਿ ਬਿੰਦੂ ਨੂੰ ਲਭਦੀ ਹੈ, ਉਹਦੀ ਇਬਤਦਾ ਨੂੰ ਵੀ ਅਤੇ ਇਨਤਹਾ ਨੂੰ ਵੀ...।



ਇਹ ਉਹਦੀ ਜ਼ਮੀਰ ਦਾ ਤਕਾਜ਼ਾ ਸੀ-ਜਿਹਨੇ ਬਾਅਦ ਵਿਚ ਇਕ ਨਜ਼ਮ ਦੀ ਸੂਰਤ ਅਖਤਿਆਰ ਕੀਤੀ, ਤੇ ਉਸਤੋਂ ਪਹਿਲਾਂ ਉਸਦਾ ਅਹਿਸਾਸ ਵੇਖਿਆ।

*ਨੁਜ਼ਹਤ ਦੇ ਲਫ਼ਜ਼ਾਂ ਵਿਚ "ਇਹ ਮੇਰੇ ਦੂਸਰੇ ਖਾਵੰਦ ਦੇ ਕਾਰਨ ਹੋਇਆ ਕਿ ਮੈਂ ਟੋਰਾਂਟੋ ਪਹੁੰਚ ਗਈ ਸਾਂ-ਜਿੱਥੇ ਹਰ ਨਸਲ ਦੇ ਲੋਕ ਸਕੂਨ ਨਾਲ ਆਪੋ ਆਪਣੀ ਜ਼ਿੰਦਗੀ ਦੀ ਜਦੋ-ਜਹਿਦ ਕਰ ਰਹੇ ਸਨ...ਅੰਮ੍ਰਿਤਾ ਜੀ! ਅੱਜ ਮੈਂ ਉਸ ਛੋਟੇ ਜਿਹੇ ਵਾਕਿਆ 'ਤੇ ਹੱਸ ਸਕਦੀ ਹਾਂ, ਪਰ ਉਦੋਂ, ਇਕ ਛੋਟਾ ਵਾਕਿਆ ਸੀ, ਜੋ ਮੇਰੇ ਨਜ਼ਰੀਏ ਨੂੰ ਇਕ ਬਹੁਤ ਵੱਡਾ ਤਸੱਵਰ ਦੇ ਗਿਆ।

ਟੋਰਾਂਟੋ ਆਉਣ ਤੋਂ ਬਾਅਦ ਪਹਿਲਾ ਹਫਤਾ ਸੀ, ਤੇ ਵਤਨ ਦੀ ਮਾਯੂਸ ਫਿਜ਼ਾ ਤੋਂ ਏਨੀ ਦੂਰ ਆ ਜਾਣ ਦਾ ਦੁੱਖ ਸੀ ਕਿ ਮੇਰੀ ਤਨਹਾਈ ਮੈਨੂੰ ਇਕ ਐਸੇ ਮੁਕਾਮ ਤੇ ਲੈ ਆਈ ਕਿ ਮੇਰਾ ਈਮਾਨ ਪੱਕਾ ਹੋ ਗਿਆ ਕਿ ਇਨਸਾਨ ਦੀ ਸਭ ਤੋਂ ਬੁਨਿਆਦੀ ਜ਼ਰੂਰਤ ਹੈ ਕਿ ਉਹ ਰੰਗ, ਨਸਲ, ਮਜ਼ਹਬ, ਕੌਮੀਅਤ, ਜਿਨਸ ਤੇ ਉਮਰ ਦੀ ਤਮੀਜ਼ ਤੋਂ ਬਗ਼ੈਰ-ਮੁਹੱਬਤ ਨਾਲ ਭਰੀ ਹੋਈ ਮੁਸਕ੍ਰਾਹਟ ਦੀ ਜ਼ਮੀਨ 'ਤੇ ਜੀਅ ਸਕੇ। ਇਤਫਾਕ ਨਾਲ ਮੈਨੂੰ ਇਕ ਬੱਸ ਵਿਚ ਜਾਣਾ ਪਿਆ ਤੇ ਅਚਾਨਕ ਅਹਿਸਾਸ ਹੋਇਆ ਕਿ ਉਹ ਬਸ ਨਹੀਂ, ਬਲਕਿ ਪੂਰੀ ਦੁਨੀਆਂ ਹੈ, ਜਿਹਦੇ ਵਿਚ ਹਰ ਕੌਮ, ਹਰ ਰੰਗ ਦੇ ਲੋਕ ਮੌਜੂਦ ਹਨ-ਤੇ ਬਾਹਰ ਅਸਮਾਨ ਤੇ ਸ਼ਫਾਫ ਸੂਰਜ ਚਮਕ ਰਿਹਾ ਹੈ, ਤੇ ਬੱਸ ਆਰਾਮ ਨਾਲ ਜਾ ਰਹੀ ਹੈ, ਕੋਈ ਕਿਸੇ ਦਾ ਖ਼ੂਨ ਨਹੀਂ ਕਰ ਰਿਹਾ... ਏਸ ਤੋਂ ਪਹਿਲਾਂ ਮੇਰੀ ਦੁਨੀਆਂ ਸਿਰਫ ਮੇਰਾ ਵਤਨ ਸੀ, ਤੇ ਉਹਦੇ ਸਾਰੇ ਬਾਸ਼ਿੰਦੇ ਮੇਰੇ ਹਮ ਮਜ਼ਹਬ ਸਨ ਪਰ ਉਸ ਦਿਨ ਏਕਤਾ ਦੀ ਉਸ ਦੁਨੀਆਂ ਨੂੰ ਵੇਖ ਕੇ ਮਨ ਵਿਚ ਮੁਸੱਰਤ ਦੀ ਕੈਫ਼ੀਅਤ ਪੈਦਾ ਹੋ ਗਈ... ਜਾਪਿਆ-ਇਹੀ ਖ਼ਾਬ ਸੀ, ਜਿਹਦੀ ਅੱਜ ਮੈਂ ਤਾਬੀਰ ਵੇਖੀ...ਮੈਨੂੰ ਜਾਪਿਆ ਮੈਨੂੰ ਮੇਰੀ ਜ਼ਾਤ ਲੱਭ ਗਈ ਏ..."

ਤਸੱਵਰ ਜ਼ੇਹਨ ਵਿਚ ਪੈਦਾ ਹੁੰਦੇ ਹਨ, ਪਰ ਉਨ੍ਹਾਂ ਨੂੰ ਜ਼ਮੀਨ ਉੱਤੇ ਪੈਰ ਰੱਖਣਾ ਨਸੀਬ ਨਹੀਂ ਹੁੰਦਾ। ਪਰ ਨੁਜ਼ਹਤ ਦੇ ਤਸੱਵਰ ਨੂੰ ਨਸੀਬ ਹੋਇਆ ਹੈ...।

*ਨੁਜ਼ਹਤ ਦੇ ਲਫਜ਼ਾਂ ਵਿਚ "ਮੈਂ ਮੰਨਦੀ ਹਾਂ ਅੰਮ੍ਰਿਤਾ ਜੀ ਕਿ ਮੇਰੇ ਅੰਦਰਲੇ ਖ਼ਿਲਾਅ ਨੂੰ ਭਰਨ ਲਈ ਸਿਰਫ ਉਹ ਤਜਰਬਾ ਕਾਫੀ ਨਹੀਂ ਸੀ। ਮੈਨੂੰ ਇਲਮ ਫਿਕਰ ਦੇ ਐਸੇ ਸਹਾਰੇ ਦੀ ਤਲਾਸ਼ ਸੀ, ਜੋ ਮੈਨੂੰ ਵਤਨਪ੍ਰਸਤ, ਮਜ਼ਹਬ, ਤੇ ਮੌਜੂਦਾ ਸਮਾਜੀ ਢਾਂਚੇ ਦਾ ਕੋਈ ਐਸਾ ਬਲ ਦੇ ਸਕੇ, ਜੋ ਮੇਰੀ ਰੂਹ ਦੀ ਤਲਾਸ਼ ਸੀ...ਤੇ ਜੋ ਕੁੱਵਤ ਪੂਰੀ ਦੁਨੀਆਂ ਨੂੰ ਚਲਾ ਰਹੀ ਏ, ਉਹਨੇ ਮੇਰੀ ਪਿਆਸ ਨੂੰ ਇਕ ਐਸੇ ਦਰਵਾਜ਼ੇ ਤਕ ਪਹੁੰਚਾ ਦਿੱਤਾ, ਜਿੱਥੇ ਇਕ ਰੂਹਾਨੀ ਚਸ਼ਮਾ ਵਗਦਾ ਸੀ।

"1981 ਵਿਚ ਮੈਨੂੰ ਯੂਨੀਵਰਸਿਟੀ ਆਫ਼ ਟੋਰਾਂਟੋ ਵਿਚ ਐਮ. ਐਡ. ਦਾ ਦਾਖਲਾ ਮਿਲ ਗਿਆ। ਉਥੇ ਮੇਰੇ ਫੈਕਲਟੀ ਐਡਵਾਈਜ਼ਰ ਦਾ ਨਾਂ ਪ੍ਰੋ. ਮਦਨ ਹਾਂਡਾ ਸੀ, ਜੋ ਪਿਛਲੇ 25 ਵਰ੍ਹਿਆਂ ਤੋਂ ਯੂਨੀਵਰਸਿਟੀ ਵਿਚ ਆਪਣੇ ਇਲਮ, ਖੋਜ ਤੇ ਆਪਣੀ ਇਨਸਾਨੀਅਤ ਦੀ ਵਜਾਹ ਨਾਲ ਬਾਇੱਜ਼ਤ ਮੁਕਾਮ ਰੱਖਦੇ ਹਨ ਪਰ ਉਨ੍ਹਾਂ ਦੇ ਹਿੰਦੁਸਤਾਨੀ ਹੋਣ ਦੀ ਵਜਾਹ ਨਾਲ, ਮੇਰੀ ਪੁਰਾਣੀ, ਛੱਡੀ ਹੋਈ, ਕੌਮੀ ਫਿਰਕਾਪ੍ਰਸਤੀ ਦੇ ਨਾਗ ਨੇ ਆਪਣਾ ਫਨ ਚੁੱਕ ਲਿਆ...ਮੇਰੀ ਹੈਸੀਅਤ ਅਜਿਹੀ ਤਾਂ ਨਹੀਂ ਕਿ ਮੈਂ ਪ੍ਰੋ. ਹਾਂਡਾ ਦਾ ਕੁਝ ਵਿਗਾੜ ਸਕਦੀ, ਪਰ ਇਕ ਖੌਫ ਮੇਰੇ ਅੰਦਰ ਪੈਦਾ ਹੋ ਗਿਆ ਕਿ ਉਹ ਮੇਰੀ ਪਾਕਿਸਤਾਨੀ ਬੈਕਗਰਾਉਂਡ ਹੋਣ ਕਰਕੇ ਮੇਰੀ ਮੁਖਾਲਫਤ ਜ਼ਰੂਰ ਕਰਨਗੇ।"

*ਤੇ ਮੈਂ ਜਾਣਦੀ ਹਾਂ-ਇਹ ਪ੍ਰੋ. ਹਾਂਡਾ ਅੱਜ ਨੁਜ਼ਹਤ ਦੇ ਗੁਰੂ ਪੀਰ ਹਨ।

ਨੁਜ਼ਹਤ ਦੇ ਲਫ਼ਜ਼ਾਂ ਵਿਚ- "ਉਨ੍ਹਾਂ ਦੀ ਰੁਹਾਨੀ ਸਰਬਲੰਦੀ, ਪਾਕੀਜ਼ਗੀ ਤੇ ਇਲਮੋਦਾਨਸ਼ ਨੇ ਮੇਰੇ ਬੇਚੈਨ ਦਿਲ ਦੇ ਹਰ ਸਵਾਲ ਦਾ ਜਵਾਬ ਦਿੱਤਾ ਹੈ। ਕੁਲ ਆਲਮ ਵਿਚ ਅਮਨ ਦੀ ਤਾਲੀਮ ਉਹ ਮੈਨੂੰ ਦੇਂਦੇ ਤੇ ਹਰ ਪਹਿਲੂ ਤੋਂ ਮੇਰੇ ਜਿਹੇ ਹਨੇਰੇ ਵਿਚ ਭਟਕਣ ਵਾਲੇ ਇਨਸਾਨ ਨੂੰ ਮਜ਼ਹਬ ਤੇ ਰੂਹਾਨੀਅਤ ਦਾ ਫ਼ਰਕ ਸਮਝਾਇਆ। ਅੱਜ ਮੇਰੀ ਸ਼ਾਇਰੀ-ਮਨ ਦੀ ਉਸੇ ਜ਼ਮੀਨ ਤੇ ਖਿੜੀ ਹੋਈ ਹਰਿਆਵਲ ਹੈ।

ਉਨ੍ਹਾਂ ਨੇ ਮੇਰੇ ਜ਼ਾਤੀ ਸ਼ਊਰ ਨੂੰ ਕਾਇਨਾਤੀ ਸ਼ਊਰ ਨਾਲ ਜੋੜਿਆ ਹੈ...ਜਾਣਦੀ ਹਾਂ ਇਹ ਬੇਇੰਤਹਾ ਔਖਾ ਰਾਹ ਏ, ਪਰ ਮੇਰੇ ਜਿਹੇ ਨਾਸਮਝ ਸ਼ਾਗਿਰਦ ਨੂੰ ਉਹ ਬੜੇ ਸਬਰ, ਸ਼ਫਕਤ ਤੇ ਮੁਹੱਬਤ ਨਾਲ ਉਂਗਲੀ ਫੜ ਕੇ ਜਿਵੇਂ ਮੰਜ਼ਲ ਵਲ ਤੋਰ ਰਹੇ ਹਨ...ਸਾਲਾਂ ਦੀ ਸਾਧਨਾ ਨਾਲ ਉਹ ਇਕ ਰੌਸ਼ਨ ਆਤਮਾ ਬਣ ਚੁੱਕੇ ਹਨ...ਕਾਇਨਾਤ ਨੂੰ ਚਲਾਣ ਵਾਲੀ ਤਾਕਤ ਨੇ ਉਨ੍ਹਾਂ ਨੂੰ ਇਕ ਇਹੋ ਜਿਹੀ ਨਜ਼ਰ ਅਤਾ ਕੀਤੀ ਏ ਜਿਹੜੀ ਇਸ ਦੁਨੀਆਂ ਦੀ ਮਾਇਆ ਦੀ ਧੁੰਦ ਤੋਂ ਪਾਰ, ਮੌਜੂਦਾ ਲੋਕਾਂ ਉੱਤੇ ਹੁੰਦੇ ਜ਼ੁਲਮ ਤੇ ਜਬਰ ਦੇ ਹਨੇਰੇ ਤੋਂ ਪਾਰ ਅਜ਼ਲੀ ਹਕੀਕਤ ਦਾ ਨੂਰ ਵੇਖਦੀ ਏ...ਉਨ੍ਹਾਂ ਨੇ ਜ਼ੁਲਮ ਦੇ ਇਸ ਹਨੇਰੇ ਵਿਚ ਅਮਨ ਮੁਹੱਬਤ ਤੇ ਇਨਸਾਨੀਅਤ ਦਾ ਚਿਰਾਗ ਬਾਲਣ ਲਈ ਆਪਣੀ ਜ਼ਿੰਦਗੀ ਸਰਫ਼ ਕਰ ਦਿੱਤੀ ਏ-ਵੇਖੋ! ਮੇਰੇ ਖ਼ੁਦਾ ਨੇ ਮੈਨੂੰ ਇਹ ਸ਼ਰਫ਼ ਦਿੱਤਾ ਏ ਕਿ ਮੈਂ ਉਨ੍ਹਾਂ ਦੇ ਨਾਲ ਅਮਨ ਦੇ ਇਸ ਸਫ਼ਰ ਤੇ, ਆਪਣੀ ਹੈਸੀਅਤ ਦੇ ਮੁਤਾਬਿਕ ਚੱਲ ਸਕਾਂ...।"

ਤੇ ਮੈਂ ਪਿਆਰ ਨਾਲ ਵੇਖ ਰਹੀ ਸਾਂ ਕਿ ਨੁਜ਼ਹਤ ਆਪਣੇ ਵਜੂਦ ਦੀ ਕਿਤਾਬ ਦੇ ਇਕ ਹਾਸ਼ੀਏ ਦਾ ਸਫ਼ਰ ਕਰਦੀ ਕਰਦੀ, ਆਪਣੀ ਕਿਤਾਬ ਦੀ ਇਬਾਰਤ ਬਣ ਰਹੀ ਹੈ।

---

# ਇਕ ਅੱਖ ਵਾਲੀ ਮਾਂ

ਗੁਰਦੇਵ ਸਿੰਘ ਜੌਹਲ

ਮੇਰੀ ਮਾਂ ਦੀ ਸਿਰਫ ਇਕ ਅੱਖ ਸੀ। ਇਸ ਲਈ ਮੈਨੂੰ ਮਾਂ ਨਾਲ ਬੜੀ ਨਫਰਤ ਸੀ। ਮੈਨੂੰ ਉਹਦੀ ਸ਼ਕਲ ਚੰਗੀ ਨਹੀਂ ਸੀ ਲਗਦੀ। ਮੇਰੇ ਲਈ ਉਹ ਬੜਾ ਪ੍ਰੇਸ਼ਾਨੀ ਦਾ ਕਾਰਨ ਸੀ। ਟੱਬਰ ਦੇ ਗੁਜ਼ਾਰੇ ਲਈ ਉਹ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਖਾਣਾ ਬਣਾਉਂਦੀ ਸੀ। ਮੈਂ ਇਕ ਐਲੀਮੈਂਟਰੀ ਸਕੂਲ 'ਚ ਪੜ੍ਹਦਾ ਸੀ। ਇਕ ਦਿਨ ਮੇਰੀ ਮਾਂ ਸਕੂਲ 'ਚ ਆਈ। ਉਹਨੇ ਮੈਨੂੰ ਬੁਲਾਵਾ ਭੇਜਿਆ। ਮਾਂ ਨੂੰ ਮਿਲ ਕੇ ਮੈਂ ਬਹੁਤ ਪ੍ਰੇਸ਼ਾਨ ਹੋਇਆ ਸੀ। "ਉਹ ਏਦਾਂ ਮੈਨੂੰ ਪ੍ਰੇਸ਼ਾਨ ਕਿਉਂ ਕਰਦੀ ਹੈ?" ਮੈਂ ਉਸ ਨੂੰ ਨਜ਼ਰਅੰਦਾਜ਼ ਕੀਤਾ। ਇਕ ਨਫਰਤ ਭਰੀ ਤੱਕਣੀ ਨਾਲ ਉਸ ਨੂੰ ਦੇਖਿਆ ਤੇ ਕਲਾਸ ਤੋਂ ਬਾਹਰ ਚਲਾ ਗਿਆ।

ਅਗਲੇ ਦਿਨ ਸਕੂਲ 'ਚ ਮੇਰਾ ਇਕ ਹਮਜਮਾਤੀ ਕਹਿਣ ਲੱਗਾ, "ਓਏ ਤੇਰੀ ਮਾਂ ਦੀ ਕੇਵਲ ਇਕ ਅੱਖ ਹੀ ਏ।" ਮੈਂ ਧਰਤੀ 'ਚ ਨਿੱਘਰ ਜਾਣਾ ਚਾਹੁੰਦਾ ਸੀ। ਮੈਂ ਇਹ ਵੀ ਚਾਹੁੰਦਾ ਸੀ ਕਿ ਮੇਰੀ ਮਾਂ ਅੱਖੋਂ ਓਹਲੇ ਹੋ ਜਾਵੇ। ਸੋ ਉਸ ਦਿਨ ਮੈਂ ਮਾਂ ਨੂੰ ਵੱਧ-ਘੱਟ ਬੋਲਿਆ। "ਜੇ ਤੂੰ ਚਾਹੁੰਦੀ ਏਂ ਕਿ ਮੁੰਡੇ ਤੇਰੇ ਮੁੰਡੇ ਦਾ ਏਸੇ ਤਰ੍ਹਾਂ ਹੀ ਮੌਜੂ ਉਡਾਉਣ ਤਾਂ ਇਹਦੇ ਨਾਲੋਂ ਚੰਗਾ ਨਹੀਂ ਕਿ ਤੂੰ ਮਰ ਜਾਏਂ।" ਮਾਂ ਨੇ ਕੋਈ ਉਤਰ ਨਾ ਦਿੱਤਾ। ਮੈਂ ਗੁੱਸੇ ਨਾਲ ਭਰਿਆ ਪਿਆ ਸੀ। ਮੈਂ ਇਕ ਸਕਿੰਟ ਲਈ ਵੀ ਇਹ ਨਾ ਸੋਚਿਆ ਕਿ ਮੈਂ ਮਾਂ ਨੂੰ ਕੀ ਬੋਲਿਆ ਹੈ। ਮੈਂ ਮਾਂ ਦੀਆਂ ਭਾਵਨਾਵਾਂ ਪ੍ਰਤੀ ਅਚੇਤ ਸੀ। ਮੈਂ ਚਾਹੁੰਦਾ ਸੀ ਕਿ ਘਰੋਂ ਬਾਹਰ ਚਲੇ ਜਾਵਾਂ ਅਤੇ ਮਾਂ ਨਾਲ ਕੋਈ ਲੈਣ-ਦੇਣ ਨਾ ਰੱਖਾਂ।

ਸੋ ਮੈਂ ਸਖ਼ਤ ਮਿਹਨਤ ਕੀਤੀ ਅਤੇ ਪੜ੍ਹਿਆ। ਪੜ੍ਹਨ ਲਈ ਮੈਨੂੰ ਵਿਦੇਸ਼ ਜਾਣ ਦਾ ਮੌਕਾ ਮਿਲ ਗਿਆ। ਫਿਰ ਮੈਂ ਵਿਆਹ ਕਰਾ ਲਿਆ। ਆਪਣਾ ਘਰ ਵੀ ਖਰੀਦ ਲਿਆ। ਮੇਰੇ ਬੱਚੇ ਵੀ ਹੋ ਗਏ। ਮੈਂ ਆਪਣੀ ਜ਼ਿੰਦਗੀ ਤੇ ਬੱਚਿਆਂ ਨਾਲ ਖੁਸ਼ ਸੀ। ਸਾਰੇ ਸੁੱਖ-ਆਰਾਮ ਮੈਨੂੰ ਪ੍ਰਾਪਤ ਸਨ।

ਫਿਰ ਇਕ ਦਿਨ ਮਾਂ ਮੈਨੂੰ ਮਿਲਣ ਆ ਗਈ। ਉਹਨੇ ਕਈ ਸਾਲਾਂ ਤੋਂ ਮੈਨੂੰ ਦੇਖਿਆ ਨਹੀਂ ਸੀ। ਉਹ ਤਾਂ ਆਪਣੇ ਪੋਤੇ-ਪੋਤੀਆਂ ਨੂੰ ਵੀ ਕਦੇ ਮਿਲੀ ਨਹੀਂ ਸੀ। ਜਦੋਂ ਉਹ ਦਰਵਾਜ਼ੇ ਲਾਗੇ ਖੜ੍ਹੀ ਸੀ, ਮੇਰੇ ਬੱਚੇ ਉਹਨੂੰ ਦੇਖ ਕੇ ਹੱਸਣ ਲੱਗ ਪਏ, ਚੀਕਾਂ ਤੇ ਲੇਰਾਂ ਮਾਰਨ ਲੱਗ ਪਏ। ਕਹਿਣ ਲੱਗੇ, "ਤੂੰ ਇਥੇ ਬਿਨ ਬੁਲਾਏ ਕਿਉਂ ਆ ਗਈ।" ਮੈਂ ਵੀ ਤਿੱਖੀ ਆਵਾਜ਼ 'ਚ ਚੀਕਿਆ, "ਤੇਰਾ ਮੇਰੇ ਘਰ ਆਉਣ ਦਾ ਹੌਸਲਾ ਕਿਵੇਂ ਪਿਆ। ਤੂੰ ਮੇਰੇ ਨਿਆਣਿਆਂ ਨੂੰ ਡਰਾ ਦਿੱਤਾ। ਤੂੰ ਹੁਣੇ ਹੀ ਇਥੋਂ ਬਾਹਰ ਨਿਕਲ ਜਾਹ।"

ਮੇਰੇ ਇਹ ਕਹਿਣ 'ਤੇ ਮਾਂ ਨੇ ਬਿਨ ਕਿਸੇ ਗੁੱਸੇ ਦੇ ਜਵਾਬ ਦਿੱਤਾ, "ਮੈਨੂੰ ਬਹੁਤ ਅਫਸੋਸ ਹੈ। ਹੋ ਸਕਦਾ ਹੈ ਮੈਂ ਗਲਤ ਸਿਰਨਾਵੇਂ 'ਤੇ ਪਹੁੰਚ ਗਈ ਹੋਵਾਂ।" ਏਨਾ ਕਹਿ ਕੇ ਉਹ ਚਲੀ ਗਈ। ਫਿਰ ਇਕ ਦਿਨ ਮੇਰੇ ਘਰ ਦੇ ਸਿਰਨਾਵੇਂ 'ਤੇ ਮੈਨੂੰ ਇਕ ਚਿੱਠੀ ਆਈ। ਮੇਰੇ ਸਕੂਲ 'ਚ ਸਾਰੇ ਪੁਰਾਣੇ ਵਿਦਿਆਰਥੀਆਂ ਦਾ ਮਿਲਨ-ਸੰਮੇਲਨ ਹੋਣਾ ਸੀ। ਮੈਨੂੰ ਵੀ ਬੁਲਾਇਆ ਗਿਆ ਸੀ। ਮੈਂ ਆਪਣੀ ਪਤਨੀ ਕੋਲ ਝੂਠ ਬੋਲਿਆ ਕਿ ਮੈਂ ਬਿਜ਼ਨੈਸ ਟਰਿੱਪ 'ਤੇ ਜਾ ਰਿਹਾ ਹਾਂ। ਸੰਮੇਲਨ ਤੋਂ ਮਗਰੋਂ ਮੈਂ ਉਤਸੁਕਤਾ ਵਜੋਂ ਆਪਣੇ ਪੁਰਾਣੇ ਘਰ ਨੂੰ ਦੇਖਣ ਚਲਾ ਗਿਆ। ਮੇਰੇ ਗੁਆਂਢੀ ਨੇ ਦੱਸਿਆ ਕਿ 'ਮੇਰੀ ਮਾਂ' ਤਾਂ ਮਰ ਗਈ ਸੀ।

ਮੇਰੀਆਂ ਅੱਖਾਂ 'ਚੋਂ ਇਕ ਵੀ ਹੰਝੂ ਨਾ ਕਿਰਿਆ। ਗੁਆਂਢੀ ਨੇ ਮੈਨੂੰ ਇਕ ਚਿੱਠੀ ਫੜਾਈ। ਇਹ ਚਿੱਠੀ ਮੇਰੀ ਮਾਂ ਨੇ ਮਰਨ ਤੋਂ ਪਹਿਲਾਂ ਗੁਆਂਢੀ ਨੂੰ ਦਿੱਤੀ ਸੀ ਕਿ ਜਦ ਕਦੀ ਉਹ ਆਵੇ ਤਾਂ ਉਸ ਨੂੰ ਦੇ ਦੇਈਂ। ਚਿੱਠੀ 'ਚ ਲਿਖਿਆ ਸੀ, "ਮੇਰੇ ਬਹੁਤ ਹੀ ਪਿਆਰੇ ਬੇਟੇ, ਮੈਂ ਹਰ ਵੇਲੇ ਤੇਰੇ ਬਾਰੇ ਹੀ ਸੋਚਦੀ ਰਹਿੰਦੀ ਹਾਂ। ਮੈਨੂੰ ਬਹੁਤ ਅਫਸੋਸ ਹੈ ਕਿ ਮੈਂ ਤੁਹਾਡੇ ਕੋਲ ਬਿਨਾ ਅਗਾਊਂ ਦੱਸੇ ਗਈ ਤੇ ਤੁਹਾਡੇ ਬੱਚੇ ਮੈਨੂੰ ਦੇਖ ਕੇ ਡਰ ਗਏ। ਜਦ ਮੈਨੂੰ ਇਹ ਪਤਾ ਲੱਗਾ ਕਿ ਤੂੰ ਸੰਮੇਲਨ 'ਤੇ ਆ ਰਿਹਾ ਏਂ ਤਾਂ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ। ਪਰ ਸ਼ਾਇਦ ਮੈਂ ਤੈਨੂੰ ਦੇਖਣ ਲਈ ਬਿਸਤਰੇ 'ਚੋਂ ਉਠ ਵੀ ਨਾ ਸਕਾਂ। ਮੈਨੂੰ ਬਹੁਤ ਹੀ ਦੁੱਖ ਤੇ ਅਫਸੋਸ ਹੈ ਕਿ ਜਦ ਤੂੰ ਬੜਾ ਹੋ ਰਿਹਾ ਸੀ, ਮੈਂ ਤੇਰੇ ਲਈ ਲਗਾਤਾਰ ਪ੍ਰੇਸ਼ਾਨੀ ਦਾ ਕਾਰਨ ਬਣੀ ਰਹੀ। ਤੈਨੂੰ ਸ਼ਾਇਦ ਯਾਦ ਨਾ ਹੋਵੇ, ਜਦੋਂ ਤੂੰ ਬਹੁਤ ਛੋਟਾ ਸੀ, ਤੇਰਾ ਇਕ ਐਕਸੀਡੈਂਟ ਹੋ ਗਿਆ ਸੀ। ਤੇਰੀ ਇਕ ਅੱਖ ਜਾਂਦੀ ਰਹੀ ਸੀ। ਇਕ ਮਾਂ ਦੇ ਨਾਤੇ, ਮੈਂ ਤੈਨੂੰ ਇਕ ਅੱਖ ਵਾਲਾ ਦੇਖ ਨਹੀਂ ਸੀ ਸਕਦੀ। ਸੋ ਉਸ ਵੇਲੇ ਮੈਂ ਤੇਰਾ ਇਲਾਜ ਕਰਾਇਆ ਤੇ ਆਪਣੀ ਇਕ ਅੱਖ ਤੈਨੂੰ ਦੇ ਦਿੱਤੀ। ਮੈਨੂੰ ਆਪਣੇ ਬੇਟੇ 'ਤੇ ਬੜਾ ਮਾਣ ਸੀ ਜਿਹੜਾ ਮੇਰੇ ਲਈ ਤੇ ਮੇਰੀ ਥਾਵੇਂ ਉਸ ਅੱਖ ਨਾਲ ਸਾਰੇ ਵਿਸ਼ਵ ਨੂੰ ਦੇਖ ਰਿਹਾ ਸੀ। ਬੇਟੇ! ਬਹੁਤ-ਬਹੁਤ ਪਿਆਰ। ਤੇਰੀ ਮਾਂ।

ਮੇਰੇ ਵਿਚ ਬੋਲਣ ਦੀ ਹਿੰਮਤ ਨਹੀਂ ਸੀ। ਮੇਰੀਆਂ ਅੱਖਾਂ 'ਚੋਂ ਹੰਝੂਆਂ ਦੀਆਂ ਨਦੀਆਂ ਵਗ ਰਹੀਆਂ ਸਨ।

ਵਿਚਾਰ ਚਰਚਾ



# ਸੰਸਾਰੀਕਰਨ ਦੇ ਦੌਰ 'ਚ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ

*ਉੱਘੇ ਪੰਜਾਬੀ ਵਿਦਵਾਨ ਅਮਰਜੀਤ ਸਿੰਘ ਗਰੇਵਾਲ ਨੇ ਮਿਲਵਾਕੀ (ਵਿਸਕਾਨਸਿਨ) ਵਿਚ ਅੱਜ ਤੋਂ ਕੋਈ 12 ਕੁ ਵਰ੍ਹੇ ਪਹਿਲਾਂ 1997 ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦੀ ਸਟੇਜ ਤੋਂ ਦੁਨੀਆਂ ਦੇ ਕੋਨੇ ਕੋਨੇ ਵਿਚ ਫੈਲੇ ਸਿੱਖ ਪੰਜਾਬੀ ਭਾਈਚਾਰੇ ਨੂੰ ਨਵੇਂ ਜਗਤ ਦੀ ਬਦਲੀ ਹੋਈ ਸਥਿਤੀ ਦੀਆਂ ਪੇਚੀਦਗੀਆਂ ਅਤੇ ਚੁਣੌਤੀਆਂ ਨੂੰ ਸਮਝਣ ਅਤੇ ਉਨ੍ਹਾਂ ਨਾਲ ਬਰ ਮੇਚ ਕੇ ਚਲਣ ਲਈ ਤਿਆਰ ਹੋਣ ਦਾ ਸੱਦਾ ਦਿੱਤਾ ਸੀ। ਇਸ ਅਰਸੇ ਦੌਰਾਨ ਸਾਡੀ ਇਕ ਨਵੀਂ ਪੀੜ੍ਹੀ ਜਵਾਨ ਹੋ ਕੇ ਸਾਹਮਣੇ ਆ ਗਈ ਹੈ। ਅਸਲ ਵਿਚ ਗਰੇਵਾਲ ਹੋਰਾਂ ਨੇ ਆਪਣੇ ਇਸ 'ਐਲਾਨਨਾਮੇ' ਵਿਚ ਬਹੁਤ ਹੀ ਅਹਿਮ ਮੁੱਦੇ ਉਠਾਏ ਸਨ ਜੋ ਕਿ ਸਾਡੀ ਸਮਝ ਅਨੁਸਾਰ ਸਿੱਖ ਭਾਈਚਾਰੇ ਲਈ ਅੱਜ ਵੀ ਉਤਨੇ ਹੀ ਵਿਚਾਰਨਯੋਗ ਹਨ, ਜਿੰਨੇ ਕਿ 12 ਸਾਲ ਪਹਿਲੋਂ। ਇਸ ਲਈ ਅਸੀਂ 'ਪੰਜਾਬ ਟਾਈਮਜ਼' ਦੇ ਨੌਜਵਾਨ ਪਾਠਕਾਂ ਦੇ ਵਿਚਾਰਾਂ ਲਈ ਇਸ ਲੇਖ ਨੂੰ ਛਾਪਣ ਦਾ ਉਪਰਾਲਾ ਕਰ ਰਹੇ ਹਾਂ। -ਸੰਪਾਦਕ*

**ਅਮਰਜੀਤ ਸਿੰਘ ਗਰੇਵਾਲ**

ਜਿਵੇਂ ਭਾਰਤੀ ਮੁਸਲਮਾਨ ਭਾਈਚਾਰੇ ਅੰਦਰ ਆਪਣਾ ਰਾਜ ਸਥਾਪਤ ਕਰਨ ਦੀ ਚਾਹਤ ਵਿਚੋਂ ਪਾਕਿਸਤਾਨ ਦਾ ਜਨਮ ਹੋਇਆ ਸੀ, ਬਿਲਕੁਲ ਉਸੇ ਤਰ੍ਹਾਂ ਸਿੱਖਾਂ ਅੰਦਰ ਆਪਣੀ ਬਹੁਗਿਣਤੀ ਵਾਲਾ ਖਿੱਤਾ ਸਥਾਪਤ ਕਰਨ ਦੀ ਇੱਛਾ ਵਿਚੋਂ ਪੰਜਾਬੀ ਸੂਬੇ ਦਾ ਨਿਰਮਾਣ ਹੋਇਆ ਹੈ। ਆਪਣੀ ਨਿਵੇਕਲੀ ਪਹਿਚਾਣ ਰੱਖਣ ਵਾਲੇ ਹਰ ਇਕ ਭਾਈਚਾਰੇ ਅੰਦਰ ਆਪਣੇ ਕੌਮੀ ਨਿਰਮਾਣ ਰਾਹੀਂ ਇਕ ਸੁਤੰਤਰ ਰਾਜ ਸਥਾਪਤ ਕਰਨ ਦੀਆਂ ਭਾਵਨਾਵਾਂ ਛੁਪੀਆਂ ਹੁੰਦੀਆਂ ਹਨ। ਇਹ ਗੱਲ ਕੇਵਲ ਸਿੱਖਾਂ ਉਪਰ ਹੀ ਨਹੀਂ, ਦੁਨੀਆਂ ਦੇ ਤਮਾਮ ਭਾਈਚਾਰਿਆਂ ਉਪਰ ਲਾਗੂ ਹੁੰਦੀ ਹੈ।

ਜਿਹੜੇ ਭਾਈਚਾਰੇ ਵੱਖ-ਵੱਖ ਸੂਬਿਆਂ ਅਤੇ ਦੇਸ਼ਾਂ ਵਿਚ ਖਿੰਡੇ-ਪੁੰਡੇ ਹੋਣ ਕਰਕੇ, ਆਪਣਾ ਵੱਖਰਾ ਕੌਮੀ ਰਾਜ ਸਥਾਪਤ ਕਰਨ ਵਿਚ ਅਸਮਰੱਥ ਹੁੰਦੇ ਹਨ, ਉਹ ਘੱਟ ਗਿਣਤੀਆਂ ਦੀ ਮਾਨਸਿਕਤਾ ਭੋਗਦੇ ਹੋਏ, ਅਕਸਰ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਭਾਈਚਾਰਿਆਂ ਦੀ ਕੌਮੀ ਰਾਜ ਸਥਾਪਤ ਕਰਨ ਦੀ ਚਾਹਤ ਅਤੇ ਸਮਰੱਥਾ ਵਿਚਲੇ ਅੰਤਰਾਂ ਵਿਚੋਂ ਹੀ ਖਾੜਕੂਵਾਦ ਦਾ ਜਨਮ ਹੁੰਦਾ ਹੈ। ਸਿੱਖ ਭਾਈਚਾਰੇ ਨੂੰ ਵੀ ਇਸੇ ਕਰਕੇ ਏਨਾ ਦੁੱਖ ਝੱਲਣਾ ਪਿਆ ਹੈ। ਸਿੱਖ ਭਾਈਚਾਰੇ ਅੰਦਰ ਲਗਾਤਾਰ ਵਧ ਰਹੀ ਸੰਸਕ੍ਰਿਤਕ ਰਾਜਨੀਤਕ ਚੇਤਨਾ ਅਤੇ ਜਮਹੂਰੀਅਤ ਦੇ ਫੈਲਾਅ ਨੇ ਉਸ ਦੇ ਆਰਥਕ ਵਿਕਾਸ ਨਾਲ ਮਿਲ ਕੇ ਉਸ ਲਈ ਇਕ ਕੌਮ ਵਜੋਂ ਸੰਗਠਿਤ ਹੋਣ ਦੇ ਸਾਰੇ ਬੂਹੇ ਖੋਲ੍ਹ ਦਿੱਤੇ ਸਨ।

ਇਸ ਗੱਲ ਵਿਚ ਹੁਣ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਬਹੁਤ ਸਾਰੇ ਰਾਜਨੀਤਕ, ਸੰਸਕ੍ਰਿਤਕ, ਇਤਿਹਾਸਕ ਅਤੇ ਆਰਥਕ ਕਾਰਨਾਂ ਕਰਕੇ ਸਿੱਖ ਭਾਈਚਾਰੇ ਨੇ ਇਕ ਵਿਲੱਖਣ ਹਸਤੀ ਅਖਤਿਆਰ ਕਰ ਲਈ ਹੈ। ਪਰ ਸਿੱਖ ਭਾਈਚਾਰੇ ਦੀ ਇਹ ਵਿਲੱਖਣ ਹਸਤੀ ਆਪਣਾ ਕੌਮੀ ਰਾਜ ਸਥਾਪਤ ਕਰਨ ਵਿਚ ਅਸਮਰੱਥ ਦਿਖਾਈ ਦੇ ਰਹੀ ਹੈ। ਇਸਦੇ ਬਹੁਤ ਸਾਰੇ ਕਾਰਨ ਹਨ। ਪਹਿਲੀ ਗੱਲ ਤਾਂ ਇਹ ਕਿ ਸਿੱਖ ਭਾਈਚਾਰੇ ਦੀ ਦੁਨੀਆਂ ਦੇ ਕਿਸੇ ਵੀ ਖਿੱਤੇ ਤੇ ਪੂਰਨ ਸਰਦਾਰੀ ਨਹੀਂ ਹੈ। ਜੇਕਰ ਪਹਿਲੀ ਨਵੰਬਰ 1966 ਨੂੰ ਹੋਂਦ ਵਿਚ ਆਉਣ ਵਾਲੇ 50,326 ਵਰਗ ਕਿਲੋਮੀਟਰ ਵਿਚ ਫੈਲੇ ਪੰਜਾਬ ਪ੍ਰਾਂਤ ਵਿਚ ਸਿੱਖ ਭਾਈਚਾਰੇ ਦੀ ਚੌਧਰ ਸਥਾਪਤ ਹੋ ਰਹੀ ਸੀ ਤਾਂ ਇਸ ਸਿੱਖ ਬਹੁਗਿਣਤੀ ਵਾਲੇ ਪੰਜਾਬ ਵਿਚ ਅਲਪਸੰਖਿਅਕ ਤਬਕੇ ਬਣ ਕੇ ਹੀਣ ਮਾਨਸਿਕਤਾ ਭੋਗਣ ਦੇ ਡਰ ਨੇ ਏਥੋਂ ਦੇ ਗੈਰ ਸਿੱਖ ਭਾਈਚਾਰਿਆਂ ਖਾਸ ਕਰਕੇ ਹਿੰਦੂਆਂ ਨੂੰ ਅਲੱਗ ਥੱਲਗ ਕਰ ਕੇ ਰੱਖ ਦਿੱਤਾ। ਫੇਰ ਉਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਆਦਿ ਤੋਂ ਆਉਣ ਵਾਲੀ ਪ੍ਰਵਾਸੀ ਮਜ਼ਦੂਰਾਂ ਦੀ ਫੌਜ ਨੇ ਪੰਜਾਬ ਦੇ ਸੰਸਕ੍ਰਿਤਕ-ਰਾਜਨੀਤਕ ਨਕਸ਼ੇ ਨੂੰ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਵੀ ਦੇਖਣ ਵਾਲੀ ਗੱਲ ਹੈ ਕਿ ਸਿੱਖਾਂ ਦੀਆਂ ਰਾਸ਼ਟਰਵਾਦੀ ਭਾਵਨਾਵਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਆਸੀ ਪਾਰਟੀਆਂ/ਜਥੇਬੰਦੀਆਂ ਨੇ ਸਿੱਖ ਭਾਈਚਾਰੇ ਦੇ ਅੰਦਰ ਇਕ ਬਹੁਗਿਣਤੀ ਵਾਲੇ ਜੱਟ ਸਿੱਖ ਤਬਕੇ ਨੂੰ ਪ੍ਰਥਮਿਕਤਾ ਪ੍ਰਦਾਨ ਕਰਕੇ ਸਿੱਖਾਂ ਦੀਆਂ ਕਈ ਜਾਤੀ, ਜਮਾਤੀ ਅਤੇ ਸੰਪਰਦਾਇਕ ਘੱਟ ਗਿਣਤੀਆਂ ਅੰਦਰ ਵੀ ਹੀਣ ਭਾਵਨਾ ਪੈਦਾ ਕਰਕੇ ਉਨ੍ਹਾਂ ਅੰਦਰ ਅਲਗਾਵ ਦੀ ਭਾਵਨਾ ਪੈਦਾ ਕਰ ਦਿਤੀ ਹੈ। ਦੂਸਰੇ ਪਾਸੇ ਇਹ ਵੀ ਸਮਝ ਪੈਦਾ ਹੋ ਰਹੀ ਹੈ ਕਿ ਪੰਜਾਬ ਹੁਣ ਕਿਸੇ ਇੱਕ ਖਿੱਤੇ ਤੱਕ ਸੀਮਤ ਨਾ ਰਹਿ ਕੇ ਸਾਰੇ ਵਿਸ਼ਵ ਅੰਦਰ ਇਕ ਖੁਸ਼ਬੂ ਵਾਂਗ ਫੈਲਦਾ ਜਾ ਰਿਹਾ ਹੈ। ਸਿੱਖ ਭਾਈਚਾਰਾ, ਇਸ ਤਰ੍ਹਾਂ ਇਕ ਬਹੁਤ ਹੀ ਅਜੀਬ ਸਥਿਤੀ ਵਿਚ ਫਸ ਰਿਹਾ ਹੈ। ਇਕ ਪਾਸੇ ਤਾਂ ਸਿੱਖ ਭਾਈਚਾਰੇ ਅੰਦਰ ਵਧ ਰਹੀ ਆਰਥਿਕ, ਰਾਜਨੀਤਕ ਅਤੇ ਸੰਸਕ੍ਰਿਤਕ ਚੇਤਨਾ ਉਨ੍ਹਾਂ ਅੰਦਰ ਪੰਥਕ ਭਾਵਨਾਵਾਂ ਜਗਾ ਰਹੀ ਹੈ, ਪਰ ਦੂਸਰੇ ਪਾਸੇ ਉਨ੍ਹਾਂ ਦਾ ਅੰਤਰਰਾਸ਼ਟਰੀ ਪੱਧਰ ਤੱਕ ਫੈਲਾਅ, ਅੰਦਰੂਨੀ ਵੰਨ-ਸਵੰਨਤਾ, ਬਦਲ ਰਹੀਆਂ ਪ੍ਰਸਥਿਤੀਆਂ ਆਦਿ ਸਭ ਰਲ ਕੇ ਉਨ੍ਹਾਂ ਨੂੰ ਆਪਣਾ ਸੁਤੰਤਰ ਕੌਮੀ ਰਾਜ ਸਥਾਪਤ ਕਰਨ ਵਿਚ ਪੂਰੀ ਤਰ੍ਹਾਂ ਨਾਲ ਅਸਮਰੱਥ ਬਣਾਉਂਦੀਆਂ ਜਾ ਰਹੀਆਂ ਹਨ। ਸੋ ਸਿੱਖ ਭਾਈਚਾਰੇ ਦੀ ਵਿਲੱਖਣ ਕੌਮੀ ਹਸਤੀ ਆਪਣਾ ਵੱਖਰਾ ਕੌਮੀ ਰਾਜ ਸਥਾਪਤ ਕਰਨ ਦੀ ਅਸਮਰੱਥਾ ਕਾਰਨ ਇਕ ਭਟਕਣ ਵਿਚ ਫਸਦੀ ਜਾ ਰਹੀ ਹੈ। ਸਿੱਖ ਖਾੜਕੂਵਾਦ ਵੀ ਇਸੇ ਭਟਕਣ ਵਿਚੋਂ ਪੈਦਾ ਹੋਇਆ ਸੀ। ਬਾਅਦ ਵਿਚ ਭਾਵੇਂ ਉਹ ਕਿਸੇ ਵੀ ਰਾਹੇ ਕਿਉਂ ਨਾ ਭਟਕ ਗਿਆ ਹੋਵੇ।

ਇਕੱਲੇ ਸਿੱਖ ਹੀ ਨਹੀਂ, ਦੁਨੀਆਂ ਵਿਚ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਕੌਮਾਂ ਹਨ ਜੋ ਆਪਣੇ ਅਲਪ ਸੰਖਿਅਕ ਰੁਤਬੇ ਅਤੇ ਕੌਮੀ ਰਾਜ ਸਥਾਪਤ ਕਰਨ ਦੀ ਅਸਮਰੱਥਾ ਕਰਕੇ ਖਾੜਕੂਵਾਦ ਦੇ ਮਾਰਗ ਉੱਪਰ ਚਲ ਪੈਂਦੀਆਂ ਹਨ। ਬਹੁਤ ਹੀ ਖਤਰਨਾਕ ਕਿਸਮ ਦੇ ਛੋਟੇ ਹਥਿਆਰਾਂ ਦੇ ਵਿਸ਼ਵ ਪੱਧਰ 'ਤੇ ਇਕ ਸਨਅਤ ਅਤੇ ਵਿਉਪਾਰ ਵਜੋਂ ਫੈਲਾਅ ਨੇ ਘੱਟ ਗਿਣਤੀਆਂ ਦੇ ਇਸ ਖਾੜਕੂਵਾਦ ਨੂੰ ਦੁਨੀਆਂ ਦੀ ਅਮਨ ਸ਼ਾਂਤੀ ਲਈ ਇਕ ਬਹੁਤ ਵੱਡਾ ਖਤਰਾ ਬਣਾ ਦਿੱਤਾ ਹੈ। ਹੁਣ ਕੇਵਲ ਇਕੱਲੇ ਕੌਮੀ ਰਾਜਾਂ ਨੂੰ ਭਰੋਸੇ ਵਿਚ ਲੈ ਕੇ ਹੀ ਵਿਸ਼ਵ ਸ਼ਾਂਤੀ ਨੂੰ ਯਕੀਨੀ ਨਹੀਂ ਬਣਾਇਆ ਜਾ ਸਕਦਾ। ਨਵੀਆਂ ਸ਼ਕਤੀਆਂ ਪੈਦਾ ਹੋ ਰਹੀਆਂ ਹਨ।

ਵਿਸ਼ਵੀਕਰਨ ਦੇ ਅਮਲ ਨੇ ਗਿਆਨ ਅਤੇ ਸਰਮਾਏ ਦੇ ਖੁੱਲ੍ਹੇ ਵਹਾਅ ਰਾਹੀਂ ਕੌਮੀ ਰਾਜ ਦੀ ਪ੍ਰਭੂਸੱਤਾ ਨੂੰ ਖੋਰਾ ਲਗਾਇਆ ਹੈ। ਇਹ ਠੀਕ ਹੈ ਕਿ ਆਧੁਨਿਕ ਸੰਸਾਰ ਬੜੇ ਸਪਸ਼ਟ ਢੰਗ ਨਾਲ ਪ੍ਰਭੁਸੱਤਾ ਸੰਪੰਨ ਕੌਮੀ ਰਾਜਾਂ ਵਿਚ ਵੰਡਿਆ ਹੋਇਆ ਹੈ, ਪਰ ਪਾਰ-ਰਾਸ਼ਟਰੀ ਧਾਰਮਿਕ ਭਾਈਚਾਰੇ, ਜਿਹੜੇ ਇਕ ਤੋਂ ਵਧ ਮੁਲਕਾਂ ਵਿਚ ਫੈਲੇ ਹੋਏ ਹਨ, ਸੰਸਾਰ ਦੀ ਕੌਮੀ ਰਾਜਾਂ ਵਿਚ ਵੰਡ ਨੂੰ ਇਕ ਚੁਣੌਤੀ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਪਾਰ-ਰਾਸ਼ਟਰੀ ਵਿਉਪਾਰ ਸੰਸਥਾਵਾਂ ਦੁਆਰਾ ਗਿਆਨ, ਸੂਚਨਾ, ਦੌਲਤ, ਤਕਨੀਕੀ ਮਾਹਿਰਾਂ, ਮਜ਼ਦੂਰੀ, ਪੈਦਾਵਾਰੀ ਸਹੂਲਤਾਂ, ਤਕਨਾਲੋਜੀ ਆਦਿ ਦਾ ਵਿਸ਼ਵ ਵਿਆਪੀ ਆਦਾਨ ਪ੍ਰਦਾਨ ਵੀ ਕੌਮੀ ਰਾਜਾਂ ਦੀਆਂ ਚਾਰ-ਦੀਵਾਰੀਆਂ ਅੰਦਰ ਤ੍ਰੇੜਾਂ ਪੈਦਾ ਕਰ ਰਿਹਾ ਹੈ। ਇਨ੍ਹਾਂ ਕੰਪਨੀਆਂ ਨੂੰ ਚਲਾਉਣ ਵਾਲਾ ਸਰਮਾਇਆ, ਤਕਨਾਲੋਜੀ ਅਤੇ ਪ੍ਰਬੰਧਕੀ ਵਸੀਲੇ ਹੁਣ ਕੇਵਲ ਕਿਸੇ ਇਕ ਦੇਸ਼ ਵਿਚੋਂ ਨਹੀਂ ਸਗੋਂ ਅਨੇਕਾਂ ਵੱਖੋ-ਵੱਖਰੇ ਮੁਲਕਾਂ ਵਿਚੋਂ ਆਉਂਦੇ ਹਨ। ਫੇਰ ਇਹ ਕੰਪਨੀਆਂ ਰੁਜ਼ਗਾਰ ਅਤੇ ਨਫਾ ਵੀ ਕਿਸੇ ਇਕ ਦੇਸ਼ ਵਿਚ ਨਹੀਂ ਸਗੋਂ ਅਨੇਕਾਂ ਦੇਸ਼ਾਂ ਵਿਚ ਵੰਡਦੀਆਂ ਹਨ। ਸੋ ਇਹ ਕੰਪਨੀਆਂ ਸਪਸ਼ਟ ਤੌਰ ਤੇ ਕੌਮੀ ਰਾਜ ਦੀਆਂ ਹੱਦਬੰਦੀਆਂ ਨੂੰ ਚੁਣੌਤੀ ਪੇਸ਼ ਕਰ ਰਹੀਆਂ ਹਨ। ਪਹਿਲਾਂ ਜਦੋਂ ਅੰਤਰਰਾਸ਼ਟਰੀ ਕੰਪਨੀਆਂ ਦੀ ਇਕ ਨਿਸ਼ਚਿਤ ਕੌਮੀਅਤ ਹੁੰਦੀ ਸੀ, ਉਦੋਂ ਉਹ ਕੌਮੀ ਰਾਜ ਉਸ ਕੰਪਨੀ ਦੇ ਹਿੱਤਾਂ ਦੀ ਰਾਖੀ ਕਰਦਾ ਸੀ। ਇਨ੍ਹਾਂ ਕੰਪਨੀਆਂ ਦੇ ਅੰਤਰਰਾਸ਼ਟਰੀ ਪੱਧਰ 'ਤੇ ਹੱਕਾਂ ਦੀ ਰਾਖੀ ਲਈ ਉਨ੍ਹਾਂ ਦੀਆਂ ਸਰਕਾਰਾਂ ਆਪਣੇ ਡਿਪਲੋਮੈਟਿਕ ਅਤੇ ਫੌਜੀ ਦਬਾਅ ਇਸਤੇਮਾਲ ਕਰਦੀਆਂ ਸਨ। ਪਰ ਅੱਜ ਜਦੋਂ ਇਨ੍ਹਾਂ ਪਾਰ-ਰਾਸ਼ਟਰੀ ਜਾਂ ਗੈਰ-ਰਾਸ਼ਟਰੀ ਕੰਪਨੀਆਂ ਦੀ ਕੋਈ ਇਕ ਕੌਮੀਅਤ ਹੀ ਨਹੀਂ ਰਹੀ, ਫੇਰ ਇਨ੍ਹਾਂ ਕੰਪਨੀਆਂ ਦੇ ਹਿੱਤਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਰਾਖੀ ਕੌਣ ਕਰੇਗਾ? ਨਿਸ਼ਚੇ ਹੀ ਕੌਮੀ ਸਰਕਾਰਾਂ ਇਨ੍ਹਾਂ ਦੀ ਰੱਖਿਆ ਦਾ ਭਾਰ ਨਹੀਂ ਉਠਾਉਣਗੀਆਂ। ਪਾਰ-ਰਾਸ਼ਟਰੀ ਧਾਰਮਿਕ ਭਾਈਚਾਰਿਆਂ (ਸਿੱਖ ਭਾਈਚਾਰੇ ਆਦਿ) ਦਾ ਹਾਲ ਵੀ ਇਨ੍ਹਾਂ ਪਾਰ-ਰਾਸ਼ਟਰੀ ਜਾਂ ਗੈਰ-ਰਾਸ਼ਟਰੀ ਕੰਪਨੀਆਂ ਵਰਗਾ ਹੀ ਹੋ ਰਿਹਾ ਹੈ। ਜੇਕਰ ਇਨ੍ਹਾਂ ਪਾਰ-ਰਾਸ਼ਟਰੀ ਕਾਰਪੋਰੇਸ਼ਨਾਂ ਅਤੇ ਧਾਰਮਿਕ ਸੰਗਠਨਾਂ ਨੂੰ ਅੰਤਰਰਾਸ਼ਟਰੀ ਫੋਰਮਾਂ 'ਤੇ ਕੌਮੀ ਰਾਜਾਂ ਦੇ ਬਰਾਬਰ ਦੀ ਨੁਮਾਇੰਦਗੀ ਨਾ ਦਿੱਤੀ ਗਈ ਤਾਂ ਦੁਨੀਆਂ ਵਿਚ ਘੜਮੱਸ ਫੈਲ ਸਕਦੀ ਹੈ।

ਇਹ ਨੁਮਾਇੰਦਗੀ ਜ਼ਰੂਰੀ ਹੈ। ਇਸ ਲਈ ਅੰਤਰਰਾਸ਼ਟਰੀ ਪੱਧਰ 'ਤੇ ਅਜਿਹੀਆਂ ਸੰਸਥਾਵਾਂ ਦੇ ਨਿਰਮਾਣ ਦੀ ਜ਼ਰੂਰਤ ਹੈ ਜਿਹੜੀਆਂ ਸੰਸਥਾਵਾਂ ਮੌਜੂਦਾ ਕੌਮਾਂ, ਕੌਮੀਅਤਾਂ ਆਦਿ ਦੇ ਨਾਲ ਨਾਲ ਧਰਮਾਂ, ਜਾਤੀਆਂ, ਭਾਸ਼ਾਵਾਂ, ਗੈਰ-ਰਾਸ਼ਟਰੀ ਕਾਰਪੋਰੇਸ਼ਨਾਂ, ਮਾਨਵ ਅਧਿਕਾਰ ਸੰਸਥਾਵਾਂ, ਵਾਤਾਵਰਨਿਕ ਸੰਗਠਨਾਂ ਆਦਿ ਨੂੰ ਵੀ ਨੁਮਾਇੰਦਗੀ ਦੇ ਸਕਣ।

ਸਪਸ਼ਟ ਹੈ ਕਿ ਹੁਣ ਦੁਨੀਆਂ ਨੂੰ ਕੇਵਲ ਕੌਮੀ ਰਾਜਾਂ ਵਿਚ ਵੰਡ ਕੇ ਹੀ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ। ਦੁਨੀਆਂ ਦੇ ਆਰਥਕ, ਰਾਜਨੀਤਕ ਅਤੇ ਸੰਸਕ੍ਰਿਤਕ ਮਸਲਿਆਂ ਨੂੰ ਹੱਲ ਕਰਨ ਲਈ ਇਕੱਲੀਆਂ ਕੌਮੀ ਸਰਕਾਰਾਂ ਉਪਰ ਨਿਰਭਰ ਨਹੀਂ ਕੀਤਾ ਜਾ ਸਕਦਾ। ਦੁਨੀਆਂ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਇਸ ਵਾਸਤੇ ਹੁਣ ਕੌਮੀ ਸਰਕਾਰਾਂ ਦੇ ਨਾਲ ਨਾਲ ਪਾਰ-ਰਾਸ਼ਟਰੀ ਕੰਪਨੀਆਂ, ਪਾਰ-ਰਾਸ਼ਟਰੀ ਸੰਗਠਨਾਂ ਅਤੇ ਪਾਰ-ਰਾਸ਼ਟਰੀ ਕੌਮਾਂ ਨੂੰ ਵੀ ਧਿਆਨ ਵਿਚ ਰੱਖਣਾ ਪਿਆ ਕਰੇਗਾ। ਦੁਨੀਆਂ ਦੀ ਕੌਮੀ ਰਾਜਾਂ ਅਤੇ ਬਹੁ-ਕੌਮੀ-ਗੈਰ-ਰਾਜੀ ਸੰਗਠਨਾਂ ਦੇ ਬਹੁ ਪਰਤੀ ਅਤੇ ਬਹੁਦਿਸ਼ਾਵੀ ਸੰਘਰਸ਼ ਦੇ ਰੂਪ ਵਿਚ ਹੀ ਦੇਖਣ ਦੀ ਆਦਤ ਬਣਾਉਣੀ ਪਵੇਗੀ।

ਕਿਉਂਕਿ ਅੱਜ ਤੱਕ ਅਸੀਂ ਦੁਨੀਆਂ ਨੂੰ ਕੇਵਲ ਕੌਮੀ ਰਾਜਾਂ ਵਿਚ ਵੰਡ ਕੇ ਹੀ ਦੇਖਦੇ ਰਹੇ ਹਾਂ, ਇਸ ਲਈ ਯੂ ਐਨ ਓ ਵਿਚ ਵੀ ਕੇਵਲ ਕੌਮੀ ਰਾਜਾਂ ਨੂੰ ਹੀ ਨੁਮਾਇੰਦਗੀ ਮਿਲਦੀ ਰਹੀ ਹੈ। ਉਹ ਬਹੁ-ਕੌਮੀ-ਗੈਰ-ਰਾਜੀ ਸੰਗਠਨਾਂ ਨੂੰ ਕੋਈ ਮਾਨਤਾ ਨਹੀਂ ਦਿੰਦੀ। ਸ਼ਾਇਦ ਇਸੇ ਕਰਕੇ ਉਹ ਦੁਨੀਆਂ ਵਿਚ ਅਮਨ ਸ਼ਾਂਤੀ ਦਾ ਮਾਹੌਲ ਬਣਾਈ ਰੱਖਣ ਵਿਚ ਕਮਜ਼ੋਰ ਪੈਂਦੀ ਜਾ ਰਹੀ ਹੈ। ਹੁਣ ਹਥਿਆਰਬੰਦ ਲੜਾਈਆਂ ਕੇਵਲ ਕੌਮੀ ਰਾਜ ਅਤੇ ਉਨ੍ਹਾਂ ਦੀਆਂ ਫੌਜਾਂ ਵਿਚਕਾਰ ਹੀ ਨਹੀਂ ਹੁੰਦੀਆਂ। ਸ਼ਾਇਦ ਫੌਜੀ ਲੜਾਈਆਂ ਨਾਲੋਂ ਵੀ ਵਧ ਲਹੂ ਹੁਣ ਖਾੜਕੂ ਹਮਲਿਆਂ ਅਤੇ ਅੰਦਰੂਨੀ ਸੁਰੱਖਿਆ ਲਈ ਚਲਾਈਆਂ ਗਈਆਂ ਗੋਲੀਆਂ ਨਾਲ ਡੁੱਲ੍ਹਦਾ ਹੈ। ਇਸ ਲਈ ਦੁਨੀਆਂ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਅਤੇ ਮਾਨਵ ਅਧਿਕਾਰਾਂ ਦੀ ਪੂਰਨ ਬਹਾਲੀ ਵਾਸਤੇ ਕੌਮੀ ਸਰਕਾਰਾਂ ਦੇ ਨਾਲ ਨਾਲ ਗੈਰ-ਰਾਜੀ-ਬਹੁ-ਕੌਮੀ ਸੰਗਠਨਾਂ ਨੂੰ ਵੀ ਵਿਸ਼ਵ ਪੱਧਰ 'ਤੇ ਉਨ੍ਹਾਂ ਦੇ ਬਰਾਬਰ ਦੀ ਅਹਿਮੀਅਤ ਦੇਣੀ ਪਵੇਗੀ। ਅਜਿਹਾ ਕਰਨ ਵਾਸਤੇ ਯੂ ਐਨ ਓ ਵਿਚ ਅਜਿਹੇ ਪਾਰ-ਰਾਸ਼ਟਰੀ ਕੌਮੀ ਸੰਗਠਨਾਂ ਨੂੰ ਵੀ ਮਾਨਤਾ ਦੇਣੀ ਪਵੇਗੀ, ਜੋ ਆਰਥਕ, ਰਾਜਨੀਤਕ ਅਤੇ ਸੰਸਕ੍ਰਿਤਕ ਪੱਧਰ 'ਤੇ ਤਾਂ ਬਹੁਤ ਸ਼ਕਤੀਸ਼ਾਲੀ ਹਨ, ਪਰ ਆਪਣੀਆਂ ਜਮਹੂਰੀ ਅਤੇ ਭੂਗੋਲਿਕ ਪ੍ਰਸਥਿਤੀਆਂ ਕਾਰਨ ਕੌਮੀ-ਰਾਜ ਸਥਾਪਤ ਕਰਨ ਵਿਚ ਅਸਮਰੱਥ ਰਹਿ ਗਏ ਹਨ। ਅਜਿਹੇ ਪਾਰ-ਰਾਸ਼ਟਰੀ ਕੌਮੀ ਸੰਗਠਨਾਂ ਨੂੰ ਯੂ ਐਨ ਓ ਵਿਚ ਮਾਨਤਾ ਦੇ ਕੇ ਇਨ੍ਹਾਂ ਭਾਈਚਾਰਿਆਂ ਵਿਚ ਕੌਮੀ ਰਾਜ ਸਥਾਪਤ ਕਰਨ ਦੀ ਚਾਹਤ ਨੂੰ ਠੰਡਿਆਂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਆਪਣੇ ਭਾਈਚਾਰੇ ਦੇ ਹਿੱਤਾਂ ਦੀ ਸੁਰੱਖਿਆ ਵਾਸਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਵਾਜ਼ ਉਠਾਉਣ ਦਾ ਮੌਕਾ ਦੇ ਕੇ, ਵਿਸ਼ਵ ਸ਼ਾਂਤੀ ਦੇ ਮਾਹੌਲ ਨੂੰ ਹੋਰ ਵੀ ਯਕੀਨੀ ਬਣਾਇਆ ਜਾ ਸਕਦਾ ਹੈ।

ਇਨ੍ਹਾਂ ਪਾਰ-ਰਾਸ਼ਟਰੀ ਸੰਗਠਨਾਂ ਵਿਚ ਕੇਵਲ ਪਾਰ-ਰਾਸ਼ਟਰੀ ਕੌਮਾਂ ਹੀ ਨਹੀਂ, ਸਗੋਂ ਹੋਰ ਵੀ ਬਹੁਤ ਸਾਰੇ ਗੈਰ-ਰਾਜੀ-ਪਾਰ-ਰਾਸ਼ਟਰੀ ਸੰਗਠਨ ਸ਼ਾਮਲ ਹਨ। ਕੌਮੀ ਰਾਜ ਵਿਦੇਸ਼ਾਂ ਵਿਚ ਵਸਦੇ ਆਪਣੇ ਭਾਈਚਾਰੇ ਨੂੰ ਕੇਵਲ ਆਪਣੇ ਹਿੱਤਾਂ ਲਈ ਸ਼ੋਸ਼ਿਤ ਹੀ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਭਲਾਈ ਲਈ ਸਰਕਾਰ, ਕੋਈ ਵੀ ਅਹਿਮ ਪ੍ਰੋਗਰਾਮ ਉਲੀਕ ਕੇ ਉਸਨੂੰ ਲਾਗੂ ਨਹੀਂ ਕਰ ਸਕੀ। ਵਿਦੇਸ਼ਾਂ ਵਿਚ ਵਸਦੇ ਇਨ੍ਹਾਂ ਸਿੱਖਾਂ ਦੇ ਹੱਕਾਂ ਲਈ ਕੋਈ ਆਵਾਜ਼ ਬੁਲੰਦ ਨਹੀਂ ਕਰ ਸਕੀ। ਵਿਦੇਸ਼ੀ ਸਿੱਖਾਂ ਨੂੰ ਆਪਣੀ ਹਰ ਲੜਾਈ ਆਪਣੇ ਆਪ ਇਕੱਲਿਆਂ ਹੀ ਲੜਨੀ ਪਈ ਹੈ। ਜੇਕਰ ਯੂ ਐਨ ਓ ਤੋਂ ਮਾਨਤਾਪ੍ਰਾਪਤ ਵਿਸ਼ਵ ਪੱਧਰ 'ਤੇ ਫੈਲੇ ਸਿੱਖ ਭਾਈਚਾਰੇ ਦੀ ਜਮਹੂਰੀ ਢੰਗਾਂ ਨਾਲ ਚੁਣੀ ਜਾਣ ਵਾਲੀ ਸੰਸਥਾ ਹੋਂਦ ਵਿਚ ਆ ਜਾਂਦੀ ਹੈ, ਤਾਂ ਉਹ ਨਿਸ਼ਚੇ ਹੀ ਸਿੱਖ ਭਾਈਚਾਰੇ ਦੇ ਆਰਥਕ, ਰਾਜਨੀਤਕ, ਸੰਸਕ੍ਰਿਤਕ ਵਿਕਾਸ ਲਈ ਸਾਰਥਕ ਰੋਲ ਅਦਾ ਕਰ ਸਕਦੀ ਹੈ।

ਅਸੀਂ ਪੰਜਾਬੀ ਭਾਈਚਾਰੇ ਦੀ ਥਾਂ ਸਿੱਖ ਭਾਈਚਾਰੇ ਦੀ ਗੱਲ ਇਸ ਵਾਸਤੇ ਕਰਦੇ ਹਾਂ ਕਿਉਂਕਿ ਪੰਜਾਬੀ ਭਾਈਚਾਰਾ ਇਕ ਰੂਪ ਅਤੇ ਇਕਸਾਰ ਭਾਈਚਾਰਾ ਨਹੀਂ ਹੈ। ਇਹ ਅਨੇਕਾਂ ਅੰਤਰਾਂ ਦਾ ਬਣਿਆ ਹੋਇਆ ਹੈ। ਇਨ੍ਹਾਂ ਅੰਤਰਾਂ ਵਿਚੋਂ ਜਾਤੀ, ਜਮਾਤੀ, ਭਾਸ਼ਾਈ, ਲਿੰਗੀ, ਵਿਵਸਾਇਕ, ਆਰਥਕ, ਰਾਜਨੀਤਕ ਅਤੇ ਧਾਰਮਿਕ ਅੰਤਰ ਪ੍ਰਮੁੱਖ ਹਨ। ਧਾਰਮਿਕ ਅੰਤਰਾਂ ਦੀ ਅਹਿਮੀਅਤ ਕੁਝ ਇਸ ਵਾਸਤੇ ਜ਼ਿਆਦਾ ਹੈ, ਕਿਉਂਕਿ ਅਸੀਂ ਪਹਿਲਾਂ ਹੀ ਇਨ੍ਹਾਂ ਅੰਤਰਾਂ ਦੇ ਆਧਾਰ ਉਪਰ ਪੰਜਾਬ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਨਾਮ ਉਪਰ ਵਸਣ ਵਾਲੇ ਮੁਸਲਮਾਨ ਬਹੁਗਿਣਤੀ ਵਾਲੇ ਪੰਜਾਬ (ਪਾਕਿਸਤਾਨੀ ਪੰਜਾਬ), ਗੁਰੂਆਂ ਦੇ ਨਾਮ ਉਪਰ ਵਸਣ ਵਾਲੇ, ਸਿੱਖ ਬਹੁਗਿਣਤੀ ਵਾਲੇ ਪੰਜਾਬ (ਪੰਜਾਬੀ ਸੂਬੇ) ਅਤੇ ਹਿੰਦੂ ਪਰੰਪਰਾਵਾਂ ਉਪਰ ਉਸਾਰੇ ਹਿੰਦੂ ਬਹੁਗਿਣਤੀ ਵਾਲੇ ਪੰਜਾਬ (ਹਰਿਆਣੇ, ਹਿਮਾਚਲ ਪ੍ਰਦੇਸ਼) ਵਿਚ ਵੰਡ ਚੁੱਕੇ ਹਾਂ। ਨਾਲੇ ਫੇਰ ਇਨ੍ਹਾਂ ਵਿਚੋਂ ਪਾਕਿਸਤਾਨ ਆਪਣੇ ਆਪ ਵਿਚ ਇਕ ਕੌਮੀ ਰਾਜ ਹੈ ਜਿਥੇ ਪੰਜਾਬੀ ਭਾਈਚਾਰੇ ਦੀ ਚੌਧਰ ਸਥਾਪਤ ਹੈ। ਇਸ ਤੋਂ ਵੀ ਵੱਧ ਉਸਨੇ ਇਕ ਬਸਤੀਵਾਦੀ ਰਵੱਈਆ ਅਖਤਿਆਰ ਕਰਕੇ ਪਾਕਿਸਤਾਨ ਦੇ ਦੂਸਰੇ ਮੁਸਲਿਮ-ਭਾਈਚਾਰਿਆਂ ਨੂੰ ਰਾਜਨੀਤਕ ਅਤੇ ਸੰਸਕ੍ਰਿਤਕ ਪੱਧਰ 'ਤੇ ਆਪਣਾ ਗੁਲਾਮ ਬਣਾਉਣਾ ਸ਼ੁਰੂ ਕੀਤਾ ਹੋਇਆ ਹੈ। ਇਸ ਬਸਤੀਵਾਦੀ ਰਵੱਈਏ ਵਿਰੁਧ ਪਾਕਿਸਤਾਨ ਦੇ ਗੈਰ-ਪੰਜਾਬੀ ਭਾਈਚਾਰਿਆਂ ਵਲੋਂ ਲੜੇ ਜਾ ਰਹੇ ਸੰਘਰਸ਼ ਨੇ ਪਾਕਿਸਤਾਨ ਦੇ ਪੰਜਾਬੀ ਭਾਈਚਾਰੇ ਨੂੰ ਇਕ ਵੱਖਰੀ ਦਿਸ਼ਾ ਵਿਚ ਤੋਰ ਦਿੱਤਾ ਹੈ। ਇਸੇ ਤਰ੍ਹਾਂ ਪੰਜਾਬ ਨਾਲੋਂ ਅਲੱਗ ਹੋਏ ਹਿੰਦੂ ਬਹੁਗਿਣਤੀ ਵਾਲੇ ਪੰਜਾਬ ਭਾਵ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਆਪਣੇ ਆਪ ਨੂੰ ਪੰਜਾਬ ਨਾਲੋਂ ਤੋੜ ਕੇ ਦੇਖਦੇ ਹਨ। ਸ਼ਾਇਦ ਇਸੇ ਕਰਕੇ ਉਨ੍ਹਾਂ ਨੇ ਪੰਜਾਬੀ ਦੀਆਂ ਭੈਣ ਭਾਸ਼ਾਵਾਂ ਹਰਿਆਣਵੀ ਅਤੇ ਪਹਾੜੀ ਦੀ ਥਾਂ ਹਿੰਦੀ ਨੂੰ ਹੀ ਆਪਣੀ ਮਾਂ ਬੋਲੀ ਸਵੀਕਾਰ ਕੀਤਾ ਹੋਇਆ ਹੈ। ਇਸ ਸਥਿਤੀ ਵਿਚ ਕੇਵਲ ਸਿੱਖ ਬਹੁਗਿਣਤੀ ਵਾਲੇ ਪੰਜਾਬੀ ਸੂਬੇ ਦੇ ਲੋਕ ਹੀ ਉਸ ਸੰਕਟ ਵਿਚੋਂ ਦੀ ਲੰਘ ਰਹੇ ਹਨ, ਜਿਸ ਸੰਕਟ ਦੀ ਅਸੀਂ ਨਵੀਂ ਵਿਸ਼ਵ ਚੇਤਨਾ ਦੇ ਸੰਦਰਭ ਅੰਦਰ ਸ਼ੁਰੂ ਵਿਚ ਹੀ ਗੱਲ ਕੀਤੀ ਸੀ।

ਜੇਕਰ ਧਾਰਮਿਕ ਸੀਮਾਵਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਾਰੇ ਪੰਜਾਬੀ (ਭਾਵੇਂ ਉਹ ਪਾਕਿਸਤਾਨ ਵਿਚ ਰਹਿੰਦੇ ਹੋਣ, ਭਾਵੇਂ ਹਿੰਦੁਸਤਾਨ ਵਿਚ ਤੇ ਭਾਵੇਂ ਵਿਦੇਸ਼ੀ ਮੁਲਕਾਂ ਵਿਚ), ਇਕ ਸਾਂਝੇ ਪਾਰ-ਰਾਸ਼ਟਰੀ, ਸੰਗਠਨ ਦੀ ਜਮਹੂਰੀ ਢੰਗ ਨਾਲ ਸਿਰਜਣਾ ਕਰਦੇ ਹਨ, ਤਾਂ ਉਸ ਵਿਚ ਸਿੱਖ ਭਾਈਚਾਰਾ ਆਪਣੀ ਘੱਟਗਿਣਤੀ ਕਾਰਨ ਫੇਰ ਅਲੱਗ ਥਲੱਗ ਹੋ ਕੇ ਰਹਿ ਜਾਵੇਗਾ। ਜੇਕਰ ਅੰਤਰਾਂ ਨੂੰ ਨਜ਼ਰਅੰਦਾਜ਼ ਕਰਕੇ ਇਕਸਾਰ ਅਤੇ ਇਕਰੂਪ ਪੰਜਾਬ ਦੀ ਸਿਰਜਣਾ ਕਰਨੀ ਹੋਵੇ ਤਾਂ ਕੀ ਅਸੀਂ ਬਹੁਗਿਣਤੀ ਦੇ ਆਧਾਰ 'ਤੇ ਪੰਜਾਬੀ ਬੋਲੀ ਦੀ ਇਕਲਿਪੀ ਕਰਨ ਵਾਸਤੇ ਗੁਰਮੁੱਖੀ ਨੂੰ ਛੱਡ ਕੇ ਪਰਸ਼ੀਅਨ ਨੂੰ ਅਪਨਾਉਣਾ ਪਸੰਦ ਕਰਾਂਗੇ? ਸਪਸ਼ਟ ਹੈ ਕਿ ਪੰਜਾਬੀ ਭਾਈਚਾਰੇ ਦੇ ਅੰਦਰ ਮੌਜੂਦ ਇਨ੍ਹਾਂ ਅੰਤਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਜੇਕਰ ਅਸੀਂ ਸੱਚਮੁੱਚ ਹੀ ਪੰਜਾਬੀ ਭਾਈਚਾਰੇ ਦੀ ਏਕਤਾ ਦੇ ਮੁੱਦਈ ਹਾਂ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਏਕਤਾ ਇਨ੍ਹਾਂ ਅੰਤਰਾਂ ਨੂੰ ਭੁਲਾ ਕੇ ਨਹੀਂ ਸਗੋਂ ਇਨ੍ਹਾਂ ਦੀ ਪਹਿਚਾਣ ਕਰਕੇ, ਇਨ੍ਹਾਂ ਦੀ ਬਰਾਬਰੀ ਉਪਰ ਆਧਾਰਿਤ ਸਮਾਨੰਤਰ ਪਹਿਚਾਣ ਰਾਹੀਂ ਹੀ ਪੈਦਾ ਕੀਤੀ ਜਾ ਸਕਦੀ ਹੈ।

ਜਿੱਥੋਂ ਤੱਕ ਸਿੱਖ ਬਹੁਗਿਣਤੀ ਵਾਲੇ ਪੰਜਾਬੀ ਭਾਈਚਾਰੇ ਦੀ ਗੱਲ ਹੈ, ਇਹ ਵੀ ਇਕਸਾਰ, ਇਕਰੂਪ ਅਤੇ ਨਿਸ਼ਚਿਤ ਸਰੰਚਨਾ ਨਹੀਂ ਹੈ। ਇਹ ਵੀ ਸੰਘਰਸ਼ ਵਿਚ ਬੱਝੇ ਹੋਏ ਅਨੇਕਾਂ ਜਾਤਾਂ, ਗੋਤਾਂ, ਜਮਾਤਾਂ, ਚਿਹਨ ਪ੍ਰਬੰਧਾਂ, ਪ੍ਰਵਚਨਾਂ, ਪਰੰਪਰਾਵਾਂ, ਸੁਪਨਿਆਂ ਅਤੇ ਸੰਸਥਾਵਾਂ ਦਾ ਵੰਨ-ਸਵੰਨਤਾ ਭਰਪੂਰ ਅਨਿਸ਼ਚਿਤ ਅਤੇ ਗਤੀਸ਼ੀਲ ਪ੍ਰਵਾਹ ਹੈ। ਇਸ ਭਾਈਚਾਰੇ ਵਿਚ ਵੀ ਇਕ ਵਿਸ਼ੇਸ਼ ਜਾਤ ਦੇ ਸਿੱਖ ਭਾਈਚਾਰੇ ਦੀ ਚੌਧਰ ਸਥਾਪਤ ਹੈ ਜਿਸ ਕਾਰਨ ਉਸ ਵਿਸ਼ੇਸ਼ ਜਾਤ ਵਾਲੇ ਸਿੱਖ ਭਾਈਚਾਰੇ ਦੀ ਚੌਧਰ ਥੱਲੇ ਪੰਜਾਬ ਦੀਆਂ ਬਾਕੀ ਘੱਟ ਗਿਣਤੀਆਂ (ਧਾਰਮਿਕ, ਜਾਤੀ, ਜਮਾਤੀ, ਸੰਪਰਦਾਇਕ ਆਦਿ) ਘੁਟਣ ਮਹਿਸੂਸ ਕਰ ਰਹੀਆਂ ਹਨ। ਕੀ ਸਿੱਖ ਪੰਜਾਬ ਦੇ ਭਾਈਚਾਰੇ ਅੰਦਰ ਹਿੰਦੂਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ, ਨਾਈਆਂ, ਛੀਂਬਿਆਂ, ਦਲਿਤਾਂ, ਅਰੋੜੇ ਖੱਤਰੀਆਂ, ਨਾਮਧਾਰੀਆਂ, ਰਾਧਾ ਸੁਆਮੀਆਂ ਆਦਿ ਨੂੰ ਵੀ ਜੱਟ ਸਿੱਖਾਂ ਵਾਲਾ ਹੀ ਰਾਜਨੀਤਕ-ਸੰਸਕ੍ਰਿਤਕ ਰੁਤਬਾ ਹਾਸਲ ਹੈ? ਕੀ ਉਹ ਇਸ ਪੰਜਾਬ ਅੰਦਰ ਘੱਟਗਿਣਤੀਆਂ ਦੀ ਮਾਨਸਿਕਤਾ ਨਹੀਂ ਭੋਗ ਰਹੇ? ਸਿੱਖ ਪੰਜਾਬ ਦੀ ਜਮਹੂਰੀ ਢੰਗ ਨਾਲ ਚੁਣੀ ਹੋਈ ਪੰਜਾਬ ਸਰਕਾਰ ਵਿਚ ਵੀ ਇਨ੍ਹਾਂ ਸਿੱਖ ਘੱਟਗਿਣਤੀਆਂ ਦਾ ਖੂੰਜੇ ਲੱਗ ਜਾਣਾ ਇਸ ਵਾਸਤੇ ਸੁਭਾਵਿਕ ਹੀ ਹੈ।

ਜੇਕਰ ਅਕਾਲੀ ਸਰਕਾਰ ਦੀਆਂ ਸਾਰੀਆਂ ਪਾਲਸੀਆਂ ਭਾਵੇਂ ਉਹ ਕਿਸਾਨਾਂ ਨੂੰ ਬਿਜਲੀ ਪਾਣੀ ਮੁਫਤ ਦੇਣ ਨਾਲ ਸੰਬੰਧਤ ਹੋਣ ਤੇ ਭਾਵੇਂ ਪੇਂਡੂ ਇਲਾਕਿਆਂ ਵਿਚ ਕਈ ਸੌ ਅੰਗਰੇਜ਼ੀ ਮਾਧਿਅਮ ਵਾਲੇ ਪਬਲਿਕ ਸਕੂਲ ਖੋਲ੍ਹਣ ਨਾਲ, ਜੱਟ ਸਿੱਖ ਭਾਈਚਾਰੇ ਦੇ ਹੱਕ ਵਿਚ ਪੱਖਪਾਤੀ ਹਨ, ਤਾਂ ਇਸ ਵਿਚ ਅਕਾਲੀ ਸਰਕਾਰ ਦਾ ਕੋਈ ਕਸੂਰ ਨਹੀਂ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਅਸੀਂ ਸਿੱਖ ਪੰਜਾਬੀ-ਭਾਈਚਾਰੇ ਦੇ ਅੰਦਰੂਨੀ ਅੰਤਰਾਂ ਨੂੰ ਪਹਿਚਾਨ ਕੇ ਉਨ੍ਹਾਂ ਨੂੰ ਬਰਾਬਰ ਦਾ ਮਹੱਤਵ ਦੇਣ ਦੀ ਥਾਂ ਸਾਰੇ ਪੰਜਾਬੀ ਭਾਈਚਾਰੇ ਨੂੰ ਇਕਸਾਰ ਅਤੇ ਇਕਰੂਪ ਹੀ ਸਮਝਣਾ ਸ਼ੁਰੂ ਕਰ ਦਿੰਦੇ ਹਾਂ। ਸੋ ਪੰਜਾਬੀ ਏਕਤਾ ਦਾ ਸੁਪਨਾ ਪੰਜਾਬੀ ਭਾਈਚਾਰੇ ਦੇ ਅੰਦਰੂਨੀ ਵਖਰੇਵਿਆਂ ਨੂੰ ਭੁਲਾ ਕੇ ਨਹੀਂ ਸਗੋਂ ਉਨ੍ਹਾਂ ਨੂੰ ਪਹਿਚਾਣ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਪੰਜਾਬੀ ਭਾਈਚਾਰੇ ਨੂੰ ਵਿਸ਼ਵ ਪੱਧਰ 'ਤੇ ਇਕ ਅਜਿਹੀ ਸੰਸਥਾ ਦਾ ਨਿਰਮਾਣ ਕਰਨ ਦੀ ਲੋੜ ਹੈ ਜਿਸ ਵਿਚ ਵੱਖ-ਵੱਖ ਧਰਮਾਂ, ਜਾਤੀਆਂ, ਸੰਪਰਦਾਵਾਂ, ਜਮਾਤਾਂ, ਮੁਲਕਾਂ ਆਦਿ ਦੇ ਪੰਜਾਬੀ ਕਿਸੇ ਵਰਟੀਕਲ (ਲੰਬਰੂਪੀ) ਸੰਗਠਨਕਾਰੀ ਵਿਚ ਬੱਝਣ ਦੀ ਥਾਂ ਆਪਣੀ ਵਿਲੱਖਣ ਅਤੇ ਨਿਵੇਕਲੀ ਪਹਿਚਾਣ ਰੱਖਦੇ ਹੋਏ ਇਕ ਹਰਾਇਜ਼ਾਂਟਲ ਨੈਟਵਰਕਿੰਗ (ਭੂ ਆਕਾਰੀ ਬੁਣਤਰ) ਰਾਹੀਂ ਬਰਾਬਰੀ ਉਪਰ ਆਧਾਰਿਤ ਸਮਾਨੰਤਰ ਸੰਵਾਦ ਵਿਚ ਬੱਝ ਸਕਣ ਤਾਂ ਜੋ ਵਿਸ਼ਵ ਭਰ ਵਿਚ ਫੈਲੇ ਪੰਜਾਬੀ ਲੋਕਾਂ ਦੇ ਤਮਾਮ ਰਾਜਨੀਤਕ-ਸੰਸਕ੍ਰਿਤਕ ਅੰਤਰਾਂ, ਸੁਪਨਿਆਂ ਅਤੇ ਸੰਘਰਸ਼ਾਂ ਨੂੰ ਵਧ ਤੋਂ ਵੱਧ ਨੁਮਾਇੰਦਗੀ ਦੇਣ ਲਈ ਸਰਬੱਤ ਦੇ ਭਲੇ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬੀ ਭਾਈਚਾਰੇ ਦੇ ਭਵਿੱਖ ਲਈ ਵਧੇਰੇ ਸਿਰਜਣਾਤਮਕ ਢੰਗ ਨਾਲ ਸੋਚਿਆ ਜਾ ਸਕੇ। ਸੰਗਠਨਕਾਰੀ ਅਤੇ ਉਸਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਦੇ ਸਰੂਪ ਅਤੇ ਉਸਦੀ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਸ਼ਮੂਲੀਅਤ ਦੇ ਅਮਲੀ ਪ੍ਰੋਗਰਾਮ ਉਲੀਕਣ ਲਈ ਜਿੰਨੀ ਡਾਢੀ ਲੋੜ ਅੱਜ ਹੈ-ਉਨੀ ਸ਼ਾਇਦ ਪਹਿਲਾਂ ਕਦੀ ਵੀ ਨਹੀਂ ਸੀ।

ਇੰਨੀ ਕੂ ਬਾਤ



ਬਲਜੀਤ ਬਾਸੀ

**ਫੋਨ: 734-454-4958**


# ਗੁੱਥੀ

ਪੜ੍ਹਾਈ ਮੁਕਾਉਂਦਿਆਂ ਬੜੀ ਛੇਤੀ ਮੇਰੀ ਨੌਕਰੀ ਦਾ ਜੁਗਾੜ ਬਣ ਗਿਆ: ਪਹਿਲੀ ਤਰੀਕ ਨੂੰ ਰਿਜ਼ਲਟ ਆਇਆ ਤੇ ਤਿੰਨ ਤਰੀਕ ਨੂੰ ਮੈਂ ਇੰਟਰਵਿਊ ਦੇ ਕੇ ਕੰਮ 'ਤੇ ਵੀ ਬੈਠ ਗਿਆ। ਅਸਲ ਵਿਚ ਸਾਰੀ ਸਿਫਾਰਸ਼ ਦੀ ਕਰਾਮਾਤ ਸੀ। ਹੋਰ ਕਰਾਮਾਤ ਇਹ ਕਿ ਮੈਂ ਜਿਸ ਪੋਸਟ ਲਈ ਇੰਟਰਵਿਊ ਦਿੱਤੀ ਸੀ, ਮੈਨੂੰ ਉਸ ਤੋਂ ਵੀ ਵੱਡੀ ਪੋਸਟ ਦੇ ਕੇ ਨਿਵਾਜ ਦਿੱਤਾ ਗਿਆ। ਨੌਕਰੀਦਾਤਾ ਮੇਰੀ ਲਿਆਕਤ ਅਤੇ ਕ੍ਰਿਸ਼ਮਈ ਸ਼ਖਸੀਅਤ ਤੋਂ ਪ੍ਰਭਾਵਤ ਹੋ ਗਿਆ। ਉਸ ਨੇ ਸਿਫਾਰਸ਼ੀ ਨੂੰ ਸਾਫ ਕਿਹਾ, "ਇਹ ਬੰਦਾ ਕੋਈ ਇਹੋ ਜਿਹੇ ਕੰਮ ਕਰਨ ਵਾਲਾ ਹੈ, ਇਹ ਤਾਂ ਵੱਡੇ ਕੰਮਾਂ ਲਈ ਬਣਿਆ ਹੈ।" ਸਿਫਾਰਸ਼ੀ ਬੁੱਲ੍ਹਾਂ 'ਤੇ ਉਂਗਲੀ ਰੱਖ ਕੇ ਕੁਝ ਸੋਚਾਂ ਵਿਚ ਪੈ ਗਿਆ ਤੇ ਮੇਰੇ ਵੱਲ ਬਿਟ ਬਿਟ ਝਾਕਣ ਲੱਗਾ। ਮੇਰਾ ਜੀਅ ਕੀਤਾ ਮੈਂ ਉਸ ਤੋਂ ਅੱਖਾਂ ਫੇਰ ਲਵਾਂ, ਮੇਰੇ ਗੁਣ ਤਾਂ ਡੁਲ੍ਹ ਡੁਲ੍ਹ ਪੈਂਦੇ ਸਨ, ਉਸ ਨੇ ਕਿਉਂ ਨਾ ਮੇਰੀ ਯੋਗਤਾ ਪਛਾਣੀ। ਹੁਣ ਜਦ ਮੈਂ ਉਸ ਦੀ ਸਿਫਾਰਸ਼ ਤੋਂ ਵੱਡੀ ਪੋਸਟ ਹਾਸਲ ਕਰ ਲਈ ਹੈ, ਮੈਂ ਕਿਉਂ ਖਾਹਮਖਾਹ ਸਾਰੀ ਉਮਰ ਲਈ ਉਸਦਾ ਦੇਣਦਾਰ ਬਣਾਂ। ਜ਼ਿੰਦਗੀ ਵਿਚ ਢੁਕਵੇਂ ਸਮੇਂ ਆਪਣੇ ਹਿਤੂਆਂ ਤੋਂ ਅੱਖਾਂ ਫੇਰ ਲੈਣਾ ਹਮੇਸ਼ਾ ਲਾਭਕਾਰੀ ਹੁੰਦਾ ਹੈ। ਪਰ ਸਿਫਾਰਸ਼ੀ ਦੀਆਂ ਪਛਤਾਵੇ ਭਰੀਆਂ ਅੱਖਾਂ ਦੇਖ ਕੇ ਮੈਨੂੰ ਉਸ ਤੇ ਤਰਸ ਆਇਆ ਤੇ ਮੈਂ ਅੱਖਾਂ ਫੇਰਨ ਵਾਲਾ ਕੰਮ ਅੱਗੇ ਪਾ ਦਿੱਤਾ।

ਨੌਕਰੀ ਮਿਲਣ ਉਪਰੰਤ ਕੁਝ ਚਿਰ ਲਈ ਮੇਰੇ ਪੈਰ ਚੱਕੇ ਗਏ। ਜੇ ਮੈਂ ਤੁਹਾਨੂੰ ਇਹ ਦੱਸਾਂ ਕਿ ਪੈਂਦੀ ਸੱਟੇ ਮੇਰੀ ਤਨਖਾਹ 1600 ਰੁਪਏ ਮਹੀਨਾ ਸੀ ਤਾਂ ਤੁਸੀਂ ਹੱਸੋਗੇ ਕਿ ਸ਼ਾਇਦ ਮੈਨੂੰ ਮਾਲੀ ਦੀ ਨੌਕਰੀ ਮਿਲੀ ਸੀ ਕਿਉਂਕਿ ਤੁਹਾਡਾ ਦਿਮਾਗ ਤੇ ਗਣਿਤ ਵਰਤਮਾਨ ਵਿਚ ਸਥਿਤ ਹੈ। ਅੱਖਾਂ ਅੱਗੇ ਲਿਆਓ ਚਾਰ ਤੋਲੇ ਸੋਨਾ ਤੇ ਇਸਦੀ ਕੀਮਤ ਕੱਢੋ। ਏਨਾ ਸੋਨਾ ਆਉਂਦਾ ਸੀ ਮੇਰੀ ਤਨਖਾਹ ਦੀ ਰਕਮ ਦਾ ਉਦੋਂ। ਹੁਣ ਸਾਰੀ ਗੱਲ ਸਾਫ ਹੋ ਗਈ ਹੋਵੇਗੀ ਕਿ ਮੈਂ ਕਿਹੜੇ ਦਿਨਾਂ ਦੀ ਗੱਲ ਕਰ ਰਿਹਾਂ ਤੇ ਕਿੰਨੀ ਵੱਡੀ ਹੋਵੇਗੀ ਮੇਰੀ ਨੌਕਰੀ।

ਛੜੇ ਦੇ ਰਹਿਣ ਲਈ ਤਾਂ ਇਕ ਕਮਰਾ ਹੀ ਕਾਫੀ ਹੁੰਦਾ ਹੈ ਪਰ ਵਿਆਹ ਦਾ ਇੰਤਜ਼ਾਮ ਬਣਦਾ ਦੇਖ ਕੇ ਮੈਂ ਚੰਡੀਗੜ੍ਹ ਦੇ 38 ਸੈਕਟਰ ਵਿਚ ਦੋ ਕਮਰਿਆਂ ਦਾ ਸੈਟ ਲੈ ਲਿਆ। ਇਹ ਸੈਟ ਤਿਆਸਵੀਂ ਕੋਠੀ ਦੀ ਵਿਚਕਾਰਲੀ ਮੰਜ਼ਿਲ 'ਤੇ ਸੀ। ਹੇਠਲੀ ਮੰਜ਼ਿਲ ਵਿਚ ਅਧ-ਬੁੱਢਾ ਮਕਾਨ ਮਾਲਕ, ਉਸਦੀ ਬੁੱਢੀ ਪਤਨੀ ਤੇ ਉਨ੍ਹਾਂ ਦੇ ਨੂੰਹ ਪੁੱਤਰ ਤੇ ਦੋ ਛੋਟੇ ਪੋਤਾ ਪੋਤੀ ਰਹਿੰਦੇ ਸਨ। ਮਕਾਨ ਮਾਲਕ ਦਾ ਦਿਮਾਗੀ ਤਵਾਜ਼ਨ ਹਿੱਲਿਆ ਹੋਇਆ ਸੀ। ਉਹ ਸਾਰਾ ਦਿਨ ਗੁਆਂਢ ਦੇ ਇਰਦ ਗਿਰਦ ਭੌਂਦਾ ਰਹਿੰਦਾ, ਕਦੇ ਸੜਕ ਦੀ ਬੰਨੀ 'ਤੇ ਬੈਠ ਜਾਂਦਾ, ਕਦੇ ਕਿਸੇ ਦਰਖਤ ਦੇ ਹੇਠਾਂ ਤੇ ਕਦੇ ਕਿਸੇ ਇੱਟ ਉਤੇ। ਉਹ ਸਿਰਫ ਰੋਟੀ ਵੇਲੇ ਹੀ ਘਰ ਆਉਂਦਾ ਸੀ। ਉਸਦੀ ਘਰ ਵਾਲੀ ਨੂੰ ਚੰਡੀਗੜ੍ਹ ਦਾ ਪਾਣੀ ਹੀ ਨਹੀਂ ਸੀ ਪਚਦਾ, ਹਰ ਹਫਤੇ ਕੋਈ ਨਾ ਕੋਈ ਉਸ ਲਈ ਰੋਪੜ ਤੋਂ ਪਾਣੀ ਦਾ ਘੜਾ ਲਿਆਉਂਦਾ। ਕਿਸੇ ਦਫਤਰ 'ਚ ਕੰਮ ਕਰਦਾ ਉਨ੍ਹਾਂ ਦਾ ਮੁੰਡਾ ਵੀ ਕਿਸੇ ਗੰਭੀਰ ਬੀਮਾਰੀ ਦਾ ਸ਼ਿਕਾਰ ਸੀ। ਲੰਗੜਾ ਕੇ ਚਲਦਾ ਉਹ ਆਪਣੀ ਉਮਰ ਤੋਂ ਵੀ ਸਿਆਣਾ ਲਗਦਾ। ਸ਼ਾਇਦ ਉਸ ਦੀਆਂ ਨਾੜੀਆਂ ਵਿਚ ਕੋਈ ਖੂਨ ਦਾ ਕਲੌਟ ਸੀ ਜੋ ਘੁੰਮਦਾ ਘੁੰਮਦਾ ਜਦ ਉਸਦੇ ਦਿਮਾਗ ਦੀ ਨਾੜੀ ਵਿਚ ਪਹੁੰਚਦਾ ਤਾਂ ਉਹ ਮੂੰਹ ਵਿਚੋਂ ਝੱਗ ਛੱਡਦਾ ਤੇ ਉਸਨੂੰ ਮਿਰਗੀ ਵਾਂਗ ਦੰਦਲ ਪੈ ਜਾਂਦੀ। ਉਸਦੀ ਪਤਨੀ ਬੀਮਾਰ ਟੱਬਰ ਤੋਂ ਤੰਗ ਖਫਾ ਖੂਨ ਹੋਈ ਰਹਿੰਦੀ ਤੇ ਅਕਸਰ ਬੱਚਿਆਂ ਸਮੇਤ ਪੇਕੇ ਬੈਠੀ ਰਹਿੰਦੀ।

ਮੇਰੇ ਬਾਹਰਲੇ ਕਮਰੇ ਅੱਗੇ ਜੋ ਬਰਾਂਡਾ ਸੀ ਉਸ ਦੇ ਦਰਵਾਜ਼ੇ ਦੇ ਨਾਲੋਂ ਹੀ ਸਿਖਰਲੀ ਮੰਜ਼ਿਲ ਨੂੰ ਪੌੜੀਆਂ ਚੜ੍ਹਦੀਆਂ ਸਨ। ਸਿਖਰ ਇਕ ਹੋਰ ਬੁੱਢਾ ਬੁੱਢੀ ਰਹਿੰਦੇ ਸਨ, ਸੁਰਗੀ ਜਿਊੜੇ। ਬੁੱਢਾ ਕਿਸੇ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਇਆ ਸੀ। ਹੇਠਾਂ ਲੈਟਰ ਬਾਕਸ ਵਿਚੋਂ ਉਨ੍ਹਾਂ ਦੀ ਡਾਕ ਚੁੱਕ ਕੇ ਕਈ ਵਾਰੀ ਮੈਂ ਹੀ ਦੇਣ ਜਾਇਆ ਕਰਦਾ ਸਾਂ ਇਸ ਲਈ ਮੈਨੂੰ ਉਸ ਦੇ ਨਾਂ ਦਾ ਪਤਾ ਲੱਗ ਗਿਆ: ਸੰਤ ਰਾਮ ਕਪਿਲਾ। ਉਹ ਕੱਛਾ ਬੁਨੈਣ ਪਾਈ ਸਾਰਾ ਦਿਨ ਬਰਾਂਡੇ 'ਚ ਡੱਠੇ ਮੰਜੇ 'ਤੇ ਪਿਆ ਕਾਜੂ-ਬਦਾਮ ਦੇ ਫੱਕੇ ਮਾਰਦਾ ਰਹਿੰਦਾ। ਕਪਿਲਾ ਸਾਹਿਬ ਦੀ ਘਰਵਾਲੀ ਬਹੁਤ ਫੁਰਤੀਲੀ ਸੀ ਜਾਂ ਫੁਰਤੀਲੀ ਬਣਦੀ ਸੀ। ਉਹ ਹਰ ਰੋਜ਼ ਝੋਲਾ ਚੁਕ ਕੇ ਤੇਜ਼ ਤੇਜ਼ ਕਦਮਾਂ ਨਾਲ ਮਾਰਕਿਟ ਜਾਂਦੀ ਤੇ ਝੋਲਾ ਭਰ ਕੇ ਹਰੀਆਂ ਸਬਜ਼ੀਆਂ ਤੇ ਹੋਰ ਸੌਦਾ ਲੈ ਆਉਂਦੀ। ਕਈ ਵਾਰੀ ਉਹ ਰਿਕਸ਼ੇ 'ਤੇ ਵੀ ਆਉਂਦੀ। ਬੁੱਢਾ ਮੈਨੂੰ ਅਕਸਰ ਹੀ ਉਪਰ ਬੁਲਾਉਂਦਾ ਰਹਿੰਦਾ। ਉਹ ਮੈਨੂੰ ਕਾਜੂ ਖਾਣ ਲਈ ਪੇਸ਼ ਕਰਦਾ ਤੇ ਮੇਰੇ ਕੋਲ ਟਾਈਮਜ਼ ਆਫ਼ ਇੰਡੀਆ ਵਿਚ ਛਪੇ ਐਸ. ਨਿਹਾਲ ਸਿੰਘ ਦੇ ਲੇਖਾਂ ਦੀਆਂ ਤਾਰੀਫ਼ਾਂ ਕਰਦਾ। ਉਹ ਮੈਨੂੰ ਪੰਜਾਬੀ ਦੇ ਕਈ ਪੁਰਾਣੇ ਮੁਹਾਵਰੇ ਤੇ ਅਖੌਤਾਂ ਸਿਖਾਉਂਦਾ। ਬੁੱਢੀ ਵੀ ਬੜਾ ਮੋਹ ਕਰਦੀ, ਜਦ ਕਦੀ ਕੜ੍ਹੀ, ਪੂਰੀਆਂ-ਛੋਲੇ ਜਾਂ ਖੀਰ ਬਣਾਉਂਦੀ ਤਾਂ ਮੈਨੂੰ ਹਾਕ ਮਾਰ ਲੈਂਦੀ।

ਇਹੋ ਜਿਹੇ ਢਿਲੇ ਮੱਠੇ ਤੇ ਤੁਰਨ ਨੂੰ ਤਿਆਰ ਲੋਕਾਂ ਵਿਚ ਘਿਰਿਆ ਮੈਂ ਸਭ ਤੋਂ ਜਵਾਨ ਤੇ ਤੰਦਰੁਸਤ ਜੀਅ ਸਾਂ। 1600 ਰੁਪਏ ਮਹੀਨਾ ਤਨਖਾਹ, ਦੋ ਕਮਰਿਆਂ ਦਾ ਸੈਟ, ਹੇਠਾਂ ਬਜਾਜ ਸਕੂਟਰ ਤੇ ਸਭ ਤੋਂ ਵਡੀ ਗੱਲ ਕ੍ਰਿਸ਼ਮਈ ਸ਼ਖਸੀਅਤ, ਮੈਂ ਆਪਣੇ ਗੁਣਾਂ ਦਾ ਤਾਮਾਂ ਚਿਪਕਾਈ ਕੁੰਡੀ ਲਾਈ ਬੈਠਾ ਸਾਂ ਕਿਸੇ ਨੱਢੀ ਦੇ ਫਸ ਜਾਣ ਲਈ। ਚਾਹੇ ਸਿਧੀ ਫਸ ਜਾਵੇ, ਚਾਹੇ ਵਿਚੋਲੇ ਰਾਹੀਂ ਪਰ ਅਨੁਭਵ ਤੋਂ ਪਤਾ ਲੱਗਾ ਕਿ ਇਹ ਕੰਮ ਏਨਾਂ ਸੁਖਾਲਾ ਨਹੀਂ ਸੀ। ਕੰਮ ਤੋਂ ਬਾਅਦ ਖੂਬ ਆਵਾਰਾਗਰਦੀ ਤੇ ਸ਼ਾਮ ਨੂੰ ਦੋਸਤਾਂ ਨਾਲ ਦਾਰੂ ਪਿਆਲਾ, ਕੁੰਡੀ ਲੱਗੀ ਹੋਈ ਕੀ ਕਰੇ!

ਬੇਫਿਕਰੀ ਦੇ ਆਲਮ 'ਚ ਵਿਚਰਦਾ ਮੈਂ ਸ਼ਾਮ ਨੂੰ ਪਿਛਲੇ ਕਮਰੇ ਵਿਚ ਆ ਕੇ ਢਹਿ ਪੈਂਦਾ। ਪਰ ਜ਼ਿੰਦਗੀ ਇਵੇਂ ਸਾਵੀਂ ਸੁਧਰੀ ਤੇ ਸੁਖਾਵੀਂ ਪਧਰੀ ਨਹੀਂ ਚਲਦੀ ਰਹਿੰਦੀ। ਇਕ ਦਿਨ ਭਾਵੀ ਦੇ ਮਖੌਲ ਦਾ ਮੈਂ ਸ਼ਿਕਾਰ ਬਣ ਹੀ ਗਿਆ। ਮਹੀਨੇ ਦੀ ਤਨਖਾਹ ਦੇ 1600 ਰੁਪਏ ਨਾਲ ਭਰੇ ਬਟੂਏ ਨੂੰ ਪੈਂਟ ਦੀ ਜੇਬ ਵਿਚ ਪਾਈ ਘਰ ਆਇਆ ਸਾਂ। ਇਨ੍ਹਾਂ ਪੈਸਿਆਂ ਨੂੰ ਹਿਲਾਉਣ ਦੀ ਲੋੜ ਹੀ ਨਹੀਂ ਸੀ ਪਈ। ਵਿਆਹ ਲਈ ਬੈਂਕ ਵਿਚ ਪੈਸੇ ਜਮ੍ਹਾਂ ਕਰਨ ਤੇ ਮਹੀਨੇ ਦਾ ਪੂਰਾ ਖਰਚਾ ਕਰਨ ਪਿਛੋਂ ਵੀ ਅਜੇ ਪਿਛਲੇ ਮਹੀਨੇ ਦੇ ਪੈਸੇ ਹੀ ਬਚੇ ਪਏ ਸਨ। ਮੈਂ ਪਹਿਲੀ ਤਰੀਕ ਦੇ ਦਾਰੂ ਸਿੱਕੇ ਲਈ ਪਿਛਲੇ ਮਹੀਨੇ ਦੇ ਪੈਸੇ ਹੀ ਵਰਤੇ। ਮੇਰੇ ਘਰ ਅੰਦਰ ਵੜਨਸਾਰ ਪਹਿਲੇ ਕਮਰੇ ਦੇ ਨਾਲ ਹੀ ਇਕ ਅਲਮਾਰੀ ਸੀ ਜਿਥੇ ਮੈਂ ਸੌਣ ਤੋਂ ਪਹਿਲਾਂ ਪਹਿਨੇ ਹੋਏ ਕਪੜੇ ਟੰਗ ਦਿੰਦਾ ਸਾਂ।

ਜਦ ਮੈਂ ਅਗਲੇ ਦਿਨ ਸਵੇਰੇ ਉਠ ਕੇ ਵਰਾਂਡੇ ਵਿਚ ਦੀ ਬਾਥ ਰੂਮ ਵੱਲ ਜਾਣ ਲੱਗਿਆ ਤਾਂ ਦੇਖਿਆ ਕਿ ਬਾਹਰਲੇ ਕਮਰੇ ਦੇ ਬਾਹਰ ਵਾਲਾ ਦਰਵਾਜ਼ਾ ਤਾਂ ਖੁਲ੍ਹਾ ਹੀ ਹੈ। ਪਹਿਲਾਂ ਤਾਂ ਜਾਣੋਂ ਤਨ-ਮਨ 'ਤੇ ਕੋਈ ਅਸਰ ਹੀ ਨਾ ਹੋਇਆ। ਫਿਰ ਇਕ ਦਮ ਸਿਰ ਛਣਕਿਆ, ਇਹ ਤਾਂ ਕਿਸੇ ਵਰਤ ਚੁਕੇ ਭਾਣੇ ਦੀ ਨਿਸ਼ਾਨੀ ਹੈ। ਏਨੀ ਦਾਰੂ ਤਾਂ ਨਹੀਂ ਸੀ ਪੀਤੀ ਮੈਂ। ਚਿਟਕਣੀ ਲੱਗਣੋਂ ਰਹਿ ਵੀ ਗਈ ਹੋਵੇ, ਦਰਵਾਜ਼ਾ ਖੁਲ੍ਹਾ ਛੱਡਣਾ ਤਾਂ ਬਾਹਲੀ ਅਲਗਰਜ਼ੀ ਵਾਲੀ ਗੱਲ ਸੀ। ਗਰਮੀਆਂ ਦਾ ਮੌਸਮ ਵੀ ਨਹੀਂ ਸੀ ਕਿ ਮੈਂ ਨੀਮ ਬੇਹੋਸ਼ੀ ਵਿਚ ਹਵਾ ਲਈ ਬੂਹੇ ਖੁਲ੍ਹੇ ਛੱਡ ਦਿੱਤੇ ਹੋਣ। ਚਾਣਚੱਕ ਖਿਆਲ ਆਇਆ ਕਿ ਦੇਖਾਂ 1600 ਤਾਂ ਖਰਾ ਹੈ। ਓਹੀ ਹੋਇਆ: ਜੇਬ ਖਾਲੀ ਸੀ। ਮੈਂ ਉਥੇ ਹੀ ਦੀਵਾਨ 'ਤੇ ਡਿਗ ਪਿਆ। ਮੈਨੂੰ ਘੇਰਨੀ ਜਿਹੀ ਆਉਣ ਲੱਗ ਪਈ। ਘਰ 'ਚ ਕੋਈ ਚੋਰ ਫਿਰ ਗਿਆ ਹੈ। ਆਪਣੇ ਆਪ ਨੂੰ ਕੋਸਣ ਲੱਗ ਪਿਆ। ਕਿੰਨਾ ਲਾਪਰਵਾਹ ਹੋ ਗਿਆ ਹਾਂ। ਦਰਵਾਜ਼ਾ ਖੁਲ੍ਹਾ ਛੱਡ ਦਿਤਾ, ਇਹ ਤਾਂ ਸੁਧੀ ਹੀ ਆ ਬੈਲ ਮੈਨੂੰ ਮਾਰ ਵਾਲੀ ਗੱਲ ਸੀ। ਚੋਰ ਹੋ ਕੌਣ ਸਕਦਾ ਹੈ? ਉਪਰ ਬੁੱਢਾ ਬੁੱਢੀ, ਹੇਠਾਂ ਬੁੱਢਾ ਬੁੱਢੀ, ਹੇਠਲਿਆਂ ਦਾ ਲੰਗੜਾ ਪੁਤਰ ਤਾਂ ਬੁਢੜਿਆਂ ਨਾਲੋਂ ਵੀ ਗਿਆ ਗੁਜ਼ਰਿਆ ਸੀ। ਇਹ ਬੁਢੇ-ਠੇਰੇ ਨਹੀਂ ਹੋ ਸਕਦੇ ਚੋਰ। ਇਨ੍ਹਾਂ ਰੋਗੀਆਂ ਬਾਰੇ ਤਾਂ ਅਜਿਹਾ ਸੋਚਣਾ ਹੀ ਮਹਾਂ ਪਾਪ ਹੈ। ਖਿਆਲ ਆਇਆ ਕਈ ਮੇਰੇ ਦੋਸਤ ਵੀ ਏਥੇ ਆਉਂਦੇ ਜਾਂਦੇ ਹਨ। ਇਹ ਤਾਂ ਹੋਰ ਵੀ ਕਮੀਨੀ ਗੱਲ ਹੋ ਗਈ। ਇਕ ਚੋਰੀ ਕੀ ਹੋ ਗਈ, ਮੈਂ ਬੰਦਾ ਕੁਬੰਦਾ ਦੇਖਣਾ ਵੀ ਛੱਡ ਦਿਤਾ।

ਜ਼ਰੂਰ ਕੋਈ ਬਾਹਰੋਂ ਆਇਆ ਹੋਵੇਗਾ। ਉਸ ਨੂੰ ਪਤਾ ਹੋਵੇਗਾ, ਪਹਿਲੀ ਤਰੀਕ ਹੈ, ਮੇਰੀ ਪੈਂਟ ਵਿਚ ਮੇਰੀ ਤਨਖਾਹ ਹੈ। ਇਕ ਵਾਰੀ ਤਾਂ ਮੈਂ ਵਿਸਮਾਦ ਵਿਚ ਆ ਗਿਆ, ਜਿਸ ਨੇ ਏਨੀ ਮਿਹਨਤ ਕੀਤੀ ਹੈ ਉਸ ਨੂੰ ਕੁਝ ਇਵਜ਼ਾਨਾ ਮਿਲਣਾ ਹੀ ਚਾਹੀਦਾ ਹੈ। ਦਿਮਾਗ ਥੋੜਾ ਠੰਡਾ ਹੋ ਗਿਆ ਤੇ ਮੈਂ ਚਾਹ ਬਣਾ ਲਈ ਤਾਂ ਕਿ ਇਸਨੂੰ ਹੋਰ ਗਰਮਾ ਕੇ ਅਗਲੀ ਕਾਰਵਾਈ ਬਾਰੇ ਸੋਚਿਆ ਜਾਵੇ। ਖਿਆਲ ਆਇਆ ਕਿ ਪਹਿਲਾਂ ਉਪਰ ਵਾਲਿਆਂ ਨੂੰ ਦੱਸਿਆ ਜਾਵੇ। ਉਪਰੋਂ ਖੰਘ ਦੀ ਆਵਾਜ਼ ਵੀ ਆ ਰਹੀ ਸੀ, ਉਹ ਜਾਗੇ ਹੋਏ ਹਨ ਵੈਸੇ ਵੀ ਨਾ ਜਾਗੇ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਬੁਢੇ ਸੌਂਦੇ ਹੀ ਕਦੋਂ ਹਨ? ਕੋਠੇ ਚੜ੍ਹਿਆ। ਕਪਿਲਾ ਸਾਹਿਬ ਦੇ ਗੁਸਲਖਾਨੇ ਵਿਚ ਵੜੇ ਹੋਣ ਦੇ ਖੜਕੇ ਸੁਣੇ। ਏਥੇ ਘਰ ਵਾਲੀ ਹੀ ਗੱਲ ਸੀ, ਮੈਂ ਧੁਸ ਦੇ ਕੇ ਧੁਰ ਅੰਦਰ ਵੜ ਗਿਆ। ਆਂਟੀ ਰਸੋਈ ਵਿਚ ਚਾਹ ਪੁਣ ਰਹੀ ਸੀ। ਮੈਨੂੰ ਦੇਖਦਿਆਂ ਹੀ ਉਸਦਾ ਪਤੀਲਾ ਕੁਝ ਡੋਲ ਗਿਆ ਤੇ ਚਾਹ ਦੀ ਧਾਰ ਗਲਾਸ ਤੋਂ ਬਾਹਰ ਡੁਲਣ ਲੱਗੀ। ਮੈਨੂੰ ਏਨਾ ਸਵੇਰੇ ਆਇਆ ਦੇਖ ਕੇ ਡਰ ਗਈ ਹੋਵੇਗੀ ਪਰ ਉਹ ਛੇਤੀ ਹੀ ਸੰਭਲ ਗਈ। ਮੈਂ ਕਹਿਣ ਲੱਗਾ, "ਸੌਰੀ, ਤੁਸੀਂ ਘਬਰਾ ਗਏ, ਦਰਅਸਲ ਮੈਨੂੰ ਕੁਝ ਸੁਝਦਾ ਨਹੀਂ ਸੀ। ਰਾਤੀਂ ਮੇਰੇ ਪੈਸੇ ਚੋਰੀ ਹੋ ਗਏ, ਪੈਂਟ ਵਿਚ ਪਈ ਸੀ ਸਾਰੀ ਤਨਖਾਹ।"

"ਅੱਛਾ? ਬੜੀ ਮਾੜੀ ਗੱਲ, ਇਹ ਕਿਵੇਂ ਹੋ ਸਕਦਾ? ਨਹੀਂ ਕਿਤੇ ਗਵਾਚ ਗਏ ਹੋਣੇ ਹਨ, ਚੋਰੀ ਕੌਣ ਕਰ ਸਕਦਾ?" ਉਹ ਚਾਹ ਛੱਡ ਕੇ ਆਪਣੇ ਦੋ ਚਾਰ ਟਰੰਕ, ਅਟੈਚੀ ਕੇਸ, ਅਲਮਾਰੀਆਂ ਖੋਲ੍ਹ ਕੇ ਕਪੜੇ ਚੱਕ ਚੱਕ ਕੇ ਉਪਰਾ ਉਪਰਾ ਫੋਲਣ ਲੱਗੀ ਤੇ ਫਿਰ ਆਪਣਾ ਪਰਸ ਟੋਹ ਕੇ ਤਸੱਲੀ ਜਿਹੀ ਦਾ ਮੂੰਹ ਬਣਾਇਆ। ਚੋਰ ਉਪਰ ਨਹੀਂ ਸੀ ਆਇਆ। ਏਨੇ ਨੂੰ ਉਸਦਾ ਬੁੱਢਾ ਪਤੀ ਆ ਗਿਆ। ਉਸਨੂੰ ਦੱਸਿਆ ਤਾਂ ਬੋਲਿਆ, "ਏਥੇ ਕੌਣ ਆਇਆ ਹੋ ਸਕਦਾ, ਚੰਗੀ ਤਰ੍ਹਾਂ ਆਪਣਾ ਘਰ ਫੋਲ। ਸੋਚ ਲੈ ਪੈਂਟ ਵਿਚ ਹੀ ਰੱਖੇ ਸਨ।" ਉਸਦਾ ਲਹਿਜਾ ਚਿੰਤਾ ਵਾਲਾ ਸੀ।

**"ਅੱਛਾ? ਬੜੀ ਮਾੜੀ ਗੱਲ, ਇਹ ਕਿਵੇਂ ਹੋ ਸਕਦਾ? ਨਹੀਂ ਕਿਤੇ ਗਵਾਚ ਗਏ ਹੋਣੇ ਹਨ, ਚੋਰੀ ਕੌਣ ਕਰ ਸਕਦਾ?" ਉਹ ਚਾਹ ਛੱਡ ਕੇ ਆਪਣੇ ਦੋ ਚਾਰ ਟਰੰਕ, ਅਟੈਚੀ ਕੇਸ, ਅਲਮਾਰੀਆਂ ਖੋਲ੍ਹ ਕੇ ਕਪੜੇ ਚੱਕ ਚੱਕ ਕੇ ਉਪਰਾ ਉਪਰਾ ਫੋਲਣ ਲੱਗੀ ਤੇ ਫਿਰ ਆਪਣਾ ਪਰਸ ਟੋਹ ਕੇ ਤਸੱਲੀ ਜਿਹੀ ਦਾ ਮੂੰਹ ਬਣਾਇਆ। ਚੋਰ ਉਪਰ ਨਹੀਂ ਸੀ ਆਇਆ। ਏਨੇ ਨੂੰ ਉਸਦਾ ਬੁੱਢਾ ਪਤੀ ਆ ਗਿਆ। ਉਸਨੂੰ ਦੱਸਿਆ ਤਾਂ ਬੋਲਿਆ, "ਏਥੇ ਕੌਣ ਆਇਆ ਹੋ ਸਕਦਾ, ਚੰਗੀ ਤਰ੍ਹਾਂ ਆਪਣਾ ਘਰ ਫੋਲ। ਸੋਚ ਲੈ ਪੈਂਟ ਵਿਚ ਹੀ ਰੱਖੇ ਸਨ।" ਉਸਦਾ ਲਹਿਜਾ ਚਿੰਤਾ ਤੇ ਹਮਦਰਦੀ ਵਾਲਾ ਸੀ।**

ਬੁੜੀ ਮੇਰੇ ਨਾਲ ਥੱਲੇ ਉਤਰ ਆਈ। ਉਹ ਹੱਥ ਮਾਰ ਮਾਰ ਕੇ ਆਖਣ ਲੱਗੀ, "ਜ਼ਰੂਰ ਤੇਰੇ ਪੈਸੇ ਜਾਂ ਕਿਤੇ ਡਿਗ ਪਏ ਜਾਂ ਕਿਧਰੇ ਜੇਬ ਕੱਟੀ ਗਈ।" ਮੈਂ ਉਸਨੂੰ ਦੱਸਿਆ ਕਿ ਮੇਰਾ ਦਰਵਾਜ਼ਾ ਵੀ ਖੁਲ੍ਹਾ ਸੀ ਤੇ ਮੈਨੂੰ ਕੋਈ ਸ਼ੱਕ ਨਹੀਂ, ਇਹ ਚੋਰ ਦਾ ਹੀ ਕੰਮ ਹੈ। ਮੈਂ ਸੋਚਣ ਲੱਗਾ ਕਿ ਸ਼ਾਇਦ ਬੁੜੀ ਸੋਚਦੀ ਹੋਵੇ ਮੈਂ ਉਨ੍ਹਾਂ 'ਤੇ ਸ਼ੱਕ ਕਰਨ ਡਿਹਾਂ। ਚੋਰੀ ਵੇਲੇ ਇਹ ਹੀ ਤਾਂ ਦਿੱਕਤ ਹੁੰਦੀ ਹੈ, ਨਿਕਟਵਰਤੀਆਂ ਉਤੇ ਜਾਂ ਤਾਂ ਤੁਹਾਨੂੰ ਸ਼ੱਕ ਹੋਣ ਲਗਦੀ ਹੈ ਜਾਂ ਉਹ ਖੁਦ ਹੀ ਡਰ ਜਾਂਦੇ ਹਨ। ਪੁਲਿਸ ਵੀ ਪਹਿਲਾ ਇਨ੍ਹਾਂ ਨੂੰ ਹੀ ਅੜਿੱਕੇ ਵਿਚ ਲੈਂਦੀ ਹੈ।

ਮੈਂ ਬੁੜੀ ਦਾ ਖਹਿੜਾ ਛੱਡ ਕੇ ਅਜਿਹੀਆਂ ਹੀ ਹੇਠਾਂ ਵਸਦੀਆਂ ਸੂਰਤਾਂ ਨੂੰ ਸੂਚਤ ਕਰਨਾ ਆਪਣਾ ਫਰਜ਼ ਸਮਝਦਿਆਂ ਥੱਲੇ ਉਤਰ ਆਇਆ। ਇਹ ਮਾਤਾ ਦੇ ਮਾਲ ਤੋਂ ਕੀ ਤਸੱਲੀ ਮਿਲਣੀ ਹੈ, ਪਰ ਚਲੋ ਮਾਲਕ ਹਨ। ਖਾਂਘੜ ਜਿਹੇ ਬੁਢੜੇ ਉਰੇ-ਪਰੇ ਲੇਟੇ ਪਏ ਸਨ। ਵਰਾਂਡੇ ਵਿਚਲੇ ਸਿੰਕ ਉਤੇ ਟੇਢਾ ਜਿਹਾ ਹੋ ਕੇ ਘਾ ਘਾ ਕਰਦਾ ਮੁੰਡਾ ਬੁਰਸ਼ ਕਰ ਰਿਹਾ ਸੀ। ਮੈਂ ਉਸਨੂੰ ਦੱਸਿਆ ਤਾਂ ਉਸਨੇ ਹੈਰਾਨੀ ਪ੍ਰਗਟ ਕਰਦਿਆਂ ਜੋ ਕੰਮ ਦੀ ਗੱਲ ਆਖੀ ਤੇ ਜਿਸ ਦਾ ਮੈਨੂੰ ਖਿਆਲ ਹੀ ਨਹੀਂ ਸੀ ਆਇਆ ਉਹ ਇਹ ਸੀ ਕਿ ਹੋ ਸਕਦਾ ਹੈ ਕਿਸੇ ਰੱਦੀ ਵੇਚਣ ਵਾਲੇ ਦਾ ਕੰਮ ਹੋਵੇ, ਕਸਬੀ ਚੋਰ ਵੀ ਹੋ ਸਕਦਾ ਹੈ ਪਰ ਮੈਨੂੰ ਥਾਣੇ ਐਫ ਆਈ ਆਰ ਜ਼ਰੂਰ ਦਰਜ ਕਰਾਉਣੀ ਚਾਹੀਦੀ ਹੈ। ਬੁੱਢਾ ਬੁੱਢੀ ਵੀ ਚੋਰੀ ਦੀ ਗੱਲ ਸੁਣ ਕੇ ਬੈਠੇ ਹੋ ਗਏ ਤੇ ਰਾਮ ਰਾਮ ਕਰਨ ਲੱਗ ਪਏ।

ਦੋ ਚਾਰ ਹੋਰ ਗੱਲਾਂ ਕਰਕੇ ਮੈਂ ਆਪਣੇ ਕਮਰੇ ਵਿਚ ਆ ਗਿਆ।

ਆਪਣੇ ਕਮਰੇ ਵਿਚ ਮੰਜੇ 'ਤੇ ਪੈ ਕੇ ਮੈਂ ਥਾਣੇ ਜਾਣ ਲਈ ਥੋੜਾ ਦਿਨ ਚੜ੍ਹਨ ਦੀ ਉਡੀਕ ਕਰਨ ਲੱਗਾ ਤਾਂ ਉਪਰਲੀ ਬੁੜੀ ਮੇਰੇ ਲਈ ਚਾਹ ਦਾ ਗਲਾਸ ਲੈ ਆਈ ਤੇ ਪੁਛਣ ਲੱਗੀ, "ਪੁਲਿਸ ਰਪੋਟ ਕਰਨ ਬਾਰੇ ਸੋਚ ਰਹੇ ਹੋ? ਵੈਸੇ ਜੋ ਹੋਣਾ ਹੈ ਉਹ ਤਾਂ ਹੋ ਗਿਆ, ਪੁਲਿਸ ਸਾਡੀ ਕਿਥੇ ਨਿੱਕੇ-ਮੋਟੇ ਕੰਮਾਂ 'ਚ ਖੇਚਲ ਕਰਦੀ ਹੈ। ਥੋੜਾ ਹੋਰ ਠਹਿਰ ਜਾ, ਸ਼ਾਇਦ ਚੇਤਾ ਆ ਜਾਵੇ, ਪੈਸੇ ਲਭ ਹੀ ਪੈਣ। ਜੇ ਪੈਸੇ ਚਾਹੀਦੇ ਹਨ ਤਾਂ ਘਰ ਵਾਲੀ ਹੀ ਗੱਲ ਹੈ, ਬੋਲ ਕਿੰਨੇ ਕੁ ਚਾਹੀਦੇ ਹਨ।" ਮੈਂ ਥੋੜਾ ਭਾਵੁਕ ਹੋ ਗਿਆ, "ਤੁਹਾਡਾ ਬਹੁਤ ਸ਼ੁਕਰੀਆ, ਪੈਸਿਆਂ ਦੀ ਤਾਂ ਕੋਈ ਗੱਲ ਨਹੀਂ। ਮੈਂ ਤਾਂ ਸੋਚਦਾਂ ਐਵੇਂ ਮੂਰਖ ਬਣ ਗਿਆ। ਮੈਨੂੰ ਪਤਾ ਬਣਨਾ ਜੁੜਨਾ ਏਥੇ ਕੀ ਹੈ, ਫਿਰ ਵੀ ਪੁਲਿਸ ਨੂੰ ਇਤਲਾਹ ਦੇਣਾ ਜ਼ਰੂਰੀ ਹੁੰਦਾ ਹੈ।"

ਬੁੜੀ ਖਾਮੋਸ਼ ਹੋ ਗਈ।

ਦਿਨ ਚੜ੍ਹਿਆ ਮੈਂ 37 ਸੈਕਟਰ ਥਾਣੇ ਰਿਪੋਰਟ ਦਰਜ ਕਰਵਾ ਆਇਆ। ਪੁਲਿਸ ਦੀ ਕੁਸ਼ਲਤਾ ਬਾਰੇ ਮੈਨੂੰ ਕੋਈ ਸ਼ੱਕ ਨਹੀਂ ਸੀ ਪਰ ਆਪਣੇ ਵਲੋਂ ਕੋਈ ਪਹਿਲਕਦਮੀ ਕਰਕੇ ਦੁਨੀਆਂ ਨੂੰ ਇਹ ਦਰਸਾਉਣਾ ਸੀ ਕਿ ਮੈਂ ਆਪਣਾ ਨਫਾ-ਨੁਕਸਾਨ ਸਮਝਦਾ ਹਾਂ। ਨਾਲੇ ਪੁਲਿਸ ਦੀ ਵੀ ਅਜ਼ਮਾਇਸ਼ ਹੋ ਜਾਵੇਗੀ, ਕੁਝ ਕਰਦੀ ਵੀ ਹੈ ਜਾਂ ਜਿਵੇਂ ਕਹਿੰਦੇ ਹਨ, ਹੱਥ 'ਤੇ ਹੱਥ ਮਾਰੀ ਬੈਠੀ ਰਹਿੰਦੀ ਹੈ। ਚਾਰ ਤੋਲੇ ਸੋਨੇ ਜਿੰਨੇ ਪੈਸੇ ਥੋੜੇ ਤਾਂ ਨਹੀਂ ਹੁੰਦੇ, ਮੈਨੂੰ ਹਾਂਜ ਪੈਂਦੀ ਸੀ।

ਫਿਰ ਵੀ ਮੈਂ ਪੁਲਿਸ ਦੀ ਕਿਸੇ ਕਾਰਵਾਈ ਦੀ ਉਡੀਕ ਕਰ ਰਿਹਾ ਸਾਂ। ਕੁਝ ਦਿਨ ਕੋਈ ਉਘ ਸੁਘ ਨਾ ਮਿਲੀ। ਇਕ ਦਿਨ ਕੰਮ 'ਤੇ ਜਾਣ ਤੋਂ ਪਹਿਲਾਂ ਮੈਂ ਥਾਣੇ ਪਤਾ ਕਰਨ ਚਲੇ ਗਿਆ। ਮੈਂ ਪੁਲਿਸ ਨੂੰ ਯਾਦ ਕਰਾਇਆ ਕਿ ਅਜੇ ਤੱਕ ਕੋਈ ਮੌਕਾ ਦੇਖਣ ਹੀ ਨਹੀਂ ਆਇਆ। ਖੈਰ ਉਸੇ ਸ਼ਾਮ ਨੂੰ ਇਕ ਥਾਣੇਦਾਰ ਤੇ ਇਕ ਸਿਪਾਹੀ ਮੇਰੇ ਘਰ ਸਨ। ਉਨ੍ਹਾਂ ਆਉਂਦਿਆਂ ਹੀ ਮੇਰੇ ਸਾਰੇ ਕਮਰੇ ਦੇਖੇ, ਅਲਮਾਰੀ ਦੇਖੀ ਜਿਥੇ ਚੋਰੀ ਸਮੇਂ ਪੈਂਟ ਟੰਗੀ ਹੋਈ ਸੀ। ਫਿਰ ਥੱਲੇ ਜਾ ਕੇ ਚਲਾਵਾਂ ਜਿਹਾ ਗੇੜਾ ਮਾਰਿਆ ਤੇ ਸਿਖਰ ਵਾਲਿਆਂ ਕੋਲ ਆ ਗਏ। ਉਪਰਲੀ ਤਫਤੀਸ਼ ਵੀ ਛੇਤੀ ਹੀ ਭੁਗਤਾ ਕੇ ਉਹ ਮੇਰੇ ਕੋਲ ਆ ਗਏ। ਮੈਂ ਵਰਾਂਡੇ ਵਿਚ ਥਾਣੇਦਾਰ ਨੂੰ ਕੁਰਸੀ ਡਾਹ ਦਿੱਤੀ। ਮੈਂ ਤੇ ਸਿਪਾਹੀ ਕੋਲ ਖੜੇ ਰਹੇ। ਉਪਰੋਂ ਕਪਿਲਾ ਸਾਹਿਬ ਆ ਕੇ ਪੌੜੀਆਂ ਦੇ ਸਭ ਤੋਂ ਹੇਠਲੇ ਪੌਡੇ 'ਤੇ ਬੈਠ ਗਏ ਤੇ ਆਂਟੀ ਥੋੜਾ ਉਪਰ ਖੜੀ ਰਹੀ।

ਕਪਿਲਾ ਸਾਹਿਬ ਥਾਣੇਦਾਰ ਨੂੰ ਮੁਖਾਤਿਬ ਹੋ ਕੇ ਬੋਲੇ, "ਇਨਸਪੈਕਟਰ ਸਾਹਿਬ ਏਧਰ ਤਾਂ ਪਹਿਲਾਂ ਕਦੇ ਚੋਰੀ ਸੁਣੀ ਨਹੀਂ, ਆਹ ਮੁੰਡੇ ਵਿਚਾਰੇ ਦੀ ਸਾਰੀ ਤਨਖਾਹ, ਪਤਾ ਨਹੀਂ ਕੀ ਹੋ ਗਿਆ। ਡੀ ਐਸ ਪੀ ਸ਼ਰਮਾ ਸਾਹਿਬ ਆਪਣੇ ਖਾਸ ਰਿਸ਼ਤੇਦਾਰ ਹਨ। ਸਾਡੀ ਉਨ੍ਹਾਂ ਨਾਲ ਬਹੁਤ ਆਉਣੀ ਜਾਣੀ ਹੈ।"

"ਅਜੇ ਪਰਸੋਂ ਹੀ ਅਸੀਂ ਉਨ੍ਹਾਂ ਦੇ ਘਰ ਸੀ।" ਉਪਰੋਂ ਬੁੱਢੀ ਨੇ ਹੋਰ ਗੱਲ ਵਧਾਈ। ਥਾਣੇਦਾਰ ਥੋੜਾ ਚੌਂਕਿਆ ਤੇ ਫਿਰ ਉਨ੍ਹਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬੋਲਿਆ, "ਕੋਈ ਨਹੀਂ ਜੀ ਖਿਆਲ ਰੱਖਾਂਗੇ, ਦੇਖਦੇ ਹਾਂ ਕੀ ਬਣਦਾ ਹੈ।" ਮੈਂ ਖੁਸ਼ ਹੋ ਗਿਆ, ਕਪਿਲਾ ਸਾਹਿਬ ਨੇ ਆਪਣੇ ਅਫਸਰ ਰਿਸ਼ਤੇਦਾਰ ਦਾ ਰੁਹਬ ਪਾ ਦਿੱਤਾ ਸੀ। ਸ਼ਾਇਦ ਤਫਤੀਸ਼ ਵਿਚ ਇਹ ਦਬਾ ਕੰਮ ਕਰੇ ਤੇ ਚੋਰੀ ਛੇਤੀ ਸੁਲਝ ਜਾਵੇ। ਇਸ ਪਿਛੋਂ ਕੁਝ ਏਧਰ ਉਧਰ ਦੀਆਂ ਮਾਰ ਕੇ ਪੁਲਿਸੀਏ ਚਲੇ ਗਏ।

ਕੁਝ ਦਿਨ ਹੋਰ ਬੀਤ ਗਏ, ਮਨ 'ਚ ਆਇਆ ਥਾਣੇ ਜਾ ਕੇ ਪਤਾ ਕਰੀਏ ਤਫਤੀਸ਼ ਕਿਥੇ ਕੁ ਪਹੁੰਚੀ ਹੈ। ਉਂਜ ਕੇਸ ਹੁਣ ਬਹੁਤਾ ਮੇਰੇ ਲਈ ਸ਼ੁਗਲ ਹੀ ਬਣ ਗਿਆ ਸੀ। ਸਬੱਬੀਂ ਥਾਣੇਦਾਰ ਮਿਲ ਪਿਆ, ਨਹੀਂ ਤਾਂ ਪੁਲਿਸ ਕਿਤੇ ਹੱਥ ਆਉਂਦੀ ਹੈ। ਮੈਨੂੰ ਦੇਖਦਿਆਂ ਹੀ ਥਾਣੇਦਾਰ ਮੁਸਕਾ ਪਿਆ ਤੇ ਸਾਹਮਣੇ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਹੋਰ ਤਾਂ ਹੋਰ ਇਕ ਬੰਦੇ ਨੂੰ ਦੋ ਕੱਪ ਚਾਹ ਲਿਆਉਣ ਲਈ ਵੀ ਆਖ ਦਿੱਤਾ। ਮੈਂ ਹੈਰਾਨ ਹੋ ਗਿਆ, ਸਾਡੀ ਪੁਲਿਸ ਦੇਵਤਾ ਕਦੋਂ ਦੀ ਬਣ ਗਈ ਹੈ, ਏਥੇ ਤਾਂ ਕਦੇ ਕੋਈ ਚੱਜ ਦੇ ਮੂੰਹ ਗੱਲ ਨਹੀਂ ਕਰਦਾ। ਜ਼ਰੂਰ ਸ਼ਰਮਾ ਸਾਹਿਬ ਦਾ ਡਰ ਰੰਗ ਲਿਆ ਰਿਹਾ ਹੈ ਜਾਂ ਮੇਰੇ ਮਾੜੇ-ਮੋਟੇ ਅਫਸਰ ਹੋਣ ਦਾ ਮੂੰਹ ਮੁਲਾਹਜ਼ਾ। ਚਾਹ ਆ ਗਈ ਤੇ ਕੱਪ ਚੁੱਕਦਿਆਂ ਮੈਂ ਥਾਣੇਦਾਰ ਨੂੰ ਪੁਛਿਆ, "ਥਾਣੇਦਾਰ ਸਾਹਿਬ ਕਿੱਥੇ ਕੁ ਪਹੁੰਚੀ ਸਾਡੀ ਚੋਰੀ ਦੀ ਤਫਤੀਸ਼? ਕੋਈ ਥਹੁ ਪਤਾ ਲੱਗਾ?"

ਥਾਣੇਦਾਰ ਖਚਰਾ ਜਿਹਾ ਹੱਸਿਆ ਤੇ ਹਲਕੀ ਜਿਹੀ ਤਾੜੀ ਮਾਰਦਿਆ ਬੋਲਿਆ, "ਜਨਾਬ ਚੋਰ ਤਾਂ ਅਸੀਂ ਤੁਹਾਡਾ ਉਸੇ ਦਿਨ ਲੱਭ ਲਿਆ ਸੀ ਜਿਸ ਦਿਨ ਮੌਕਾ ਦੇਖਣ ਆਏ ਸੀ।"

ਮੈਂ ਹੱਕਾ ਬੱਕਾ ਰਹਿ ਗਿਆ। ਹੱਦ ਹੋ ਗਈ, ਚੋਰ ਲੱਭ ਵੀ ਲਿਆ, ਸਾਡੀ ਪੁਲਿਸ ਤਾਂ ਬੜੀ ਤੇਜ਼ ਹੋ ਗਈ ਹੈ। ਸ਼ਾਇਦ ਕੋਈ ਹੋਰ ਚੋਰ ਫੜਿਆ ਹੋਵੇ ਤੇ ਕੁੱਟ ਦੌਰਾਨ ਉਸ ਨੇ ਮੇਰੇ ਪੈਸਿਆਂ ਦੀ ਚੋਰੀ ਦਾ ਵੀ ਇਕਬਾਲ ਕਰ ਲਿਆ ਹੋਵੇ। ਖੁਸ਼ ਹੁੰਦਿਆਂ ਮੈਂ ਪੁਛਿਆ, "ਕਮਾਲ ਕਰ ਦਿੱਤੀ ਤੁਸੀਂ ਤਾਂ, ਥੈਂਕ ਯੂ ਵੈਰੀ ਮੱਚ। ਕੌਣ ਹੈ ਚੋਰ, ਕਿੱਥੇ ਹੈ?"

ਥਾਣੇਦਾਰ ਮੇਰੇ ਵੱਲ ਨੂੰ ਝੁਕਿਆ, ਜਿਵੇਂ ਮੇਰਾ ਬਹੁਤ ਆਪਣਾ ਹੁੰਦਾ ਹੈ ਤੇ ਥੋੜਾ ਗੰਭੀਰ ਹੁੰਦਾ ਬੋਲਿਆ, "ਚੋਰ ਤਾਂ ਅਸੀਂ ਤੁਹਾਡਾ ਜ਼ਰੂਰ ਲੱਭ ਲਿਆ ਪਰ ਸਾਡੀ ਮਜਬੂਰੀ ਹੈ, ਅਸੀਂ ਉਸ ਨੂੰ ਫੜ ਨਹੀਂ ਸਕਦੇ, ਉਸ ਤੋਂ ਚੋਰੀ ਕਢਵਾ ਨਹੀਂ ਸਕਦੇ।" ਮੈਂ ਸ਼ਸ਼ੋਪੰਜ 'ਚ ਪੈ ਗਿਆ, ਇਹ ਕਿਹੋ ਜਿਹਾ ਚੋਰ ਹੈ ਜਿਸ ਦਾ ਪਤਾ ਲਾ ਲਿਆ ਗਿਆ ਹੈ ਪਰ ਉਸ 'ਤੇ ਜੁਰਮ ਦੀ ਕਾਰਵਾਈ ਨਹੀਂ ਹੋ ਸਕਦੀ? ਪਤਾ ਨਹੀਂ ਪੁਲਿਸ ਆਪਣੀ ਆਈ 'ਤੇ ਆ ਗਈ ਹੈ ਤੇ ਚੋਰ ਨਾਲ ਮਿਲ ਗਈ ਹੈ। ਖੈਰ ਮੈਂ ਕਿਹਾ, "ਜੀ ਮੈਂ ਤਾਂ ਸਾਧਾਰਨ ਜਿਹਾ ਬੰਦਾ ਹਾਂ, ਮੈਨੂੰ ਪੁਲਿਸ ਤੇ ਜੁਰਮਾਂ ਦੀ ਦੁਨੀਆਂ ਦੀ ਬਹੁਤੀ ਸਮਝ ਨਹੀਂ। ਮੈਨੂੰ ਸਿਧੇ ਜਿਹੇ ਸ਼ਬਦਾਂ ਵਿਚ ਦੱਸੋ ਕਿ ਆਖਰ ਮਾਜਰਾ ਕੀ ਹੈ।"

ਥਾਣੇਦਾਰ ਨੇ ਫਿਰ ਪਹਿਲਾਂ ਕੁਰਸੀ 'ਤੇ ਢੋ ਲਾ ਲਈ ਪਰ ਇਕ ਦਮ ਅੱਗੇ ਨੂੰ ਘਿਸੜਦਾ ਬੋਲਿਆ, "ਦੇਖੋ ਜੀ ਇਹ ਗੱਲ ਮੇਰੇ ਤੇ ਤੁਹਾਡੇ ਦਰਮਿਆਨ ਹੀ ਰਹਿਣੀ ਚਾਹੀਦੀ ਹੈ, ਸਮਝ ਲਓ ਸਾਡੀ ਮਜਬੂਰੀ ਹੈ। ਚੋਰੀ ਉਸ ਉਪਰ ਵਾਲੀ ਬੁੱਢੀ ਨੇ ਕੀਤੀ ਹੈ। ਇਹ ਸਾਡਾ ਪੱਕਾ ਯਕੀਨ ਹੈ। ਸਾਡਾ ਰੋਜ਼ ਦਾ ਕੰਮ ਹੈ। ਅਸੀਂ ਮੁਜਰਮ ਦੀਆਂ ਅੱਖਾਂ ਤਾੜ ਲੈਂਦੇ ਹਾਂ।"

ਮੇਰਾ ਸਿਰ ਸੁੰਨ ਹੋ ਗਿਆ। ਥਾਣੇਦਾਰ ਉਘ ਦੀਆਂ ਪਤਾਲ ਮਾਰ ਰਿਹੈ। ਉਪਰਲੀ ਆਂਟੀ ਨੇ ਚੋਰੀ ਕੀਤੀ? ਕਿਤੇ ਕੋਈ ਗੜਬੜ ਹੈ। "ਗੱਲ ਮੰਨਣ ਵਿਚ ਨਹੀਂ ਆਉਂਦੀ।" ਮੈਂ ਆਪਣੀ ਸ਼ੰਕਾ ਜ਼ਾਹਿਰ ਕੀਤੀ।

"ਤੁਹਾਡੀ ਸ਼ੱਕ ਜਾਇਜ਼ ਹੈ, ਪਰ ਤੁਸੀਂ ਮੰਨ ਲਓ ਸਾਡੀ ਗੱਲ।" ਉਸਨੇ ਮੇਰਾ ਸੱਜਾ ਹੱਥ ਘੁਟਿਆ ਮਾਨੋ ਮੇਰੇ ਨੇੜੇ ਹੋ ਕੇ ਮੈਨੂੰ ਯਕੀਨ ਦੁਆ ਰਿਹਾ ਹੋਵੇ। ਫਿਰ ਬੋਲਿਆ, "ਵੱਡੀ ਗੱਲ ਇਹ, ਅਸੀਂ ਕਰ ਕੁਝ ਨਹੀਂ ਸਕਦੇ ਉਸ ਬੁੱਢੀ ਦਾ, ਕਿਉਂਕਿ ਉਹ ਡੀ ਐਸ ਪੀ ਸ਼ਰਮਾ ਸਾਹਿਬ ਦੇ ਰਿਸ਼ਤੇਦਾਰ ਹਨ। ਅਸਲ ਵਿਚ ਉਨ੍ਹਾਂ ਨੇ ਉਸ ਦਿਨ ਸ਼ਰਮਾ ਸਾਹਿਬ ਦੇ ਰਿਸ਼ਤੇਦਾਰ ਹੋਣ ਦਾ ਜ਼ਿਕਰ ਕਰਕੇ ਇਕ ਤਰ੍ਹਾਂ ਸਾਨੂੰ ਸਾਵਧਾਨ ਹੀ ਕੀਤਾ ਸੀ। ਬੱਸ ਤੁਸੀਂ ਇਹ ਹਰਜਾ ਪੀ ਹੀ ਜਾਓ।"

"ਕੀ ਸ਼ਰਮਾ ਸਾਹਿਬ ਨੇ ਤੁਹਾਨੂੰ ਕੁਝ ਕਿਹਾ?" ਮੈਂ ਥਾਣੇਦਾਰ ਨੂੰ ਟੋਹਣਾ ਚਾਹੁੰਦਾ ਸੀ।

"ਇਹ ਸਾਡੀ ਆਪਣੀ ਗੱਲ ਹੈ, ਤੁਸੀਂ ਇਸ ਚੱਕਰ ਵਿਚ ਨਾ ਪਓ। ਸਾਥੋਂ ਬਾਹਲਾ ਨਾ ਪੁਛੋ, ਚੋਰੀ ਵਾਲੀ ਗੱਲ ਯਕੀਨੀ ਹੈ।" ਇਹ ਗੱਲ ਕਹਿ ਕੇ ਉਸਨੇ ਮਿਲਾਉਣ ਲਈ ਮੇਰੇ ਵੱਲ ਹੱਥ ਵਧਾਏ। ਮੈਂ ਸਮਝ ਗਿਆ ਇਹ ਇਸ਼ਾਰਾ ਸੀ ਕਿ ਹੁਣ ਮੈਂ ਤੁਰਦਾ ਬਣਾਂ। ਚੋਰੀ ਦਾ ਬਹੁਤਾ ਦੁਖ ਨਹੀਂ ਸੀ ਪਰ ਮਨੁਖੀ ਚਰਿੱਤਰ ਦੀਆਂ ਨਵੀਆਂ ਫਰੇਬੀ ਤਹਿਆਂ ਤੋਂ ਮੈਂ ਚਕ੍ਰਿਤ ਰਹਿ ਗਿਆ ਸਾਂ। ਕੀ ਇਹ ਪੁਲਿਸ ਦੀ ਫਰੌਟੀ ਹੀ ਹੈ? ਕੀ ਸੱਚਮੁਚ ਥਾਣੇਦਾਰ ਡੀ ਐਸ ਪੀ ਤੋਂ ਡਰ ਗਿਆ ਹੈ? ਕੀ ਸੱਚਮੁਚ ਡੀ ਐਸ ਪੀ ਨੇ ਦਬਾਅ ਪਾਇਆ ਹੈ? ਕੀ ਸੱਚਮੁਚ ਬੁੱਢੀ ਨੇ ਚੋਰੀ ਕੀਤੀ ਹੈ? ਤੇ ਸਭ ਤੋਂ ਵੱਡੀ ਗੱਲ, ਜੇ ਇਹ ਸਭ ਠੀਕ ਹੈ ਤਾਂ ਉਸ ਦਿਨ ਕਪਿਲਾ ਸਾਹਿਬ ਅਤੇ ਥਾਣੇਦਾਰ ਵਿਚਕਾਰ ਹੋਈ ਗੁਝੀ ਵਾਰਤਾ, ਜੋ ਮੇਰੇ ਸਿਰ ਉਤੋਂ ਦੀ ਲੰਘ ਗਈ, ਜ਼ਰੂਰ ਮਨੁਖੀ ਸੰਚਾਰ ਕਲਾ ਦਾ ਸਿਖਰ ਹੈ। ਬੁੱਢਾ ਬੁੱਢੀ ਸਾਧਾਰਨ ਮਨੁਖ ਹੀ ਤਾਂ ਹਨ, ਕੀ ਮੈਂ ਬਹੁਤਾ ਲੋਲੜ੍ਹ ਹੀ ਨਹੀਂ ਜੋ ਭੋਰਾ ਭਰ ਵੀ ਸ਼ੱਕ ਨਾ ਕਰ ਸਕਿਆ।

ਅਗਲੇ ਕਈ ਦਿਨ ਮੈਂ ਇਨ੍ਹਾਂ ਪ੍ਰਸ਼ਨਾਂ ਨਾਲ ਜੂਝਦਾ ਰਿਹਾ। ਚੋਰੀ ਨਾਲੋਂ ਮੈਨੂੰ ਆਪਣੇ ਸਿਧੜ ਹੋਣ ਦਾ ਬਹੁਤਾ ਅਫਸੋਸ ਸੀ। ਉਪਰ ਹੇਠਾਂ ਮੈਂ ਕਿਸੇ ਨਾਲ ਨਾ ਬੋਲਿਆ, ਵੱਟਿਆ ਜਿਹਾ ਰਿਹਾ। ਅਚਾਨਕ ਇਕ ਦਿਨ ਸ਼ਾਮ ਨੂੰ ਗਲੀ 'ਚ ਖੇਡਦੇ ਬੱਚੇ ਮੇਰੇ ਕੋਲ ਆਏ। ਇਕ ਜੋ ਥੱਲੇ ਵਾਲਿਆਂ ਦਾ ਲੜਕਾ ਸੀ ਬੋਲਿਆ, "ਅੰਕਲ ਅਸੀਂ ਸਿਖਰ ਛੱਤ 'ਤੇ ਤੁਹਾਡਾ ਬਟੂਆ ਪਿਆ ਦੇਖਿਆ।"

ਹੈਂ ਮੇਰਾ ਬਟੂਆ, ਇਹ ਕਿੱਧਰ ਚਲੇ ਗਿਆ?

(ਬਾਕੀ ਅਗਲੇ ਸਫੇ 'ਤੇ)

# ਬੀਤੇ ਸਾਲ ਦਾ ਫਿਲਮ ਸੰਗੀਤ ਲੋਕਾਂ ਦੇ ਮਨਾਂ ਨੂੰ ਛੂਹ ਕੇ ਲੰਘਿਆ










ਜਿਵੇਂ ਹੀ ਕੋਈ ਸਾਲ ਖਤਮ ਹੁੰਦਾ ਹੈ, ਅਸੀਂ ਉਸਦਾ ਵਿਸ਼ਲੇਸ਼ਣ ਅਤੇ ਪੁਨਰਮੁਲੰਕਣ ਕਰਦੇ ਹਾਂ ਤਾਂ ਕਿ ਇਹ ਜਾਣ ਸਕੀਏ ਕਿ ਇਸ ਸਾਲ ਸਾਨੂੰ ਕੀ ਹਾਸਿਲ ਹੋਇਆ ਅਤੇ ਅਸੀਂ ਕਿਥੇ ਉੱਕ ਗਏ। ਫਿਲਮ ਸੰਗੀਤ ਦੀ ਨਜ਼ਰ ਨਾਲ ਸਾਲ 2009 ਦਾ ਵਿਸ਼ਲੇਸ਼ਣ ਕਰੀਏ ਤਾਂ ਪਿਛਲੇ ਸਮੇਂ ਵਿਚ ਫਿਲਮ ਸੰਗੀਤ ਦੀ ਸੁਰ ਬੜੀ ਤੇਜ਼ੀ ਨਾਲ ਬਦਲੀ ਹੈ। ਨਵੇਂ ਗਾਣਿਆਂ ਵਿਚ ਹਮੇਸ਼ਾ ਹੀ ਅਰਥਹੀਣ ਬੋਲ ਅਤੇ ਕੰਨ ਪਾੜੂ ਸੰਗੀਤ ਸਿਰ ਖਾਂਦਾ ਰਹਿੰਦਾ ਹੈ। ਇਸ ਸਾਲ ਦੇ ਗਾਣਿਆਂ 'ਤੇ ਇਹ ਇਲਜ਼ਾਮ ਕੁਝ ਜ਼ਿਆਦਾ ਹੀ ਲਗਾਇਆ ਜਾ ਸਕਦਾ ਹੈ। ਪਰ ਇਸ ਸਾਲ ਦੀ ਸਭ ਤੋਂ ਵੱਡੀ ਖਾਸੀਅਤ ਕਈ ਪੀੜੀਆਂ ਦੇ ਗੀਤਕਾਰਾਂ ਅਤੇ ਸੰਗੀਤਕਾਰਾਂ ਦੀ ਇਕਸਾਰ ਸਕ੍ਰਿਆਤਮਕਤਾ ਰਹੀ ਹੈ- ਅਨੂ ਮਲਿਕ ਤੋਂ ਲੈ ਕੇ ਅਮਿਦ ਤ੍ਰਿਵੇਦੀ ਤਕ, ਗੁਲਜ਼ਾਰ ਅਤੇ ਜਾਵੇਦ ਅਖ਼ਤਰ ਤੋਂ ਲੈ ਕੇ ਪਿਯੂਸ਼ ਮਿਸ਼ਰਾ, ਅਮਿਤਾਭ ਭੱਟਾਚਾਰਿਆ ਅਤੇ ਸੁਬ੍ਰਤ ਸਿਨਹਾ ਤਕ।

ਗੀਤਕਾਰ ਗੁਲਜ਼ਾਰ ਨੇ ਤਕਰੀਬਨ 46 ਸਾਲ ਪਹਿਲਾਂ ਫਿਲਮ 'ਬੰਦਨੀ' ਦੇ ਰਾਹੀਂ ਫਿਲਮ ਸੰਸਾਰ ਵਿਚ ਕਦਮ ਰਖਿਆ ਸੀ। ਇਨੇ ਸਾਲਾਂ ਵਿਚ ਗੀਤਕਾਰਾਂ ਦੀਆਂ ਕਈ ਪੀੜੀਆਂ ਆਈਆਂ ਅਤੇ ਗਈਆਂ। ਗੁਲਜ਼ਾਰ ਹੁਣ ਵੀ ਡਟੇ ਹੋਏ ਹਨ। ਇਸ ਸਾਲ ਉਨ੍ਹਾਂ ਨੇ ਦੋ ਫਿਲਮਾਂ ਕੀਤੀਆਂ 'ਕਮੀਨੇ' ਅਤੇ 'ਬਿੱਲੂ'। ਸੁਣਿਆ ਇਹੀ ਹੈ ਕਿ 'ਬਿੱਲੂ' ਵਿਚ ਉਨ੍ਹਾਂ ਨੇ ਕਿਸੇ ਕਾਰਨ ਪੂਰੇ ਗਾਣੇ ਨਹੀਂ ਲਿਖੇ। ਪਰ 'ਕਮੀਨੇ' ਦੇ ਗਾਣਿਆਂ ਵਿਚ ਗੁਲਜ਼ਾਰ ਨੇ ਸਚਮੁਚ ਕਮਾਲ ਕੀਤਾ ਹੈ। ਇਸ ਫਿਲਮ ਦਾ ਸ਼ੀਰਸ਼ਕ ਗੀਤ ਖੁਦ ਸੰਗੀਤਕਾਰ ਵਿਸ਼ਾਲ ਭਾਰਦਵਾਜ ਨੇ ਗਾਇਆ ਹੈ ਅਤੇ ਹਰ ਮਾਮਲੇ ਵਿਚ ਵਧੀਆ ਹੈ ਜਾਂ ਫਿਰ 'ਪਹਿਲੀ ਵਾਰ ਮੁਹੱਬਤ ਕੀ ਹੈ' ਜਿਸ ਵਿਚ ਪਿੰਪਲ ਦੇ ਸੰਘਣੇ ਸਾਏ ਅਤੇ ਗਲਹਿਰੀ ਦੇ ਜੂਠੇ ਮਟਰਾਂ ਦਾ ਜ਼ਿਕਰ ਹੈ।

ਏ. ਆਰ. ਰਹਿਮਾਨ ਦੀਆਂ ਦੋ ਫਿਲਮਾਂ ਇਸ ਸਾਲ ਆਈਆਂ 'ਦਿੱਲੀ-6' ਅਤੇ 'ਬਲੂ'। ਇਕ ਬੇਹਦ ਯਾਦਗਾਰੀ ਅਤੇ ਇਕ ਭੁਲਾ ਦੇਣ ਲਾਇਕ। ਰਹਿਮਾਨ ਨੇ 'ਦਿੱਲੀ-6' ਵਿਚ ਵੈਸਟਰਨ ਅਤੇ ਇੰਡੀਅਨ ਮਿਊਜ਼ਿਕ ਦਾ ਸ਼ਾਨਦਾਰ ਸੰਯੋਜਨ ਕੀਤਾ। ਇਸ ਵਿਚ ਮੋਹਿਤ ਚੌਹਾਨ ਦਾ ਗਾਇਆ- 'ਮਸਕੱਲੀ' ਇਸ ਸਾਲ ਦੇ ਸਰਵਸ਼੍ਰੇਸ਼ਠ ਗੀਤਾਂ ਵਿਚੋਂ ਇਕ ਹੈ ਅਤੇ ਰੇਖਾ ਭਾਰਦਵਾਜ, ਸ਼ਰਧਾ ਪੰਡਿਤ ਅਤੇ ਸੁਜਾਤਾ ਮਜੂਮਦਾਰ ਦਾ ਗਾਇਆ 'ਸਸੁਰਾਲ ਗੇਂਦਾ ਫੂਲ' ਵੀ ਖੂਬ ਚੱਲੀ। ਹਾਲਾਂਕਿ ਇਸ ਗਾਣੇ ਤੇ ਛੱਤੀਸਗੜ੍ਹੀ ਲੋਕ ਰਚਨਾ ਨੂੰ ਚੁਰਾਉਣ ਦਾ ਸੰਗੀਨ ਦੋਸ਼ ਵੀ ਲਗਾਇਆ ਗਿਆ।

ਕਿਸੇ ਜ਼ਮਾਨੇ ਵਿਚ ਚਰਚਿਤ ਬੈਂਡ 'ਸਿਲਕ-ਰੂਟ' ਦਾ ਹਿੱਸਾ ਰਹੇ ਮੋਹਿਤ ਇਸ ਸਾਲ ਦੇ ਸਭ ਤੋਂ ਕਾਮਯਾਬ ਨੌਜਵਾਨ ਗਾਇਕ ਰਹੇ। ਇਸ ਸਾਲ ਦੇ ਉਨਾਂ ਦੇ ਤਿੰਨ ਗਾਣੇ ਬੇਹੱਦ ਪਸੰਦ ਕੀਤੇ ਗਏ- 'ਤੂਨੇ ਜੋ ਨਾ ਕਹਾ' (ਨਿਊ ਯਾਰਕ), 'ਯੇ ਦੂਰੀਆਂ' (ਅਜਬ ਪ੍ਰੇਮ ਕੀ ਗ਼ਜ਼ਬ ਕਹਾਨੀ) ਅਤੇ 'ਪਹਿਲੀ ਬਾਰ ਮੁਹੱਬਤ ਕੀ ਹੈ' (ਕਮੀਨੇ)। ਇਸ ਸਾਲ ਮੋਹਿਤ ਆਪਣਾ ਐਲਬਮ 'ਫਿਤੂਰ' ਵੀ ਲੈ ਕੇ ਆਏ। ਰੇਖਾ ਭਾਰਦਵਾਜ ਨੇ ਆਪਣੇ ਪਤੀ ਅਤੇ ਨਿਰਦੇਸ਼ਕ ਵਿਸ਼ਾਲ ਭਾਰਦਵਾਜ ਦੀ ਫਿਲਮ 'ਕਮੀਨੇ' ਵਿਚ ਉਨ੍ਹਾਂ ਦੇ ਨਿਰਦੇਸ਼ਨ ਵਿਚ ਗੁਲਜ਼ਾਰ ਦਾ ਲਿਖਿਆ ਗੀਤ ਗਾਇਆ- 'ਰਾਤ ਕੇ ਢਾਈ ਬਜੇ ਕੋਈ ਸ਼ਹਿਨਾਈ ਬਜੇ'। ਫਿਲਮ 'ਰੇਡੀਓ' ਵਿਚ ਉਨ੍ਹਾਂ ਨੇ ਹਿਮੇਸ਼ ਰੇਸ਼ਮੀਆ ਦੇ ਨਾਲ ਗਾਇਆ- 'ਪੀਆ ਜੈਸੇ ਲੱਡੂ ਮੋਤੀਚੂਰ ਵਾਲੇ'। ਫਿਲਮ 'ਗੁਲਾਲ' ਵਿਚ ਉਨ੍ਹਾਂ ਦੇ ਗਾਣੇ ਸਨ- 'ਰਾਣੀ ਜੀ' ਅਤੇ 'ਰਾਤ ਕੇ ਮੁਸਾਫਿਰ'। ਇਕ ਅਲੱਗ ਤਰ੍ਹਾਂ ਦੀ ਦੇਸੀ ਆਵਾਜ਼ ਵਾਲੀ ਇਹ ਆਵਾਜ਼ਾਂ ਇਸ ਸਾਲ ਖੂਬ ਕਾਮਯਾਬ ਰਹੀਆਂ।

ਪਿਛਲੇ ਸਾਲਾਂ ਦੇ ਮਸ਼ਹੂਰ ਸੰਗੀਤਕਾਰਾਂ ਵਿਚ ਇਸ ਸਾਲ ਪ੍ਰੀਤਮ ਅਤੇ ਸ਼ੰਕਰ ਅਹਸਾਨ ਅਲਾਏ ਵੀ ਸਕ੍ਰਿਆ ਰਹੇ। ਪ੍ਰੀਤਮ ਨੇ 'ਬਿੱਲੂ', 'ਨਿਊ ਯਾਰਕ', 'ਲਵ ਆਜਕਲ' ਅਤੇ 'ਅਜਬ...' ਵਿਚ ਵਧੀਆ ਸੰਗੀਤ ਦਿੱਤਾ। ਉਨ੍ਹਾਂ ਦੀਆਂ ਬਾਕੀ ਫਿਲਮਾਂ ਨੂੰ ਭੁਲਾਇਆ ਜਾ ਸਕਦਾ ਹੈ। 'ਬਿੱਲੂ' ਦਾ 'ਖੁਦਾਇਆ ਖ਼ੈਰ', 'ਨਿਊ ਯਾਰਕ' ਦਾ 'ਯਾਰੋਂ', ਫਿਲਮ 'ਲਵ ਆਜ ਕਲ' ਦੇ ਗਾਣੇ ਚੋਰ ਬਾਜ਼ਾਰੀ ਅਤੇ ਆਹੂੰ, ਆਹੂੰ, ਫਿਲਮ 'ਅਜਬ'... ਦੇ ਗਾਣੇ 'ਪ੍ਰੇਮ ਕੀ ਨਈਆ' ਅਤੇ 'ਤੇਰਾ ਹੋਨੇ ਲਗਾ ਹੂੰ' ਅਤੇ 'ਤੂ ਜਾਨੇ ਨਾ' ਬਹੁਤ ਚੰਗੇ ਬਣੇ। ਯਾਨਿ ਇਸ ਸਾਲ ਪ੍ਰੀਤਮ ਨੇ ਆਪਣਾ ਰੰਗ ਕਾਇਮ ਰੱਖਿਆ। ਸ਼ੰਕਰ ਅਹਿਸਾਨ ਉਨੇ ਚਰਚਿਤ ਤਾਂ ਨਹੀਂ ਰਹੇ, ਪਰ ਇਸ ਸਾਲ ਉਨ੍ਹਾਂ ਦੇ ਵੀ ਕੁਝ ਚੰਗੇ ਗੀਤ ਆਏ, ਜਿਸ ਵਿਚ ਜਾਵੇਦ ਅਖ਼ਤਰ ਦਾ ਲਿਖਿਆ ਫਿਲਮ 'ਸ਼ਾਰਟ ਕਟ' ਦਾ ਗੀਤ 'ਕਲ ਨੌ ਬਜੇ ਤੁਮ ਚਾਂਦ ਦੇਖਨਾ' (ਸੋਨੂ ਨਿਗਮ, ਅਲਕਾ ਯਾਗਨਿਕ) ਇਸ ਲਈ ਚੰਗਾ ਚੰਗਾ ਲੱਗਿਆ, ਕਿਉਂਕਿ ਬੇਹਦ ਸ਼ੋਰ ਭਰੇ ਸੰਗੀਤ ਵਿਚ ਇਨੇ ਗੁਜਰੇਸਾਲਾਂ ਵਾਲੀ ਮੈਲੋਡੀ ਅਤੇ ਰੋਮਾਂਟਿਸਿਜ਼ਮ ਦੀ ਯਾਦ ਦੁਆਈ। ਇਸ ਤੋਂ ਇਲਾਵਾ 'ਲਕ ਬਾਈਚਾਂਸ' ਦਾ 'ਓ ਰਾਹੀ ਰੇ' ਅਤੇ 'ਬਾਵਰੇ' ਅਤੇ 'ਲੰਦਨ-ਡ੍ਰੀਮਸ' ਦਾ 'ਮਨ ਕੋ ਅਤਿ ਭਾਵੇ ਸਈਆਂ' ਉਨ੍ਹਾਂ ਦੇ ਵਧੀਆ ਗਾਣੇ ਰਹੇ। ਪੁਰਾਣੇ ਸੰਗੀਤਕਾਰਾਂ ਵਿਚ ਅਨੂ ਮਲਿਕ 'ਕਮਬਖ਼ਤ ਇਸ਼ਕ' ਦੇ ਰਾਹੀਂ ਕਦੋਂ ਆਏ ਅਤੇ ਕਦੋਂ ਗਏ ਪਤਾ ਨਹੀਂ ਲਗਿਆ। ਸੋਨੂ ਨਿਗਮ ਨੇ ਇਸ ਸਾਲ ਬਹੁਤ ਘੱਟ ਗਾਣੇ ਗਾਏ। ਇਕ ਹੋਰ ਗਾਣੇ ਵਿਚ ਸੋਨੂ ਨਿਗਮ ਦੀ ਆਵਾਜ਼ ਸੁਣਾਈ ਦਿੱਤੀ। ਬੋਲ ਸੀ-'ਡਾਂਸ ਸੇ ਅਲਵਿਦਾ' ਫਿਲਮ 'ਮੈਂ ਔਰ ਮਿਸੇਜ਼ ਖੰਨਾ' 'ਸੰਗੀਤਕਾਰ ਸਾਜਿਦ ਵਾਜਿਦ। ਹਿਮੇਸ਼ ਰੇਸ਼ਮਿਆ ਜਦੋਂ ਤੋਂ ਅਭਿਨੇਤਾ ਬਣੇ ਹਨ, ਉਨ੍ਹਾਂ ਨੇ ਆਪਣੇ ਸੰਗੀਤ ਨੂੰ ਸਿਰਫ ਆਪਣੀ ਖੂਬਸੂਰਤ ਫਿਲਮਾਂ ਤੱਕ ਹੀ ਸੀਮਿਤ ਕਰ ਲਿਆ ਹੈ। ਇਸ ਸਾਲ 'ਰੇਡੀਓ' ਵਿਚ ਉਨ੍ਹਾਂ ਦੇ ਕੁਝ ਗਾਣੇ ਚਰਚਿਤ ਹੋਏ। ਖ਼ਾਸ ਤੌਰ 'ਤੇ 'ਮਨ ਕਾ ਰੇਡੀਓ' ਅਤੇ 'ਪਿਆ ਜੈਸੇ ਲਾਡੂ ਮੋਤੀਚੂਰ ਵਾਲੇ'। ਇਹ ਗਾਣੇ ਲਿਖੇ ਸੰਗੀਤਕਾਰ ਸੁਬ੍ਰਤ ਸਿਨਹਾ ਨੇ।

ਸਾਲ 2009 ਪੂਰੀ ਤਰ੍ਹਾਂ ਨਾਲ ਨਵੀਆਂ ਪ੍ਰਤਿਭਾਵਾਂ ਦਾ ਸਾਲ ਰਿਹਾ। ਇਸ ਸਾਲ ਦੀ ਬੇਹੱਦ ਚਰਚਿਤ ਫਿਲਮ ਦੇਵ ਡੀ ਕੇ ਰਾਹੀ ਸੰਗੀਤਕਾਰ ਅਮਿਤ ਤ੍ਰਿਵੇਦੀ ਅਤੇ ਗੀਤਕਾਰ ਅਮਿਤਾਭ ਭੱਟਾਚਾਰਿਆ ਖੁਲ੍ਹ ਕੇ ਸਾਹਮਣੇ ਆਏ। 'ਇਮੋਸ਼ਨਲ ਅੱਤਿਆਚਾਰ' ਇਸ ਸਾਲ ਦਾ ਬਹੁਤ ਹੀ ਧੂੰਮ ਮਚਾਉਣ ਵਾਲਾ ਗਾਣਾ ਸਾਬਿਤ ਹੋਇਆ, ਜਿਸ ਨੂੰ ਦਿਲੀ ਦੇ ਇਕ ਮਸ਼ਹੂਰ ਬ੍ਰਾਸ ਬੈਂਡ ਦੇ ਮਾਸਟਰ ਰਸੀਲਾ ਅਤੇ ਮਾਸਟਰ ਰੰਗੀਲਾ ਨੇ ਗਾਇਆ। ਇਸ ਸਾਲ ਅਨੁਰਾਗ ਕਸ਼ਯਪ ਦੀ ਇਕ ਹੋਰ ਫਿਲਮ ਆਈ 'ਗੁਲਾਲ', ਜਿਸ ਵਿਚ ਜਾਣੇ ਪਹਿਚਾਣੇ ਰੰਗ ਕਰਮੀ ਪਿਯੂਸ਼ ਮਿਸ਼ਰਾ ਨੇ ਹੀ ਗਾਣੇ ਲਿਖੇ ਅਤੇ ਸੰਗੀਤ ਵੀ ਦਿੱਤਾ। ਉਮੀਦ ਕਰੋ ਕਿ ਸਾਲ 2010 ਵਿਚ ਸੰਗੀਤ ਦੀ ਨਜ਼ਰ ਨਾਲ ਸਭ ਕੁਝ 'ਆਲ ਇਜ਼ ਵੈਲ' ਰਹੇਗਾ।

## ਗੁੱਥੀ

*(ਸਫਾ 36 ਦੀ ਬਾਕੀ)*

ਬੱਚੇ ਸਿਖਰਲੀ ਛੱਤ 'ਤੇ ਕੀ ਕਰਨ ਗਏ ਸਨ? ਚੰਡੀਗੜ੍ਹ 'ਚ ਸਿਖਰਲੀ ਛੱਤ 'ਤੇ ਕੋਈ ਨਹੀਂ ਚੜ੍ਹਦਾ। ਪਰ ਬੱਚਿਆਂ ਤੋਂ ਹੋਰ ਪੁਛਣ 'ਤੇ ਪਤਾ ਲੱਗਾ ਕਿ ਥੱਲੇ ਵਾਲਿਆਂ ਦੇ ਕਿਸੇ ਦੂਸਰੇ ਸ਼ਹਿਰ ਤੋਂ ਮਹਿਮਾਨ ਆਏ ਹੋਏ ਹਨ ਤੇ ਉਨ੍ਹਾਂ ਦੇ ਸ਼ਰਾਰਤੀ ਜਿਹੇ ਬੱਚੇ ਨੇ ਛੱਤ 'ਤੇ ਪਤੰਗ ਚੜ੍ਹਾਉਣ ਦੀ ਜ਼ਿਦ ਕੀਤੀ। ਆਪਣੇ ਭਣੇਵੇਂ ਦੀ ਜ਼ਿਦ ਪੂਰੀ ਕਰਨ ਲਈ ਉਨ੍ਹਾਂ ਪਤੰਗ ਲਿਆਂਦਾ ਤੇ ਪਤੰਗ ਚੜ੍ਹਾਉਣ ਲਈ ਉਪਰ ਬਾਂਸ ਦੀ ਪੌੜੀ ਲਾ ਕੇ ਦਿਤੀ। ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਬਟੂਏ ਵਿਚ ਮੇਰੀ ਫੋਟੋ ਵੀ ਦੇਖੀ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਉਪਰ ਲੈ ਕੇ ਜਾਣ। ਮੈਂ ਉਪਰ ਗਿਆ, ਅਧਖੁਲ੍ਹਾ ਮੇਰਾ ਬਟੂਆ ਉਥੇ ਪਿਆ ਸੀ। ਪਹਿਚਾਣ ਪੱਤਰ ਵਿਚ ਮੇਰੀ ਫੋਟੋ ਲੱਗੀ ਹੋਈ ਸੀ ਪਰ ਨੋਟ ਕੋਈ ਨਹੀਂ ਸੀ। ਸਾਰੀ ਗੱਲ ਸਮਝਣ ਵਿਚ ਮੈਨੂੰ ਦੇਰ ਨਾ ਲੱਗੀ। ਚੋਰੀ ਬੁਢੀ ਨੇ ਕੀਤੀ ਹੈ, ਪੁਸ਼ਟੀ ਹੋ ਗਈ। ਮੈਂ ਮਨ 'ਚ ਚੋਰੀ ਦੀ ਕਾਰਵਾਈ ਚਿਤਵਣ ਲੱਗਾ: ਉਸ ਦਿਨ ਬੁਢੀ ਨੇ ਮੇਰੀ ਪੈਂਟ 'ਚੋਂ ਬਟੂਆ ਕਢ ਕੇ ਉਪਰ ਜਾ ਕੇ ਫਟਾ ਫਟ ਪੈਸੇ ਕੱਢੇ ਹੋਣੇ ਹਨ ਤੇ ਖਾਲੀ ਬਟੂਆ ਉਪਰ ਛੱਤ ਵੱਲ ਨੂੰ ਵਗਾਹ ਮਾਰਿਆ ਹੋਵੇਗਾ। ਮੇਰੇ ਸ਼ੰਕਿਆਂ ਵਿਚੋਂ ਇਕ ਵੱਡੀ ਸ਼ੰਕਾ ਦਾ ਸਮਾਧਾਨ ਹੋ ਗਿਆ ਸੀ। ਮਨ ਨੂੰ ਕੁਝ ਚੈਨ ਵੀ ਆ ਗਈ ਸੀ। ਆਸ ਤੋਂ ਉਲਟ ਮੇਰੇ ਮਨ ਵਿਚ ਕਪਿਲਾ ਪਰਿਵਾਰ ਪ੍ਰਤੀ ਰੋਹ ਤਾਂ ਕੀ ਰੋਸੇ ਦੇ ਭਾਵ ਵੀ ਨਹੀਂ ਸੀ ਰਹਿ ਗਏ। ਆਸ ਤੋਂ ਵੱਡੀ ਨੌਕਰੀ ਮਿਲਣ ਪਿਛੋਂ ਸਿਫਾਰਸ਼ੀ ਪ੍ਰਤੀ ਮੇਰੀ ਅਹਿਸਾਨਮੰਦੀ ਕਿਥੇ ਚਲੀ ਗਈ ਸੀ, ਕੀ ਮੇਰੇ ਵਿਚ ਵੀ ਕੋਈ ਟੇਢ ਨਹੀਂ ਹੈ? ਮੈਂ ਖੁਦ ਏਨਾ ਸਿਧਾ ਤਾਂ ਨਹੀਂ ਜਿੰਨਾ ਆਪਣੇ ਆਪ ਨੂੰ ਸਮਝਦਾਂ? ਮਨੋਂ ਸ਼ਾਂਤ ਤੇ ਦਿਲੋਂ ਸਾਫ਼ ਹੋਇਆ ਮੈਂ ਉਸ ਦਿਨ ਸ਼ਾਮ ਨੂੰ ਉਪਰ ਗਿਆ ਤੇ ਬੁਢੀ ਨੂੰ ਕਿਹਾ, "ਆਂਟੀ ਹੁਣ ਕੜ੍ਹੀ ਕਦੋਂ ਬਣਾਉਣੀ ਹੈ?" ਪਰ ਬਾਕੀ ਸ਼ੰਕਿਆਂ ਨੇ ਅਜੇ ਤਕ ਮੈਨੂੰ ਸਤਾਇਆ ਹੋਇਆ ਹੈ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਕਿਵੇਂ ਦਾ ਹੋਵੇਗਾ 2010?


## ਇਕ ਹੋਰ ਨਵਾਂ ਸਾਲ, ਨਵੀਂ ਦਸਤਕ ਤੇ ਨਵੇਂ ਲੋਕ

ਪਿਛਲੇ ਸਾਲ ਕਈ ਨਵੇਂ ਐਕਟਰਸਾਂ ਨੇ ਬਾਲੀਵੁਡ ਵਿਚ ਦਸਤਕ ਦਿੱਤੀ, ਪਰ ਸਾਈਡ ਰੋਲ ਜਾਂ ਫਿਲਮਾਂ ਦੀ ਅਸਫਲਤਾ ਦੇ ਕਾਰਨ ਉਨ੍ਹਾਂ ਨੂੰ ਨੋਟਿਸ ਨਹੀਂ ਕੀਤਾ ਗਿਆ। ਇਸ ਸਾਲ ਵੀ ਕਰੀਬ 2 ਦਰਜਨ ਨਵੇਂ ਚਿਹਰੇ ਦਰਸ਼ਕਾਂ ਨਾਲ ਰੂਬਰੂ ਹੋਣਗੇ, ਜਿਨ੍ਹਾਂ ਵਿਚੋਂ ਸਲਮਾਨ ਖਾਨ ਸਟਾਰਰ 'ਵੀਰ' ਦੀ ਹੀਰੋਇਨ ਜ਼ਰੀਨ ਖ਼ਾਨ, ਤਨਵੀਰ ਅਹਿਮਦ ਦੀ 'ਅਦਾ...ਏ ਵੇ ਆਫ ਲਾਈਫ' ਦੇ ਹੀਰੋ ਅਯਾਨ ਅਹਿਮਦ, ਬਿਕ੍ਰਮ ਭੱਟ ਦੀ 'ਸ਼ਾਪਿਤ' ਦੇ ਹੀਰੋ ਅਤੇ ਸਿੰਗਰ ਉਦਿਤ ਨਾਰਾਇਣ ਦੇ ਪੁੱਤਰ ਆਦਿਤੱਯ ਨਾਰਾਇਣ, ਰਿਤਿਕ ਸਟਾਰਰ 'ਕਾਈਟਸ' ਦੀ ਹੀਰੋਇਨ ਤੇ ਹਾਲੀਵੁਡ ਸਟਾਰ ਬਾਰਬਰਾ ਮੋਰੀ, ਅਰਬਾਜ਼ ਖ਼ਾਨ ਦੀ 'ਦਬੰਗ' ਦੀ ਹੀਰੋਇਨ ਤੇ ਸ਼ਤਰੂਘਨ ਸਿਨਹਾ ਦੀ ਬੇਟੀ ਸੋਨਾਕਸ਼ੀ ਸਿਨਹਾ, ਅਕਸ਼ੈ ਸਟਾਰਰ 'ਖੱਟਾ ਮਿੱਠਾ' ਦੀ ਹੀਰੋਇਨ ਤ੍ਰਿਸ਼ਨਾ ਕ੍ਰਿਸ਼ਨਨ, ਅੱਬਾਸ ਟਾਇਰਵਾਲਾ ਦੀ '1-800 ਲਵ' ਦੀ ਹੀਰੋਇਨ ਪਾਖੀ ਦੇ ਨਾਮ ਜ਼ਿਕਰਯੋਗ ਹਨ।

**ਸਲਮਡਾਗ ਮਿਲੀਨੇਅਰ ਕਰੇਗੀ ਇੰਸਪਾਇਰ :** 8 ਆਸਕਰ ਵਿਜੇਤਾ 'ਸਲਮਡਾਗ ਮਿਲੀਨੇਅਰ' ਜਿਹੀਆਂ 2 ਦਰਜਨ ਤੋਂ ਜ਼ਿਆਦਾ ਤਥਾਕਥਿਤ ਐਵਾਰਡ ਫਿਲਮਾਂ ਨਿਰਮਾਣ ਦੀ ਅਲਗ-ਅਲਗ ਅਵਸਥਾ ਵਿਚ ਹਨ, ਜਿਨ੍ਹਾਂ ਵਿਚੋਂ ਕਈਆਂ ਦੀ ਇਸੇ ਸਾਲ ਹੀ ਰਿਲੀਜ਼ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਵਿਚੋਂ ਪ੍ਰਮੁੱਖ ਹੈ-ਨਿਰਮਾਤਾ ਨਿਰਦੇਸ਼ਕ ਕੁਲਦੀਪ ਗਰੇਵਾਲ ਦੀ 'ਦੇਖੋ ਜ਼ਰਾ...', ਆਮਿਰ ਖ਼ਾਨ ਦੀ 'ਧੋਬੀਘਾਟ', ਸ਼ੇਖਰ ਕਪੂਰ ਦੀ 'ਪਾਨੀ', ਮਨੋਜ ਕੁਮਾਰ ਦੀ 'ਪੰਪਾਪੁਰ ਕੀ ਰਾਮਲੀਲਾ', ਪ੍ਰਿਯਾਦਰਸ਼ਨ ਦੀ 'ਬਮ ਬਮ ਭੋਲੇ' ਅਤੇ ਕੁਮਾਰ ਸਾਨੂ ਦੀ 'ਇਹ ਸੰਡੇ ਕਿਉਂ ਆਤਾ ਹੈ'।

**ਇਤਿਹਾਸ ਫਿਰ ਦੋਹਰਾਇਆ ਜਾਵੇਗਾ :** ਕੁਝ ਸਾਲ ਪਹਿਲਾਂ ਭਗਤ ਸਿੰਘ ਬਾਰੇ ਇਕੋ ਹੀ ਵੇਲੇ ਸ਼ੁਰੂ ਹੋਈਆਂ ਪੰਜ ਫਿਲਮਾਂ ਵਿਚੋਂ ਜ਼ਿਆਦਾਤਰ ਦੇ ਨਿਰਾਸ਼ਾਜਨਕ ਨਤੀਜੇ ਨਾਲ ਬਾਇਓਪਿਕ ਫਿਲਮਾਂ ਦਾ ਨਿਰਮਾਣ ਖਤਮ ਹੋ ਗਿਆ ਸੀ, ਪਰ ਇਸ ਸਾਲ ਕਈ ਬਾਇਓਪਿਕ ਫਿਲਮਾਂ ਬਨਣਗੀਆਂ। ਕਿਸ਼ੋਰ ਕੁਮਾਰ ਤੇ ਤਿੰਨ ਫਿਲਮਕਾਰਾਂ ਨੇ ਫਿਲਮ ਬਣਾਉਣ ਦਾ ਐਲਾਨ ਕੀਤਾ ਹੈ। ਇਹ ਫਿਲਮਕਾਰ-ਨਾਗੇਸ਼ਕੁਕਨੂਰ, ਸੁਧੀਰ ਮਿਸ਼ਰਾ ਅਤੇ ਸੁਜੀਤ ਸਰਕਾਰ ਹਨ। ਰਾਮ ਗੋਪਾਲ ਵਰਮਾ ਦੱਖਣ ਭਾਰਤ ਦੇ ਇਕ ਮੰਤਰੀ ਰਵਿ ਦੀ ਕੇਂਦਰੀ ਭੂਮਿਕਾ ਵਿਚ ਵਿਵੇਕ ਓਬਰਾਏ ਨੂੰ ਲੈ ਕੇ 5 ਘੰਟੇ ਦੀ 'ਰਕਤ ਚਰਿੱਤਰ' ਬਣਾ ਰਹੇ ਹਨ, ਜਿਸਨੂੰ ਉਹ ਦੋ ਭਾਗਾਂ ਵਿਚ ਰਿਲੀਜ਼ ਕਰਨਗੇ। ਵਿਜੈਯ ਰਾਜੇ ਸਿੰਧੀਆਂ ਤੇ 'ਏਕ ਮਹਾਰਾਨੀ ਐਸੀ ਭੀ' ਬਣਕੇ ਤਿਆਰ ਹੈ, ਜਿਸ ਵਿਚ ਹੇਮਾ ਮਾਲਿਨੀ ਅਤੇ ਵਿਨੋਦ ਖੰਨਾ ਹਨ।

**ਇੰਡਸਟਰੀ 'ਚ ਕਾਰਪੋਰੇਟ ਕਲਚਰ:** ਟਾਟਾ, ਬਿਰਲਾ, ਅੰਬਾਨੀ ਜਿਹੇ ਕਾਰਪੋਰੇਟ ਹਾਊਸ ਭਾਵੇਂਕੀ ਫਿਲਮ ਨਿਰਮਾਣ ਵਿਚ ਹਾਲੇ ਤੱਕ ਅਸਫਲ ਰਹਿਣ ਜਾਂ ਜ਼ਿਆਦਾ ਸਫਲ ਨਹੀਂ ਰਹੇ, ਪਰ ਉਹ ਫਿਲਮ ਇੰਡਸਟ੍ਰੀ ਵਿਚ ਵਿਵਸਥ ਕਾਰਜ ਸ਼ੈਲੀ ਅਤੇ ਲੈਣ-ਦੇਣ ਵਿਚ ਪਾਰਦ੍ਰਸ਼ਿਤਾ ਸੰਬੰਧੀ ਇਹੋ ਜਿਹਾ ਕਾਰਪੋਰੇਟ ਕਲਚਰ ਸ਼ੁਰੂ ਕਰ ਚੁੱਕੇ ਹਨ, ਜਿਸਨੂੰ ਹੌਲੀ ਹੌਲੀ ਪੂਰੀ ਫਿਲਮ ਇੰਡਸਟ੍ਰੀ ਅਪਨਾ ਰਹੀ ਹੈ। ਹੁਣ ਸੁਭਾਸ਼ ਘਈ ਜਿਹੇ ਵਿਅਕਤੀਗਤ ਨਿਰਮਾਤਾ ਦਾ ਬੈਨਰ 'ਮੁਕਤਾ ਆਰਟਸ' ਜਾਂ ਤਾਂ ਖ਼ੁਦਕਾਰਪੋਰੇਟ ਹਾਊਸ ਬਣਾ ਚੁੱਕਿਆ ਹੈ ਜਾਂ ਯਸ਼ ਚੋਪੜਾ, ਵਿਧੂਲ ਸ਼ਾਹ, ਰਾਕੇਸ਼ ਰੋਸ਼ਨ ਜਿਹੇ ਵਿਅਗਤੀਗਤ ਨਿਰਮਾਤਾਵਾਂ ਨੇ ਕਾਰਪੋਰੇਟ ਹਾਊਸ ਦੀ ਛੱਤ ਦੇ ਥੱਲੇ ਸ਼ਰਣ ਲੈ ਲਈ ਹੈ। ਇਹ ਕਾਰਪੋਰੇਟ ਕਲਚਰ ਵਿਕਸਿਤ ਹੋਵੇਗਾ।



# ਪੰਜਾਬੀ ਗਾਇਕੀ ਦਾ ਚਮਕਦਾ ਸਿਤਾਰਾ–ਬੱਬੂ ਗੁਰਪਾਲ

**ਮਨਦੀਪ ਮਾਨ***

ਮੈਂ ਬੇਕਰਜ਼ਫੀਲਡ ਵਿਚ ਪਿਛਲੇ ਸਾਲ ਮਿਸ ਪੰਜਾਬਣ ਯੂ.ਐਸ.ਏ. 2008 ਨੂੰ ਬੈਠਾ ਦੇਖ ਰਿਹਾ ਸੀ। ਸਟੇਜ ਉਪਰ ਆਸ਼ਾ ਸ਼ਰਮਾ ਸ਼ੇਅਰੋ-ਸ਼ਾਇਰੀ ਕਰ ਰਹੀ ਸੀ। ਅਚਾਨਕ ਮੇਰੇ ਫੋਨ ਦੀ ਘੰਟੀ ਵੱਜੀ ਅਤੇ ਰੌਲੇ ਕਾਰਨ ਮੈਨੂੰ ਹਾਲ ਵਿਚੋਂ ਬਾਹਰ ਆ ਕੇ ਫੋਨ ਸੁਣਨਾ ਪਿਆ। ਅਚਾਨਕ ਮੈਨੂੰ ਅੰਦਰੋਂ ਗੁਰਦਾਸ ਮਾਨ ਦੇ ਗਾਉਣ ਦੀ ਆਵਾਜ਼ ਸੁਣਨ ਲੱਗੀ। ਮੈਂ ਆਪਣੇ ਦੋਸਤ ਨੂੰ ਕਿਹਾ ਕਿ ਫਿਰ ਗੱਲ ਕਰਦੇ ਹਾਂ ਕਿਉਂਕਿ ਮੈਂ ਗੁਰਦਾਸ ਮਾਨ ਨੂੰ ਸੁਣਨਾ ਹੈ। ਮੈਂ ਫੋਨ ਕੱਟ ਕੇ ਅੰਦਰ ਗਿਆ ਤਾਂ ਇਕ ਲੰਮ-ਸਲੰਮਾ ਗੱਭਰੂ ਵਾਰਸ ਸ਼ਾਹ ਦੀ ਹੀਰ ਗਾ ਰਿਹਾ ਸੀ। ਤਾਂ ਮੈਂ ਆਪਣੇ ਨਾਲ ਬੈਠੇ ਦੋਸਤ ਨੂੰ ਪੁੱਛਿਆ ਕਿ ਇਹ ਕੌਣ ਹੈ? ਕਿਉਂਕਿ ਉਸ ਵੇਲੇ ਤੱਕ ਮੈਂ ਉਸ ਸੋਹਣੇ ਸੁਨੱਖੇ ਗਾਇਕ ਨੂੰ ਜਾਣਦਾ ਨਹੀਂ ਸਾਂ। ਮੇਰੇ ਦੋਸਤ ਨੇ ਦੱਸਿਆ ਕਿ ਇਹ ਬੱਬੂ ਗੁਰਪਾਲ ਹੈ ਤੇ ਇਥੇ ਕੈਲੀਫੋਰਨੀਆ ਵਿਚ ਹੀ ਰਹਿੰਦਾ ਹੈ।

ਅੱਖਾਂ ਮੀਟ ਕੇ ਗੁਰਦਾਸ ਮਾਨ ਜਾਂ ਬੱਬੂ ਗੁਰਪਾਲ ਦੀ ਹੀਰ ਸੁਣੋ ਤਾਂ ਤੁਸੀਂ ਦੱਸ ਹੀ ਨਹੀਂ ਸਕਦੇ ਕਿ ਕੌਣ ਗਾ ਰਿਹਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਬੱਬੂ ਸਿਰਫ ਗੁਰਦਾਸ ਦੀ ਛਾਪ ਹੇਠ ਹੀ ਗਾਉਂਦਾ ਹੈ। ਬੱਬੂ ਦੀ ਇਕ ਵੱਖਰੀ ਪਛਾਣ ਹੈ ਜੋ ਉਸਨੇ ਆਪਣੀ ਸੀ.ਡੀ. "ਯਾਦਾਂ ਦੇਸ਼ ਪੰਜਾਬ ਦੀਆਂ" ਰਾਹੀਂ ਸਾਬਿਤ ਵੀ ਕਰ ਦਿੱਤੀ ਹੈ। ਬੱਬੂ ਹਰ ਤਰ੍ਹਾਂ ਦੇ ਗਾਣੇ ਗਾ ਸਕਦਾ ਹੈ ਭਾਵੇਂ ਉਹ ਭੰਗੜਾ ਬੀਟ ਦੇ ਹੋਣ ਜਾਂ ਸੂਫੀ ਜਾਂ ਉਦਾਸੀ ਸੁਰ ਵਾਲੇ। ਸਾਰੇ ਗੀਤ ਬੜੇ ਸਹਿਜ ਨਾਲ ਗਾ ਲੈਂਦਾ ਹੈ। ਉਸਦੀ ਆਵਾਜ਼ ਹਰ ਗੀਤ ਨਾਲ ਪੂਰਾ ਇਨਸਾਫ ਕਰਦੀ ਹੈ।

ਉਸ ਸ਼ੋਅ ਤੋਂ ਬਾਅਦ ਮੈਂ ਬੱਬੂ ਨੂੰ ਬਹੁਤ ਵਾਰੀ ਮਿਲਿਆ। ਹਮੇਸ਼ਾ ਹੀ ਖਿੜੇ ਮੱਥੇ ਮਿਲਣਾ ਅਤੇ ਆਪਣੇ ਸੁਭਾਅ ਅਨੁਸਾਰ ਹਰ ਵੇਲੇ ਭਾਅ ਜੀ ਕਹਿ ਕੇ ਬੁਲਾਉਣਾ ਹਾਲਾਂਕਿ ਉਹ ਮੈਥੋਂ ਉਮਰ ਵਿਚ ਥੋੜਾ ਜਿਹਾ ਵੱਡਾ ਹੈ ਪਰ ਉਹ ਕਹਿੰਦੈ, "ਭਾਅ ਜੀ ਪਿਆਰ ਤੇ ਸਤਿਕਾਰ ਜਿੰਨਾ ਵੰਡੋਗੇ ਉਸ ਤੋਂ ਦੁੱਗਣਾ ਤੁਹਾਨੂੰ ਵਾਪਸ ਮਿਲਦਾ ਹੈ।" ਗੱਲ ਉਸਦੀ ਸੋਲਾਂ ਆਨੇ ਸੱਚ ਹੈ। ਤਾਂ ਹੀ ਤਾਂ ਪੰਜਾਬ ਤੋਂ ਜਿੰਨੇ ਵੀ ਪੰਜਾਬੀ ਗਾਇਕ ਏਥੇ ਆਉਂਦੇ ਹਨ, ਉਹ ਬੱਬੂ ਦੇ ਘਰ ਉਸਨੂੰ ਮਿਲਣ ਜ਼ਰੂਰ ਜਾਂਦੇ ਹਨ। ਚਾਹੇ ਉਹ ਗੁਰਦਾਸ ਮਾਨ ਹੋਵੇ ਜਾਂ ਮਿਸ ਪੂਜਾ ਜਾਂ ਕੋਈ ਹੋਰ।

ਬੱਬੂ ਦਾ ਜਨਮ ਕੁਰੂਕਸ਼ੇਤਰ (ਹਰਿਆਣਾ) ਵਿਚ ਸ. ਇੰਦਰਜੀਤ ਸਿੰਘ ਦੇ ਘਰ ਮਾਂ ਚਰਨਜੀਤ ਕੌਰ ਦੀ ਕੁੱਖੋਂ ਹੋਇਆ। ਬੱਬੂ ਉਸ ਸਮੇਂ ਸਿਰਫ 8 ਸਾਲ ਦਾ ਸੀ ਜਦ ਉਸਦੇ ਬਾਪ ਦਾ ਸਾਇਆ ਉਸ ਦੇ ਸਿਰ ਉੱਪਰੋਂ ਉੱਠ ਗਿਆ। ਇਸ ਤਰ੍ਹਾਂ, ਘਰ ਚਲਾਉਣ ਦੀ ਜ਼ਿੰਮੇਵਾਰੀ ਬੱਬੂ ਉਪਰ ਆ ਪਈ। ਪਰ ਆਪਣੀ ਸਖ਼ਤ ਮਿਹਨਤ ਨਾਲ ਉਸ ਨੇ ਆਪਣੇ ਪਰਿਵਾਰ ਨੂੰ ਹਰ ਪੱਖੋਂ ਸੁਰਖਿਅਤ ਕਰ ਦਿੱਤਾ। ਬੱਬੂ ਵਰਗੇ ਤਿੰਨ ਭੈਣ ਭਰਾ ਹਨ ਜਿਨ੍ਹਾਂ ਵਿਚੋਂ ਭੈਣ ਵੱਡੀ ਅਤੇ ਇਕ ਭਰਾ ਬੱਬੂ ਤੋਂ ਛੋਟਾ ਹੈ। ਗਾਉਣ ਦਾ ਸ਼ੌਕ ਬੱਬੂ ਨੂੰ ਬਚਪਨ ਤੋਂ ਹੀ ਹੈ। ਉਹ ਸਕੂਲ ਵਿਚ ਹੁੰਦਿਆਂ ਗਾਉਣ ਦੇ ਮੁਕਾਬਲਿਆਂ ਵਿਚੋਂ ਹਮੇਸ਼ਾ ਫਸਟ ਆਉਂਦਾ ਰਿਹਾ ਤੇ ਕਾਲਜ ਵਿਚੋਂ ਵੀ। ਬੱਬੂ ਭੰਗੜੇ ਦਾ ਵੀ ਇਕ ਚੰਗਾ ਕਲਾਕਾਰ ਰਿਹਾ। ਪਰ ਜ਼ਿਆਦਾ ਉਹ ਭੰਗੜੇ ਵਿਚ ਬੋਲੀਆਂ ਪਾਉਂਦਾ ਹੁੰਦਾ ਸੀ।

ਬੱਬੂ ਦੱਸਦੈ ਕਿ ਸ਼ਾਮ ਨੂੰ ਸਕੂਲੋਂ ਘਰ ਆ ਕੇ ਉਸਨੇ ਮੱਝਾਂ ਚਾਰਨ ਲਈ ਖੇਤਾਂ ਵਿਚ ਲੈ ਜਾਣੀਆਂ ਤੇ ਆਪ ਉੱਚੀ ਹੇਕ ਨਾਲ ਖੁੱਲ੍ਹ ਕੇ ਗਾਉਣਾ। ਇਥੋਂ ਉਸਨੂੰ ਗਾਉਣ ਦਾ ਕਾਫੀ ਅਭਿਆਸ ਹੋਇਆ। ਉਸ ਅਨੁਸਾਰ ਖੇਤਾਂ ਵਿਚ ਗਾਉਣ ਵੇਲੇ ਇਕ ਵੱਖਰਾ ਹੀ ਰਿਦਮ ਪੈਦਾ ਹੁੰਦਾ ਸੀ। ਗਾਉਣ ਦੀ ਅਸਲ ਚੇਟਕ ਬੱਬੂ ਨੂੰ ਗੁਰਦਾਸ ਮਾਨ ਨੂੰ ਸੁਣਨ ਤੋਂ ਬਾਅਦ ਲੱਗੀ ਜਿਸਨੂੰ ਕਿ ਬੱਬੂ ਨੇ ਆਪਣੇ ਮਾਮੇ ਦੇ ਵਿਆਹ ਉਪਰ ਗਾਉਂਦਾ ਸੁਣਿਆ ਸੀ। ਮਾਨ ਸਾਹਿਬ ਦੀ ਸ਼ਖਸੀਅਤ ਉਸ ਵੇਲੇ ਦੇ ਬਾਲ ਬੱਬੂ ਗੁਰਪਾਲ 'ਤੇ ਕਾਫੀ ਗਹਿਰਾ ਅਸਰ ਛੱਡ ਗਈ, ਜਿਸਦਾ ਝਲਕਾਰਾ ਅੱਜ ਵੀ ਬੱਬੂ ਦੇ ਗੀਤਾਂ ਵਿਚੋਂ ਅਕਸਰ ਮਿਲਦਾ ਰਹਿੰਦਾ ਹੈ। ਬੱਬੂ ਦੇ ਨਾਨਾ ਜੀ ਕੇਸਰ ਪਹਿਲਵਾਨ ਰੁਸਤਮੇ ਹਿੰਦ ਸਨ ਜਿਸ ਕਰਕੇ ਉਨ੍ਹਾਂ ਦਾ ਤੇ ਗੁਰਦਾਸ ਮਾਨ ਦਾ ਗੁਰੂ-ਸ਼ਾਗਿਰਦ ਵਾਲਾ ਰਿਸ਼ਤਾ ਸੀ ਕਿਉਂਕਿ ਗੁਰਦਾਸ ਨੇ ਕੁਝ ਸਮਾਂ ਪਟਿਆਲੇ ਕਾਲਜ ਵਿਚ ਭਲਵਾਨੀ ਵੀ ਕੀਤੀ ਸੀ। ਪਰ ਬਾਅਦ ਵਿਚ ਜੂਡੋ ਵਿਚ ਵੀ ਬੱਬੂ ਦੇ ਨਾਲ ਗੁਰਦਾਸ ਦੇ ਉਸਤਾਦ ਰਹੇ।

1994 ਵਿਚ ਬੱਬੂ ਪੱਕੇ ਤੌਰ 'ਤੇ ਅਮਰੀਕਾ ਆ ਗਿਆ ਤੇ ਸੈਨ ਹੋਜ਼ੇ ਵਿਚ ਸਟੋਰ ਉਪਰ ਕੰਮ ਕਰਨ ਲੱਗਿਆ। ਕੁਝ ਸਾਲ ਇਧਰ ਉਧਰ ਨਿੱਕੀਆਂ ਵੱਡੀਆਂ ਜਾਬਾਂ ਕਰਨ ਅਤੇ ਅਮਰੀਕੀ



ਜ਼ਿੰਦਗੀ ਨਾਲ ਸੰਘਰਸ਼ ਕਰਨ ਉਪਰੰਤ ਬੱਬੂ ਨੇ ਤਹਿਚਪੀ (ਕੈਲੀਫੋਰਨੀਆ) ਵਿਖੇ ਦੋ ਮੋਟਲ ਖਰੀਦ ਲਏ ਪਰ ਗਾਉਣ ਦਾ ਸਿਲਸਿਲਾ ਨਿਰੰਤਰ ਚਲਦਾ ਰਿਹਾ।

ਬੱਬੂ ਹੁਣ ਤੱਕ ਅਮਰੀਕਾ ਵਿਚ ਅਣਗਿਣਤ ਸ਼ੋਅ ਕਰ ਚੁੱਕਿਆ ਹੈ, ਪਰ ਉਹ ਗਾਉਂਦਾ ਉਥੇ ਹੀ ਹੈ ਜਿੱਥੇ ਸੁਣਨ ਵਾਲੇ ਹੋਣ ਨਾ ਕਿ ਸ਼ਰਾਬ ਪੀ ਕੇ ਹੁੱਲੜਬਾਜ਼ੀ ਕਰਨ ਵਾਲੇ। ਬੱਬੂ ਦਾ ਹਰ ਗੀਤ ਕੋਈ ਨਾ ਕੋਈ ਸੰਦੇਸ਼ ਜ਼ਰੂਰ ਦਿੰਦਾ ਹੈ। ਬੇਅਰਥ ਗੀਤ ਅਤੇ ਅੱਧ ਨੰਗੀਆਂ ਕੁੜੀਆਂ ਨੂੰ ਨਚਾ ਕੇ ਉਹ ਕਦੇ ਨਹੀਂ ਗਾਉਂਦਾ, ਇਸੇ ਕਰਕੇ ਉਸਦੀ ਐਲਬਮ ਮਾਰਕੀਟ ਵਿਚ ਬਹੁਤ ਦੇਰ ਬਾਅਦ ਆਉਂਦੀ ਹੈ। ਬੱਬੂ ਖੁਦ ਕਹਿੰਦਾ ਹੈ ਕਿ ਭਾਜੀ ਬਹੁਤੇ ਗਾਇਕ ਟੀ.ਵੀ. ਉਪਰ ਬੈਠ ਕੇ ਇੰਟਰਵਿਊ ਦਿੰਦੇ ਹਨ ਤੇ ਕਹਿੰਦੇ ਹਨ ਅਸੀਂ ਸਭਿਆਚਾਰ ਦੀ ਸੇਵਾ ਕਰ ਰਹੇ ਹਾਂ। ਦੂਸਰੇ ਪਾਸੇ ਕਿਸੇ ਹੋਰ ਚੈਨਲ ਤੇ ਉਸਦੇ ਗੀਤ ਉਪਰ ਅੱਧਨੰਗੀਆਂ ਕੁੜੀਆਂ ਨੱਚ ਰਹੀਆਂ ਹੁੰਦੀਆਂ ਹਨ। ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹ ਇਸੇ ਸਭਿਆਚਾਰ ਦਾ ਹੋਕਾ ਦੇ ਰਹੇ ਹੁੰਦੇ ਹਨ? ਬੱਬੂ ਕਹਿੰਦਾ ਹੈ, "ਪਹਿਲਾਂ ਚੰਗੇ ਗੀਤ ਲਿਖਣ ਵਾਲਾ ਲੱਭੋ, ਉਸ ਗੀਤ 'ਤੇ ਖੂਬ ਰਿਆਜ਼ ਕਰੋ ਤੇ ਫਿਰ ਰੂਹ ਨਾਲ ਗਾਓ ਤਾਂ ਲੋਕ ਗੀਤ ਖੁਦ-ਬ-ਖੁਦ ਸੁਣਨਗੇ।"

'ਯਾਦਾਂ ਦੇਸ਼ ਪੰਜਾਬ ਦੀਆਂ' ਬੱਬੂ ਦੀ ਇੱਕੋ ਇਕ ਸੀ.ਡੀ. ਮਾਰਕੀਟ ਵਿਚ ਆਈ ਹੈ ਪਰ ਇਸਦਾ ਟਾਈਟਲ ਗੀਤ ਇਕ ਲੋਕ ਗੀਤ ਬਣ ਚੁੱਕਾ ਹੈ। ਮਹੀਨਾ ਕੁ ਪਹਿਲਾਂ ਮੈਂ ਪੰਜਾਬ ਅਤੇ ਪਾਕਿਸਤਾਨ ਦੀ ਵੰਡ ਉਪਰ ਇਕ ਪੰਜਾਬੀ ਡਾਕੂਮੈਂਟਰੀ ਫਿਲਮ ਦੇਖ ਰਿਹਾ ਸਾਂ ਤਾਂ ਪਿਛੇ ਬੱਬੂ ਦਾ ਗੀਤ ਵੱਜ ਰਿਹਾ ਸੀ "ਹਾਏ ਓਏ ਰੱਬਾ ਕਿਵੇਂ ਭੁਲਾਵਾਂ ਯਾਦਾਂ ਦੇਸ਼ ਪੰਜਾਬ ਦੀਆਂ" ਇਸ ਤੋਂ ਵੱਡੀ ਪ੍ਰਾਪਤੀ ਇਕ ਗਾਇਕ ਲਈ ਹੋਰ ਕੀ ਹੋ ਸਕਦੀ ਹੈ। ਬਾਹਰ ਬੱਬੂ ਦੀ ਇੰਨੀ ਚੜ੍ਹਾਈ ਪਰ ਇਥੇ "ਘਰ ਦਾ ਜੋਗੀ ਜੋਗੜਾ ਤੇ ਬਾਹਰਲਾ ਜੋਗੀ ਸਿੱਧ" ਵਾਲੀ ਗੱਲ ਬਣੀ ਪਈ ਹੈ। ਮੇਰੇ ਖਿਆਲ ਵਿਚ ਅਸੀਂ ਉਸ ਨੂੰ ਉਨਾ ਮਾਣ-ਸਤਿਕਾਰ ਤੇ ਪਿਆਰ ਨਹੀਂ ਦੇ ਸਕੇ ਜਿੰਨੇ ਦਾ ਉਹ ਹੱਕਦਾਰ ਹੈ। ਸਮਾਂ ਬਦਲਦਾ ਹੈ ਤੇ ਉਸਦਾ ਸਮਾਂ ਵੀ ਛੇਤੀ ਹੀ ਆ ਰਿਹਾ ਹੈ। ਉਸਦੀ ਦੂਸਰੀ ਸੀ.ਡੀ. ਜੋ ਜਲਦ ਮਾਰਕੀਟ ਵਿਚ ਆ ਰਹੀ ਹੈ, ਵਿਚ ਗੀਤ ਮੱਖਣ ਬਰਾੜ, ਦੀਪ ਮੰਗਲੀ, ਯਾਦੀ ਅਤੇ ਪੱਪੀ ਭਦੌੜ ਅਤੇ ਹੋਰ ਉੱਘੇ ਗੀਤਕਾਰਾਂ ਦੇ ਲਿਖੇ ਹੋਏ ਹਨ। ਇਸ ਦੇ ਲਈ ਬੱਬੂ ਬਹੁਤ ਮਿਹਨਤ ਕਰ ਰਿਹਾ ਹੈ। ਬੱਬੂ ਅਨੁਸਾਰ ਤੁਸੀਂ ਤਾਂ ਹੀ ਸਭਿਅਕ ਗਾ ਸਕਦੇ ਹੋ ਜੇਕਰ ਤੁਸੀਂ ਖੁਦ ਸਾਫ ਸੁਥਰਾ ਸੁਣਦੇ ਹੋ। ਇਸ ਕਰਕੇ ਮੈਨੂੰ ਅਕਸਰ ਉਸਦੀ ਕਾਰ ਵਿਚ ਗੁਰਦਾਸ ਮਾਨ, ਸਾਂਈ ਜ਼ਾਹੂਰ, ਸਤਿੰਦਰ ਸਰਤਾਜ, ਨੁਸਰਤ ਫਤਿਹ ਅਲੀ ਖਾਂ, ਸ਼ੌਕਤ ਅਲੀ ਦੀਆਂ ਸੀਡੀਆਂ ਹੀ ਸੁਣਨ ਨੂੰ ਮਿਲਦੀਆਂ ਹਨ। ਗੁਰਦਾਸ ਮਾਨ ਗਾਇਕੀ ਵਿਚ ਬੱਬੂ ਦਾ ਪ੍ਰੇਰਨਾ ਸਰੋਤ ਹੈ ਤੇ ਮਾਨ ਨੇ 2006 ਵਿਚ ਬੱਬੂ ਦੀ ਸੀ.ਡੀ. 'ਯਾਦਾਂ ਦੇਸ਼ ਪੰਜਾਬ ਦੀਆਂ' ਬੇਕਰਜ਼ਫੀਲਡ ਵਿਖੇ ਵਰ੍ਹਦੇ ਮੀਂਹ ਵਿਚ ਰਿਲੀਜ਼ ਕੀਤੀ ਸੀ। ਉਦੋਂ ਗੁਰਦਾਸ ਦਾ ਖੁੱਲ੍ਹਾ ਅਖਾੜਾ ਲੱਗਾ ਸੀ ਅਤੇ ਅਚਾਨਕ ਮੀਂਹ ਪੈਣ ਲੱਗ ਪਿਆ ਸੀ।

ਅੱਜ ਕੱਲ ਬੱਬੂ ਗੁਰਪਾਲ ਆਪਣੀ ਧਰਮ ਪਤਨੀ ਅਤੇ ਦੋ ਬੱਚਿਆਂ ਸੋਫੀਆ ਅਤੇ ਸੁਰਦੀਪ ਸਿੰਘ ਨਾਲ ਤਹਿਚਪੀ ਸ਼ਹਿਰ ਵਿਖੇ ਖੂਬਸੂਰਤ ਜ਼ਿੰਦਗੀ ਜਿਉ ਰਿਹਾ ਹੈ। ਰੱਬ ਇਸ ਪਵਿੱਤਰ ਰੂਹ ਵਾਲੀ ਸ਼ਖਸੀਅਤ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਰੱਖੇ। ਬੱਬੂ ਬਾਰੇ ਮੈਨੂੰ ਇਕ ਸ਼ੇਅਰ ਚੇਤੇ ਆਉਂਦਾ ਹੈ:

ਕਈਆਂ ਨੂੰ ਅਸੀਂ ਚੁਭਦੇ ਹਾਂ ਕੰਡੇ ਵਾਂਗੂ
ਤੇ ਕਈ ਸਾਨੂੰ ਰੱਬ ਬਣਾਈ ਫਿਰਦੇ।
ਕਈ ਵੇਖ ਸਾਨੂੰ ਬਦਲ ਲੈਂਦੇ ਨੇ ਰਾਹ ਆਪਣਾ
ਤੇ ਕਈ ਸਾਡੇ ਰਾਹਾਂ 'ਚ ਫੁੱਲ ਵਿਛਾਈ ਫਿਰਦੇ।
ਨਿੱਤ ਹੁੰਦੀਆਂ ਨੇ ਬਹੁਤ ਦੁਆਵਾਂ ਮੇਰੇ ਲਈ,
ਕਈ ਮੰਗਦੇ ਨੇ ਮੌਤ ਮੇਰੀ ਤੇ ਕਈ
ਆਪਣੀ ਉਮਰ ਵੀ ਮੇਰੇ ਨਾਂ ਲਿਖਾਈ ਫਿਰਦੇ।

ਬੇਕਰਜ਼ਫੀਲਡ ਵਿਚ ਪਿਛਲੇ ਅੱਠ ਸਾਲਾਂ ਤੋਂ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਲਗਾਤਾਰ ਪੰਜਾਬੀ ਗਾਇਕਾਂ ਦੇ ਹਰ ਸਾਲ ਸਫਲ ਸ਼ੋਅ ਕਰਵਾ ਰਹੀ ਹੈ। ਮੁੱਖ ਤੌਰ 'ਤੇ ਸ਼ੋਅ ਗੁਰਦਾਸ ਮਾਨ ਦੇ ਹੀ ਹੁੰਦੇ ਹਨ। ਅਗਲੇ ਸਾਲ 2010 ਵਿਚ ਵੀ ਇਹ ਸੰਸਥਾ ਗੁਰਦਾਸ ਮਾਨ ਦਾ ਸ਼ੋਅ ਕਰਵਾ ਰਹੀ ਹੈ ਜਿਸ ਵਿਚ ਬੱਬੂ ਗੁਰਪਾਲ ਦਾ ਬੜਾ ਵੱਡਾ ਯੋਗਦਾਨ ਹੁੰਦਾ ਹੈ। ਉਹ ਇਸ ਸੰਸਥਾ ਦੇ ਮੁਢਲੇ ਮੈਂਬਰਾਂ ਵਿਚੋਂ ਇਕ ਹੈ। ਕਿਸੇ ਵੀ ਸਭਿਆਚਾਰਕ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਬੱਬੂ ਗੁਰਪਾਲ ਦਾ ਖਾਸ ਯੋਗਦਾਨ ਹੁੰਦਾ ਹੈ।

ਬੱਬੂ ਗੁਰਪਾਲ ਨਾਲ ਸੰਪਰਕ ਫੋਨ 510-557-9670 'ਤੇ ਕੀਤਾ ਜਾ ਸਕਦਾ ਹੈ।

*661-889-1927




ੴ ਸਤਿਗੁਰ ਪ੍ਰਸਾਦਿ

ਇਹ ਮਾਨਸ ਜਨਮ ਅਮੋਲ ਹੈ ਮਿਲਨੇ ਕੀ ਵੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

# ਸਾਹਿਬ-ਏ-ਕਮਾਲ ਦਸਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੀ ਸਮੂਹ ਪੰਜਾਬੀ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਕੋਟਾਨਿ ਕੋਟਿ ਵਧਾਈ

## ਸਭਨਾਂ ਨੂੰ ਸਾਲ 2010 ਮੁਬਾਰਕ !

# Imperial Truck Wash & Repair

One Stop Center For Truckers-Repairs-Tires-Wash in Indiana

Now open 24 hours | Diesel | Restaurant (765-987-1000)

5809 South State Rd 3,
Spiceland, IN- 47385
interstate 70 Exit 123
(Turn Right Yellow Building)

## Tire Service

We carry all major brand tires-new and used at very attractive prices.

ਟਰੈਕਟਰ ਟਰੇਲਰ ਵਾਸ਼
ਸਿਰਫ 60 ਡਾਲਰ

*Spot Free Truck Wash*

Special on Firestone tires.
Front 2 tires
$700 out of the door



Oil Change **$189.99** Only

Brake **$99.00** With Labor
Wheel Seal **$89.00** With Labor
Labor Rate **$59.00** Hourly Rate

**All Kinds of Welding Work & General Repair.**

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

ਜੇ ਸਾਡੇ ਕੋਲੋਂ ਸਾਰੇ ਅੱਠ ਡਰਾਈਵ ਟਾਇਰ ਖਰੀਦਦੇ ਹੋ ਤਾਂ ਆਇਲ ਚੇਂਜ ਜਾਂ ਥਰੀ ਐਕਸਲ ਅਲਾਇਨਮੈਂਟ ਫਰੀ

Trailer Wash-out $25

**Alignment**

**Wheel Balancing**

24 Hours Road Service & Towing

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

ਪੁਰਾਣੇ ਟਾਇਰ ਵੀ ਟਰੇਡ ਕਰਦੇ ਹਾਂ

**Jasvir Singh (765) 987-7000**

# ਸਰਬ ਕਲਾ ਸਮਰਥ, ਸਾਹਿਬ ਏ ਕਮਾਲ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ

# ਲੱਖ ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵੇਂ ਵਰ੍ਹੇ ਲਈ ਦਿਲੀ ਸ਼ੁਭ ਇਛਾਵਾਂ



ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨਾਲ ਸ੍ਰੀ ਬਲਵਿੰਦਰ ਸਿੰਘ

ਪਰਮਾਤਮਾ ਕਰੇ ਨਵਾਂ ਸਾਲ ਸਭ ਲਈ ਖੁਸ਼ੀਆਂ, ਖੇੜਿਆਂ, ਅਮਨ ਤੇ ਖੁਸ਼ਹਾਲੀ ਭਰਿਆ ਹੋਵੇ ਅਤੇ ਸਭਨਾਂ ਦੀਆਂ ਕਾਮਨਾਵਾਂ ਪੂਰੀਆਂ ਹੋਣ



ਵਾਈਸ ਪ੍ਰੈਜ਼ੀਡੈਂਟ ਜੋ ਬਾਈਡਨ ਅਤੇ ਬਲਵਿੰਦਰ ਸਿੰਘ







ਸ੍ਰੀ ਬਲਵਿੰਦਰ ਸਿੰਘ ਰਾਸ਼ਟਰਪਤੀ ਸ੍ਰੀ ਓਬਾਮਾ ਦੀ ਐਡਵਾਈਜ਼ਰ ਵੈਲਰੀ ਜੈਰਿਡ, ਜਨਰਲ ਕੋਲਿਨ ਪਾਵੇਲ ਅਤੇ ਸਪੀਕਰ ਨੈਂਸੀ ਪਲੋਸੀ ਨਾਲ

## ਬਲਵਿੰਦਰ ਸਿੰਘ (ਏ-ਵਨ ਕਾਰਪੈਟਸ), ਸ਼ਿਕਾਗੋ

## ਫੋਨ:773-274-6969